# ਨੰਗੇ ਪੈਰਾਂ ਦਾ ਸਫ਼ਰ

(ਸਵੈ-ਜੀਵਨੀ)

# ਲੇਖਕਾ ਦੀਆਂ ਹੋਰ ਰਚਨਾਵਾਂ

## ਨਾਵਲ

- ਅਗਨੀ-ਪ੍ਰੀਖਿਆ—1967 (ਹਿੰਦੀ ਅਨੁਵਾਦ)
- ਏਹੁ ਹਮਾਰਾ ਜੀਵਣਾ—1968 (ਅਨੁ: ਹਿੰਦੀ, ਅੰਗਰੇਜ਼ੀ, ਮਲਿਆਲਮ, ਮਰਾਠੀ, ਕਸ਼ਮੀਰੀ, ਉਰਦੂ, ਤਮਿਲ ਅਤੇ ਗੁਜਰਾਤੀ)
- ਵਾਟ ਹਮਾਰੀ-1970
- ਤੀਲੀ ਦਾ ਨਿਸ਼ਾਨ-1970 (ਅਨੁ: ਹਿੰਦੀ, ਅੰਗਰੇਜ਼ੀ ਅਤੇ ਫਰੈਂਚ)
- ਸੂਰਜ ਤੇ ਸਮੁੰਦਰ—1971
- ਦੂਸਰੀ ਸੀਤਾ—1975
- ਵਿਦ ਇਨ ਵਿਦਆਊਟ-1975 (ਅਨੁ. ਹਿੰਦੀ ਅਤੇ ਉਰਦੂ)
- ਸਰਕੰਡਿਆਂ ਦੇ ਦੇਸ਼—1976
- ਧੁੱਪ ਛਾਂ ਤੇ ਰੁੱਖ—1976
- ਸਭੁ ਦੇਸੁ ਪਰਾਇਆ—1976
- ਹੇ ਰਾਮ—1977
- ਲੰਮੀ ਉਡਾਰੀ—1978
- ਪੀਲੇ ਪੱਤਿਆਂ ਦੀ ਦਾਸਤਾਨ—1980
- ਹਸਤਾਖ਼ਰ—1982
- ਪੈੜਚਾਲ—1984
- ਰਿਣ ਪਿੱਤਰਾਂ ਦਾ—1985
- ਐਰ ਵੈਰ ਮਿਲਦਿਆਂ—1986 (ਅਨੁ: ਹਿੰਦੀ)
- ਲੰਘ ਗਏ ਦਰਿਆ—1990 (ਅਨੁ: ਉਰਦੂ, ਹਿੰਦੀ, ਤਮਿਲ)
- ਜਿੰਮੀ ਪੁਛੈ ਆਸਮਾਨ—1991 (ਅਨੁ: ਉਰਦੂ)
- ਕਥਾ ਕੁਕਨੂਸ ਦੀ—1993
- ਦੂਨੀ ਸੁਹਾਵਾ ਬਾਗ—1995
- ਕਥਾ ਕਹੋ ਉਰਵਸ਼ੀ—1999
- ਡਉਜਲ—2001
- ਉਹ ਤਾਂ ਪਰੀ ਸੀ—2002
- ਮੋਹ ਮਾਇਆ—2003
- ਜਨਮੁ ਜੂਐ ਹਾਰਿਆ—2005
- ਖੜ੍ਹਾ ਪੁਕਾਰੇ ਪਾਤਣੀ—2006
- ਪੌਣਾਂ ਦੀ ਜਿੰਦ ਮੇਰੀ—2006
- ਖਿਤਿਜ ਤੋਂ ਪਾਰ—2007
- ਤੀਨ ਲੋਕ ਸੇ ਨਿਆਰੀ—2008

## ਮੇਰੀਆਂ ਸਾਰੀਆਂ ਕਹਾਣੀਆਂ:

- ਕਿਸੇ ਦੀ ਧੀ
- ਸਾਧਨਾ
- ਯਾਤਰਾ
- ਇਕ ਕੁੜੀ
- ਤੇਰਾ ਕਮਰਾ ਮੇਰਾ ਕਮਰਾ
- ਫੁੱਲਾਂ ਦੀ ਕਹਾਣੀ
- ਪੰਛੀਆਂ ਦੀਆਂ ਕਹਾਣੀਆਂ
- ਬਾਬਾਣੀਆਂ ਕਹਾਣੀਆਂ
- ਪੁਤ ਸਪੁਤ ਕਰੇਨਿ
- ਪੈੜਾਂ
- ਕਾਲੇ ਲਿਖੁ ਨਾ ਲੇਖੁ
- ਅੱਠੇ ਪਹਿਰ
- ਡਾ. ਮੋਹਨ ਸਿੰਘ ਦੀਵਾਨਾ
- ਨੰਗੇ ਪੈਰਾਂ ਦਾ ਸਫ਼ਰ (ਸ੍ਵੈ-ਜੀਵਨੀ)
- ਪੂਛਤੇ ਹੌ ਤੋ ਸੁਨੋ (ਸਾਹਿਤਕ-ਸਵੈ ਜੀਵਨੀ)
- ਤੇਰੇ ਮੇਰੇ ਸਰੋਕਾਰ (ਵਾਰਤਕ)
- ਜਿਉਣ ਜੋਗੇ (ਰੇਖਾ-ਚਿਤਰ)

# ਨੰਗੇ ਪੈਰਾਂ ਦਾ ਸਫ਼ਰ

ਦਲੀਪ ਕੌਰ ਟਿਵਾਣਾ

ਸੰਗਮ ਪਬਲੀਕੇਸ਼ਨਜ਼, ਸਮਾਣਾ

# Nange Pairan Da Safar

(an autobiography)

*By*

**Dalip Kaur Tiwana**

B-13, University Campus,
Punjabi University, Patiala-147002
Phones : 0175-2282239, 2281229

ISBN 978-93-81316-43-6

2016

Published by
**Sangam Publications**
**Sekhon Colony,Near Bus Stand,**
Samana (Distt. Patiala)
Ph. 01764-501934
Mob. 99151-03490, 98152-43917

Printed & Bound at:
Aarna Printing Solutions, Patiala
Ph. 99148-40666

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both /the copyright owner and the above-mentioned publisher of this book.*

ਇਤਿਹਾਸ, ਇਤਿਹਾਸ ਦੇ ਸਫ਼ਿਆਂ ਉਤੇ ਲਿਖੇ ਜਾਣ ਤੋਂ ਬਹੁਤ ਚਿਰ ਪਹਿਲਾਂ ਕੁਝ ਲੋਕਾਂ ਦੇ ਪਿੰਡਿਆਂ ਉੱਪਰ ਲਿਖਿਆ ਜਾਂਦਾ ਹੈ। ਇਹ ਸ੍ਵੈ-ਜੀਵਨੀ ਸਮਰਪਿਤ ਹੈ ਉਨ੍ਹਾਂ ਲੋਕਾਂ ਨੂੰ ਜਿਹੜੇ ਇਤਿਹਾਸ ਨੂੰ ਆਪਣੇ ਪਿੰਡਿਆਂ ਉੱਪਰ ਲਿਖਿਆ ਜਾਣਾ ਜਰਦੇ ਨੇ।

# 1

ਜੇ ਪਿਛਾਂਹ ਮੁੜ ਕੇ ਦੇਖਾਂ ਤਾਂ...ਸਭ ਤੋਂ ਪਹਿਲਾਂ ਉਹ ਅਮੀਰ ਘਰ ਯਾਦ ਆਉਂਦੈ ਜਿਥੇ ਇਕ ਗਰੀਬਣੀ ਜਿਹੀ ਔਰਤ ਰਹਿੰਦੀ ਸੀ, ਜਿਸ ਨੂੰ ਮੈਂ ਮਾਂ ਆਖਦੀ ਸੀ। ਤੇ ਉਹ ਬਾਪੂ ਜੀ ਦੀ ਵੀ ਮਾਂ ਸੀ।

ਅਮੀਰ ਘਰ ਵਿਚ ਗਰੀਬਣੀ ਜਿਹੀ ਔਰਤ ਕਿਸ ਤਰ੍ਹਾਂ ਆ ਗਈ, ਮੈਂ ਨਹੀਂ ਜਾਣਦੀ। ਸ਼ਾਇਦ ਇਸ ਲਈ ਕਿ ਬਾਬਾ ਜੀ ਦਾ ਉਹ ਪਹਿਲਾ ਵਿਆਹ ਨਹੀਂ ਸੀ ਸ਼ਾਇਦ ਇਸ ਲਈ ਕਿ ਉਨ੍ਹਾਂ ਦਾ ਘਰ ਏਡਾ ਵੱਡਾ ਸੀ ਕਿ ਹੁਣ ਕਿਸੇ ਵੱਡੇ ਘਰ ਨਾਲ ਰਿਸ਼ਤਾ ਜੋੜਨਾ ਉਨ੍ਹਾਂ ਲਈ ਕੋਈ ਖਾਸ ਅਰਥ ਨਹੀਂ ਸੀ ਰੱਖਦਾ, ਸ਼ਾਇਦ ਉਹ ਜਾਣਦੇ ਸਨ ਕਿ ਵੱਡੀਆਂ ਔਰਤਾਂ ਬਨਣ ਦੀ ਸਮਰੱਥਾ, ਬਹੁਤੀ ਵੱਡਿਆ ਘਰਾਂ ਦੀਆਂ ਕੁੜੀਆਂ ਵਿਚ ਨਹੀਂ ਹੁੰਦੀ, ਸ਼ਾਇਦ ਉਸ ਔਰਤ ਦਾ ਰੰਗ ਰੂਪ ਉਸ ਵੱਡੇ ਘਰ ਦੇ ਮੇਚ ਦਾ ਸੀ, ਇਸ ਲਈ!

ਪਿੰਡ ਦੇ ਇਸ ਸੱਤ ਚੁਬਾਰਿਆਂ ਵਾਲੇ ਅਮੀਰ ਘਰ ਵਿਚ ਜਿੱਥੇ ਸ਼ੀਸ਼ੇ ਲੱਗੇ ਹੋਏ ਸਨ, ਬਲੌਰ ਲੱਗੇ ਹੋਏ ਸਨ, ਜਿਥੇ ਸੋਨਾ ਤੱਕੜੀਆਂ ਨਾਲ ਤੋਲਿਆ ਜਾਂਦਾ ਸੀ, ਉਸ ਕੋਲ ਦੀਵਾ ਸਲਾਈ ਦੀ ਡੱਬੀ ਮੰਗਾਉਣ ਜੋਗੇ ਵੀ ਪੈਸੇ ਨਹੀਂ ਸੀ ਹੁੰਦੇ। ਕਿੰਨੇ ਕਿੰਨੇ ਦਿਨ ਉਹ ਪੈਸੇ ਮੰਗਣ ਦਾ ਹੌਸਲਾ ਨਾ ਕਰ ਸਕਦੀ ਤੇ ਹਾਰੇ ਵਿਚ ਪਾਥੀ ਦੱਬ ਕੇ ਦੂਜੇ ਡੰਗ ਲਈ ਅੱਗ ਸਾਂਭਦੀ ਰਹਿੰਦੀ।

"ਜਦੋਂ ਤੇਰੀ ਵੱਡੀ ਭੂਆ ਜੀ ਦਾ ਵਿਆਹ ਸੀ ਤਾਂ ਮਲੌਦ ਆਲੇ ਰਾਜੇ ਨੇ ਰੋਟੀ ਕੀਤੀ ਸੀ ਸਾਰੀ ਬਰਾਤ ਨੂੰ। ਆਪਣੇ ਪਿੰਡ ਤੋਂ ਲੈ ਕੇ ਮਲੌਦ ਤਾਈਂ ਤਿੰਨਾਂ ਕੋਹਾਂ ਵਿਚ ਜੰਨ ਈ ਜੰਨ ਸੀ। ਰਥ, ਘੋੜੇ, ਹਾਥੀ ਤੇ ਮੋਟਰਕਾਰਾਂ। ਆਪਣੇ ਪਿੰਡਾਂ ਦਿਆਂ ਲੋਕਾਂ ਨੇ ਉਦੋਂ ਪਹਿਲੀ ਵਾਰ ਮੋਟਰਕਾਰਾਂ ਦੇਖੀਆਂ ਸੀ।" ਉਹ ਮੈਨੂੰ ਇਉਂ ਦਸਦੀ ਜਿਵੇਂ ਕੋਈ ਬਾਤ ਪਾ ਰਹੀ ਹੋਵੇ। ਤੇ ਮੰਗਤੇ ਨੂੰ ਖ਼ੈਰ ਪਾਉਂਦਿਆਂ ਉਹ ਤ੍ਰਹਿ ਕੇ ਆਲੇ ਦੁਆਲੇ ਦੇਖਦੀ। ਖ਼ੈਰ ਪਾਉਂਦੀ ਉੱਚੀ ਉੱਚੀ ਆਖਦੀ "ਜਾਹ ਬਾਬਾ ਰਾਹਾਂ ਜਾਹ, ਤੁਰ ਪੈਂਦੇ ਨੇ ਬਗਲੀਆਂ ਪਾ ਕੇ। ਬਈ ਕੋਈ ਕੰਮ ਕਰੋ ਜਾ ਕੇ, ਰੱਬ ਨੇ ਹੱਥ ਪੈਰ ਦਿੱਤੇ ਨੇ।" ਜਿਵੇਂ ਬਾਹਰ ਉਹ ਖ਼ੈਰ ਪਾਉਣ ਨਹੀਂ ਸਾਧੂ ਨੂੰ ਸ਼ਸ਼ਕੇਰਨ ਹੀ ਗਈ ਹੋਵੇ।

ਛੋਟੀ ਧੀ ਉਸ ਨੂੰ ਇਉਂ ਝਿੜਕਦੀ ਜਿਵੇਂ ਉਹ ਕੋਈ ਲਾਗਣ ਤਥਣ ਹੋਵੇ, ਤੇ ਮੁੰਡਾ ਉਸ ਦਾ ਕਈ ਵਾਰੀ ਇਸ ਗੱਲੋਂ ਤਲਖ਼ ਹੋ ਜਾਂਦਾ ਕਿ ਉਹ ਨੰਗੇ ਪੈਰੀਂ ਤੁਰੀ ਫਿਰਦੀ ਰਹਿੰਦੀ ਸੀ। ਚੰਗੇ ਕੱਪੜੇ ਸੰਦੂਕ ਵਿਚ ਰੱਖ ਛੱਡਦੀ ਸੀ, ਤੇ ਪਾਟੇ ਝੀਟੇ ਪਾਈ ਰੱਖਦੀ ਸੀ। ਉਨ੍ਹਾਂ ਸਾਹਮਣੇ ਉਹ ਚੁੱਪ ਰਹਿੰਦੀ ਪਰ ਮੈਨੂੰ ਨਿੱਕੀ ਜਹੀ ਨੂੰ ਉਂਗਲੀ ਲਾਈ ਕੋਠੇ ਤੇ ਜਾ ਕੇ ਆਖਦੀ "ਲੈ, ਹੈ ਕਮਲੇ, ਘਰ ਈ ਜੁੱਤੀ ਪਾਈਂ ਰੱਖੂੰਗੀ ਤਾਂ ਟੁੱਟ ਨੀ ਜਾਊਗੀ? ਨਾਲੇ ਚੰਗੇ ਲੀੜੇ ਤਾਂ ਆਉਣ ਜਾਣ ਨੂੰ ਰੱਖੀਦੇ ਨੇ।"

"ਇਹ ਤਾਂ ਮੇਰੀ ਛੋਟੀ ਭੈਣ ਐ" ਬਾਪੂ ਜੀ ਮਖ਼ੌਲ ਨਾਲ ਮੈਨੂੰ ਆਖਦੇ ਸ਼ਾਇਦ ਇਸ ਲਈ ਕਿ ਦਾਦੀ ਮਾਂ ਨੇ ਨਿੱਕੀ ਜਿਹੀ ਨੂੰ ਮੈਨੂੰ ਆਪਣਾ ਦੁੱਧ ਚੁੰਘਾਉਣਾ ਸ਼ੁਰੂ ਕਰ

ਦਿੱਤਾ ਸੀ ਤੇ ਹੈਰਾਨੀ ਦੀ ਗੱਲ ਇਹ ਸੀ ਕਿ ਮੇਰੇ ਲਈ ਦਾਦੀ ਮਾਂ ਦੇ ਦੁੱਧ ਉਤਰ ਆਇਆ ਸੀ। ਮੇਰੀ ਉਮਰ ਉਦੋਂ ਇਨ੍ਹਾਂ ਗੱਲਾਂ ਉਤੇ ਵਿਚਾਰ ਕਰਨ ਜੋਗੀ ਨਹੀਂ ਸੀ ਕਿ ਬੀਬੀ ਦੀ ਥਾਂ ਦਾਦੀ ਮਾਂ ਨੇ ਕਿਉਂ ਦੁੱਧ ਚੁੰਘਾਇਆ।

ਭੋਰਾ ਕੁ ਜਿੰਨੀ ਮੈਂ ਜਦੋਂ ਕਿਸੇ ਗੱਲੋਂ ਮਾਂ ਦੀ ਹਮਾਇਤ ਵਿਚ ਖੜੋ ਜਾਂਦੀ ਤਾਂ ਬਾਬਾ ਜੀ ਨੂੰ ਗੁੱਸੇ ਵਿਚ ਵੀ ਹਾਸਾ ਆ ਜਾਂਦਾ। "ਆਪਣੇ ਬਾਬਾ ਜੀ ਨੂੰ ਆਖ ਮੇਰੇ ਮਰਨ ਤੋਂ ਪਹਿਲਾਂ ਪਹਿਲਾਂ ਗੰਗਾ ਨਮ੍ਹਾ ਲਿਆਵੇ।" ਉਸ ਨੇ ਇਕ ਦਿਨ ਜਦੋਂ ਮੈਨੂੰ ਆਖਿਆ ਤਾਂ ਮੈਂ ਕਿਹਾ "ਮਾਂ ਤੂੰ ਈ ਆਖਦੇ ?" ਉਸ ਦਿਨ ਉਸ ਨੇ ਬਾਬਾ ਜੀ ਨੂੰ ਆਪ ਆਖਣ ਦਾ ਹੌਂਸਲਾ ਕਰ ਲਿਆ, ਬੋਲੀ "ਗਲਾਬਕੁਰ ਦੇ ਬਾਪੂ ਜੀ ਤੇਰੀ ਪੋਤੀ ਆਖਦੀਐ ਸਾਨੂੰ ਗੰਗਾ ਈ ਨਮ੍ਹਾ ਲਿਆ ?" ਜਾਗਟ ਪਾਉਂਦੇ ਬਾਬਾ ਜੀ ਜਦੋਂ ਮੁੜ ਕੇ ਉਸ ਵੱਲ ਝਾਕੇ ਤਾਂ ਉਹ ਜਿਵੇਂ ਥਥਲਾ ਗਈ। ਬੋਲੀ "ਨਹੀਂ.....ਆਹੋ.....ਚੰਗਾ....ਤੇਰੀ ਮਰਜੀ ਐ......"

"ਚਲੇ ਚਲਾਂਗੇ" ਜਦੋਂ ਬਾਬਾ ਜੀ ਨੇ ਆਖ ਦਿੱਤਾ ਤਾਂ ਉਹ ਸਾਰਾ ਦੁਪਹਿਰਾ ਕੋਠੀ ਵਿਚ ਕੁੱਜਿਆਂ ਵਿਚ ਪਾ ਕੇ ਰੱਖੇ, ਸੰਦੂਖ 'ਚ ਲੀਰਾਂ 'ਚ ਬੰਨ੍ਹ ਕੇ ਲੁਕੋ ਲੁਕੋ ਰੱਖੇ ਪੈਸੇ ਲੱਭਦੀ ਰਹੀ, ਜਿਹੜੇ ਸੋਚਦੀ ਸੀ ਕਿ ਗੰਗਾ ਤੇ ਜਾ ਕੇ ਪੁੰਨ ਦਾਨ ਕਰਕੇ ਆਊਂਗੀ।

"ਨਹੀਂ ਲੱਭਦੇ ਤਾਂ ਰਹਿਣ ਦੇ ਮਾਂ! ਬਾਬਾ ਜੀ ਦੀ ਜੇਬ 'ਚ ਬਥੇਰੇ ਪੈਸੇ ਹੁੰਦੇ ਨੇ, ਜਦੋਂ ਕੁੜਤਾ ਲਾਹ ਕੇ ਕੀਲੇ ਤੇ ਟੰਗਣਗੇ ਮੈਂ ਕੱਢ ਕੇ ਲਿਆਂਦੂੰ" ਜਦੋਂ ਮੈਂ ਆਖਿਆ ਤਾਂ "ਰਾਮ ਰਾਮ" ਆਖਦੀ ਨੇ ਉਸ ਨੇ ਕੰਨਾਂ ਨੂੰ ਹੱਥ ਲਾਏ, ਤੇ ਬੋਲੀ "ਚੋਰੀ ਨੀ ਕਰੀਦੀ ਕਦੇ। ਨਹੀਂ ਤਾਂ ਅਗਲੇ ਜਨਮ ਰੱਬ ਤੇਲ ਦੇ ਤਪਦੇ ਕੜਾਹੇ 'ਚ ਡਬੋਂਦੈ। ਅੰਗਿਆਰਾਂ ਤੋਂ ਦੀ ਤੋਰਦੈ। ਦਰਖ਼ਤ ਨਾਲ ਪੁੱਠੇ ਟੰਗ ਦਿੰਦੈ। ਜਮਦੂਤ ਕੋਰੜੇ ਮਾਰਦੇ ਨੇ। ਅਗਲੇ ਜਨਮ ਕੁੱਤੇ ਬਿੱਲੇ ਦੀ ਜੂਨ ਮਿਲਦੀਐ।" ਤੇ ਮੈਂ ਭੈਭੀਤ ਹੋ ਕੇ ਇਹ ਸਭ ਸੁਣਦੀ ਰਹੀ।

ਤੇ ਇਕ ਵਾਰੀ ਨਾਭੇ ਜਾਣ ਲੱਗੇ ਬਾਬਾ ਜੀ ਉਸ ਨੂੰ ਗਿਣ ਕੇ ਸੌ ਰੁਪਈਏ ਫੜਾ ਗਏ ਕਿ ਮੇਰੇ ਪਿਛੋਂ ਪਟਿਆਲਿਓਂ ਵੱਡੀ ਬੀਬੀ ਤੇ ਪਰਾਹੁਣਾ ਨਾ ਆ ਜਾਣ। ਲੀਰ 'ਚ ਬੰਨ੍ਹੀਂ ਕਦੇ ਉਨ੍ਹਾਂ ਰੁਪਈਆਂ ਨੂੰ ਉਹ ਕੋਠੀ 'ਚ ਰੱਖ ਦੇਵੇ, ਕਦੇ ਸੰਦੂਖ ਵਿਚ, ਤੇ ਕਦੇ ਤੂੜੀ ਹੇਠ ਲੁਕੋ ਕੇ ਆਵੇ। ਸਾਰਾ ਦਿਨ ਉਸ ਨੂੰ ਪਤਾ ਹੀ ਨਾ ਲੱਗੇ ਕਿ ਏਨੇ ਸਾਰੇ ਰੁਪਏ ਉਹ ਕਿੱਥੇ ਰੱਖੇ। ਰਾਤ ਨੂੰ ਉਸ ਨੇ ਸਰਹਾਣੇ ਰੱਖ ਲਏ। ਸਾਰੀ ਰਾਤ ਨੀਂਦ ਨਾ ਆਏ। ਸਵੇਰੇ ਮੈਨੂੰ ਆਖਣ ਲੱਗੀ "ਤਾਂ ਹੀ ਤਾਂ ਸਾਧੂ ਮਹਾਤਮਾ ਆਖਦੇ ਨੇ ਬਈ ਬਹੁਤੀ ਮਾਇਆ ਤਾਂ ਸੰਤਾਪ ਦਾ ਘਰ ਐ। ਹੁਣ ਮੈਂ ਕੰਮ ਧੰਦਾ ਵੀ ਕਰਨੈ, ਕਿੱਥੇ ਰੱਖਾਂ ਰੁਪਏ ? ਡਰ ਲਗਦੈ ਕਿਧਰੇ ਖੋ ਨਾ ਜਾਣ। ਮੇਰੇ ਤਾਂ ਮਾਪੇ ਭਰਨ ਜੋਗੇ ਵੀ ਨੀ।"

ਮੈਂ ਕਿਹਾ ਆਪਾਂ ਹੱਟੀਓਂ ਚੀਜ਼ਾਂ ਲਿਆਉਨੇਆਂ-ਸੀਖਾਂ ਦੀਆਂ ਡੱਬੀਆਂ ਦੀ ਬੋਰੀ, ਚਾਹ ਦੀ ਬੋਰੀ, ਲੂਣ ਵਸਾਰ ਦੀ ਇਕ ਇਕ ਬੋਰੀ, ਬੋਸਕੀ ਦੇ ਕੱਪੜੇ, ਰੰਗਾਂ ਦੇ ਪੀਪੇ ਤੇ ਇਕ ਬੋਰੀ ਖੰਡ ਖੇਲਣਿਆਂ ਦੀ, ਅਖਰੋਟਾਂ ਦੀ ਬਦਾਮਾਂ ਦੀ। ਜਿੰਨੀਆਂ ਕੁ ਹੱਟੀ ਤੋਂ ਆਉਣ ਵਾਲੀਆਂ ਚੀਜ਼ਾਂ ਦਾ ਮੈਨੂੰ ਪਤਾ ਸੀ ਮੈਂ ਗਿਣਾ ਦਿੱਤੀਆਂ।

ਉਹ ਹੈਰਾਨ ਹੋਈ ਮੇਰੀ ਵੱਲ ਝਾਕਦੀ ਰਹੀ ਤੇ ਫੇਰ ਬੋਲੀ "ਮੈਂ ਮਰਜਾਂ ਕਿੱਡਾ ਦਿਲਐ ਤੇਰਾ, ਆਹੋ ਖੋਮ ਕਿਹੜੇ ਦੀਐ। ਪਰ ਨਾ ਮੇਰੀ ਧੀ! ਸਭ ਗੱਲਾਂ ਰਾਹ ਰਾਹ ਦੀਆਂ ਈ ਚੰਗੀਆਂ ਹੁੰਦੀਆਂ ਨੇ। ਨਾਲੇ ਬੰਦੇ ਨੂੰ ਧਰਮਰਾਜ ਕੋਲ ਪਾਈ ਪਾਈ ਦਾ ਹਿਸਾਬ ਦੇਣਾ ਪੈਂਦੈ। ਪਿਛਲੇ ਕਰਮ ਏਥੇ ਭੋਗਦੇਆਂ ਤੇ ਹੁਣ ਦੇ ਗਾਹਾਂ ਭੁਗਤਾਂਗੇ। ਓਸ ਡਾਢੇ ਤੋਂ ਸੱਤ

ਵੇਲੇ ਡਰੀਏ। ਨਿਉਂ ਕੇ ਰਹੀਏ। ਧਰਤੀ ਅਸਮਾਨ ਸਭ ਸਬਰ ਸੰਤੋਖ ਦੇ ਬੰਨ੍ਹੇ ਖੜੇ ਨੇ, ਨਹੀਂ ਤਾਂ ਇਹ ਨਾ ਆਪਣਾ ਆਪਣਾ ਰਾਹ ਛੱਡ ਤੁਰਨ। ਪਰਲੋ ਨਾ ਆਜੇ ਜੱਗ ਤੇ" ਤੇ ਹੋਰ ਪਤਾ ਨੀ ਕੀ ਕੁਝ ਆਖਦੀ ਰਹੀ। ਤੇ ਇਉਂ ਉਸ ਬਹੁਤ ਅਮੀਰ ਘਰ ਵਿਚ ਰਹਿੰਦੀ ਬਹੁਤ ਗਰੀਬ ਔਰਤ ਦਾ ਬਹੁਤ ਕੁਝ ਮੈਨੂੰ ਯਾਦ ਹੈ। ਯਾਦ ਹੀ ਨਹੀਂ ਉਸ ਦਾ ਬਹੁਤ ਕੁਝ ਮੇਰੇ ਅੰਦਰ ਜੀਊਂਦਾ ਹੈ, ਜਿਹੜਾ ਸ਼ਾਇਦ ਉਹ ਆਪਣੇ ਦੁੱਧ ਨਾਲ ਮੈਨੂੰ ਦੇ ਗਈ।

ਨੰਗੇ ਪੈਰੀਂ ਫਿਰਨਾ ਮੈਨੂੰ ਬੇਹੱਦ ਪਸੰਦ ਹੈ। ਜੁੱਤੀ ਨੂੰ ਟੁੱਟਣ ਤੋਂ ਬਚਾਈਂ ਰੱਖਣਾ ਭਾਵੇਂ ਇਸ ਦਾ ਕਾਰਨ ਨਹੀਂ। ਕਈ ਤਰ੍ਹਾਂ ਦੇ ਭੋਜਨਾਂ ਪਦਾਰਥਾਂ ਜਾਂ ਚਟਨੀ ਨਾਲ ਰੋਟੀ ਖਾ ਲੈਣ ਵਿਚ ਮੈਨੂੰ ਕੋਈ ਫ਼ਰਕ ਨਹੀਂ ਲਗਦਾ। ਪਾਪੀਆਂ ਦਾ ਤੱਤੇ ਤੇਲ ਦੇ ਕੜਾਹੇ ਵਿਚ ਤਲਿਆ ਜਾਣਾ, ਅੰਗਿਆਰਾਂ ਉਤੇ ਤੁਰਨਾ, ਪੁੱਠੇ ਲਟਕੇ ਹੋਣਾ ਤੇ ਕੋਰੜੇ ਪੈਂਦੇ ਮੈਨੂੰ ਅੱਜ ਵੀ ਯਾਦ ਹਨ। ਜਾਣਦਿਆਂ ਹੋਇਆਂ ਵੀ ਕਿ ਪੈਸਾ ਕੰਮ ਦੀ ਚੀਜ਼ ਹੈ, ਪੈਸੇ ਲਈ ਕੋਈ ਮੋਹ ਨਹੀਂ ਉਪਜਦਾ ਤੇ ਅੱਜ ਵੀ ਜਦੋਂ ਕਦੇ ਸਾਡੇ ਸ੍ਰੀਮਾਨ ਜੀ ਮਾੜਾ ਜਿਹਾ ਵੀ ਆਕੜ ਕੇ ਬੋਲਦੇ ਨੇ ਤਾਂ ਮੈਂ ਡਰ ਜਾਂਦੀ ਹਾਂ, ਭਾਵੇਂ ਜਾਣਦੀ ਹਾਂ ਡਰਨ ਵਾਲੀ ਕੋਈ ਗੱਲ ਨਹੀਂ। ਇਹ ਸ਼ਾਇਦ ਉਸ ਅਮੀਰ ਘਰ ਵਿਚ ਰਹਿਣ ਵਾਲੀ ਗ਼ਰੀਬ ਔਰਤ ਦਾ ਮੇਰੇ ਸਿਰ ਰਿਣ ਹੈ ਉਸ ਘਰ ਦੀ ਧੀ ਹੋਣ ਕਰਕੇ, ਜਿਹੜਾ ਮੈਂ ਚੁਕਾ ਰਹੀ ਹਾਂ। ਤੇ ਮੈਨੂੰ ਲੱਗਦਾ ਹੈ ਉਸ ਅਮੀਰ ਘਰ ਦੇ ਹਰ ਬੰਦੇ ਨੇ ਉਸ ਗ਼ਰੀਬ ਔਰਤ ਦਾ ਕੁਝ ਨਾ ਕੁਝ ਦੇਣਾ ਹੈ......

## 2

ਪਟਿਆਲੇ ਵਾਲੇ ਭੂਆ ਜੀ ਦਾ ਪਿੰਡ ਆਉਣਾ ਇਕ ਵਿਸ਼ੇਸ਼ ਘਟਨਾ ਹੁੰਦੀ ਸੀ। ਨਿੱਕੇ ਜਿਹੇ ਇਸ ਰੱਬੋਂ ਨਾਂ ਦੇ ਪਿੰਡ ਤੱਕ ਨਾ ਕੋਈ ਸੜਕ ਪਹੁੰਚਦੀ ਸੀ ਨਾ ਕੋਲੋਂ ਲੰਘਦੀ ਨਹਿਰ ਦਾ ਪਾਣੀ। ਨਾ ਇੱਥੇ ਕੋਈ ਸੂਕਲ ਸੀ ਨਾ ਪੰਚਾਇਤ ਘਰ। ਸਰਧੀ ਖਤਰਾਣੀ ਦੀ ਤੇ ਲੇਖੂ ਬਾਣੀਏ ਦੀ ਬੱਸ ਦੋ ਹੱਟੀਆਂ ਸਨ ਜਿੱਥੋਂ ਲੂਣ ਮਿਰਚਾਂ, ਰੰਗ ਤੇ ਪਤਾਸ਼ੇ ਆਦਿ ਮਿਲ ਜਾਂਦੇ ਸਨ। ਗਿਆਨਦਾਸ ਦਾ ਡੇਰਾ, ਸ਼ਹੀਦਾਂ ਦੀ ਮਟੀ ਤੇ ਹਲਟੀ ਵਾਲਾ ਗੁਰਦਵਾਰਾ ਇਸ ਪਿੰਡ ਦੀਆਂ ਦੁਖਦੇ ਸੁਖਦੇ ਜਾਣ ਵਾਲੀਆਂ ਥਾਵਾਂ ਸਨ। ਬਾਬੇ ਸੰਤੇ ਨਾਈ ਦੀਆਂ ਪੁੜੀਆਂ, ਕਪੂਰੀ ਝਿਊਰ ਦਾ ਹਥੌਲਾ, ਜੁਆਕਾਂ ਦੇ ਖੰਘ ਤਾਪ ਤੇ ਦੁਖਦੀਆਂ ਅੱਖਾਂ ਦੇ ਇਲਾਜ ਸਨ। ਨਾ ਪਿੰਡ ਵਿਚ ਅਜੇ ਤਕ ਕੋਈ ਖ਼ੂਨ ਹੋਇਆ ਸੀ ਨਾ ਇੱਥੇ ਕਦੇ ਠਾਣਾ ਉਤਰਿਆ ਸੀ। ਹਰਦੁਆਰ ਫੁੱਲ ਪਾਉਣ, ਪਹੋਏ ਨਹਾਉਣ ਤੇ ਨੈਣਾ ਦੇਵੀ ਦੀ ਸੁੱਖ ਦੇਣ ਲੋਕੀਂ ਬਿਸ਼ਨੇ ਪਰੋਹਤ ਦੀ ਸਲਾਹ ਲੈ ਕੇ ਪੀਪੀਆਂ ਵਿਚ ਪੰਜੀਰੀ ਪਾ, ਲੱਕ ਨਾਲ ਰੁਪਈਏ ਬੰਨ੍ਹ ਸੰਗ ਬਣਾਕੇ ਜਾਂਦੇ ਤੇ ਉਥੋਂ ਮੁੜਦੇ ਗਾਨੀਆਂ, ਗੰਗਾਜਲ ਤੇ ਖਿੱਲਾਂ ਲੈ ਕੇ ਆਉਂਦੇ।

ਅਜਿਹੇ ਪਿੰਡ ਜਦੋਂ ਕਾਰ ਵਿਚ ਬੈਠ ਕੇ, ਗਲ ਵਿਚ ਪਸਤੌਲ ਪਾਈਂ, ਅੱਗੇ ਦੋ ਬੰਦੂਕ ਵਾਲੇ ਸਿਪਾਹੀਆਂ ਨਾਲ ਫੁਫੜ ਜੀ ਭੂਆ ਜੀ ਨੂੰ ਪੇਕੀਂ ਮਿਲਾਉਣ ਲਿਆਉਂਦੇ ਤਾਂ ਲੋਕੀਂ ਇਕ ਦੂਜੇ ਨੂੰ ਜਾ ਜਾ ਦਸਦੇ "ਬੀਬੀ ਗਲਾਬਕੁਰ ਆਈਐ। ਨਾਲ ਪਰਾਹੁਣਾ ਐ। ਮੋਟਰ 'ਚ ਆਏ ਨੇ। ਨੀ ਮੈਂ ਮਰਜਾਂ ਜਾਣੀ ਕੋਈ ਰਾਣੀ ਐ। ਐਹੋ ਜੇ ਤਾਂ ਕੱਪੜਏ ਨੀ ਕਦੇ ਦੇਖੇ, ਜੇਹੇ ਜੇ ਉਸ ਨੇ ਪਾਏ ਹੋਏ ਨੇ। ਟੂਮਾਂ ਦਾ ਈ ਅੰਤ ਨੀ। ਲੈ ਪਰਾਹੁਣਾ ਸੁਪਡੰਟਐ ਪਟਿਆਲੇ। ਰਾਜੇ ਦੇ ਭਾਈਚਾਰੇ 'ਚੋਂ ਐ। ਅਖੇ ਦਰਬਾਰ 'ਚ ਇਹ ਰਾਜੇ ਦੇ ਪੈਰੀਂ ਹੱਥ

ਲਾਉਂਦੇ, ਉਹਦਾ ਅਹਿਲਕਾਰ ਹੋਣ ਕਰਕੇ ਪਰ ਅੱਗੋਂ ਪਿਛੋਂ ਉਹ ਇਹਦੇ ਪੈਰੀਂ ਹੱਥ ਲਾਉਂਦੇ, ਭਾਈਚਾਰੇ 'ਚੋਂ ਚਾਚਾ ਲਗਦਾ ਹੋਣ ਕਰਕੇ" ਲੋਕ ਗੱਲਾਂ ਕਰਦੇ।

ਉਦੋਂ ਘਰ ਵਿਚ ਲੋਕਾਂ ਦਾ ਜਿਵੇਂ ਮੇਲਾ ਲੱਗ ਜਾਂਦਾ। ਕੁੜੀਆਂ ਚਿੜੀਆਂ ਨੂੰ ਕਪੂਰੀ ਝਿਊਰ ਬਥੇਰਾ ਆਖਦਾ "ਜਾਓ ਕੁੜੇ ਗਰਮੀ ਨਾ ਕਰੋ ਕੁੜੀ ਨੂੰ" ਪਰ ਕੌਣ ਸੁਣਦਾ। ਬਹੂਆਂ ਕੁੜੀਆਂ ਭੂਆ ਜੀ ਵੱਲ ਮੁਤਰ ਮੁਤਰ ਝਾਕਦੀ ਰਹਿੰਦੀਆਂ। ਸਿਆਮੋ ਨੈਣ ਫਟਾ ਫਟ ਚਾਹ ਧਰ ਦਿੰਦੀ। "ਭੈਣੇ ਸ਼ਹਿਰੀਏ ਨੇ, ਪਹਿਲਾਂ ਚਾਹ ਪੀਣਗੇ।"

ਉਧਰ ਚੁਬਾਰਿਆਂ ਕੰਨੀ ਕੋਈ ਪਾਣੀ ਛਿੜਕ ਰਿਹਾ ਹੁੰਦਾ। ਕੋਈ ਮੰਜੇ ਵਿਛਾ ਰਿਹਾ ਹੁੰਦਾ। ਕੋਈ ਪੱਖਾ ਝੱਲ ਰਿਹਾ ਹੁੰਦਾ, ਕੋਈ ਮਲੌਦੋਂ ਸੋਡਾ ਬਰਫ਼ ਲੈਣ ਨੱਠ ਗਿਆ ਹੁੰਦਾ। ਕੋਈ ਮੁਰਗੇ ਕੱਟਣ ਜਾ ਲੱਗਦਾ। ਤੇ ਪਿੰਡ ਦੇ ਦਾਨੇ ਸਿਆਣੇ ਬੰਦੇ ਆ ਕੇ ਸਰਦਾਰ ਨੂੰ ਫਤ੍ਹੇ ਬੁਲਾਉਂਦੇ, ਪੈਂਦ ਕੰਨੀਂ ਡਹੇ ਮੰਜਿਆਂ ਤੇ ਬੈਠ ਜਾਂਦੇ।

ਬਾਹਰ ਗਫ਼ੂਰ ਝਿੜਕ ਝਿੜਕ ਨਿਆਣਿਆਂ ਨੂੰ ਕਾਰ ਨੂੰ ਹੱਥ ਲਾਉਣੋਂ ਰੋਕਦਾ, ਤੇ ਆਖਦਾ "ਸਾਡੀ ਮੋਟਰ ਐ। ਕੱਲ੍ਹ ਨੂੰ ਜਦੋਂ ਇਹ ਜਾਣਗੇ ਮੈਂ ਨਹਿਰ ਦੀ ਪਟੜੀ ਤਾਣੀ ਵਿਚ ਬੈਠ ਕੇ ਜਾਊਂਗਾ।" ਕਾਰ ਵਿਚੋਂ ਵੱਡੀ ਸਾਰੀ ਇਕ ਫਲਾਂ ਦੀ ਤੇ ਇਕ ਮਠਿਆਈ ਦੀ ਟੋਕਰੀ ਸਿਪਾਹੀ ਅੰਦਰ ਲੈ ਆਉਂਦੇ।

ਸਭ ਤੋਂ ਪਹਿਲਾਂ ਚਾਹ ਤੇ ਨਾਲ ਦੁੱਧ ਦਾ ਜੱਗ ਤੇ ਕੱਚ ਦੇ ਗਿਲਾਸ ਉਪਰ ਭੇਜੇ ਜਾਂਦੇ, ਨਾਲ ਮਠਿਆਈ ਵੀ। ਸਤਿਆਮਾਨ ਸਰਦਾਰ ਆਪ ਭੋਰਾ ਮੂੰਹ ਨੂੰ ਲਾਉਣ ਤੋਂ ਪਹਿਲਾਂ ਸਭ ਨੂੰ ਭੋਰਾ ਭੋਰਾ ਲੈਣ ਨੂੰ ਆਖਦਾ। ਨਿੱਕਾ ਛੀਂਬਾ ਸਭ ਨੂੰ ਦੁੱਧ ਪਾ ਪਾ ਫੜਾਉਂਦਾ। "ਨਾ ਭਾਈ ਪਾਪ ਨਾ ਚੜ੍ਹਾਓ ਧੀ ਦੇ ਘਰ ਦਾ ਕੁਸ਼ ਨੀ ਖਾਣਾ" ਵਿਚੋਂ ਕੋਈ ਸਿਆਣਾ ਆਖਦਾ "ਲੈ ਸਣੇ ਬਿਆਜ ਦੇਊਗਾ ਆਪੇ ਤਾਇਆ" ਕੋਈ ਗਭਰੀਟ ਆਖ ਕੇ ਧੀ ਦੇ ਘਰ ਦੀ ਏਡੀ ਵਧੀਆ ਮਠਿਆਈ ਨਾ ਖਾਣ ਦੀ ਦਲੀਲ ਕੱਟ ਕੇ ਖੁਸ਼ ਕਰ ਦਿੰਦਾ। ਏਸ ਰਾਮ ਰੌਲੇ ਵਿਚ ਮਾਂ ਜਿਵੇਂ ਬੌਂਦਲੀ ਫਿਰਦੀ। ਮੈਨੂੰ ਲੱਭ ਕੇ ਪੁੱਛਦੀ "ਤੂੰ ਕੁਸ਼ ਖਾ ਲਿਆ?"

ਇਸ ਵਾਰੀ ਜਦੋਂ ਭੂਆ ਜੀ ਫੁਫੜ ਜੀ ਆਏ ਉਨ੍ਹਾਂ ਦੇ ਨਾਲ ਤਕੜਾ ਉੱਚਾ ਸੁਹਣਾ ਇਕ ਜਵਾਨ ਵੀ ਸੀ। "ਪੁਤ ਬੁਲਾ ਲੈ! ਦੇਖ ਤੇਰੇ ਕੰਨੀਂ ਕਿਮੇਂ ਝਾਕਦੀਐ, ਦੀਪ ਇਹ ਤੇਰਾ ਬਾਪੂ ਜੀ ਐ" ਮਾਂ ਨੇ ਪਹਿਲੀ ਗੱਲ ਸੰਗਦੇ ਜਿਹੇ ਬਾਪੂ ਜੀ ਨੂੰ ਤੇ ਦੂਜੀ ਮੈਨੂੰ ਆਖੀ।

ਬਾਪੂ ਜੀ ਮੇਰੀ ਵੱਲ ਦੇਖਦੇ ਰਹੇ। "ਸ਼ੁਕਰ ਐ ਆਪਣੀ ਮਾਂ ਤੇ ਨੀਂ ਗਈ ਕਾਲੀ ਕਲੋਟੀ ਤੇ। ਨਹੀਂ ਤਾਂ ਨਸਲ ਈ ਬਦਲ ਜਾਣੀ ਸੀ" ਛੋਟੇ ਭੂਆ ਜੀ ਬੋਲੇ।

"ਏਸ ਨੂੰ ਗੁੱਡੀ ਜੀ ਨੂੰ ਤਾਂ ਮੈਂ ਲੈ ਜਾਣੈ ਨਾਲ ਈ" ਵੱਡੇ ਭੂਆ ਜੀ ਨੇ ਜਦੋਂ ਫੁਫੜ ਜੀ ਦੇ ਸਾਹਮਣੇ ਆਖਿਆ ਕਿਸੇ ਦੀ ਨਾਂਹ ਕਰਨ ਦੀ ਹਿੰਮਤ ਨਾ ਪਈ। ਕਿਹੜੇ ਮੂੰਹ ਨਾਲ ਨਾਂਹ ਕਰਦੇ, ਦੂਜਾ ਵਿਆਹ ਕਰਵਾਏ ਨੂੰ ਵੀ ਦਸ ਸਾਲ ਹੋ ਗਏ ਸਨ, ਫੁਫੜ ਜੀ ਦੇ ਘਰ ਕੋਈ ਬੱਚਾ ਨਹੀਂ ਸੀ ਹੋਇਆ।

"ਚੱਲੇਂਗੀ ਸਾਡੇ ਨਾਲ? ਉਥੇ ਆਪਣੀ ਕੋਠੀ ਐ, ਬਾਗ ਐ, ਬਹੁਤ ਸਾਰੇ ਖਿਡਾਉਣੇ ਨੇ-ਬੱਘੀਐ, ਨਾਲੇ ਉਥੇ ਪੜ੍ਹਣ ਲਾ ਦਿਆਂਗੇ। ਹੈ ਨਾ?" ਭੂਆ ਜੀ ਨੇ ਮੈਨੂੰ ਪੁੱਛਿਆ।

"ਜਦੋਂ ਆਖਿਆ ਕਰੂ ਕਾਰ 'ਚ ਆ ਕੇ ਮਿਲਾ ਲਜਾਇਆ ਕਰਾਂਗੇ" ਫੇਰ ਭੂਆ



Scanned by CamScanner

ਜੀ ਦਾਦੀ ਮਾਂ ਵਲ ਝਾਕ ਕੇ ਬੋਲੇ। ਉਹਨੇ ਕੀ ਆਖਣਾ ਸੀ, ਪਰ ਮੈਨੂੰ ਪਤੈ ਉਸ ਰਾਤ ਦਾਦੀ ਮਾਂ ਨੇ ਰੋਟੀ ਨਹੀਂ ਸੀ ਖਾਧੀ।

ਅਗਲੇ ਦਿਨ ਭੂਆ ਜੀ ਨੇ ਆਪ ਮੇਰੇ ਵਾਲ ਵਾਹੇ। ਨਵਾਂ ਫਰਾਕ ਪਾਇਆ, ਮੇਰੇ ਫਰਾਕ ਨੂੰ ਸੈਂਟ ਲਾਇਆ।

"ਹੇ ਕੁੜੇ ਬੀਬੀ ਗਲਾਬ ਕੁਰੇ ਤੈਂ ਫੇਰ ਰਾਣੀਆਂ ਦੇਖੀਆਂ ਨੇ ਉਥੇ? ਕੇਹੋਜੀਆਂ ਹੁੰਦੀਆਂ ਨੇ? ਉਥੇ ਤਾਂ ਅਖੇ ਇਕ ਗੁਰਦਵਾਰਾ ਵੀਐ ਜਿੱਥੇ ਸੁੱਖਣਾ ਵਰ ਆਉਂਦੀਆਂ ਨੇ? ਅਖੇ ਉਥੇ ਚੀਰੇ ਬੜੇ ਸੁਹਣੇ ਰੰਗੀਦੇ ਨੇ?" ਬਹੂਆਂ, ਬੁੜ੍ਹੀਆਂ ਤੇ ਕੁੜੀਆਂ ਦੇ ਝੁਰਮਟ ਵਿਚ ਘਿਰੇ ਭੂਆ ਜੀ ਨੂੰ ਜੈਕੁਰ, ਨਿਹਾਲਕੁਰ, ਬਚਨੀ, ਸੰਤੀ, ਇੰਦੋ ਤਰ੍ਹਾ ਤਰ੍ਹਾਂ ਦੇ ਸਵਾਲ ਪੁੱਛਦੀਆਂ।

ਇਸ ਭੀੜ ਭੜਾਕੇ ਜਿਹੇ ਵਿਚ ਸਭ ਤੋਂ ਅੱਖ ਬਚਾ ਕੇ ਉਹ ਸਾਵਲੀ ਸੁਨੱਖੀ ਜਵਾਨ ਲੜਕੀ ਜੋ ਚੁਪ ਚਾਪ ਘਰ ਵਿਚ ਕੰਮ ਕਰਦੀ ਤੁਰੀ ਫਿਰਦੀ ਹੁੰਦੀ ਸੀ ਜਿਸ ਵੱਲ ਮੈਂ ਕਦੇ ਬਹੁਤਾ ਧਿਆਨ ਨਹੀਂ ਸੀ ਦਿੱਤਾ ਉਸ ਦਿਨ ਮੈਨੂੰ ਸੱਦ ਕੇ ਪਿਛਲੇ ਅੰਦਰ ਲੈ ਗਈ "ਤੂੰ ਚੱਲੀਐਂ ਫੇਰ?" ਆਖ ਉਹ ਮੇਰੇ ਸਿਰ ਤੇ, ਮੂੰਹ ਤੇ, ਬਾਹਾਂ ਤੇ ਹੱਥ ਫੇਰਦੀ, ਪਿਆਰ ਦਿੰਦੀ ਛਮ ਛਮ ਰੋਈ ਜਾ ਰਹੀ ਸੀ।

"ਮੈਨੂੰ ਭੁੱਲ ਤਾਂ ਨੀ ਜਾਏਂਗੀ? ਮੈਨੂੰ ਚਿੱਠੀਆਂ ਪਾਇਆ ਕਰੇਂਗੀ? ਤੇਰੇ ਬਿਨਾਂ ਮੇਰਾ ਜੀ ਕਿਮੇਂ ਲੱਗੂ? ਆਪਣੇ ਬਾਬਾ ਜੀ ਨੂੰ ਆਖਦੇ ਬਈ ਮੈਂ ਨੀ ਜਾਣਾ" ਤੇ ਇਹ ਮੇਰੀ ਬੀਬੀ ਸੀ।

"ਫੇਰ ਠੀਕ ਐ ਅਸੀਂ ਲੈਜੀਏ ਨਾ ਦੀਪ ਨੂੰ?" ਫੁੱਫੜ ਜੀ ਨੇ ਜਦੋਂ ਬਾਬਾ ਜੀ ਨੂੰ ਆਖਿਆ ਤਾਂ ਉਹ ਕੁਝ ਗੰਭੀਰ ਜਿਹੇ ਹੋਕੇ ਆਖਣ ਲੱਗੇ, "ਹੁਣੇ ਲੈ ਕੇ ਜਾਣੀਐ?" ਸ਼ਾਇਦ ਉਹਨਾਂ ਦਾ ਮਤਲਬ ਸੀ ਹੁਣ ਦਾ ਵੇਲਾ ਟਪਾਓ ਫੇਰ ਦੇਖੀ ਜਾਊ।

"ਐਤਕੀ ਤਾਂ ਅਸੀਂ ਆਏ ਈ ਏਸ ਨੂੰ ਲੈਣ ਆਂ" ਭੂਆ ਜੀ ਨੇ ਜ਼ੋਰ ਪਾਇਆ।

"ਦੇਖੋ ਸਾਊ ਲੈ ਬੇਸ਼ੱਕ ਜਾਓ ਪਰ ਚੰਗੂੰ ਰੱਖਿਓ, ਸਾਨੂੰ ਤਾਂ ਇਹ ਸੱਤਾਂ ਪੁੱਤਾਂ ਤੋਂ ਪਿਆਰੀ ਐ। ਬਾਕੀ ਖ਼ਰਚ ਸਾਲ ਦਾ ਮੈਂ ਈ ਦਿਆ ਕਰੂੰਗਾ ਏਸ ਦਾ, ਪੜ੍ਹਨ ਲਾ ਦਿਓ!"

ਮੈਂ ਸਭ ਕੁਝ ਸੁਣ ਰਹੀ ਸੀ, ਸਭ ਕੁਝ ਦੇਖ ਰਹੀ ਸੀ ਪਰ ਇਸ ਰਾਮ ਰੌਲੇ ਜਿਹੇ ਵਿਚ ਕੁੱਝ ਵੀ ਸੋਚ ਨਹੀਂ ਸੀ ਰਹੀ। ਕੁਝ ਵੀ ਮਹਿਸੂਸ ਨਹੀਂ ਸੀ ਕਰ ਰਹੀ। ਆਬਣੇ ਡਿਕਡੋਲੇ ਖਾਂਦੀ ਪਹਾ ਲੰਘ ਕੇ ਕੱਲਰਾਂ ਵਿਚੀਂ ਹੁੰਦੀ ਕਾਰ ਜਦੋਂ ਪਿੰਡ ਦੀ ਜੂਹ ਛੱਡ ਕੇ ਜਰਗ ਦੇ ਪੁਲਾਂ ਤੋਂ ਨਹਿਰ ਦੀ ਪਟੜੀ ਆ ਕੇ ਚੜ੍ਹੀ, ਮੇਰੇ ਅਜੀਬ ਕਿਸਮ ਦਾ ਹੌਲ ਪਿਆ ਤੇ ਮੈਂ ਪਿਛਲੇ ਸ਼ੀਸ਼ੇ ਵਿਚੋਂ ਮੁੜ ਕੇ ਪਿੰਡ ਵੱਲ ਝਾਕੀ।

"ਆਪਾਂ ਅੱਜਈ ਜਾਕੇ ਨਮੀਆਂ ਨਮੀਆਂ ਫਰਾਕਾਂ ਲਮਾਂਗੇ ਪੱਨਾ ਲਾਲ ਦੀ ਦੁਕਾਨ ਤੋਂ, ਤੇ ਘਾਵਾਰਾਮ ਦੀ ਦੁਕਾਨ ਤੋਂ ਖਿਡਾਉਣੇ, ਨਾਲੇ ਉਥੇ ਤੇਰੀ ਇਕ ਹੋਰ ਬੇਜੀ ਵੀ ਐ" ਫੁਫੜ ਜੀ ਨੇ ਸਿਰ ਤੇ ਹੱਥ ਫੇਰ ਕੇ ਆਖਿਆ।

"ਆਪਾਂ ਕੱਲ੍ਹ ਈ ਮਿਲਣ ਆਜਾਂਗੇ" ਭੂਆ ਜੀ ਨੇ ਮੇਰੀਆਂ ਭਰੀਆਂ ਅੱਖਾਂ ਵੱਲ ਝਾਕ ਕੇ ਆਖਿਆ।

ਤੇ ਕਾਰ ਨਹਿਰ ਦੇ ਕੰਢੇ ਕੰਢੇ ਤੁਰੀ ਜਾ ਰਹੀ ਸੀ ਤੇ ਨਾਲ ਨਾਲ ਹੀ ਨਹਿਰ ਤੁਰੀ ਜਾ ਰਹੀ ਸੀ। ਹਨੇਰਾ ਪੈਣ ਤੋਂ ਪਹਿਲਾਂ ਅਸੀਂ ਪਟਿਆਲੇ ਪਹੁੰਚ ਗਏ। ਇਹ ਕੋਠੀ,



Scanned by CamScanner

ਬਾਗ, ਤਲਾ, ਨੌਕਰ, ਬੱਘੀ, ਕਮਰਿਆਂ ਵਿਚ ਵੱਡੇ ਵੱਡੇ ਸ਼ੀਸ਼ੇ, ਸੋਫ਼ੇ ਕੁਰਸੀਆਂ, ਕਾਲੀਨ, ਨਿੱਕੇ-ਨਿੱਕੇ ਜੱਤਲ ਕੁੱਤੇ, ਪਿੰਜਰੇ ਵਿਚ ਮੈਨਾ, ਸਭ ਕੁਝ ਹੀ ਓਪਰਾ ਓਪਰਾ ਲੱਗਿਆ। ਤੇ ਉਸ ਰਾਤ ਆਪਣੇ ਆਪ ਨਾਲ ਗੱਲਾਂ ਕਰਦੀ ਸਰਹਾਣੇ ਵਿਚ ਮੂੰਹ ਦੇ ਕੇ ਬਹੁਤ ਦੇਰ ਤੱਕ ਮੈਂ ਚੁੱਪ ਚਾਪ ਰੋਂਦੀ ਰਹੀ।

ਅਗਲੇ ਦਿਨ ਭੂਆ ਜੀ ਪਰਦਿਆਂ ਵਾਲੀ ਕਾਰ ਵਿਚ ਬੈਠਾ ਕੇ ਨੇੜੇ ਨੇੜੇ ਗੁਰਦਵਾਰੇ ਲੈ ਕੇ ਗਏ। ਗੇਂਦਾ ਰਾਮ ਨਾਲ ਕਾਲੀ ਦੇਵੀ ਦਾ ਮੰਦਰ ਦੇਖਣ ਭੇਜਿਆ। ਘਾਵਾਰਾਮ ਦਿਉਂ ਕਿੰਨੇ ਹੀ ਖਿਡਾਉਣੇ ਆ ਗਏ। ਪਰ ਮੇਰਾ ਮਨ ਕਰੇ ਇਹ ਖਿਡਾਉਣੇ ਜਿਨ੍ਹਾਂ ਵਿਚ ਇਕ ਵਲੈਤੀ ਗੁੱਡੀ ਵੀ ਸੀ ਲੈ ਕੇ ਪਿੰਡ ਮਾਂ ਕੋਲ ਚਲੀ ਜਾਵਾਂ।

ਤੀਸਰੇ ਦਿਨ ਆਥਣੇ ਬਾਬਾ ਜੀ ਆ ਗਏ। ਆਖਣ ਲੱਗੇ "ਮੈਂ ਆਖਿਆ ਪਤਾ ਲਿਆਮਾਂ ਬਈ ਦੀਪ ਦਾ ਜੀਅ ਲੱਗ ਗਿਆ ?" ਤੇ ਨਾਲੇ ਬੜੇ ਉਦਾਸ ਮੂੰਹ ਨਾਲ ਦੱਸਿਆ "ਪੰਡਤ ਤਾਂ ਆਖਦਾ ਸੀ ਐਤਕੀ ਸ਼ਰਤੀਆ ਲੜਕਾ ਹੋਊ ਪਰ ਫੇਰ ਲੜਕੀਓ ਹੋਗੀ।"

"ਲੈ ਹੈ ਭੋਰਾ ਭਰ ਦੇ ਮੁੰਡੇ ਦੇ ਤਿੰਨ ਧੀਆਂ ਹੋਗੀਆਂ, ਪੰਜ ਸਾਲ ਅਜੇ ਵਿਆਹ ਨੂੰ ਨੀ ਹੋਏ" ਭੂਆ ਜੀ ਆਖ ਰਹੇ ਸਨ।

"ਜਿੱਥੇ ਲੋੜ ਹੁੰਦੀ ਐ ਉਥੇ ਦਿੰਦਾ ਨੀ ਰੱਬ, ਇਹ ਸਾਡੇ ਹੋ ਜਾਂਦੀ" ਵੱਡੇ ਭੂਆ ਜੀ ਨੇ ਕੁਵੇਲੇ ਦਾਤਣ ਕਰਦਿਆਂ ਆਖਿਆ।

"ਚਲੋ ਸਾਊ ਇਹਨਾਂ ਨੇ ਆਪਣੇ ਭਾਗ ਖਾਣੇ ਨੇ" ਬਾਬਾ ਜੀ ਬੋਲੇ।

"ਆਈਆਂ ਗਲ ਲਾਈਆਂ, ਹੁਣ ਸਿੱਟੀਆਂ ਥੋੜੇ ਜਾਂਦੀਆਂ ਨੇ। ਚੱਲ ਥੋਡੇ ਕੋਲ ਤਾਂ ਦੋ ਹੀ ਹੋਈਆਂ, ਦੀਪ ਤਾਂ ਹੁਣ ਸਾਡੀ ਹੋਗੀ" ਭੂਆ ਜੀ ਆਖ ਰਹੇ ਸਨ। ਬਾਬਾ ਜੀ ਨੇ ਇਸ ਗੱਲ ਦਾ ਜਵਾਬ ਨਹੀਂ ਸੀ ਦਿੱਤਾ ਪਰ ਲਗਦਾ ਸੀ ਇਸ ਗੱਲ ਨਾਲ ਉਨ੍ਹਾਂ ਦਾ ਮੂੰਹ ਕਸੈਲਾ ਕਸੈਲਾ ਹੋ ਜਾਂਦਾ ਸੀ।

"ਚਲੋ ਅਜੇ ਤੁਹਾਡੇ ਕੋਲ ਐ ਪਰ ਵਿਆਹ ਏਸ ਦਾ ਮੈਂ ਆਪਣੇ ਘਰ ਈ ਕਰੂੰ" ਬਾਬਾ ਜੀ ਨੇ ਗੰਭੀਰ ਹੋ ਕੇ ਆਖਿਆ।

"ਲੈ ਸੁਣੋ ਅਜੇ ਚਾਰ ਸਾਲਾਂ ਦੀ ਹੋਈ ਨੀ ਤੇ ਏਹਨਾਂ ਨੂੰ ਵਿਆਹ ਦਾ ਫਿਕਰ ਪੈ ਗਿਆ" ਫੁਫੜ ਜੀ ਰੇਡੀਓ ਦੀ ਸੂਈ ਇੱਧਰ ਉੱਧਰ ਘੁਮਾਉਂਦੇ ਬੋਲੇ।

"ਧੀਆਂ ਦਾ ਤਾਂ ਜੰਮਦੀਆਂ ਦਾ ਈ ਮਾਪਿਆਂ ਨੂੰ ਫਿਕਰ ਪੈ ਜਾਂਦੇ" ਵੱਡੇ ਭੂਆ ਜੀ ਆਖ ਰਹੇ ਸਨ।

"ਦੇਖੀਏ ਫੇਰ ਹੁਣੇ ਕੋਈ ਸਰਦਾਰਾਂ ਦਾ ਮੁੰਡਾ ਜੀਹਦੀ ਮਾਂ ਮਰੀ ਹੋਈ ਹੋਵੇ ?" ਫੁਫੜ ਜੀ ਨੇ ਮਜ਼ਾਕ ਕੀਤਾ।

"ਲੈ ਇਕ ਮਰੀ ਹੋਈ ਹੋਊ, ਦੋ ਮਰੀਆਂ ਹੋਈਆਂ ਹੋਣਗੀਆਂ, ਸਾਰੀਆਂ ਥੋੜੇ ਮਰੀਆਂ ਹੋਈਆਂ ਹੋਣਗੀਆਂ ਮੁੰਡੇ ਦੀਆਂ ਮਾਮਾਂ ? ਏਥੇ ਹੈ ਕਿਹੜਾ ਸਰਦਾਰ ਜੀਹਦੇ ਦੋਂਹ ਚੌਂਹ ਤੋਂ ਘੱਟ ਵਹੁਟੀਆਂ ਹੋਣ" ਵੱਡੇ ਭੂਆ ਜੀ ਦੱਸ ਰਹੇ ਸਨ। ਇਹ ਸਭ ਕੁਝ ਮੈਨੂੰ ਕਿਵੇਂ ਯਾਦ ਹੈ ? ਇਹ ਸਭ ਕੁਝ ਨਹੀਂ। ਬਹੁਤ ਕੁਝ ਵਿਚੋਂ ਕੁਝ ਹੈ, ਜੋ ਯਾਦ ਹੈ। ਉਹ ਫਰਾਕ ਵਾਲੀ ਨਿੱਕੀ ਜਿਹੀ ਕੁੜੀ ਜੋ ਮੈਂ ਕਦੇ ਸੀ, ਉਸ ਨੂੰ ਤੁਰੀ ਫਿਰਦੀ ਨੂੰ ਮੈਂ ਅਜੇ ਵੀ ਦੇਖ ਸਕਦੀ ਹਾਂ।

ਕੁਝ ਦਿਨਾਂ ਮਗਰੋਂ ਘਿਓ ਦੀ ਪੀਪੀ, ਦੋਵੇਂ ਭੂਆ ਜੀਆਂ ਲਈ ਚਾਂਦੀ ਦੀਆਂ



Scanned by CamScanner

ਪੰਜੇਬਾਂ, ਕੁਝ ਰੇਸ਼ਮੀ ਲੀੜੇ, ਫੁਫੜ ਜੀ ਲਈ ਕੰਬਲ ਤੇ ਮੇਰੇ ਲਈ ਕੁੜੀਆਂ ਤੋਂ ਬਣਵਾ ਕੇ ਲਿਆਂਦੀ ਮੋਤੀਆਂ ਦੀ ਸੱਗੀ ਫੁੱਲਾਂ ਵਾਲੀ ਗੁੱਡੀ, ਲੈ ਕੇ ਦਾਦੀ ਮਾਂ ਆ ਗਈ। ਉਹ ਸੰਧਾਰਾ ਲੈ ਕੇ ਆਈ ਸੀ। ਨਾਲ ਸੰਤਾ ਨਾਈ ਸੀ। ਉਸ ਰਾਤ ਮੈਂ ਮਾਂ ਦੇ ਨਾਲ ਹੀ ਸੁੱਤੀ। "ਜੀ ਲਾ ਕੇ ਪੜ੍ਹੀਂ ਮੇਰੀ ਧੀ, ਨਾਲੇ ਤੇਰੇ ਬਾਬਾ ਜੀ ਨੇ ਪੈਸੇ ਭੇਜੇ ਨੇ" ਉਸ ਨੇ ਟੀਨ ਦੀ ਭੀੜੇ ਮੂੰਹ ਵਾਲੀ ਦਵਾਤ ਵਿਚ ਪਾਈ ਭਾਨ ਮੈਨੂੰ ਦਿੰਦਿਆਂ ਆਖਿਆ। "ਰੋਜ਼ ਸਕੂਲ ਜਾਂਦੀ ਏਸ 'ਚੋਂ ਕੱਢ ਕੇ ਲੈ ਜਾਈਂ" ਉਹ ਆਖ ਰਹੀ ਸੀ।

"ਮੈਂ ਨੀ ਪੜ੍ਹਣਾ" ਮੈਂ ਆਖਿਆ।

"ਨਾ ਮੇਰੀ ਰਾਣੀ ਧੀ ਇਉਂ ਨੀ ਆਖੀਦਾ। ਕਿਉਂ ਪੜ੍ਹਣਾ ਕਾਹਤੋਂ ਨੀ? ਫੇਰ ਆਪਣੇ ਹੱਥੀਂ ਲਿਖ ਕੇ ਤੂੰ ਮੈਨੂੰ ਕਾਟ ਪਾ ਦਿਆ ਕਰੀਂ।"

"ਮੈਂ ਇਕ ਦਿਨ ਜਾਕੇ ਦੇਖ ਲਿਐ ਮੈਂ ਤਾਂ ਪੜ੍ਹਣਾ ਹੀ ਨਹੀਂ।"

ਤੇ ਇਸ ਤੋਂ ਮਗਰੋਂ ਅਗਲੇ ਦਿਨ, ਉਸ ਤੋਂ ਵੀ ਅਗਲੇ ਦਿਨ, ਕਦੇ ਵਡਿਆ ਕੇ, ਕਦੇ ਘੂਰ ਕੇ ਸਾਰੇ ਜ਼ੋਰ ਲਾ ਰਹੇ ਪਰ ਮੈਂ ਆਖਿਆ ਮੈਂ ਸਕੂਲ ਨਹੀਂ ਜਾਣਾ। ਮੈਂ ਪੜ੍ਹਣਾ ਨਹੀਂ।

ਦੋਵੇਂ ਭੂਆ ਜੀ ਜਦੋਂ ਹੰਭ ਹਾਰ ਹਟੇ, ਫੁੱਫੜ ਜੀ ਨੇ ਆਖਿਆ "ਠੀਕ ਐ ਮੇਰਾ ਬੇਟਾ ਸਕੂਲ ਨਹੀਂ ਜਾਊਗਾ, ਬਿਲਕੁਲ ਨਹੀਂ ਪੜ੍ਹਣਾ" ਤੇ ਉਨ੍ਹਾਂ ਨੇ ਬਾਕੀਆਂ ਨੂੰ ਵੀ ਆਖ ਦਿੱਤਾ ਕੋਈ ਇਹਨੂੰ ਸਕੂਲ ਜਾਣ ਲਈ ਨਾ ਆਖੇ।

ਫਿਰ ਕਿਸੇ ਨੇ ਸਕੂਲ ਜਾਣ ਲਈ ਨਾ ਆਖਿਆ ਪਰ ਕਦੇ ਕਦੇ ਛੋਟੇ ਬੇਜੀ ਜਾਂ ਵੱਡੇ ਬੇਜੀ (ਅਸਲ 'ਚ ਭੂਆ ਜੀ, ਜਿਨ੍ਹਾਂ ਨੂੰ ਹੁਣ ਮੈਂ ਬੇਜੀ ਆਖਦੀ ਸੀ) ਆਖਦੇ "ਪੜ੍ਹੇਂਗੀ ਨਹੀਂ ਤਾਂ ਜੱਟਾਂ ਦੇ ਘਰ ਵਿਆਹ ਹੋਊ, ਗੋਹਾ ਕੂੜਾ ਕਰਿਆ ਕਰੀਂ।"

"ਪੜ੍ਹੇਂਗੀ ਨਹੀਂ ਤਾਂ ਅਨਪੜ੍ਹ ਰਹਿ ਜੇਂਗੀ।" "ਪੜ੍ਹੇਂਗੀ ਨਹੀਂ ਤਾਂ ਸ਼ਊਰ ਕਿਸੇ ਆਊ?" ਪੜ੍ਹੇਂਗੀ ਨਹੀਂ ਤਾਂ....."

ਪਰ ਮੈਂ ਆਖਦੀ ਸੀ ਮੈਂ ਨਹੀਂ ਪੜ੍ਹਨਾ।

## 3

ਮਹੀਨੇ ਵੀਹ ਦਿਨ ਮਗਰੋਂ ਬਾਬਾ ਜੀ ਆਉਂਦੇ, ਕਿੰਨੀਆਂ ਸਾਰੀਆਂ ਚੀਜ਼ਾਂ ਲੈ ਕੇ ਦੇ ਜਾਂਦੇ ਤੇ ਕਦੇ ਕਦੇ ਜ਼ਿੱਦ ਕਰਨ ਤੇ ਮੈਨੂੰ ਨਾਲ ਹੀ ਪਿੰਡ ਨੂੰ ਲੈ ਜਾਂਦੇ। ਮਲੌਦ ਜਦੋਂ ਅਸੀਂ ਜਾਕੇ ਉਤਰਦੇ ਅਗੇ ਗਫੂਰ ਘੋੜੀ ਲਈ ਖੜ੍ਹਾ ਹੁੰਦਾ। ਬਾਰਾਂ ਤੇਰ੍ਹਾਂ ਵਰ੍ਹਿਆਂ ਦਾ ਗਫੂਰ ਬਾਬਾ ਜੀ ਨਾਲ ਜਦੋਂ ਮੈਨੂੰ ਆਈ ਦੇਖਦਾ ਤਾਂ ਬਹੁਤ ਖੁਸ਼ ਹੋ ਕੇ ਬਾਬਾ ਜੀ ਦੀ ਹੋਂਦ ਭੁੱਲ ਮੈਨੂੰ ਦੱਸਣ ਜੋਗੀਆਂ ਗੱਲਾਂ ਦੱਸਣ ਲੱਗ ਜਾਂਦਾ "ਹੈਂ ਨਾ ਬੀਬਾ, ਨਾ ਸੱਚ ਬੀਬਾ ਜੀ ਆਪਣੀ ਨਾਂ ਨਿਆਈਂ 'ਚ ਜਿਹੜੀ ਬੇਰੀ ਐ, ਉਸ ਨੂੰ ਬੇਰ ਲੱਗਣ ਲੱਗਪੇ। ਘੋਨੀ ਨੇ ਜਿਹੜੇ ਕਤੂਰੇ ਦਿੱਤੇ ਨੇ ਇਕ ਦਾ ਨਉਂ ਮੈਂ ਪਿਸਤਾ ਰੱਖਿਐ। ਮਾਂ ਜੀ ਤੋਂ ਇਕ ਦਿਨ ਖੂਹੀ 'ਚ ਡੋਲ ਗਿਰ ਪਿਆ ਤੀ। ਬਾਬਾ ਜੀ ਨੇ ਮੇਲੇ ਤੇ ਜਾਣ ਨੂੰ ਰੁਪਈਆ ਦਿੱਤਾ ਤੀ, ਅਠਿਆਨੀ ਦਾ ਮੈਂ ਬੁਘਦੂ, ਸਿਕੇ ਆਲਾ ਖਰੋਟ ਖਰੀਦ ਲਿਆ ਜੀਹਦੇ ਨਾਲ ਮੈਂ ਸੌ ਖਰੋਟ ਹੋਰ ਜਿੱਤੇ ਤੇ ਚੁਆਨੀ ਦੀ ਮੈਂ ਮੰਗੋ ਲਈ ਗਾਨੀ ਲਿਆਂਦੀ ਮਣਕਿਆਂ ਦੀ। ਇਕ ਆਨੇ ਦੀ ਮਾਂ ਜੀ ਲਈ



Scanned by CamScanner

ਦੇਵੀ ਦੀ ਫੋਟੂ ਲਿਆਂਦੀ। ਇਕ ਆਨੇ ਦਾ ਨੌਂ ਮਣ ਦੀ ਧੋਬਣ ਆਲਾ ਫੋਟੂਆਂ ਆਲਾ ਖੇਲੁ ਦੇਖਿਆ। ਦੁਆਨੀ ਦਾ ਤੋਤਾ ਲਿਆਂਦਾ, ਘਰ ਜਾ ਕੇ ਦੇਖੀਂ ਜਾਲੀ 'ਚ ਬੈਠੇ ਨੂੰ ਆਖੋ ਮੀਆਂ ਮਿਠੂ ਚੂਰੀ ਖਾਣੀ ਐ, ਆਖੂਗਾ ਖਾਣੀਐ।"

"ਤੇ ਖਾਧਾ ਕੁਸ਼ ਨਾ? ਸਾਰਾ ਦਿਨ ਭੁਖਾ ਈ ਫਿਰਦਾ ਰਿਹਾ?" ਬਾਬਾ ਜੀ ਨੇ ਵਿਚੋਂ ਟੋਕ ਕੇ ਪੁੱਛਿਆ।

"ਮਾਂ ਜੀ ਨੇ ਜਾਣ ਲੱਗੇ ਦੇ ਦੋ ਪਰੌਂਠੇ ਲੜ ਬੰਨ੍ਹਤੇ ਤੀ, ਖਾਲੇ ਜਦੋਂ ਭੁੱਖ ਲਗੀ।"

ਇਉਂ ਗੱਲਾਂ ਕਰਦਿਆਂ ਬਾਬਾ ਜੀ ਲੋਕਾਂ ਦੀਆਂ ਫਤੇਆਂ ਦਾ ਜਵਾਬ ਦਿੰਦੇ ਅਸੀਂ ਇਕ ਦੁਕਾਨ ਤੇ ਜਾਂਦੇ। ਲਾਲਾ ਆਪ ਉਠ ਕੇ ਬਾਬਾ ਜੀ ਦੇ ਗੋਡੀਂ ਹੱਥ ਲਾਉਂਦਾ। ਦੁਕਾਨ ਦੇ ਮਗਰ ਕਮਰੇ ਵਿਚ ਕੁਰਸੀਆਂ ਤੇ ਬੈਠ ਕੇ ਬਾਬਾ ਜੀ ਚਾਹ ਪੀਂਦੇ, ਮੇਰੇ ਤੇ ਗਫ਼ੂਰ ਲਈ ਦੁੱਧ ਦੇ ਗਿਲਾਸ ਆ ਜਾਂਦੇ, ਕਿਉਂਕਿ ਬਾਬਾ ਜੀ ਆਖਦੇ ਹੁੰਦੇ ਸਨ ਕਿ ਚਾਹ ਤਾਂ ਸਿਰਫ਼ ਬੁੱਢਿਆਂ ਨੂੰ ਹੀ ਪੀਣੀ ਚਾਹੀਦੀ ਹੈ। ਇਕ ਪਲੇਟ ਵਿਚ ਤਾਜ਼ੇ ਪੇੜੇ ਆ ਜਾਂਦੇ। ਅਸੀਂ ਖਾਂ ਲੈਂਦੇ ਪਰ ਗਫ਼ੂਰ ਕਾਗਜ਼ 'ਚ ਲਪੇਟ ਕੇ ਖੀਸੇ 'ਚ ਪਾ ਲੈਂਦਾ। ਆਖਦਾ ਘੋਨੀ, ਮੰਗੋ, ਮੀਆਂ ਮਿਠੂ, ਪਿਸਤਾ ਅਸੀਂ ਸਾਰੇ ਕੱਠੇ ਖਾਮਾਂਗੇ।

ਉਸੇ ਲਾਲੇ ਦੇ ਮੁੰਡੇ ਨੂੰ ਭੇਜ ਕੇ ਬਾਬਾ ਜੀ ਬਜ਼ਾਰੋਂ ਲੈ ਕੇ ਜਾਣ ਵਾਲੀਆਂ ਚੀਜ਼ਾਂ ਮੰਗਵਾ ਲੈਂਦੇ ਜਿਨ੍ਹਾਂ ਨੂੰ ਗਫ਼ੂਰ ਨਾਲ ਲਿਆਂਦੇ ਝੋਲੇ ਵਿਚ ਪਾ ਕੇ ਸੋਟੀ ਤੇ ਟੰਗ ਲੈਂਦਾ, ਤੇ ਸੋਟੀ ਮੋਢੇ ਤੇ ਧਰ ਲੈਂਦਾ, ਤੇ ਸ਼ਹਿਰੋਂ ਬਾਹਰ ਪਿੰਡ ਜਾਣ ਵਾਲੀ ਡੰਡੀ ਉਤੇ ਘੋੜੀ ਦੇ ਅੱਗੇ ਅੱਗੇ ਤੁਰਿਆ ਜਾਂਦਾ।

ਬਾਬਾ ਜੀ ਮੈਨੂੰ ਆਪਣੇ ਅੱਗੇ ਘੋੜੀ ਤੇ ਬਿਠਾ ਲੈਂਦੇ ਤੇ ਗੱਲਾਂ ਕਰਨ ਲੱਗ ਜਾਂਦੇ। "ਮਖਿਆ ਓਥੇ ਤੈਨੂੰ ਕੋਈ ਘੂਰਦਾ ਤਾਂ ਨੀ ਹੁੰਦਾ?....ਵੱਡੀ ਬੇਜੀ ਤੇਰੀ ਛੋਟੀ ਬੇਜੀ ਨਾਲ ਲੜਦੀ ਤਾਂ ਨੀ ਹੁੰਦੀ?....ਫੁੱਫੜ ਜੀ ਤੇਰਾ ਸ਼ਰਾਬ ਤਾਂ ਨੀ ਪੀਂਦਾ ਹੁੰਦਾ?....ਪਰ ਤੂੰ ਪੜ੍ਹਨਾ ਕਾਹਤੋਂ ਨੀ?.....ਚੰਦ ਕੁਰ, ਤੇਰੀ ਬੀਬੀ ਦੇਖਿਐ ਕਿਆ ਸੁਹਣਾ ਗ੍ਰੰਥ ਸਾਹਬ ਦਾ ਪਾਠ ਕਰਦੀਐ? ਤੇਰੇ ਨਾਨੇ ਨੇ ਭਗਵਾਨ ਦਾਸ ਨਾਲ ਰਿਸ਼ਤਾ ਕਰਨ ਆਏ ਨੇ ਪਹਿਲੀ ਗੱਲ ਈ ਇਹ ਦੱਸੀ ਸੀ, ਬਈ ਲੜਕੀ ਗ੍ਰੰਥ ਸਾਹਬ ਦੀ ਪਾਠਣ ਐ। ਨਾਲੇ ਮੈਂ ਸੋਚਿਆ ਸਾਧੂ ਮਹਾਤਮਾ ਨਾਲ ਆਏ ਨੇ ਕਾਹਨੂੰ ਨਾਂਹ ਆਖਣੀਐ, ਨਹੀਂ ਰਿਸ਼ਤੇ ਤਾਂ ਬਹੁਤ ਚੰਗੇ ਚੰਗੇ ਘਰਾਂ ਦੇ ਵੀ ਆਉਂਦੇ ਸੀ।....."

ਤੇ ਕਦੇ ਕਦੇ ਬਾਬਾ ਜੀ ਆਪ ਘੋੜੀ ਤੋਂ ਉਤਰ ਆਉਂਦੇ, ਵਾਗਾਂ ਫੜ ਕੇ ਮੂਹਰੇ ਡੰਡੀ ਤੇ ਤੁਰਨ ਲੱਗ ਜਾਂਦੇ ਤੇ ਮੈਨੂੰ ਇਕੱਲੀ ਨੂੰ ਘੋੜੀ ਤੇ ਬੈਠੀ ਰਹਿਣ ਦਿੰਦੇ। ਪਹਿਲੇ ਪਹਿਲੇ ਡਰ ਲਗਿਆ ਸੀ, ਪਿਛੋਂ ਤਾਂ ਮੈਂ ਵਾਗਾਂ ਵੀ ਆਪ ਫੜ ਲੈਂਦੀ ਤੇ ਕਦੇ ਕਦੇ ਤਾਂ ਗਫ਼ੂਰ ਜਾਣ ਕੇ ਘੋੜੀ ਨੂੰ ਸ਼ਿਸ਼ਕੇਰ ਕੇ ਭਜਾ ਦਿੰਦਾ ਤੇ ਆਪ ਨਾਲ ਭੱਜ ਪੈਂਦਾ। ਇਉਂ ਬਾਬਾ ਜੀ ਡੰਡੀ ਉਤੇ ਪਿਛਾਂਹ ਰਹਿ ਜਾਂਦੇ।

"ਇਹ ਤੈਨੂੰ ਕਿਸੇ ਦਿਨ ਐਸੀ ਲੈਕੇ ਭੱਜੂ ਬਈ ਖੂਹ ਖਾਤੇ ਜਾ ਡੇਗੂ। ਆਪਣਾ ਚਿੱਟਾ ਘੋੜਾ ਬਿਸ਼ਨ ਸਿਉਂ ਤੇਰੇ ਮਾਮੇ ਦੇ ਹੱਥੋਂ ਛੁੱਟ ਕੇ ਐਸਾ ਭੱਜਿਆ ਖਬਰਨੀ ਕਿੱਧਰ ਗਿਆ, ਮੁੜ ਕੇ ਥਿਆਇਆਈ ਨੀਂ" ਬਾਬਾ ਜੀ ਦਸਦੇ।

ਤੇ ਕਦੇ ਕਦੇ ਸੋਚਾਂ ਹੀ ਸੋਚਾਂ ਵਿਚ ਮੈਨੂੰ ਲੱਗਦਾ ਜਿਵੇਂ ਉਸ ਚਿੱਟੇ ਘੋੜੇ ਵਾਂਗ



Scanned by CamScanner

ਇਹ ਘੋੜੀ ਵੀ ਤ੍ਰਹਿ ਕੇ ਨੱਠ ਪਈ ਹੈ। ਨੱਠੀ ਹੀ ਜਾ ਰਹੀ ਹੈ, ਤੇ ਫੇਰ ਜਿਵੇਂ ਉਡਣ ਲੱਗ ਪਈ ਹੈ। ਮੈਂ ਕਾਠੀ ਨੂੰ ਘੁੱਟ ਕੇ ਫੜੀ ਬੈਠੀ ਹਾਂ ਤੇ ਘੋੜੀ ਜੰਗਲਾਂ ਸਮੁੰਦਰਾਂ ਤੇ ਬੱਦਲਾਂ ਵਿਚ ਦੀ ਉੱਡੀ ਜਾ ਰਹੀ ਹੈ। ਬਾਬਾ ਜੀ, ਗਫ਼ੂਰ, ਖੇਤ, ਡੰਡੀ ਸਭ ਪਿਛਾਂਹ ਰਹਿ ਗਏ ਨੇ, ਬਹੁਤ ਦੂਰ ਪਿਛਾਂਹ, ਤੇ ਹੁਣ ਦਿਸਣੋਂ ਵੀ ਹਟ ਗਏ ਨੇ, ਤੇ ਮੈਂ ਨਾਲ ਭੱਜੇ ਜਾਂਦੇ ਗਫ਼ੂਰ ਨੂੰ ਚੀਖ ਕੇ ਆਖਦੀ "ਰੋਕ ਲੈ ਘੋੜੀ ਨੂੰ ਮੈਂ ਉਤਰਨੈ। ਬਾਬਾ ਜੀ ਪਿਛਾਂਹ ਰਹਿ ਗਏ ਨੇ।"

ਫੇਰ ਇਕ ਥਾਂ ਘੋੜੀ ਨੂੰ ਰੋਕ ਕੇ ਅਸੀਂ ਬਾਬਾ ਜੀ ਨੂੰ ਉਡੀਕਣ ਲੱਗ ਜਾਂਦੇ "ਸਹੁਰਿਆ ਕੰਜਰਾ ਜੇ ਕੁੜੀ ਦੇ ਸੱਟ ਫੇਟ ਲੱਗ ਗੀ?" ਬਾਬਾ ਜੀ ਗਫ਼ੂਰ ਨੂੰ ਝਿੜਕਦੇ।

"ਲੈ ਐਮੀ ਲਾਗੀ, ਮੈਂ ਨਾਲ ਤਾਂ ਹੂੰਨਾ" ਉਹ ਆਖਦਾ।

ਪਿੰਡ ਪਹੁੰਚਦੇ ਤਾਂ ਬੀਹੀ ਦੀਆਂ ਸਾਰੀਆਂ ਬੁੜ੍ਹੀਆਂ ਕੁੜੀਆਂ, ਤਾਈਆਂ ਚਾਚੀਆਂ ਆ ਕੇ ਮਿਲਦੀਆਂ, ਸਿਰ ਪਲੋਸਦੀਆਂ, ਫਰਾਕ ਨੂੰ, ਬੂਟਾਂ ਨੂੰ, ਗੁੱਤ 'ਚ ਪਾਏ ਰਿਬਨਾ ਨੂੰ ਹੱਥ ਲਾ ਲਾ ਦੇਖਦੀਆਂ।

"ਮੇਰੀ ਖ਼ਾਤਰ ਕੀ ਲਿਆਈਐਂ ਸ਼ਹਿਰੋਂ ਕੁੜੇ?" ਬਦਰਾ ਗੁੱਜਰ ਬਾਬਾ ਜੀ ਨੂੰ ਮਿਲਣ ਆਇਆ ਰੋਅਬ ਨਾਲ ਪੁੱਛਦਾ।

"ਅਗਲੀ ਵਾਰੀ ਮੈਨੂੰ ਤਾਂ ਘਾਵਾਰਾਮ ਦਾ ਸੁਰਮਾ ਲਿਆ ਦਈਂ, ਤੇਰੀ ਭੂਆ ਦੇਗੀ ਸੀ ਇਕ ਸ਼ੀਸ਼ੀ, ਜਾਣੀ ਠੰਡ ਪੈ ਜਾਂਦੀਐ ਅੱਖਾਂ ਨੂੰ। ਜੈ ਖਾਣੇ ਬੇਧ ਨੇ ਪਾ ਪਾ ਮੁਕਾਤੀ" ਤਾਈ ਰਲੀ ਬਾਕੀਆਂ ਨੂੰ ਸੁਣਾ ਕੇ ਆਖਦੀ।

"ਅਸੀਂ ਗਏ ਸੀ ਪੰਚਮੀ ਨ੍ਹੌਣ, ਦੁਖਨਮਾਰਨ, ਪਰ ਤੇਰਾ ਤਾਇਆ ਲੈ ਕੇ ਈ ਨਾ ਗਿਆ, ਮੈਂ ਬਥੇਰਾ ਕਿਹਾ ਬਈ ਬੀਬੀ ਨੂੰ ਮਿਲ ਚੱਲੀਏ, ਆਖਣ ਲੱਗਿਆ "ਮੈਲੇ ਜੇ ਤੇਰੇ ਲੀੜੇ ਪਾਏ ਹੋਏ ਨੇ, ਹੋਰ ਉਹਨੂੰ ਮਖੌਲ ਕਰਨਗੇ ਬਈ ਤੇਰੇ ਪੇਕਿਆਂ ਤੋਂ ਕੇਹੋਜੇ ਲੋਕ ਆਏ ਨੇ" ਤਾਈ ਗੁਲਾਬ ਕੁਰ ਬੋਲੀ।

"ਭੈਣੇ ਮੈਂ ਤਾਂ ਇਕ ਦਿਨ ਮੋਟਰ 'ਚ ਬੈਠ ਕਦੇ ਪਟਿਆਲੇ ਜਾਊਂਗੀ, ਉਥੇ ਜਾਕੇ ਆਪਣਾ ਫੋਟੂ ਲਹਾ ਕੇ ਆਊਂ, ਮਰਗੀ ਤਾਂ ਮੇਰੇ ਧੀਆਂ ਪੁੱਤਾਂ ਕੋਲ ਨਸ਼ਾਨੀ ਤਾਂ ਰਹਿਜੂ" ਤਾਈ ਸੰਤੀ ਹਰ ਵਾਰੀ ਆਖਦੀ।

ਅਗਲੇ ਦਿਨ ਜਦੋਂ ਕੁੜੀਆਂ ਸਾਗ ਨੂੰ ਜਾਂਦੀਆਂ, ਪੋਣਾ ਚੁਕ ਕੇ ਮੈਂ ਵੀ ਨਾਲ ਤੁਰ ਪੈਂਦੀ ਤਾਂ ਉਹ ਰਾਹ ਵਿਚ ਹੀ ਝਿੜਕ ਕੇ ਮੈਨੂੰ ਮੋੜ ਜਾਂਦੀਆਂ "ਜਾਹ ਮੁੜ ਜਾ ਹੋਰ ਤੇਰਾ ਬਾਬਾ ਜੀ ਕਜੀਆ ਕਰੂਗਾ, ਥੋਡੇ ਤਾਂ ਗਫ਼ੂਰ ਬਥੇਰਾ ਲੈ ਆਉਂਦੈ ਸਾਗ। ਨਾਲੇ ਤੁਸੀਂ ਸਾਗ ਕਾਹਨੂੰ ਖਾਣੈ, ਭਾਜੀਆਂ ਛਮਕਿਆ ਕਰੋ! ਬਥੇਰੇ ਪੈਸੇ ਨੇ ਬੁੜ੍ਹੇ ਕੋਲ।"

ਤੇ ਇਕ ਦਿਨ ਕੁੜੀਆਂ ਨੂੰ ਮੈਂ ਇਹ ਆਖ ਕੇ ਨਾਲ ਜਾਣ ਲਈ ਰਾਜ਼ੀ ਕਰ ਲਿਆ ਕਿ ਸਾਰੀਆਂ ਸਾਡੇ ਖੇਤ 'ਚੋਂ ਗੰਨੇ ਪੱਟ ਲਿਓ। ਦੋ ਕੁ ਗੰਨੇ ਚੁੱਕੀ ਆਉਂਦੀ ਨੂੰ ਜਦੋਂ ਬਾਬਾ ਜੀ ਨੇ ਦੇਖ ਲਿਆ, ਉਹਨਾਂ, ਮੈਨੂੰ ਤਾਂ ਕੁੱਝ ਨਾ ਆਖਿਆ ਪਰ ਮਾਂ ਨੂੰ ਕਜੀਆ ਕੀਤਾ, ਤੇ ਆਥਣੇ ਗੰਨਿਆਂ ਦੀ ਇਕ ਭਰੀ ਸਬਾਤ 'ਚ ਆਈ ਪਈ ਸੀ।

ਤੇ ਇਕ ਦਿਨ ਬਾਬਾ ਜੀ ਨੇ ਆਖਿਆ ਜ਼ਰਾ ਬਦਰੇ ਨੂੰ ਤਾਂ ਅੰਦਰ ਸੱਦੀਂ ਬਾਹਰ ਬੈਠਾ ਐ। ਮੈਂ ਬਾਹਰ ਜਾ ਕੇ ਆਖਿਆ "ਬਦਰਿਆ ਤੈਨੂੰ ਮੇਰੇ ਬਾਬਾ ਜੀ ਸਦਦੇ ਨੇ" ਉਹ ਕੌੜ ਕੇ ਮੇਰੇ ਵੱਲ ਝਾਕਿਆ ਤੇ ਗੁੜ ਗੁੜ ਕਰਕੇ ਹੁੱਕਾ ਪੀਂਦਾ ਰਿਹਾ। ਪਲ ਕੁ ਉਡੀਕ ਕੇ ਮੈਂ ਫੇਰ ਆਖਿਆ, "ਬਦਰਿਆ ਤੈਨੂੰ ਮੇਰੇ ਬਾਬਾ ਜੀ ਸਦਦੇ ਨੇ" "ਚੰਗਾ ਚੰਗਾ" ਉਸ ਨੇ



Scanned by CamScanner

ਖਿਝ ਕੇ ਕਿਹਾ। ਉੱਠ ਕੇ ਮੇਰੇ ਨਾਲ ਹੀ ਅੰਦਰ ਬਾਬਾ ਜੀ ਕੋਲ ਆਇਆ। ਆਉਂਦਾ ਹੀ ਬੋਲਿਆ "ਮਖਾਂ ਚੌਧਰੀ ਊਂ ਆਖਦੈਂ ਅਖੇ ਮੇਰੀ ਪੋਤੀ ਸ਼ਹਿਰ ਪੜ੍ਹਦੀਐ ਅਕਲ ਤਾਂ ਏਸ ਨੂੰ ਡੱਕੇ ਦੀ ਨੀ।"

"ਕੀ ਹੋ ਗਿਆ ?" ਬਾਬਾ ਜੀ ਨੇ ਪੁੱਛਿਆ।

"ਨਾ ਤਾਇਆ, ਨਾ ਚਾਚਾ, ਨਾ ਬਾਬਾ, ਨਾ ਭਾਈ ਆਖਦੀਐ ਬਦਰਿਆ ਤੇਨੂੰ ਮੇਰਾ ਬਾਬਾ ਜੀ ਸਦਦੈ।"

"ਨਿਆਣੀਐ" ਬਾਬਾ ਜੀ ਨੇ ਹੱਸ ਕੇ ਕਿਹਾ।

"ਨਿਆਣੀਐ ? ਇਹ ਤਾਂ ਇਊਂ ਗੱਲ ਕਰਦੀਐ ਜਿਮੇਂ ਮੈਂ ਏਸ ਦਾ ਪੋਤਾ ਲਗਦਾ ਹੁੰਨਾ" ਕਤਰੀ ਚਿੱਟੀ ਦਾੜ੍ਹੀ ਵਾਲੇ ਉਚੇ ਲੰਮੇ ਕੱਦਾਵਰ ਗੁੱਜਰ ਬਦਰੇ ਨੇ ਜਦੋਂ ਇਹ ਆਖਿਆ ਤਾਂ ਬਾਬਾ ਜੀ ਨੇ ਮੈਨੂੰ ਕੋਲ ਸੱਦ ਕੇ ਸਮਝਾਇਆ "ਆਪ ਤੋਂ ਵੱਡੇ ਦਾ ਨਾਉਂ ਨੀ ਲਈਦਾ। ਬਦਰਾ ਤਾਂ ਤੇਰਾ ਬਾਬਾ ਲੱਗਦੈ।"

"ਤੇ ਸੈਰਾਂ ?" ਮੈਂ ਪੁਛਿਆ।

"ਉਹ ਤੇਰੀ ਅੰਮਾਂ ਲੱਗਦੀਐ। ਉਹ ਤਾਂ ਮੇਰੀ ਵੀ ਅੰਮਾਂ ਲਗਦੀਐ" ਬਦਰੇ ਬਾਬੇ ਨੇ ਆਪਣੀ ਘਰ ਵਾਲੀ ਬਾਰੇ ਮਜ਼ਾਕ ਕੀਤਾ ਸੀ।

"ਅਸਲ 'ਚ ਤਾਂ ਤੂੰ ਮੇਰੀ ਧੀ ਐਂ" ਉਸ ਸਾਂਵਲੀ ਸੁਨੱਖੀ ਔਰਤ ਮੇਰੀ ਬੀਬੀ ਨੇ ਇਕ ਦਿਨ ਮੈਨੂੰ ਆਪਣੇ ਕੋਲ ਸੱਦ ਕੇ ਆਖਿਆ।

"ਰੋਜ ਤੂੰ ਆਪਣੀ ਮਾਂ ਜੀ ਕੋਲ ਸੌਨੀਐਂ ਅਜ ਮੇਰੇ ਕੋਲ ਹੇਠਾਂ ਸੌਂ ਜੀਂ ?" ਉਸ ਨੇ ਜਿਵੇਂ ਤਰਲਾ ਕੀਤਾ।

ਮੈਂ ਕੋਈ ਹਾਂ ਨਾਂਹ ਨਾ ਕੀਤੀ।

"ਰਾਤ ਨੂੰ ਤੈਨੂੰ ਦਧੌੜੀ ਵਿਚੋਂ ਮਲਾਈ ਕੱਢ ਕੇ ਦੇਊਂਗੀ" ਉਸ ਨੇ ਲਾਲਚ ਦਿੱਤਾ। ਰਾਤ ਹੋਈ ਤਾਂ ਮੈਂ ਦਾਦੀ ਮਾਂ ਨੂੰ ਆਖਿਆ ਅੱਜ ਤਾਂ ਮੈਂ ਹੇਠਾਂ ਸਊਂਗੀ।

"ਕਿਉਂ ?" ਉਹਨੇ ਪੁੱਛਿਆ।

"ਉਹ ਕਹਿੰਦੀ ਸੀ ਰਾਤ ਨੂੰ ਤੈਨੂੰ ਦਧੌੜੀ 'ਚੋਂ ਮਲਾਈ ਕੱਢ ਕੇ ਦੇਊਂਗੀ।"

"ਚੰਦ ਕੁਰ ਮਾਂ ਤੇਰੀ ?"

ਮੈਂ ਹਾਂ ਵਿਚ ਸਿਰ ਹਿਲਾਇਆ।

"ਮੈਂ ਵੀ ਨਿੱਤ ਕਹਾਂ ਬਈ ਮੱਖਣੀ ਕਿਉਂ ਘੱਟ ਆਉਂਦੀਐ, ਖਾਂਦੀ ਹੋਊ ਨਾ ਨਿੱਤ ਰਾਤ ਨੂੰ ਕੱਢ ਕੇ, ਤਾਹੀਂ ਤਾਂ ਜੁਆਕੜੀ ਨੂੰ ਆਖਦੀਐ" ਦਾਦੀ ਮਾਂ ਨੇ ਬਾਬਾ ਜੀ ਨੂੰ ਸੁਣਾ ਕੇ ਸਭ ਦੇ ਸਾਹਮਣੇ ਜਦੋਂ ਗੱਲ ਆਖੀ ਤਾਂ ਉਸ ਸਾਂਵਲੀ ਸੁਨੱਖੀ ਔਰਤ ਮੇਰੀ ਬੀਬੀ ਹਜ਼ਾਰ-ਹਜ਼ਾਰ-ਹਜ਼ਾਰ ਭਰਾਵਾਂ ਦੀਆਂ ਸਹੁੰਆਂ ਖਾਧੀਆਂ ਕਿ ਉਸ ਨੇ ਕਦੇ ਰਾਤ ਨੂੰ ਦੁੱਧ ਨੂੰ ਨਹੀਂ ਛੇੜਿਆ। ਉਹਨੇ ਤਾਂ ਮੈਨੂੰ ਕੋਲ ਪਾਉਣ ਲਈ ਐਮੀ ਆਖਿਆ ਸੀ।

"ਐਮੀ ਨਹੀਂ, ਸੱਚੀਂ ਆਖਿਆ ਸੀ" ਜਦੋਂ ਮੈਂ ਆਖਿਆ ਤਾਂ ਕਿਸੇ ਨੇ ਉਸ ਦੀ ਗੱਲ ਤੇ ਇਤਬਾਰ ਨਾ ਕੀਤਾ। ਇਹ ਗੱਲ ਵੀਹੀ ਗੁਆਂਢ ਤੋਂ ਬਿਨਾਂ ਪਟਿਆਲੇ ਵਾਲੇ ਭੂਆ ਜੀ ਨੂੰ ਵੀ ਜਦੋਂ ਦੱਸੀ ਗਈ ਤਾਂ ਉਹ ਸਾਂਵਲੀ ਸੁਨੱਖੀ ਔਰਤ ਮੇਰੀ ਬੀਬੀ ਬਹੁਤ ਰੋਈ। ਉਸ ਦਿਨ ਮੈਨੂੰ ਉਸ ਤੇ ਬੜਾ ਤਰਸ ਆਇਆ।



Scanned by CamScanner

ਅਗਲੇ ਦਿਨ ਦਾਦੀ ਮਾਂ ਫੇਰ ਜਦੋਂ ਮਲਾਈ ਵਾਲੀ ਗੱਲ ਕਿਸੇ ਕੋਲ ਦੁਹਰਾਉਣ ਲੱਗੀ ਮੈਂ ਖਿਝ ਕੇ ਆਖਿਆ "ਤਾਂ ਕੀ ਹੋ ਗਿਆ ਜੇ ਮਲਾਈ ਖਾ ਵੀ ਲੈਂਦੀ ਸੀ।" ਦਾਦੀ ਮਾਂ ਹੈਰਾਨ ਹੋ ਕੇ ਮੇਰੇ ਕੰਨੀ ਝਾਕੀ। ਬੋਲੀ "ਸਿਆਣਿਆਂ ਦੀਆਂ ਕਥੀਆਂ ਨੇ ਅਖੇ "ਤਿੱਤਰ ਖੰਭੀ ਬਦਲੀ ਰੰਨ ਮਲਾਈ ਖਾਏ, ਉਹ ਵੱਸੇ ਉਹ ਉਜੜੇ ਕਦੇ ਨਾ ਖਾਲੀ ਜਾਏ" ਮਲਾਈ ਖਾਣਾ ਕੋਈ ਧੀਆਂ ਭੈਣਾਂ ਦੇ ਕੰਮ ਨੇ ?"

"ਤੂੰ ਤਾਂ ਦਾਦੀ ਮਾਂ ਐਮੀ ਬੋਲੀ ਜਾਨੀ ਐਂ" ਮੈਂ ਆਖਿਆ।

"ਦੇਖ ਤਾਂ ਕਿਵੇਂ ਲੁਤਰ ਲੁਤਰ ਜ਼ਬਾਨ ਚਲਦੀਐ, ਅਜੇ ਜੰਮ ਮੁੱਕੀ ਨੀ ਦਾਦੀ ਨੂੰ ਮੱਤਾਂ ਦਿੰਦੀਐ, ਕੁੜੀਆਂ ਨੂੰ ਘਰੋਂ ਬਾਹਰ ਪੜ੍ਹਨ ਭੇਜੋ, ਬੁੱਧ ਤਾਂ ਆਪੇ ਭ੍ਰਿਸ਼ਟੀ ਜਾਊ! ਬੋਲ ਜੇ ਖਾਂ ਮੇਰੀ ਕੋਈ ਕੁੜੀ ਮੂਹਰੇ, ਜਾਂ ਕਰ ਜੇ ਸਵਾਲ ਜੇ ਸੀਰਮੇ ਨਾ ਪੀਜਾਂ, ਗਾਟਾ ਨਾ ਲਾਹ ਦਿਆਂ, ਧਰਤੀ 'ਚ ਨਾ ਗੱਡ ਦਿਆਂ" ਕਿਸ਼ਨੀ ਬੁੜ੍ਹੀ ਨੁਸਵਾਰ ਦੀ ਚੁਟਕੀ ਨੱਕ ਵਿਚ ਚੜ੍ਹਾਉਂਦੀ ਤਿਊੜੀਆਂ ਪਾਈ ਮੇਰੇ ਬਾਰੇ ਆਖ ਰਹੀ ਸੀ। ਕਿਸ਼ਨੀ ਬੁੜ੍ਹੀ ਜਿਹੜੀ ਬਾਬਾ ਜੀ ਦੀ ਵੀ ਚਾਚੀ ਲੱਗਦੀ ਸੀ, ਜਿਸ ਤੋਂ ਸਾਰੇ ਡਰਦੇ ਸਨ ਬਾਬਾ ਜੀ ਨੂੰ ਆਖ ਰਹੀ ਸੀ "ਮਸਾਂਈ ਏਸ ਦੇ ਜੰਮੀ ਤੋਂ ਹਜ਼ੂਰਾ ਸਿਉਂ ਪੁੱਠ ਪੈਰੀਆਂ ਸੋਨੇ ਦੀਆਂ ਮੂਰਤੀਆਂ ਪੁੰਨ ਕਰਦਾ ਫਿਰਦਾ ਸੀ ਅਖੇ ਪਾਂਧੇ ਨੇ ਕਿਹੈ, ਦੇਖਲੈ ਹੁਣ ਓਹੀ ਪੁੱਠੇ ਪੈਰੀਂ ਮੁੜੀਆਂ ਆਉਂਦੀਆਂ। ਏਹੋ ਜੀ ਕੜਮੀ ਜੰਮੀਐ ਮਗਰ ਭੈਣਾਂ ਦੇ ਲਾਰੇ ਨੂੰ ਸੱਦਾ ਦੇ ਆਈਐ, ਤਿੰਨ ਹੋਗੀਆਂ।"

"ਨਾ ਨਾ ਕਿਸ਼ਨੀ! ਮੇਰੀਆਂ ਪੋਤੀਆਂ ਕਿਸੇ ਦੇ ਘਰ ਖਾਣ ਨੀ ਜਾਂਦੀਆਂ। ਏਹਨਾਂ ਦਾ ਭਾਗ ਏਹਨਾਂ ਦੇ ਨਾਲ ਐ। ਏਹਨਾਂ ਜੋਗਾ ਰੱਬ ਨੇ ਸਾਨੂੰ ਬਥੇਰਾ ਕੁਸ਼ ਦਿੱਤਾ ਹੋਇਐ। ਤੂੰ ਏਨ੍ਹਾਂ ਬਾਰੇ ਕੁਸ਼ ਨਾ ਆਖਿਆ ਕਰ" ਬਾਬਾ ਜੀ ਨੇ ਆਖਿਆ ਸੀ।

"ਪਤਾ ਲੱਗੂ ਜਦ ਸੜੇ ਜੇ ਜੱਟਾਂ ਮੂਹਰੇ ਹੱਥ ਬੰਨ੍ਹਣੇ ਪਏ। ਏਨੀਆਂ ਦੇ ਵਿਆਹ ਕਰਦੇ ਦਾ ਘਰ ਦਾ ਬਾਰ ਦੂਜੇ ਪਾਸੇ ਲੱਗਜੂ।"

"ਲੈ ਹੈ ਅੰਮਾ ਜੀ! ਏਸ ਘਰ ਦੀਆਂ ਧੀਆਂ ਅਗਲਿਆਂ ਪੱਲੇ ਅੱਡ ਅੱਡ ਮੰਗਣੀਆਂ ਨੇ, ਹੱਥ ਬਾਬਾ ਜੀ ਨੇ ਕਿਸੇ ਮੂਹਰੇ ਕਿਉਂ ਬੰਨ੍ਹਣੇ ਨੇ ?" ਬਾਬਾ ਜੀ ਦੀ ਥਾਂ ਘੁੰਡ ਕੱਢੀ ਭਾਂਡੇ ਮਾਂਜ ਰਹੀ ਸਿਆਮੋ ਨੈਣ ਨੇ ਜਵਾਬ ਦਿੱਤਾ।

"ਚੱਲ ਕਿਸ਼ਨੀ! ਧੀਆਂ ਪਿੱਛੇ ਜੱਗਈ ਹੱਥ ਬੰਨ੍ਹਦੈ, ਮੈਂ ਬੰਨ੍ਹਲੂੰ ਤਾਂ ਕੀਐ" ਬਾਬਾ ਜੀ ਨੇ ਕਿਹਾ।

"ਮਖਾਂ ਤੇਰਾ ਤਾਂ ਨੈੜ੍ਹਾ ਈ ਲਿਆ ਨੀ ਜਾਂਦਾ, ਵੀਹ ਵੀਹ ਕੋਹਾਂ 'ਚ ਤੇਰਾ ਨਉਂ ਵੱਜਦੈ। ਕੋਈ ਸਰਕਾਰੋਂ ਦਰਬਾਰੋਂ ਆਵੇ ਤਾਂ ਪਹਿਲਾਂ ਤੇਰੇ ਘਰ ਆ ਵੜਦੈ, ਹੁਣ ਜਿੰਦਣ ਦੀ ਗਲਾਬਕੁਰ ਵਿਆਹੀਐ ਤੇਰੇ ਤਾਂ ਉਈ ਸਮਾਨ ਕਤੂਰੇ ਭੌਂਕਦੇ ਨੇ ਤੂੰ ਕਿਸੇ ਨੂੰ ਕੀ ਥਿਦਦੈਂ।" ਕਿਸ਼ਨੀ ਬੁੜ੍ਹੀ ਬੋਲੀ।

ਦਾਦੀ ਮਾਂ ਪਰ੍ਹੇ ਨੂੰ ਮੂੰਹ ਕਰੀ ਹੱਸ ਰਹੀ ਸੀ। ਸਾਰੇ ਪਿੰਡ 'ਚੋਂ ਇੱਕ ਅੰਮਾਂ ਕਿਸ਼ਨੀ ਹੀ ਸੀ ਜਿਹੜੀ ਬਾਬਾ ਜੀ ਨੂੰ ਇਉਂ ਬੋਲ ਸਕਦੀ ਸੀ।

ਇਕ ਦਿਨ ਮੇਰੀ ਬੀਬੀ ਨੇ ਸਬਾਤ ਸੰਭਰੀ ਤੇ ਕੂੜਾ ਤਬਾਕੜੇ 'ਚ ਪਾ ਕੇ ਮੈਨੂੰ ਆਖਣ ਲੱਗੀ "ਬਾਹਰ ਬੰਦੇ ਬੈਠੇ ਨੇ ਮੈਂ ਕਿੱਥੇ ਜਾਊਂਗੀ ਤੂੰ ਇਹ ਵੇਹੜੇ ਵਿਚ ਸੁਟ ਆ!"

ਮੈਂ ਆਖਿਆ, ਨਹੀਂ ਮੈਂ ਕੂੜਾ ਨਹੀਂ ਚੁੱਕਣਾ। ਉਸ ਨੇ ਫਿਰ ਆਖਿਆ। ਮੈਂ ਫਿਰ ਨਾਂਹ ਕਰ ਦਿੱਤੀ। ਉਸ ਨੇ ਝਿੜਕ ਕੇ ਮੱਲੋਮੱਲੀ ਕੂੜੇ ਵਾਲਾ ਤਬਾਕੜਾ ਮੈਨੂੰ ਫੜਾ ਦਿੱਤਾ।



Scanned by CamScanner

ਮੈਂ ਆਕੜੀ ਅਕੜਾਈ ਨੇ ਉਥੇ ਹੀ ਸਿੱਟ ਦਿੱਤਾ। ਸੰਭਰੇ ਸੂਹਰੇ ਥਾਂ ਉਤੇ ਜਦੋਂ ਮੁੜ ਕੂੜਾ ਖਿੰਡ ਗਿਆ ਉਸ ਨੇ ਕੱਸ ਕੇ ਮੇਰੇ ਇਕ ਥੱਪੜ ਮਾਰਿਆ। ਇਕ ਹੋਰ ਮਾਰਿਆ। ਮੈਂ ਏਡੀ ਉਚੀ ਰੋਈ ਕਿ ਦਾਦੀ ਮਾਂ ਅੰਦਰੋਂ ਤੇ ਬਾਬਾ ਜੀ ਬਾਹਰੋਂ ਨੱਠੇ ਆਏ। ਸਾਰੀ ਗੱਲ ਪਤਾ ਲੱਗਣ ਤੇ ਬਾਬਾ ਜੀ ਨੇ ਬਹੁਤ ਗੁੱਸੇ ਵਿਚ ਆਖਿਆ ਸੀ ਕਿ ਇਹ ਹੀਰਾ ਸਿਉਂ ਦੀ ਧੀ ਨਹੀਂ ਹਜ਼ੂਰਾ ਸਿਉਂ ਦੀ ਪੋਤੀਐ, ਇਹ ਕੂੜਾ ਚੱਕੂਗੀ? ਨਾ ਨਾ ਮੈਂ ਪੁੱਛਦਾਂ ਸਾਊ ਤੈਂ ਸਮਝਿਆ ਕੀ ਐ ਏਸ ਨੂੰ?" ਤੇ ਓਸ ਦਿਨ ਉਹ ਸਾਂਵਲੀ ਸੁਨੱਖੀ ਔਰਤ ਮੇਰੀ ਬੀਬੀ ਫਿਰ ਬਹੁਤ ਰੋਈ ਸੀ।

"ਜੇ ਦਲੀਪ ਕੁਰ ਕੁੜੀ ਦੀ ਥਾਂ ਮੁੰਡਾ ਹੁੰਦੀ ਫੇਰ ਨੀ ਸੀ ਮੈਂ ਕਿਸੇ ਦੇ ਲੈਣ ਦਾ। ਕਾਕਾ ਜਦੋਂ ਦਾ ਸ਼ਰਾਬ ਪੀਣ ਲੱਗ ਪਿਆ ਸੰਸਾ ਈ ਵੱਢ ਵੱਢ ਖਾਈ ਜਾਂਦੈ, ਬਈ ਕੀ ਬਣੂ ਏਸ ਘਰ ਦਾ" ਬੜੀ ਉਮਰ ਦੇ ਬਿਸ਼ਨੇ ਪਾਂਧੇ ਤੋਂ ਜੰਤਰੀ ਖੁਲ੍ਹਵਾ ਕੇ ਪੁੱਛਾਂ ਪਵਾਉਂਦੇ, ਗ੍ਰਹਿ ਦਿਸ਼ਾ ਪੁੱਛਦੇ ਬਾਬਾ ਜੀ ਆਖ ਰਹੇ ਸਨ।

"ਅਸਲ 'ਚ ਜਜਮਾਨ ਤੁਹਾਡੇ ਕਰਮਾਂ 'ਚ ਪੁੱਤਰ ਧਨ ਨਹੀਂ ਸੀ ਇਹ ਤਾਂ ਬਾਬਾ ਮਾੜੂਦਾਸ ਨੇ ਆਪਣੇ ਸੇਵਕ ਦੀ ਬੇਨਤੀ ਮੰਨ ਕੇ ਪੁੱਤਰ ਬਖਸ਼ ਦਿੱਤਾ, ਤੇ ਨਾ ਜਾਣੇ ਕਿਸ ਦੀ ਆਤਮਾ ਨੂੰ ਦੇਹ ਧਾਰ ਕੇ ਤੁਹਾਡੇ ਘਰ ਪੁੱਤਰ ਬਣ ਜੰਮਣਾ ਪਿਆ। ਹਰ ਆਤਮਾ ਆਪਣੇ ਸੰਸਕਾਰ ਨਾਲ ਲੈ ਕੇ ਆਉਂਦੀਐ ਨਹੀਂ ਤਾਂ ਅਜਿਹੇ ਘਰ ਮਾਸ ਸ਼ਰਾਬ ਦਾ ਕੀ ਕੰਮ ਸੀ?" ਬਿਸ਼ਨਾ ਪ੍ਰੋਹਤ ਦੱਸ ਰਿਹਾ ਸੀ।

"ਕੋਈ ਉਪਾ ਦੱਸੋ ਪੁਰੋਹਤ ਜੀ ਮੂਹਰੇ ਧੀਆਂ ਈ ਧੀਆਂ ਹੋਗੀਆਂ" ਦਾਦੀ ਮਾਂ ਨੇ ਪੂਜਾ ਦੱਛਣਾ ਦਾ ਸੀਧਾ ਕੋਲ ਧਰਦਿਆਂ ਆਖਿਆ।

"ਉਪਾ ਬਸ ਏਹੀਐ ਸਤਵਾਹ ਕਰਵਾ ਦਿਓ! ਗਊ ਨੂੰ ਪੇੜਾ ਦਿਆ ਕਰੋ। ਇਕ ਬਾਸੀ ਰੋਟੀ ਤੇਲ ਨਾਲ ਚੋਪੜ ਕੇ ਕੁੱਤੇ ਨੂੰ ਪਾਇਆ ਕਰੋ। ਪਰਭੂ ਨੂੰ ਸਿਮਰੋ, ਅਗਲੀ ਦਫ਼ਾ ਲੜਕੇ ਦਾ ਯੋਗ ਐ।"

"ਏਸੇ ਦੇ ਹੋਜੂ ਮੁੰਡਾ ਜਾਂ ਵਿਆਹ ਹੋਰ ਕਰਨਾ ਪਊ? ਕਈ ਵਾਰੀ ਆਦਮੀ ਦੇ ਕਰਮਾਂ 'ਚ ਤਾਂ ਪੁੱਤਰ ਹੁੰਦੇ, ਤੀਮੀ ਦੇ ਨੀ ਹੁੰਦਾ, ਫੇਰੇ ਹੋਰ ਵਿਆਹ ਕੀਤਿਆਂ ਈ ਪੂਰਾ ਫਟਦੇ?" ਦਾਦੀ ਮਾਂ ਨੇ ਪੁੱਛਿਆ।

"ਇਹ ਫੇਰ ਵਿਚਾਰ ਕੇ ਦੱਸਾਂਗੇ" ਪਰ੍ਹੇ ਤੁਰੀ ਫਿਰ ਰਹੀ ਬੀਬੀ ਨੂੰ ਦੇਖ ਸਿਆਣੇ ਪੰਡਿਤ ਨੇ ਗੱਲ ਟਾਲ ਦਿੱਤੀ।

ਤੇ ਇਕ ਦਿਨ, ਰਾਤ ਵੇਲੇ ਪਤਾ ਨਹੀਂ ਕਿਸ ਗੱਲ ਤੋਂ ਖਿਝ ਕੇ ਬਾਪੂ ਜੀ ਤਲਵਾਰ ਕੱਢ ਲਿਆਏ। "ਅੱਜ ਤੈਨੂੰ ਜੀਊਂਦੀ ਨੀ ਛੱਡਣਾ" ਆਖ ਜਦੋਂ ਉਹ ਬੀਬੀ ਵੱਲ ਵਧੇ ਮੈਂ ਕਾਹਲੀ ਨਾਲ ਚੀਕਾਂ ਮਾਰਦੀ ਆਪਣੀ ਬੀਬੀ ਦੇ ਗਲ ਨੂੰ ਜਾ ਚੁੰਬੜੀ। ਉਹ ਗੁੱਸੇ ਨਾਲ ਮੈਨੂੰ ਧੂਹਦੇ ਰਹੇ ਪਰ ਮੈਂ ਬੀਬੀ ਨੂੰ ਨਹੀਂ ਛੱਡਿਆ। ਇੰਨੇ ਨੂੰ ਚੁਬਾਰੇ ਵਿਚੋਂ ਦੀ ਪੌੜੀ ਉੱਤਰ ਕੇ ਦਾਦੀ ਮਾਂ ਤੇ ਕੁਝ ਲੋਕ ਉਥੇ ਪਹੁੰਚ ਗਏ। ਦਾਦੀ ਮਾਂ ਨੇ ਤਲਵਾਰ ਖੋਹ ਲਈ। ਬਾਪੂ ਜੀ ਨੂੰ ਗਾਲ੍ਹਾਂ ਵੀ ਕੱਢੀਆਂ "ਨਿੱਜ ਹੋਇਆ, ਗਏ ਘਰ ਦਿਆ, ਧਰਤੀ ਤੇ ਤੀਮੀ ਤੇ ਕੀ ਹੱਥ ਚੁੱਕਣਾ ਹੋਇਆ! ਨਾਲੇ ਦੁਸ਼ਟਾ ਭਜਨ ਪਾਠ ਕਰਨ ਵਾਲੀਐ, ਪੱਟੇ ਜਾਮਾਂਗੇ, ਹਾਅ ਪੈਜੂ। ਦਰਗਾਹੋਂ ਧੱਕਿਆ ਜਾਮੇਂਗਾ।"



Scanned by CamScanner

"ਏਹ ਤਾਂ ਏਸ ਪਟੀਟੋ ਜੀ ਨੇ ਪੇਸ਼ ਨੀ ਜਾਣ ਦਿੱਤੀ ਨਹੀਂ ਦਸਦਾ ਅੱਜ ਏਸ ਨੂੰ ਪਤਾ" ਬਾਪੂ ਜੀ ਨੇ ਤਲਵਾਰ ਪਰੇ ਸੁਟਦਿਆਂ ਕੋਟ ਪਾ ਕੇ ਬਾਹਰ ਨੂੰ ਜਾਂਦਿਆਂ ਕਿਹਾ।

"ਲੈ ਦੇਖਿਆ ਫੇਰ ਏਸ ਨੂੰ ਕਹਿੰਦੇ ਨੇ ਆਪਣਾ ਖੂਨ। ਮਰਨੋਂ ਨੀ ਡਰੀ, ਮੂਹਰੇ ਹੋਗੀ। ਸ਼ਰਾਬੀ ਬੰਦਾ ਤਾਂ ਭੂਤ ਹੁੰਦੈ। ਨਾਲੇ ਏਸ ਦਾ ਕਿਸੇ ਨੇ ਕੀ ਬਗਾੜ ਲੈਣਾ ਸੀ, ਪੁਲਸ ਏਨ੍ਹਾਂ ਦੀ ਘਰ ਦੀ। ਜੱਗੋਂ ਜਾਂਦੀ ਜੱਟ ਦੀ ਧੀ ਜਾਂਦੀ" ਕਿਸ਼ਨੀ ਬੁੜ੍ਹੀ ਉੱਚੀ ਉੱਚੀ ਆਖ ਰਹੀ ਸੀ।

ਬਾਬਾ ਜੀ ਨੂੰ ਵਾਂਢਿਓਂ ਆਇਆਂ ਨੂੰ ਜਦੋਂ ਮੈਂ ਸਾਰੀ ਗੱਲ ਦੱਸੀ ਉਹ ਸਿਰ ਫੜ ਕੇ ਬੈਠ ਗਏ। "ਹੁਣ ਨੀ ਕੋਈ ਟਿਕਾਣਾ ਏਸ ਘਰਦਾ।"

"ਮੇਰਾ ਖਿਆਲ ਐ ਏਸ ਦਾ ਆਪਾਂ ਹੋਰ ਵਿਆਹ ਕਰ ਦੀਏ, ਅਜਿਹੇ ਘਰ ਜਿੱਥੇ ਅਗਲੀ ਦੇ ਪੰਜ ਚਾਰ ਭਾਈ ਹੋਣ, ਨਾਲੇ ਕੁੜੀ ਹੋਵੇ ਸੁਨੱਖੀ, ਜਿਹੜੀ ਏਸ ਨੂੰ ਕਾਬੂ 'ਚ ਰੱਖੇ" ਬਾਬਾ ਜੀ ਨੇ ਬੀਬੀ ਨੂੰ ਤੇ ਦਾਦੀ ਮਾਂ ਨੂੰ ਸੱਦ ਕੇ ਸਲਾਹ ਕੀਤੀ।

"ਜਿਮੇਂ ਥੋਡੀ ਮਰਜ਼ੀ ਕਰਲੋ" ਬੀਬੀ ਨੇ ਰੋ ਕੇ ਆਖਿਆ।

ਉਸ ਦਿਨ ਨਿੱਕੀਆਂ ਨਿੱਕੀਆਂ ਕੁੜੀਆਂ ਨਾਲ ਖੇਡਦਿਆਂ ਮੈਂ ਦੱਸਿਆ, ਮੇਰੇ ਬਾਪੂ ਜੀ ਦਾ ਅਸੀਂ ਇਕ ਹੋਰ ਵਿਆਹ ਕਰਾਂਗੇ।

## 4

ਉਸ ਦਿਨ ਤੋਂ ਪਿਛੋਂ ਮੈਂ ਬਾਪੂ ਜੀ ਦੇ ਕੋਲ ਨਹੀਂ ਸੀ ਜਾਂਦੀ, ਗੱਲ ਨਹੀਂ ਸੀ ਕਰਦੀ, ਉਹਨਾਂ ਦੀ ਗੱਲ ਦਾ ਜਵਾਬ ਨਹੀਂ ਸੀ ਦਿੰਦੀ। ਪਰ ਇਕ ਦਿਨ ਉਹ ਮਖਾਣੇ, ਖੰਡ ਖੇਲ੍ਹਣੇ ਤੇ ਇਕ ਰਬੜ ਦੀ ਗੁੱਡੀ ਮੇਰੇ ਲਈ ਲੈ ਕੇ ਆਏ। ਆਖਣ ਲੱਗੇ "ਏ ਮੇਮ ਦੀ ਬੱਚੀ ਸੁਣ ਸੁਣ!" ਮੇਮ ਦੀ ਬੱਚੀ ਉਹ ਬੀਬੀ ਦੇ ਸਾਂਵਲੇ ਰੰਗ ਤੋਂ ਉਹਨੂੰ ਸੁਨਾਣ ਦੇ ਮਾਰੇ ਆਖਦੇ ਹੁੰਦੇ ਸੀ।

"ਮੈਂ ਨੀ ਲੈਣੀਆਂ ਚੀਜਾਂ" ਮੈਂ ਦੂਰੋਂ ਹੀ ਜਵਾਬ ਦਿੱਤਾ।

"ਗੱਲ ਤਾਂ ਸੁਣ!" ਉਹਨਾਂ ਫੇਰ ਆਖਿਆ।

"ਨਹੀਂ ਸੁਣਨੀ" ਮੈਂ ਉੱਤਰ ਦਿੱਤਾ।

"ਬੜੀ ਵਧੀਆ ਗੱਲ ਦੱਸਣ ਲਗਿਆਂ ਬਈ ਏਹ ਤਾਂ ਤੇਰੀ ਕਾਲੀ ਜੀ ਬੀਬੀਐ ਨਾ, ਹੁਣ ਇਕ ਸੁਹਣੀ ਜੀ ਬੀਜੀ ਲਿਆਮਾਂਗੇ" ਇਹ ਆਖ ਕੇ ਬਾਪੂ ਜੀ ਉਪਰ ਚੁਬਾਰੇ 'ਚ ਚਲੇ ਗਏ। ਬਾਹਰੋਂ ਦੁੱਧ ਵਾਲੇ ਜੂਠੇ ਗਿਲਾਸ ਤੇ ਖਾਲੀ ਜੱਗ ਲਈਂ ਆਉਂਦੇ ਸੰਤੇ ਨਾਈ ਨੇ ਦਾਦੀ ਮਾਂ ਨੂੰ ਆਖਿਆ "ਮੋਹਰਾਂ ਧਰਗੇ ਹੱਥ। ਵਿਆਹ ਆਖਦੇ ਸੀ ਕਢਾ ਕੇ ਭੇਜ ਦਿਓ।"

ਬੀਬੀ ਉਥੇ ਹੀ ਰਸੋਈ ਵਿਚ ਹੀ ਗੋਡਿਆਂ 'ਚ ਸਿਰ ਦੇ ਕੇ ਰੋਣ ਲੱਗ ਪਈ।

"ਨੀ ਫਿਟੇ ਮੂੰਹ ਤੇਰੇ, ਹੋਰ ਸਾਨੂੰ ਔਤ ਰੱਖਣੈ? ਓਧਰੋਂ ਮੁੰਡੇ ਦੇ ਕਿਹੜੇ ਚਾਲੇ ਹੁੰਦੇ ਜਾਂਦੇ ਨੇ, ਉਤੋਂ ਜੁਲਕਦੀ ਐ।" ਦਾਦੀ ਮਾਂ ਨੇ ਬੀਬੀ ਨੂੰ ਆਖਿਆ।

ਉਸ ਰਾਤ ਬੀਬੀ ਨੇ ਰੋਟੀ ਨਹੀਂ ਖਾਧੀ। ਬਾਪੂ ਜੀ ਦੋਸਤਾਂ ਮਿੱਤਰਾਂ ਨਾਲ ਚੁਬਾਰੇ ਵਿਚ ਸ਼ਰਾਬ ਪੀਂਦੇ ਰਹੇ।

ਬਾਬਾ ਜੀ ਬਿਸ਼ਨੇ ਪ੍ਰੋਹਤ ਕੋਲ ਚਲੇ ਗਏ।

ਉਸ ਰਾਤ ਨ੍ਹੇਰੇ ਪਏ ਬੀਬੀ ਨੇ ਮਲਕ ਦੇਕੇ ਮੇਰੇ ਕੋਲ ਜਾ ਕੇ ਆਖਿਆ, "ਮੇਰੇ ਨਾਲ ਆਈਂ ਜ਼ਰਾ।"



Scanned by CamScanner

"ਅੰਮਾ ਜੀ ਮੈਂ ਦਿਨੇ ਨਾਈਆਂ ਆਲੇ ਚੁਬਾਰੇ ਦਾ ਜੰਦਰਾ ਖੁੱਲ੍ਹਾ ਭੁੱਲ ਆਈ ਸੀ, ਲਾ ਆਮਾਂ" ਆਖ ਉਹ ਮੈਨੂੰ ਨਾਲ ਲੈ ਕੇ ਪੌੜੀ ਚੜ੍ਹ ਆਈ। ਨਾਈਆਂ ਵਾਲਾ ਚੁਬਾਰਾ ਉਸ ਨੂੰ ਇਸ ਲਈ ਆਖਦੇ ਸਨ ਕਿਉਂਕਿ ਉਸ ਦੇ ਪਰਲੇ ਪਾਸੇ ਨਾਈਆਂ ਦਾ ਘਰ ਸੀ। ਨਾਈਆਂ ਵਾਲੇ ਚੁਬਾਰੇ ਦੀ ਪਿਛਲੀ ਬਾਰੀ ਦੇ ਵਿਚੋਂ ਲੰਘ ਕੇ ਬੀਬੀ ਨੇ ਨੀਵੇਂ ਕੱਚੇ ਘਰ ਦੇ ਮੋਘੇ ਵਿਚ ਝੁਕ ਕੇ ਦਬਵੀਂ ਆਵਾਜ਼ ਵਿਚ ਹਾਕ ਮਾਰੀ "ਅੰਮਾਂ ਜੀ ਸਿਆਮੋ, ਅੰਮਾ ਜੀ ਜਰਾ ਉਤੇ ਆਇਓ ਛੇਤੀ।"

ਸਿਆਮੋ ਨੈਣ ਭਾਵੇਂ ਜਵਾਨ ਸੀ, ਪਰ ਉਹ ਬੀਬੀ ਦੇ ਵਡੇ ਥਉਂ ਲਗਦੀ ਸੀ। ਸ਼ਾਇਦ ਅਜਿਹੀਆਂ ਗੱਲਾਂ ਨੂੰ ਜਾਣਦੀ ਸੀ, ਝੱਟ ਡੰਡਿਆਂ ਵਾਲੀ ਪੌੜੀ ਚੜ੍ਹਕੇ ਉਤੇ ਆ ਗਈ।

"ਲੋਕ ਵੀ ਅੰਨ੍ਹੇ ਹੋਏ ਫਿਰਦੇ ਨੇ। ਜੈਦਾਦ ਨੂੰ ਸਭ ਤਫੀਕਾਂ ਨੇ। ਤੇਰੇ ਬਾਬਾ ਜੀ ਨੇ ਆਕੇ ਜਦੋਂ ਦੱਸਿਆ ਮੇਰੇ ਤਾਂ ਪੈਰਾਂ ਹੇਠੋਂ ਜਾਣੀ ਮਿੱਟੀ ਨਿਕਲਗੀ" ਸਿਆਮੋ ਆਉਂਦਿਆਂ ਹੀ ਆਖਣ ਲੱਗੀ।

"ਅੰਮਾਂ ਜੀ ਹਾੜ੍ਹੇ ਮੇਰਾ ਇਕ ਕੰਮ ਕਰੋ! ਆਹ ਲਓ ਫੜੋ ਦੋ ਰੁਪਈਏ। ਛੋਕਰੀਂ ਕੇਰਾਂ ਮੇਰੇ ਮਾਮੇ ਨੂੰ ਪਤਾ ਅਪੜਦਾ ਕਰ ਦੇਣ ਬਾਬਾ ਜੀ। ਉਹਨੂੰ ਆਖਣ ਪਟਿਆਲੇ ਪਹੁੰਚੇ ਪਰ ਭਾਫ ਨਾ ਕਿਸੇ ਕੋਲ ਨਿਕਲੇ।"

"ਰੁਪਈਏ ਭਾਮੇ ਰਹਿਣ ਦੇ ਬਾਬਾ ਜੀ ਤੇਰਾ ਜਾ ਆਊ, ਸਾਨੂੰ ਤਾਂ ਭਾਈ ਸਾਰੇ ਇਕੋਜੇਓ ਪਰ ਗਾਹਾਂ ਨਾ ਪਤਾ ਲੱਗੇ, ਨਹੀਂ ਬੁੜ੍ਹੇ ਤਾਂ ਬੌਂਡੇ ਨੇ ਸਾਨੂੰ ਪਿੰਡੋਂ ਉਜਾੜ ਦੇਣੈ।"

"ਸਵੇਰੇ ਜਾ ਆਉਣਗੇ ਬਾਬਾ ਜੀ?" ਬੀਬੀ ਨੇ ਉਸ ਦੀ ਗੱਲ ਵੱਲ ਧਿਆਨ ਨਾ ਦਿੰਦਿਆਂ ਆਖਿਆ।

"ਲੈ ਹੁਣੇ ਜਾ ਆਊ ਛੋਕਰਾਂ ਕਿਹੜਾ ਦੂਰ ਐ, ਡੇਢ ਕੋਹ ਵਾਟਐ ਸਾਰੀ, ਨਾਲੇ ਕਿਸੇ ਨੂੰ ਪਤਾ ਨੀ ਲੱਗੂ।"

"ਹਾੜ੍ਹੇ ਅੰਮਾ ਜੀ ਇਹ ਕੰਮ ਤਾਂ ਜ਼ਰੂਰ ਕਰੋ" ਆਖ ਬੀਬੀ ਕਾਹਲੀ ਨਾਲ ਪਰਤਕੇ ਚੁਬਾਰੇ ਨੂੰ ਜੰਦਰਾ ਮਾਰ ਕੇ ਮੇਰੇ ਨਾਲ ਹੇਠਾਂ ਆ ਗਈ।

"ਤੈਂ ਤਾਂ ਜੰਦਰਾ ਲਾਉਣ ਨੂੰ ਵਗ੍ਹਾ ਈ ਲਾਤਾ" ਦਾਦੀ ਮਾਂ ਨੇ ਪੁਛਿਆ।

"ਕੁੰਜੀ ਗਿਰਪੀ ਸੀ ਹਨੇਰੇ 'ਚ, ਮਸਾਂ ਹੱਥ ਮਾਰ ਮਾਰ ਕੇ ਟੋਲੀ" ਬੀਬੀ ਨੇ ਝੂਠ ਬੋਲਿਆ।

ਅਗਲੇ ਦਿਨ ਬੀਬੀ ਨੇ ਮੈਨੂੰ ਦੱਸਿਆ, ਦੂਜੀ ਆਜੂ ਤਾਂ ਮੈਨੂੰ ਤਾਂ ਇਹ ਪੇਕੀਂ ਭੇਜ ਦੇਣਗੇ। ਤੇਰੇ ਕੋਲੋਂ ਵੀ ਉਹ ਜੂਠੇ ਭਾਂਡੇ ਮੰਜਵਾਇਆ ਕਰੂ। ਤੇ ਉਸ ਦਿਨ ਬੀਬੀ ਦੀ ਸਹੇਲੀ ਸੋਧਾਂ ਫੁਲਕਾਰੀ 'ਚ ਬੂਟੀਆਂ ਦਾ ਨਮੂਨਾ ਪਵਾਉਣ ਦੇ ਬਹਾਨੇ ਕੋਲ ਬੈਠੀ ਜਦੋਂ ਪੁੱਛ ਰਹੀ ਸੀ "ਸੁਣਿਐ ਸਾਕ ਲੈ ਲਿਆ?" ਤਾਂ ਬੀਬੀ ਨੇ ਅੱਖਾਂ ਭਰ ਕੇ ਹੌਲੀ ਦੇ ਕੇ ਏਹੀ ਆਖਿਆ "ਮੈਂ ਤਾਂ ਕਹਿਨੀਆਂ ਜੇ ਰੱਬ ਦੇ ਘਰ ਕਿਧਰੇ ਇਨਸਾਫ ਐ ਤਾਂ ਇਹਨਾਂ ਦੀਆਂ ਧੀਆਂ ਬੇਟੀਆਂ 'ਚ ਤੇਰੀਆਂ ਧੀਆਂ ਬੇਟੀਆਂ ਦੇ ਅੱਗੇ ਆਉਣ।"

"ਹੈ ਹੈ ਨੀ ਚੰਦਰੀਏ ਮੈਂ ਮਰਜਾਂ ਇਉਂ ਨਾ ਆਖ, ਏਹਨਾਂ ਧੀਆਂ ਬੇਟੀਆਂ 'ਚ ਤੇਰੀਆਂ ਧੀਆਂ ਵੀ ਤਾਂ ਆਉਂਦੀਆਂ ਨੇ" ਤਾਈ ਸੋਧਾਂ ਨੇ ਆਖਿਆ।

"ਏਹਨਾਂ ਨੂੰ ਸੇਕ ਤਾਂ ਹੀ ਲੱਗੂ।"



Scanned by CamScanner

"ਮੇਰੀ ਤਾਂ ਨਿਗ੍ਹਾ ਹੁਣ ਘਟਦੀ ਜਾਂਦੀਐ। ਲੈ ਅੰਨੇ ਦਾ ਘੋੜਾ ਨੀ ਦੀਂਹਦਾ। ਭਰਾ ਮਰਿਐ ਜਿੰਦਣ ਦਾ ਰੋ ਰੋ ਕੇ ਅੱਖਾਂ ਗਾਲ ਲੀਆਂ। ਅੱਖਾਂ ਨੂੰ ਵੀ ਕੀ ਦੋਸ਼ ਐ ਆਪੇ ਭਰ ਭਰ ਆਉਂਦੀਆਂ ਨੇ, ਕੁੜੇ ਜਦੋਂ ਅੰਮਾ ਜਾਇਆ ਤੁਰਜੇ, ਜੱਗ ਤੋਂ ਸੀਰ ਈ ਮੁਕਜੇ" ਸੋਧਾਂ ਨੇ ਦਾਦੀ ਮਾਂ ਨੂੰ ਦੇਖ ਕੇ ਗੱਲ ਬਦਲੀ ਸੀ ਪਰ ਭਰਾ ਦੀ ਗੱਲ ਤੇ ਉਹ ਰੋ ਪਈ।

"ਬੱਸ ਬੇਬੇ ਰੱਬ ਦੀਆਂ ਮਰਜੀਆਂ ਨੇ। ਜਿੱਦਣ ਕੜੀ ਵਰਗੇ ਜੁਆਨ ਵੀਹ ਸਾਲ ਦੇ ਭਰਾ ਦੀ ਲੋਥ ਨਾਭਿਓਂ ਲੈ ਕੇ ਆਏ ਸੀ ਮੈਂ ਆਖਦੀ ਸੀ ਬਿਸ਼ਨ ਬਿਨਾਂ ਜੀਊਆਂਗੇ ਕਿਮੇ। ਬਾਪੂ ਕੰਧਾਂ ਨਾਲ ਟੱਕਰਾਂ ਮਾਰਦਾ ਸੀ ਪਰ ਦੇਖ ਲੈ ਸਭ ਕੁਝ ਉਮੇ ਕਰੀਦੈ, ਬਸ ਉਸੇ ਦਾ ਛੁੱਟ ਗਿਆ ਜਿਹੜਾ ਤੁਰ ਗਿਆ।" ਬੀਬੀ ਆਪਣੇ ਭਰਾ ਦੀ ਗੱਲ ਕਰਕੇ ਰੋ ਪਈ।

"ਸਾਕ ਕਰਾਇਆ ਕਿਹੜੇ ਰੁੜ੍ਹ ਜਾਣੇ ਨੇ ਐ? ਤੇਰੇ ਜੇਠ ਨੂੰ ਆਖਾਂ ਪਤਾ ਕਰੇ?" ਦਾਦੀ ਮਾਂ ਦੇ ਇਧਰ ਉੱਧਰ ਹੋਣ ਤੇ ਸੋਧਾਂ ਨੇ ਹੌਲੀ ਦੇ ਕੇ ਪੁੱਛਿਆ।

"ਰਹਿਣ ਦੇ ਬੇਬੇ ਐਮੀ ਵਾਧੂ ਬੋਝੇ ਮਗਰ ਪੈ ਜਾਣਗੇ, ਆਪਣੇ ਆਪਣੇ ਕਰਮ ਭੋਗਣੇ ਨੇ।"

"ਜਾ-ਵੱਢਾ ਰੱਬ ਈ ਭੁੱਲ ਜਾਂਦਾ, ਜਿੱਥੇ ਪੱਥਰ ਦੇਈ ਜਾਂਦੈ, ਇਕ ਜੁਆਕ ਦੇ ਦਿੰਦਾ। ਕੁੜੇ ਐਤਕੀ ਆਪਾਂ ਸਿਆਓੜੇ ਆਲੇ ਪਾਂਧੇ ਤੋਂ ਪੁੱਛ ਪੁਆਮਾਂਗੇ।"

"ਕੀ ਪਿਐ ਬੇਬੇ ਪੁੱਛਾਂ 'ਚ, ਆਪਣੇ ਪ੍ਰੋਹਤ ਨਾਲੋਂ ਤਾਂ ਨੀ ਕੋਈ ਸਿਆਣਾ, ਬ੍ਰਹਮਚਾਰੀਐ, ਵੇਦਾਂ ਦਾ ਗਿਆਤਾ ਐ, ਫੇਰ ਵੀ ਟੇਵਾ ਠੀਕ ਨੀ ਲੱਗਦਾ, ਐਤਕੀਂ ਆਖਦਾ ਸੀ ਪੱਥਰ ਤੇ ਲੀਕ ਐ ਮੁੰਡਾ ਹੋਊ, ਹੋਗੀ ਫੇਰ ਕੁੜੀ।"

"ਕੁੜੇ ਬਾਬੇ ਸ਼ਹੀਦਾਂ ਦੀ ਸੁੱਖ ਈ ਸੁੱਖ ਲੈ।"

"ਬਥੇਰੀਆਂ ਸੁਖੀਆਂ ਨੇ ਬਹੁੜਦੇਈ ਨੀ ਬਾਬੇ ਕਿਤੇ।"

"ਐਤਕੀ ਕਾਦਸੀ ਨੂੰ ਮਾੜੂਦਾਸ ਦੀ ਗੁਫਾ ਤੇ ਚੱਲਾਂਗੇ।"

"ਦੇਖੀ ਜਾਊ ਬੇਬੇ"

"ਕੁੜੇ ਕਿਉਂ ਜੀ ਬੁਰਾ ਕਰਦੀਐਂ, ਚੱਲ ਉਹ ਜਾਣੇ ਦੋ ਦੋ ਕਿਹੜਾ ਹੁੰਦੀਆਂ ਨੀਂ।"

"ਏਦੂੰ ਤਾਂ ਰੱਬ ਚੱਕਲੇ।"

"ਨਾ ਨੀ ਇਉਂ ਨਾ ਆਖ ਚੰਦਰੀਏ ਮਾਮਾਂ ਬਿਨਾਂ ਧੀਆਂ ਦਾ ਕੁਸ਼ ਨੀ ਬਣਦਾ।"

"ਮਾਂ ਹੋਕੇ ਵੀ ਮੈਂ ਏਹਨਾ ਦਾ ਕੀ ਸੁਆਰਨਾ ਐ?"

"ਇਉਂ ਕਿਉਂ ਕਹਿਨੀਐਂ ਮਾਂ ਤਾਂ ਭਾਮੇ ਭੱਠਝੋਕਣੀ ਹੋਵੇ ਉਹਦੀ ਵੀ ਧੀਆਂ ਪੁੱਤਾਂ ਨੂੰ ਲੋੜ ਹੁੰਦੀਐ।"

"ਕਈ ਵਾਰੀ ਚਿੱਤ ਕਰਦੈ ਕਿਸੇ ਖੂਹ ਖਾਤੇ 'ਚ ਡੁੱਬ ਕੇ ਮਰਜਾਂ ਪਰ ਫੇਰ ਸੋਚਦੀਆਂ ਮਨਾਂ ਏਹਨਾਂ ਦਾ ਤਾਂ ਕੁਸ਼ ਨੀ ਜਾਣਾ ਹੋਰ ਵਿਆਹ ਲਿਆਉਣਗੇ। ਜਾਂ ਮੇਰੇ ਮਾਪਿਆਂ ਨੂੰ ਮੇਹਣਾ ਹੋਊ ਬਈ ਏਹਨਾਂ ਦੀ ਧੀ ਖਬਰਨੀ ਕੇਹੋ ਜੀ ਸੀ ਜੀਹਨੇ ਖੂਹ ਖਾਤਾ ਗੰਦਾ ਕੀਤਾ ਜਾਂ ਮੇਰੀਆਂ ਧੀਆਂ ਨੂੰ ਲੋਕ ਕਹਿਣਗੇ ਬਈ ਏਨ੍ਹਾਂ ਦੀ ਮਾਂ ਏਹੋ ਜੀ ਸੀ।" ਬੀਬੀ ਨੇ ਬਹੁਤ ਉਦਾਸ ਹੋ ਕੇ ਦੱਸਿਆ ਸੀ।

ਅੱਜ ਵੀ ਮੈਂ ਬੀਬੀ ਤੇ ਤਾਈ ਸੋਧਾਂ ਨੂੰ ਆਪਣੇ ਜ਼ਿਹਨ ਵਿਚ ਗੱਲਾਂ ਕਰਦੀਆਂ ਦੇਖ ਸਕਦੀ ਹਾਂ, ਸੁਣ ਸਕਦੀ ਹਾਂ।



Scanned by CamScanner

"ਫੇਰ ਤੇਰੇ ਭਜਨ ਪਾਠ ਕਰਨ ਦਾ ਕੀ ਫ਼ਾਇਦਾ ਜੇ ਸਾਡੇ ਅਨਪੜ੍ਹਾਂ, ਢੋਰ ਡੰਗਰਾਂ ਵਾਗੂੰਈ ਤੈਂ ਸੋਚਣੈ ? ਚੱਲ ਸੁੱਖ ਲੈ ਮਲੇਰਕੋਟਲੇ ਲਾਲਾਂ ਆਲੇ ਪੀਰ ਦਾ ਰੋਟ ਬਈ ਮੇਰੇ ਆਦਮੀ ਦਾ ਵਿਆਹ ਨਾ ਹੋਵੇ, ਨੰਗੇ ਪੈਰੀਂ ਰੋਟ ਚੜ੍ਹਾਉਣ ਆਮਾਂ।"

"ਲੈ ਬਚਾਰਾ ਲਾਲਾਂ ਆਲਾ ਪੀਰ ਏਥੇ ਕੀ ਕਰ ਲੂ, ਲੋਕ ਅੰਨ੍ਹੇ ਹੋਏ ਫਿਰਦੇ ਨੇ, ਉਹ ਉਹਤੋਂ ਮੂਹਰੇ ਉਹ ਉਹਤੋਂ ਮੂਹਰੇ।"

"ਚੰਗਾ ਚਲਦੀ ਆਂ ਜੀਤੋ ਉਡੀਕਦੀ ਹੋਊ, ਡੋਗਰ ਸਿਉਂ ਦਾ ਵੀ ਆਉਣ ਦਾ ਵੇਲਾ ਹੋ ਗਿਆ ਮਲੇਂਦ ਪੜ੍ਹਨ ਗਿਆ ਵਿਐ" ਦਾਦੀ ਮਾਂ ਨੂੰ ਉੱਧਰ ਤੁਰੀ ਆਉਂਦੀ ਦੇਖ ਤਾਈ ਸੋਧਾਂ ਨੇ ਆਖਿਆ ਤੇ ਉੱਠ ਖੜੀ ਹੋਈ।

"ਬੱਸ ਕਰ ਬਹੂ ਐਰਵੈਰ ਮਿਲਦੇ ਨੀ ਜਾਨਵਰਾਂ ਦੀਆਂ ਅੱਖਾਂ ਵਿੰਨ੍ਹੀਂ ਦੀਆਂ। ਐਸ ਵੇਲੇ ਤਾਂ ਚਲਦੇ ਦਰਿਆ ਵੀ ਖੜ੍ਹ ਜਾਂਦੇ ਨੇ" ਦਾਦੀ ਮਾਂ ਨੇ ਬੀਬੀ ਨੂੰ ਫੁਲਕਾਰੀ ਕੱਢਣ ਤੋਂ ਰੋਕਦਿਆਂ ਆਖਿਆ।

ਅਸਲ ਵਿਚ ਉਹਨਾਂ ਨੂੰ ਸੋਧਾਂ ਦਾ ਇਉਂ ਬੀਬੀ ਦੇ ਗੋਡੇ ਮੁੱਢ ਬੈਠਣਾ ਚੰਗਾ ਨਹੀਂ ਸੀ ਲੱਗਦਾ। ਤਾਈ ਸੋਧਾਂ ਵੀ ਸਮਝਦੀ ਸੀ। ਉਹ ਤਾਂ ਬੀਬੀ ਦੀ ਖਾਤਿਰ ਆਈ ਸੀ। "ਚੰਗਾ ਅੰਮਾ ਜੀ ਮੱਥਾ ਟੇਕਦੀਆਂ" ਆਖ ਕੇ ਫੁਲਕਾਰੀ ਬੋਹੀਏ 'ਚ ਧਰ ਕੇ ਬੋਹੀਆ ਹੱਥ 'ਚ ਫੜ, ਉਹ ਚਲੀ ਗਈ।

"ਇਹ ਸਪੇਲਣ ਜੀ ਵੀ ਨਿੱਤ ਆ ਬੈਠਦੀਐ। ਉਪਰੋਂ ਜਮਾਂ ਮਿੱਠੀ ਗੁੜ ਅਰਗੀ, ਵਿਚੋਂ ਛੱਤੀ ਪੱਤਣਾਂ ਦੀ ਤਾਰੂ। ਆਪਣੇ ਘਰ ਦੀ ਮਜਾਲਐ ਬਾਹਰ ਭਾਫ ਵੀ ਕੱਢ ਜੇ, ਘਰ ਭਾਮੇ ਭੁਖੇ ਬੈਠੇ ਰਹਿਣ, ਪਰ ਦੂਜਿਆਂ ਦੇ ਕੰਧਾਂ ਕਉਲਿਆਂ ਤੋਂ ਵੀ ਮੁਸ਼ਕ ਲੈਂਦੀ ਫਿਰੂ।" ਦਾਦੀ ਮਾਂ ਆਪ ਮੁਹਾਰੀ ਬੋਲੀ ਜਾ ਰਹੀ ਸੀ। "ਤੂੰ ਉਠਕੇ ਦੀਵਾ ਡੰਗ! ਦੋਂਹ ਵੇਲਿਆਂ ਤੋਂ ਇਕ ਵੇਲਾ ਮਿਲਦੈ, ਆਪਣੇ ਘਰ ਦੀ ਸੁੱਖ ਮਨਾ। ਮਾਂ ਹੁੰਦੀ ਤਾਂ ਕੋਈ ਲੱਖਣ ਦਿੰਦੀ, ਧਰੀ ਪਈ ਸੀ ਸਾਡੇ ਈ ਕਰਮਾਂ 'ਚ। ਪਿੱਪਲ ਆਲਿਆਂ ਦੀ ਬਹੂ ਦੇ ਆਉਂਦੀ ਦੇ ਈ ਦੋ ਮੁੰਡੇ ਹੋਗੇ ਬਈ ਜਿਨ੍ਹਾਂ ਦੇ ਭਾਗ ਚੰਗੇ ਨੇ।" ਦਾਦੀ ਮਾਂ ਬੀਬੀ ਨੂੰ ਸੁਣਾ ਰਹੀ ਸੀ।

ਮੂੰਹ 'ਚ ਪਾਠ ਕਰਦੀ ਬੀਬੀ ਦੀਵੇ 'ਚ ਤੇਲ ਪਾਉਣ ਲੱਗੀ।

ਅਗਲੇ ਦਿਨ ਪਟਿਆਲੇ ਵਾਲੇ ਭੂਆ ਜੀ, ਫੁੱਫੜ ਜੀ ਆ ਗਏ। ਬੀਬੀ ਭੂਆ ਜੀ ਦੇ ਪੈਰੀਂ ਹੱਥ ਲਾਉਂਦੀ ਫਿਰ ਰੋ ਪਈ। ਰਾਤ ਨੂੰ ਜਦੋਂ ਖਾ ਪੀ ਹਟੇ, ਮਿਲਣ ਗਿਲਣ ਵਾਲੇ ਵੀ ਘਰੋ ਘਰੀਂ ਤੁਰ ਗਏ, ਛੋਕਰਾਂ ਵਾਲੇ ਬੀਬੀ ਦੇ ਮਾਮੇ ਨੇ ਫੁਫੜ ਜੀ ਦੇ ਸਾਹਮਣੇ ਭੂਆ ਜੀ ਤੇ ਮਾਂ ਦੇ ਬੈਠਿਆਂ ਬਾਬਾ ਜੀ ਨਾਲ ਗੱਲ ਤੋਰੀ। ਆਖਣ ਲੱਗੇ "ਸਰਦਾਰ ਜੀ ਮੇਰੀ ਤੁਹਾਡੇ ਅੱਗੇ ਇਕ ਹੱਥ ਬੰਨ੍ਹ ਕੇ ਬੇਨਤੀਐ"

"ਦੇਖ ਸਰਦਾਰ ਸੈਂਣ ਸਿਆਂ ਗੱਲ ਇਹਐ ਬਈ ਕਾਕੇ ਦਾ ਵਿਆਹ ਤਾਂ ਅਸੀਂ ਜ਼ਰੂਰ ਕਰਨੈ, ਹੋਰ ਤੂੰ ਜੋ ਆਖਣੈ ਆਖ ਲੈ" ਬਾਬਾ ਜੀ ਨੇ ਵਿਚੋਂ ਹੀ ਗੱਲ ਟੋਕ ਕੇ ਆਖਿਆ।

"ਦੇਖੋ ਸਰਦਾਰ ਜੀ ਮੈਂ ਵੀ ਚਾਹੁੰਨਾਂ ਇਹ ਘਰ ਤੁਰਦਾ ਰਹੇ। ਮੈਂ ਵੀ ਚਾਹੁੰਨਾਂ ਏਸ ਘਰ 'ਚ ਵਾਧਾ ਹੋਵੇ ਪਰ ਜੇ ਤਾਂ ਕੋਈ ਬੱਚਾ ਹੋਇਆ ਈ ਨਾ ਹੋਵੇ ਫੇਰ ਤਾਂ ਤੁਸੀਂ ਆਖੋ, ਧੀ ਜਾਂ ਪੁੱਤ ਇਹ ਤਾਂ ਰੱਬ ਦੀ ਮਰਜੀਐ। ਉਸ ਦੀ ਦਾਤੇ ਦੀ ਮਰਜੀ ਹੋਵੇ ਤਾਂ ਧੀਆਂ ਦੇ ਥਉਂ ਪੁੱਤ ਵੀ ਦੇ ਸਕਦੈ।"



Scanned by CamScanner

"ਦੇਖ ਨਾ ਸੌਣ ਸਿਆਂ ਮੇਰਾ ਹੁਣ ਕੀ ਪਤੈ ਬੈਠਾ ਰਹਾਂ ਭਾਮੇ ਵੀਹ ਵਰ੍ਹੇ ਬੈਠਾ ਰਹਾਂ, ਉਤੋਂ ਸਰਦਾਰ ਥੋਡੇ ਨੇ ਜੋ ਰੱਥ ਫੜੇ ਨੇ ਜਾਣਦੇ ਈਓ, ਚਾਹੁੰਦਾ ਸੀ ਇਕ ਮੁੰਡਾ ਹੋਵੇ ਸਭ ਕੁਸ਼ ਉਸ ਦੇ ਨਾਉਂ ਕਰਜਾਂ, ਨਹੀਂ ਏਸ ਨੇ ਤਾਂ ਘਰ ਉਜਾੜ ਦੇਣੈ। ਮੈਂ ਏਹ ਨੀ ਕਹਿੰਦਾ ਬਈ ਦੂਜੀ ਦੇ ਮੁੰਡੇ ਨੂੰ ਈ ਦੇਜਾਂ ਸਭ ਕੁਸ਼, ਜੀਹਦੇ ਵੀ ਹੋਜੇ, ਬਸ ਏਸ ਸਹੁਰੇ ਨੂੰ ਖ਼ਰਾਬ ਕਰਨ ਨੂੰ ਨਾ ਮੌਕਾ ਮਿਲੇ।"

"ਕਿਉਂ ਸਰਦਾਰ ਜੀ ਤੁਸੀਂ ਕੀ ਆਖਦੇਓ ?" ਬੀਬੀ ਦੇ ਮਾਮੇ ਨੇ ਫੁੱਫੜ ਜੀ ਨੂੰ ਪੁੱਛਿਆ।

"ਮੈਂ ਤਾਂ ਕਹਿਨਾਂ ਤਿੰਨ ਚਾਰ ਕੱਠੇਈ ਵਿਆਹ ਕਰਦੋ ਕਿਸੇ ਦੇ ਤਾਂ ਮੁੰਡਾ ਹੋਊਗਾਈ।" ਫੁਫੜ ਜੀ ਬੋਲੇ।

"ਦੇਖਾਂ ਕਿਵੇਂ ਮਸ਼ਕਰੀਆਂ ਕਰਦੇ ਨੇ। ਨਹੀਂ ਬਾਪੂ ਜੀ ਆਪ ਦੇ ਪੁੱਤ ਦੇ ਰੱਥ ਤਾਂ ਦੇਖੋ ਕਾਹਨੂੰ ਕਿਸੇ ਜੱਟ ਦੀ ਧੀ ਫਾਹੇ ਦੇਣੀ ਐ। ਰੱਬ ਚਾਹੂ ਤਾਂ ਏਸੇ ਦੇ ਹੋਜੂ ਮੁੰਡਾ" ਭੂਆ ਜੀ ਨੇ ਪਹਿਲੀ ਗੱਲ ਫੁਫੜ ਜੀ ਤੇ ਦੂਜੀ ਬਾਬਾ ਜੀ ਨੂੰ ਆਖੀ।

"ਲੈ ਹੈ ਕਮਲੀ ਤੁਸੀਂ ਨੀ ਹੁਣ ਦੋ ਕਟਦੀਆਂ।"

"ਤਾਂ ਹੀ ਤਾਂ ਮੈਂ ਆਖਦੀਆਂ ਬਈ ਦੂਜੀ ਨੀ ਲਿਆਉਣੀ।"

ਤੇ ਇਉਂ ਹੀ ਬਹੁਤ ਰਾਤ ਗਈ ਤੀਕ ਗੁਜਰ ਝਗੜਾ ਹੁੰਦਾ ਰਿਹਾ। ਬੀਬੀ ਘੁੰਡ ਕੱਢੀ ਇਕ ਪਾਸੇ ਖੂੰਜੇ 'ਚ ਬੈਠੀ ਸਭ ਕੁਝ ਸੁਣ ਰਹੀ ਸੀ। ਬਾਪੂ ਜੀ ਸ਼ਰਾਬ ਪੀਈ ਚੁਬਾਰੇ 'ਚ ਸੁੱਤੇ ਪਏ ਸਨ।

ਅਖੀਰ ਬੀਬੀ ਦੇ ਮਾਮੇ ਨੇ ਆਖਿਆ "ਮੇਰੀ ਭੈਣ ਨਿਆਣਿਆਂ ਨੂੰ ਛੱਡ ਕੇ ਮਰਗੀ ਸੀ, ਮੈਂ ਤਾਂ ਮਾਮਾ ਨੀ ਮਾਂ ਬਣ ਕੇ ਏਹਨਾਂ ਨੂੰ ਪਾਲਿਐ, ਮੇਰੇ ਹੱਥਾਂ ਬੰਨ੍ਹਿਆਂ ਦੀ ਲਾਜ ਰੱਖਲੋ, ਇਕ ਗੱਲ ਮੇਰੀ ਮੰਨ ਲੋ ਬਈ ਮੇਰੇ ਚਾਰ ਕੁੜੀਆਂ ਅਜੇ ਕੁਮਾਰੀਆਂ ਨੇ ਜੀਹਦਾ ਆਖੋਂਗੇ ਰਿਸ਼ਤਾ ਦੇਦੂੰ, ਕੋਈ ਹੋਰ ਆਕੇ ਤਾਂ ਨੀ ਮੇਰੀ ਭਾਣਜੀ ਨੂੰ ਦੁੱਖ ਦੇਊ, ਨਾਲੇ ਥੋਡੀ ਗੱਲ ਵੀ ਰਹਿਜੂ।"

ਤੇ ਇਸ ਗੱਲ ਉਤੇ ਸਾਰੇ ਸਹਿਮਤ ਹੋ ਗਏ। ਅਗਲੇ ਦਿਨ ਬਾਬਾ ਸੰਤਾ ਨਾਈ ਮੋਹਰਾਂ ਮੋੜ ਆਇਆ। ਲੜਕੀ ਦੇ ਪਿਓ ਆਏ ਨੂੰ ਵੀ ਆਖ ਦਿੱਤਾ। ਪਟਿਆਲੇ ਵਾਲੀ ਬੀਬੀ ਤੇ ਪਰਾਹੁਣਾ ਨਹੀਂ ਮੰਨਦੇ।

"ਮਾਮਾ ਤੂੰ ਇਹ ਕੀ ਕੀਤਾ ?" ਬੀਬੀ ਨੇ ਸਿਰ ਪਲੋਸ ਕੇ ਜਾਣ ਲੱਗੇ ਆਪਣੇ ਮਾਮੇ ਨੂੰ ਅੱਖਾਂ ਭਰ ਕੇ ਆਖਿਆ।

"ਤੂੰ ਤਾਂ ਕਮਲੀਐਂ। ਏਨਾ ਪਾਠ ਕਰਨ ਆਲੀ ਵੀ ਇਉਂ ਡੋਲ ਜਾਨੀਐਂ। ਰੱਬ ਤੇ ਭਰੋਸਾ ਰੱਖੀਦੈ। ਇਹ ਮੌਕਾ ਤਾਂ ਟਲਿਆ ਫੇਰ ਦੇਖੀ ਜਾਊ। ਬੀਬੀ ਪਟਿਆਲੇ ਆਲੀ ਬੜੀ ਸਮਝਦਾਰ ਐ। ਮੈਂ ਛੇਤੀ ਗੇੜਾ ਮਾਰੂੰਗਾ। ਹਰਨਾਮ ਸਿਉਂ ਆਪਣੇ ਭਾਈ ਕੋਲ ਨਾ ਕੋਈ ਗੱਲ ਕਰੀਂ, ਨਿਆਣਾ ਐ ਬੇਸਮਝ। ਮੈਂ ਬੈਠਾਂ ਜਦ ਥਾਈਂ ਥੋਨੂੰ ਕਾਹਦਾ ਫਿਕਰ ਐ, ਰੱਬ ਭਲੀ ਕਰੂਗਾ।" ਬੀਬੀ ਦੇ ਮਾਮੇ ਨੇ ਜੋ ਕੁਝ ਆਖਣਾ ਸੀ ਬੀਬੀ ਨੂੰ ਗੱਲਾਂ ਗੱਲਾਂ ਰਾਹੀਂ ਆਖ ਦਿੱਤਾ ਤੇ ਉਸ ਦਾ ਚਿੱਤ ਕੁਝ ਟਿਕਾਣੇ ਆ ਜਾਣ ਕਰਕੇ ਉਸ ਦਿਨ ਉਸ ਨੇ ਆਪਣੇ ਸੰਦੂਖ ਵਿਚੋਂ ਸਭ ਤੋਂ ਸੁਹਣਾ ਸੂਟ ਕੱਢ ਕੇ ਪਟਿਆਲੇ ਵਾਲੇ ਭੂਆ ਜੀ ਨੂੰ ਆਉਂਦਿਆਂ ਨੂੰ ਦਿੱਤਾ।

ਆਉਂਦੇ ਹੋਏ ਉਹ ਮੈਨੂੰ ਵੀ ਨਾਲ ਪਟਿਆਲੇ ਲੈ ਆਏ।



Scanned by CamScanner

# 5

ਪਟਿਆਲੇ ਆਕੇ ਮੈਂ ਬਿਮਾਰ ਹੋ ਗਈ। ਪਹਿਲੇ ਤਾਪ ਚੜ੍ਹਿਆ ਤੋਂ ਪਿਛੋਂ ਵੱਡੀ ਮਾਤਾ ਨਿਕਲ ਆਈ। ਅਲੱਗ ਇਕ ਕਮਰੇ ਵਿਚ ਮੈਂ ਪਈ ਸੀ। ਵੱਡੇ ਬੇਜੀ ਨੱਕ ਮੂਹਰੇ ਚੁੰਨੀ ਕਰਕੇ ਖ਼ਬਰ ਪੁੱਛਣ ਆਉਂਦੇ ਤੇ ਆਏ ਗਏ ਨੂੰ ਦੂਰੋਂ ਹੀ ਮੋੜ ਦਿੰਦੇ "ਉਚੀ ਨਾ ਬੋਲੋ। ਕੋਲ ਨਾ ਜਾਓ, ਛਲ ਪੈਜੂ, ਕੁੜੀ ਬਿਮਾਰ ਐ।" ਛੋਟੇ ਬੇਜੀ ਬਹੁਤਾ ਵੇਲਾ ਕੋਲ ਬੈਠੇ ਰਹਿੰਦੇ ਕੁਰਸੀ ਡਾਹ ਕੇ।

ਪਤਾ ਲੱਗਣ ਤੇ ਬਾਬਾ ਜੀ ਆਏ। ਬੈਠੇ ਝੂਰਦੇ ਰਹੇ "ਇਹਦੇ ਨਾਲ ਤਾਂ ਦਾਗ਼ ਪੈ ਜਾਣਗੇ, ਸ਼ਕਲ ਖ਼ਰਾਬ ਹੋਜੂ, ਕਜ ਪੈ ਜਾਣ ਦਾ ਵੀ ਡਰ ਐ। ਇਹਦੇ ਨਾਨਕੇ ਘਰ ਸਭਈ....ਮੈਂ ਤੇ ਕਦੇ ਇਹਨਾਂ ਕੁੜੀਆਂ ਨੂੰ ਚੰਦਕੁਰ ਦੇ ਨਾਲ ਪੇਕੀਂ ਨਹੀਂ ਸੀ ਭੇਜਦਾ, ਐਮੀ ਨਜ਼ਰ ਲੱਗਜੂ....." ਤੇ ਬਹੁਤ ਬਿਮਾਰ ਹੋ ਕੇ ਬੇਸੁਰਤੀ ਵਿਚ ਜਦੋਂ ਮੈਂ ਦਾਦੀ ਮਾਂ ਨੂੰ ਯਾਦ ਕਰਦੀ ਸੀ ਤਾਂ ਉਸ ਨੂੰ ਸੁਨੇਹਾ ਭੇਜਿਆ ਗਿਆ। ਉਹ ਜਦੋਂ ਆਈ ਬੱਦਲ ਜਿਹੇ ਹੋਏ ਸਨ। ਸਾਰਾ ਦਿਨ ਉਹ ਛਾਣਨੇ ਵਿਚ ਰੋੜ ਪਾ ਕੇ ਖੜਕਾਉਂਦੀ ਰਹੀ ਤਾਂ ਜੋ ਮੈਨੂੰ ਬੱਦਲ ਘੋਰਦਾ ਨਾ ਸੁਣੇ ਤੇ ਛਲ ਨਾ ਪੈਜੇ, ਤੇ ਮਾਤਾ ਰਾਣੀ ਦੇ ਤਰਲੇ ਕਰਦੀ ਰਹੀ "ਹਾੜ੍ਹੇ ਮਾਤਾ ਰਾਣੀਏ ਜਿਨ੍ਹੀਂ ਪੈਰੀਂ ਆਈਐਂ ਓਨ੍ਹੀਂ ਪੈਰੀਂ ਮੁੜਜੀਂ। ਮੈਂ ਤੇਰਾ ਥੰਮ ਪਕਾਊਂ ਮੇਰੀ ਧੀ 'ਚ ਕਜ ਨਾ ਪਵੇ ਕੋਈ। ਅੱਖਾਂ ਸਾਬਤ ਸਬੂਤ ਰਹਿ ਜਾਣ। ਮੈਂ ਨੰਗੇ ਪੈਰੀਂ ਜਾਕੇ ਤੇਰੀ ਮਿੱਟੀ ਕੱਢ ਕੇ ਆਊਂ, ਦੇਵੀ ਮਾਂ, ਹਾੜੇ। ਅਸੀਂ ਭੁੱਲੇ, ਗਲ 'ਚ ਪੱਲਾ ਮੂੰਹ 'ਚ ਘਾਹ, ਮੈਂ ਤੇਰੇ ਪੈਰੀਂ ਪੈਨੀਆਂ। ਹਾੜੇ ਸੁੱਖ ਰੱਖੀਂ" ਤੇ ਨਾਲ ਸੌ ਸੌ ਉਪਾ ਉਹ ਕਰਦੀ ਰਹੀ। ਕੋਰੇ ਕੁੱਜੇ ਵਿਚ ਸਿਆਣੇ ਤੋਂ ਕਰਾਕੇ ਪਾਣੀ ਪਾਕੇ, ਉਪਰ ਲਾਲ ਲੀਰ ਬੰਨ੍ਹ ਕੇ, ਵਿਚ ਸੂਈਆਂ ਗੱਡ ਕੇ ਮੰਜੇ ਦੇ ਹੇਠ ਰੱਖਿਆ। ਧਾਗਾ ਕਰਾ ਕੇ ਜੋ ਉਹ ਪਿੰਡੋਂ ਲਿਆਈ ਸੀ ਨੀਲੇ ਰੰਗ ਦਾ, ਉਹ ਗਲ ਵਿਚ ਪਾਇਆ। ਸਤਨਾਜਾ ਪੈਂਦ ਨਾਲ ਬੰਨ੍ਹਿਆਂ। ਹਾਰੇ ਦੀ ਸੁਆਹ ਬਿਸਤਰੇ ਤੇ ਵਿਛਾਈ। ਥੈਲੀਆਂ ਸਿਉਂ ਕੇ ਹੱਥਾਂ ਤੇ ਚੜ੍ਹਾਈਆਂ। ਛੁਹਾਰੇ ਦਾਖਾਂ ਤੇ ਮਨੱਕਾਂ ਦਾ ਪਾਣੀ ਉਬਾਲ ਕੇ ਚਮਚਾ ਚਮਚਾ ਮੂੰਹ ਵਿਚ ਪਾਉਂਦੀ ਰਹੀ। ਕਿੰਨਾ ਹੀ ਨਿਕਸੁਕ ਮਾਤਾਰਾਣੀ ਦੇ ਥਾਨ ਤੇ ਭੇਜਿਆ ਤੇ ਫਿਰ ਵੀ ਦੋ ਮਹੀਨੇ ਮਗਰੋਂ ਜਦੋਂ ਮੈਂ ਰਾਜ਼ੀ ਹੋਈ, ਸ਼ਕਲ ਹੀ ਬਦਲ ਗਈ ਸੀ। ਸਾਰੇ ਵਾਲ ਉਤਰ ਗਏ ਸਨ। ਮੂੰਹ ਤੇ ਕਿਧਰੇ ਕਿਧਰੇ ਕੋਈ ਕੋਈ ਦਾਗ਼ ਪੈ ਗਿਆ ਸੀ।

ਬੀਬੀ ਨੇ ਜਦੋਂ ਦੇਖਿਆ ਰੋ ਹੀ ਪਈ "ਮੇਰੀ ਧੀ ਦਾ ਇਹ ਹਾਲ ਹੋ ਗਿਆ।" ਫੁੱਫੜ ਜੀ ਬਾਬਾ ਜੀ ਨੂੰ ਦੋਸ਼ ਦੇ ਰਹੇ ਸਨ ਕਿ ਪਿੰਡ ਵਿਚ ਜਦੋਂ ਟੀਕੇ ਲਾਉਣ ਵਾਲੇ ਆਏ ਸਨ ਤਾਂ ਉਨ੍ਹਾਂ ਨੂੰ ਪੈਸੇ ਦੇ ਕੇ ਮੋੜ ਦਿੱਤਾ ਸੀ ਅਖੇ "ਨਹੀਂ ਜੁਆਕੜੀ ਦੀ ਬਾਂਹ ਪੱਕਜੂ।"

"ਏਹਨੂੰ ਏਹਦੇ ਨਾਨਕੀਂ ਭੇਜ ਦੇਓ ਸਾਡੀ ਤਾਂ ਇਹ ਕੁੜੀਓ ਨੀ ਲੱਗਦੀ" ਬਾਪੂ ਜੀ ਨੇ ਜਦੋਂ ਆਖਿਆ ਮੈਂ ਸੋਚਿਆ ਮੈਂ ਨਾਨਕੀਂ ਜਾ ਕੇ ਕਦੇ ਵਾਪਸ ਨਹੀਂ ਆਊਂਗੀ।

ਦਾਦੀ ਮਾਂ ਦੇ ਨਾਲ ਹੀ ਮੈਂ ਪਿੰਡ ਨੂੰ ਆ ਗਈ। ਬੇਜੀ ਆਖਦੇ ਰਹੇ, ਏਥੇ ਈ ਰਹਿਣ ਦਿਓ, ਡਾਕਟਰ ਨੂੰ ਪੁੱਛ ਕੇ ਇਹਦੇ ਦਾਗਾਂ ਦਾ ਇਲਾਜ ਕਰਵਾਂਮਾਗੇ, ਨਾਲੇ ਵਾਲ ਵਧਾਣ ਵਾਲਾ ਕੋਈ ਤੇਲ, ਵੈਦ ਜੀ ਤੋਂ ਪਤਾ ਕਰਾਂਗੇ। ਪਰ ਦਾਦੀ ਮਾਂ ਆਖਦੀ ਸੀ "ਨਹੀਂ ਮੈਂ ਆਪੇ ਪਿੰਡ ਲਜਾ ਕੇ ਕਰਲੂੰ ਸਭ ਕੁਸ਼।"



Scanned by CamScanner

ਪਿੰਡ ਲਿਜਾ ਕੇ ਦਾਦੀ ਮਾਂ ਸਭ ਤੋਂ ਪਹਿਲਾ ਮਾਤਾ ਰਾਣੀ ਦੇ ਥਾਨਾਂ ਤੇ ਮੱਥਾ ਟਿਕਾ ਕੇ ਲਿਆਈ। ਥੰਮ ਪਕਾ ਕੇ ਤੇ ਬਰੂੜ ਲਿਜਾ ਕੇ ਚੜ੍ਹਾ ਕੇ ਆਈ। ਮਾਤਾ ਰਾਣੀ ਦੇ ਨਾਉਂ ਤੇ ਲਾਲ ਕਪੜਾ ਵੀ ਪੁੰਨ ਕੀਤਾ। ਸਾਬਤ ਮਹਾਂ ਦੀ ਦਾਲ ਨੂੰ ਤੇਲ ਦਾ ਹੱਥ ਲਾ ਕੇ ਢੌਂਸੀ ਨੂੰ ਦਿੱਤੇ। ਮਗਰੋਂ ਹਰ ਰੋਜ਼ ਉਹ ਮਲਾਈ ਮੂੰਹ ਤੇ ਮਲਦੀ ਤੇ ਗੋਕਾ ਘਿਓ ਸਿਰ ਤੇ। ਬੀਬੀ ਖੇਤਾਂ ਵੱਲ ਸਵੇਰੇ ਸਵੇਰੇ ਮੈਨੂੰ ਨਾਲ ਲਜਾਕੇ ਤ੍ਰੇਲ ਵਾਲੇ ਘਾਹ ਤੇ ਨੰਗੇ ਪੈਰੀਂ ਤੋਰਦੀ, ਤਿਲਾਂ ਦੇ ਫੁੱਲ ਤੋੜ ਕੇ ਮੂੰਹ ਤੇ ਮਲਣ ਲਈ ਦਿੰਦੀ, ਤੇ ਦਿਨੇ ਸੰਗਤਰੇ ਦੀਆਂ ਛਿਲੜਾਂ ਪੀਹ ਕੇ ਵੇਸਣ ਵਿਚ ਰਲਾ ਕੇ ਕੋਸੇ ਪਾਣੀ ਨਾਲ ਮੂੰਹ ਧੁਆਉਂਦੀ। ਕੁਝ ਚਿਰ ਮਗਰੋਂ ਜਿਸਮ ਵਿਚ ਤਾਕਤ ਆਉਣ ਲੱਗੀ। ਵਾਲ ਵੀ ਵਧਣ ਲੱਗੇ ਤੇ ਦਾਗ਼ ਮਧਮ ਪੈਣ ਲੱਗੇ। ਸਾਲ ਲੰਘ ਗਿਆ, ਬੇਜੀ ਪਟਿਆਲੇ ਤੋਂ ਇਕ ਦੋ ਵਾਰੀ ਆਏ, ਮਾੜਾ ਮੋਟਾ ਨਾਲ ਚਲਣ ਲਈ ਆਖਿਆ, ਪਰ ਨਾ ਉਹ ਬਹੁਤਾ ਲਿਜਾਣ ਲਈ ਕਾਹਲੇ ਸਨ ਤੇ ਨਾ ਦਾਦੀ ਮਾਂ ਭੇਜਣ ਲਈ। ਮੈਂ ਸੋਚਦੀ ਸੀ ਹੁਣ ਨੀ ਜਾਣਾ ਉਥੇ।

ਇਸ ਵਾਰੀ ਬੀਬੀ ਨੂੰ ਜਦੋਂ ਮਾਮਾ ਜੀ ਲੈਣ ਆਏ ਮੈਂ ਜ਼ਿੱਦ ਕਰਕੇ ਮਾਨਮੀ ਆਪਣੇ ਨਾਨਕੀਂ ਨਾਲ ਚਲੀ ਗਈ। ਪੱਕੇ ਦਰਵਾਜ਼ੇ ਵਾਲਾ ਵੱਡਾ ਸਾਰਾ ਕੜੀਆਂ ਸ਼ਤੀਰਾਂ ਦੀ ਛੱਤ ਵਾਲਾ ਕੱਚਾ ਉਹਨਾਂ ਦਾ ਘਰ ਸੀ। ਗੋਲ ਦਰਵਾਜ਼ੇ ਉਪਰ ਸਾਧਾਂ ਸੰਤਾਂ ਦੀਆਂ ਮੂਰਤਾਂ ਬਣੀਆਂ ਹੋਈਆਂ ਸਨ। ਨਾਲ ਹੀ ਡੰਗਰਾਂ ਵਾਲਾ ਘਰ ਸੀ ਜਿਥੇ ਉਠ ਬਲਦ ਮੈਸ੍ਹਾਂ ਕੱਟੀਆਂ ਵੱਛੀਆਂ ਬੰਨ੍ਹੀਆਂ ਹੋਈਆਂ ਸਨ। ਮੈਨੂੰ ਨਾਲ ਦੇਖ ਕੇ ਨਾਨਾ ਜੀ ਨੂੰ ਜਿਵੇਂ ਚਾਉ ਚੜ੍ਹ ਗਿਆ "ਭਾਈ ਗੁਰਦਿਆਲਕੁਰੇ ਹੱਟੀਓਂ ਜੋ ਕੁਸ਼ ਮੰਗਵਾਉਣੈ ਮੰਗਵਾ ਲੈ ਐਤਕੀਂ ਤਾਂ ਰੱਬੋ ਆਲਿਆਂ ਨੇ ਬੀਬੀ ਦੇ ਨਾਲ ਆਵਦੀ ਧੀ ਵੀ ਭੇਜਤੀ।"

ਮਾਮੀ ਨੇ ਖੰਡ ਪਾ ਕੇ ਦੁੱਧ ਦਿੱਤਾ। ਫੇਰ ਉਹਨੇ ਹੱਟੀਓਂ ਮੰਗਵਾ ਕੇ ਮੈਨੂੰ ਦਾਖਾਂ ਦਿੱਤੀਆਂ। ਬਦਾਮਾਂ ਦੀਆਂ ਗਿਰੀਆਂ ਕੱਢ ਕੇ ਦਿੱਤੀਆਂ, ਮਿਸਰੀ ਦਿੱਤੀ ਤੇ ਨਾਲ ਗੱਲਾਂ ਕਰਦੀ ਰਹੀ, "ਤੂੰ ਤਾਂ ਆਜਿਆ ਕਰ ਬੀਬੀ ਨਾਲ! ਪਟਿਆਲੇ ਬਾਗੀਤੀ? ਬੀਬੀ ਬਲਾਈਂ ਰੋਂਦੀ ਤੀ। ਜਾਓ ਕੁੜੀਓ ਨਿਆਣਿਓਂ ਖੇਲ੍ਹੋ ਪਰੇ, ਗਰਮੀ ਨਾ ਕਰੋ। ਲਿਆ ਮੈਂ ਝੱਲ ਮਾਰ ਦਿਆਂ, ਹੋਰ ਨਾ ਗਰਮੀ 'ਚ ਬਮਾਰ ਹੋਜੇ, ਏਹਦੇ ਦਾਦੇ ਨੇ ਤਾਂ ਖਹਿੜਾ ਨੀ ਛੱਡਣਾ ਫੇਰ। ਇਨ੍ਹਾਂ ਦੇ ਘਰ ਤਾਂ ਛੱਤ 'ਚ ਪੱਖਾ ਲੱਗਿਆ ਹੋਇਐ। ਨੌਕਰ ਝੱਲਦਾ ਰਹਿੰਦੈ ਬਾਹਰੋਂ ਰੱਸੀ ਖਿਚਦਾ। ਚੁਬਾਰਿਆਂ 'ਚ ਤਾਂ ਊਈਂ ਨੀ ਗਰਮੀ ਲਗਦੀ ਹੋਣੀ, ਫਰਨ ਫਰਨ ਹਵਾ ਆਉਂਦੀ ਹੋਊ ਚੁਫੇਰਿਓਂ....ਰੱਬ ਸੁਖ ਰੱਖੇ ਆਉਂਦੇ ਵਰ੍ਹੇ ਇਕ ਚੁਬਾਰਾ ਅਸੀਂ ਵੀ ਪਾ ਲੈਣੈ, ਜਮਾਈ ਭਾਈ ਲਈ। ਸੁੱਖ ਨਾਲ ਤੇਰਾ ਬਾਪੂ ਜੀ ਜਦੋਂ ਆਉਂਦੇ, ਖੜ੍ਹਾ ਖੜ੍ਹਾਈ ਮੁੜ ਜਾਂਦੇ ਘੋੜੇ ਤੇ, ਦੋ ਚਾਰ ਬੰਦੇ ਨਾਲ ਹੁੰਦੇ ਨੇ, ਬਈ ਜੇ ਰਾਤ ਰਹੇ...ਊਂ ਤਾਂ ਹੈਗਾ ਮਾੜਾ ਜਾ ਚੁਬਾਰਾ, ਪਰ ਉਹ ਥੋਡੇ ਆਲਾ ਹੀ ਨਾ.....ਮਹਾਰਾਜ ਆਖਦੇ ਸੀ....."

ਏਨੇ ਨੂੰ ਭਗਵੇ ਕੱਪੜੇ ਪਾਈ, ਪੈਰੀਂ ਖੜਾਵਾਂ, ਇਕ ਸਾਧੂ ਤੁਰਿਆ ਆਉਂਦਾ ਦਿਸਿਆ। ਨੇੜੇ ਆਉਣ ਤੇ ਸਭ ਨੇ, ਨਾਨਾ ਜੀ ਨੇ, ਮਾਮੀ ਨੇ, ਮਾਮਾ ਜੀ ਨੇ, ਉਨ੍ਹਾਂ ਦੇ ਬੱਚਿਆਂ ਨੇ, ਉਸ ਸਾਧੂ ਦੇ ਪੈਰੀਂ ਹੱਥ ਲਾਏ। "ਸੁਖੀ ਰਹੋ, ਸੁਖੀ ਰਹੋ" ਉਹ ਸਾਧੂ ਬਸ ਏਨਾ ਹੀ ਆਖਦਾ ਸੀ। "ਤਾਂ ਬੀਬੀ ਕਾਕੀ ਕਦੋਂ ਆਏ? ਸਭ ਸੁਖ ਸਾਂਦ ਐ?" ਉਨ੍ਹਾਂ ਬੀਬੀ ਤੋਂ ਪੁੱਛਿਆ।

"ਹਾਂ ਮਹਾਰਾਜ" ਬੀਬੀ ਨੇ ਦੱਸਿਆ। ਮਹਾਰਾਜ ਕਿੰਨਾ ਹੀ ਚਿਰ ਉਥੇ ਬੈਠੇ



Scanned by CamScanner

ਘਰਦਿਆਂ ਨਾਲ, ਬੀਬੀ ਨਾਲ, ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਰਹੇ। ਬਹੁਤ ਚਿਰ ਪਿੱਛੋਂ ਵੱਡੀ ਹੋਕੇ ਮੈਨੂੰ ਪਤਾ ਲੱਗਿਆ ਮੇਰੀ ਮਰ ਚੁਕੀ ਨਾਨੀ ਦਾ ਨਉਂ ਹਰਕੁਰ ਸੀ। ਜੇ ਰੋਟੀ ਪਾਣੀ ਦੀ ਇੱਛਿਆ ਹੁੰਦੀ ਤਾਂ ਸਾਰੇ ਪਿੰਡ ਵਿਚੋਂ ਸਾਧੂ ਸੰਤ ਫ਼ਕੀਰ ਸਿੱਧਾ ਉਹਦੇ ਘਰ ਨੂੰ ਤੁਰਿਆ ਆਉਂਦਾ। ਨਾਨਾ ਜੀ ਨੇ ਖੂਹ ਤੇ ਜਿਹੜਾ ਕੋਠਾ ਪਾਇਆ ਹੋਇਆ ਸੀ ਉਥੇ ਉਦਾਸੀ ਸਾਧੂਆਂ ਦੀਆਂ ਜਮਾਤਾਂ ਉਤਰੀਆਂ ਰਹਿੰਦੀਆਂ। ਇਸੇ ਤਰ੍ਹਾਂ ਉਦਾਸੀਆਂ ਦੀ ਇਕ ਜਮਾਤ ਨਾਲ ਬਾਵਾ ਭਗਵਾਨ ਦਾਸ ਵੀ ਇਸ ਪਿੰਡ ਵਿਚ ਆਇਆ ਸੀ। ਪਤਾ ਨਹੀਂ ਉਹ ਕੌਣ ਸੀ, ਕਿਥੋਂ ਦਾ ਸੀ, ਪਰ ਉਹ ਜਮਾਤ ਜਦੋਂ ਉਥੋਂ ਜਾਣ ਲੱਗੀ, ਨਾਨੀ ਨੇ ਨਾਨਾ ਜੀ ਨੂੰ ਆਖਿਆ "ਗੁਰੂ ਨੂੰ ਆਖੋ ਭਗਵਾਨ ਦਾਸ ਤਾਂ ਮੇਰਾ ਭਾਈਐ ਇਹਨੂੰ ਇਥੇ ਹੀ ਛੱਡ ਜਾਣ। ਖੂਹ ਤੇ ਕੋਠੇ 'ਚ ਰਹਿੰਦਾ ਇਹ ਭਜਨ ਬੰਦਗੀ ਵੀ ਕਰਦਾ ਰਹੂ, ਗਰੀਬਾਂ, ਬਿਮਾਰਾਂ ਦੀ ਦਵਾਦਾਰੂ ਵੀ, ਤੇ ਆਏ ਗਏ ਸਾਧੂ ਸੰਤਾਂ ਦੀ ਮੇਰੇ ਨਾਲ ਸੇਵਾ ਵੀ ਕਰਦਿਆ ਕਰੂ।" ਨਾਨਾ ਜੀ ਨੇ ਆਖਿਆ "ਇਹ ਨਹੀਂ ਹੋ ਸਕਣਾ। ਜਿਹੜਾ ਸੰਸਾਰ ਨੂੰ ਤਿਆਗ ਕੇ ਸਾਧੂ ਬਣ ਗਿਆ ਉਹ ਸੰਸਾਰਕ ਬੰਧਨ ਨਹੀਂ ਮੰਨੂੰਗਾ।" ਪਰ ਨਾਨੀ ਨੇ ਆਖਿਆ "ਨਹੀਂ ਇਹ ਮੇਰਾ ਭਰਾ ਐ, ਇਹ ਜਮਾਤ ਦੇ ਨਾਲ ਨਹੀਂ ਜਾਵੇਗਾ।" ਨਾਨਾ ਜੀ ਨੇ ਗੁਰੂ ਨੂੰ ਬੇਨਤੀ ਕੀਤੀ। ਗੁਰੂ ਨੂੰ ਵੀ ਗੱਲ ਅਨਹੋਣੀ ਲੱਗੀ। ਪਰ ਫਿਰ ਪਤਾ ਨਹੀਂ ਭਗਵਾਨ ਦਾਸ ਦਾ ਇਮਤਿਹਾਨ ਲੈਣ ਲਈ ਉਨ੍ਹਾਂ ਆਖਿਆ, "ਠੀਕ ਐ ਭਗਵਾਨ ਦਾਸ ਹਰਕੁਰ ਦਾ ਭਾਈ ਬਣ ਕੇ ਇਥੇ ਹੀ ਰਹੇਗਾ।"

ਬਾਵਾ ਭਗਵਾਨ ਦਾਸ ਗੁਰੂ ਦਾ ਵਚਨ ਮੰਨ ਕੇ ਉਥੇ ਰਹਿ ਗਿਆ, ਤੇ ਸਾਧੂਆਂ ਦੀ ਜਮਾਤ ਚਲੀ ਗਈ। ਉਹ ਭਜਨ ਪਾਠ ਵੀ ਕਰਦਾ, ਰੋਗੀਆਂ ਦੀ ਦਵਾਦਾਰੂ ਤੇ ਆਏ ਗਏ ਸਾਧੂਆਂ ਦੀ ਸੇਵਾ ਵੀ। ਤੇ ਇਕ ਦਿਨ ਇਸ ਸਾਧੂ ਦੀ ਧਰਮ ਭੈਣ ਹਰਕੁਰ ਬਿਮਾਰ ਹੋ ਗਈ। ਆਖਦੇ ਨੇ ਉਹ ਉਸ ਦਿਨ ਪੰਜ ਵਾਰੀ ਪੈਦਲ ਮਲੇਰਕੋਟਲੇ ਗਿਆ ਦਵਾਈਆਂ ਬਦਲ ਬਦਲ ਕੇ ਲੈਣ। ਪਰ ਸਾਰੀ ਵਾਹ ਲਾਂਦਿਆਂ ਉਹ ਭੈਣ ਨੂੰ ਬਚਾ ਨਾ ਸਕਿਆ। ਸੱਤਾਂ ਵਰ੍ਹਿਆਂ ਦੀ ਭੈਣ ਦੀ ਧੀ, ਪੰਜਾਂ ਵਰ੍ਹਿਆਂ ਦਾ ਇਕ ਪੁਤਰ ਤੇ ਢਾਈ ਸਾਲਾਂ ਦਾ ਛੋਟਾ ਪੁੱਤਰ। ਲੱਗਿਆ—ਭੈਣ ਬਾਵਾ ਭਗਵਾਨ ਦਾਸ ਨੂੰ ਗ੍ਰਹਿਸਥ ਸੰਭਾਲ ਕੇ ਆਪ ਵੈਰਾਗ ਲੈ ਗਈ ਸੀ।

ਆਖਦੇ ਨੇ ਨਾਨਾ ਖੇਤੀ ਦਾ ਕੰਮ ਕਰਦਾ ਤੇ ਆਪਣੀ ਭੈਣ ਦੀ ਥਾਂ ਬਾਵਾ ਭਗਵਾਨ ਦਾਸ ਭਾਣਜੀ ਨੂੰ ਅੱਗ ਬਾਲਣੀ ਸਿਖਾਂਦਾ, ਆਟਾ ਗੁੰਨ੍ਹਣਾ ਸਿਖਾਂਦਾ। ਆਪ ਉਨ੍ਹਾਂ ਦੇ ਕੱਪੜੇ ਧੋ ਰਿਹਾ ਹੁੰਦਾ, ਘਰ ਸੰਭਰ ਰਿਹਾ ਹੁੰਦਾ ਤੇ ਇਉਂ ਪਤਾ ਨਹੀਂ ਕਿਹੜੇ ਜਨਮਾਂ ਦੇ ਕਰਜ਼ੇ ਲਾਹ ਰਿਹਾ ਹੁੰਦਾ। ਤੇ ਬਾਵਾ ਭਗਵਾਨ ਦਾਸ ਦੀ ਉਹੀ ਭਾਣਜੀ ਮੇਰੀ ਬੀਬੀ ਸੀ ਜਿਸ ਨੂੰ ਉਹਨੇ ਸੰਥਿਆ ਦੇ ਦੇ ਕੇ ਪੰਜ ਗ੍ਰੰਥੀ ਭਗਤਾਂ ਦੀ ਬਾਣੀ ਤੇ ਗੁਰੂ ਗ੍ਰੰਥ ਸਾਹਿਬ ਅਰਥਾਂ ਸਮੇਤ ਪੜ੍ਹਾਏ ਸਨ। ਪਾਠ ਮੂੰਹ ਜ਼ਬਾਨੀ ਯਾਦ ਕਰਾਏ ਸਨ, ਤੇ ਜੀਹਦਾ ਰਿਸ਼ਤਾ ਕਰਨ ਉਹ ਨਾਨਾ ਜੀ ਦੇ ਨਾਲ ਗਿਆ ਸੀ। ਉਹੀ ਬਾਵਾ ਭਗਵਾਨ ਦਾਸ ਪਿੰਡੋਂ ਬਾਹਰ ਇਕ ਡੇਰੇ ਵਿਚ ਰਹਿੰਦਾ ਸੀ। ਕਈ ਉਸ ਦੇ ਚੇਲੇ ਸਨ। ਕਿੰਨੇ ਹੀ ਦਵਾ ਦਾਰੂ ਲੈਣ ਵਾਲੇ ਲੋਕ ਆਏ ਰਹਿੰਦੇ। ਯਾਤਰੂ ਪਾਂਧੀਆਂ ਨੂੰ ਉਥੇ ਰੋਟੀ ਮਿਲਦੀ। ਨਿੱਕੀਆਂ ਨਿੱਕੀਆਂ ਕੁੜੀਆਂ ਮੁੰਡੇ ਗੁਰਮੁਖੀ ਪੜ੍ਹਨ ਆ ਜਾਂਦੇ। ਬੁੱਢੇ ਠੇਰੇ ਗਿਆਨ ਪ੍ਰਮਾਰਥ ਦੀਆਂ ਗੱਲਾਂ ਸੁਣ ਕੇ ਪਰਲੋਕ ਸੁਧਾਰਨ ਦੀ ਖ਼ਾਤਿਰ ਬਾਵੇ ਭਗਵਾਨ ਦਾਸ ਦੇ ਕੋਲ ਪਹੁੰਚੇ ਰਹਿੰਦੇ ਤੇ ਹੁਣ ਸਾਰੇ ਉਹਨੂੰ ਮਹਾਰਾਜ ਆਖਦੇ ਸਨ।



Scanned by CamScanner

"ਮਹਾਰਾਜ ਰੱਬੋ ਆਲਿਆਂ ਦੀ ਧੀ ਵੀ ਆਈ ਐ ਐਤਕੀਂ ਬੀਬੀ ਨਾਲ" ਮਾਮੀ ਨੇ ਉਨ੍ਹਾਂ ਦੇ ਪੈਰੀਂ ਹੱਥ ਲਾ ਕੇ ਮੇਰੇ ਵੱਲ ਇਸ਼ਾਰਾ ਕਰ ਕੇ ਦੱਸਿਆ ਸੀ। ਉਹ ਮੇਰੇ ਵਲ ਸੰਵਾਰ ਕੇ ਝਾਕੇ ਤੇ ਫਿਰ ਬੋਲੇ, "ਇਹ ਸਿਰਫ ਰੱਬੋ ਆਲਿਆਂ ਦੀ ਧੀ ਈ ਨੀ ਹਰਕੁਰ ਦੀ ਦੋਹਤੀ ਵੀ ਐ।"

"ਪੜ੍ਹਦੀ ਹੁੰਨੀ ਐਂ ਮੁੰਨੀ?" ਉਨ੍ਹਾਂ ਮੈਨੂੰ ਪੁੱਛਿਆ।

"ਨਹੀਂ" ਮੈਂ ਨਾਂਹ ਵਿਚ ਸਿਰ ਹਲਾਇਆ।

"ਲਿਆ ਤੇਰਾ ਹੱਥ ਦੇਖਾਂ" ਆਖ ਉਹ ਮੇਰਾ ਨਿੱਕਾ ਜਿਹਾ ਹੱਥ ਫੜ ਕੇ ਦੇਖਦੇ ਰਹੇ। ਫਿਰ ਬੋਲੇ "ਵਿੱਦਿਆ ਦੀ ਰੇਖਾ ਤਾਂ ਤੇਰੇ ਹੱਥ ਤੇ ਬੜੀ ਲੰਮੀ ਐ ਤੇ ਤੂੰ ਆਖਦੀਐਂ ਪੜ੍ਹਦੀ ਨੀ ਹੁੰਦੀ?"

"ਨਹੀਂ ਮਹਾਰਾਜ ਏਹਦੇ ਹੱਥ ਤੇ ਤਾਂ ਧਨ ਦੀ ਰੇਖਾ ਹੋਊ, ਬੜੇ ਦਾਦੇ ਦੀ ਪੋਤੀ ਐ" ਕੋਲ ਵਾਲੇ ਘਰੋਂ ਆਈ ਸਿਆਮ ਦੀ ਵਹੁਟੀ ਨੇ ਆਖਿਆ।

"ਕੁੜੇ ਮੈਂ ਆਖਦਾਂ ਏਹ ਹਰਕੁਰ ਦੀ ਦੋਹਤੀ ਵੀਐ, ਤੁਸੀਂ ਸੁਣਦੀਆਂ ਕਿਉਂ ਨਹੀਂ" ਬਜ਼ੁਰਗ ਬਾਵਾ ਭਗਵਾਨ ਦਾਸ ਕਹਿ ਰਿਹਾ ਸੀ। ਉਨ੍ਹਾਂ ਪਤਾ ਨਹੀਂ ਸੁਣਿਆ ਕਿ ਨਾ ਪਰ ਮੈਂ ਜ਼ਰੂਰ ਸੁਣ ਲਿਆ।

ਕੁਝ ਸਾਲ ਹੋਏ ਕਸ਼ਮੀਰ ਦੀ ਵਾਦੀ ਵਿਚ ਘੁੰਮਦਿਆਂ ਮੈਂ ਜਾਣ ਬੁੱਝ ਕੇ ਨਾਲਦਿਆਂ ਨਾਲੋਂ ਅਗਾਂਹ ਪਿਛਾਂਹ ਹੋ ਜਾਂਦੀ। ਸੰਘਣੇ ਜੰਗਲਾਂ, ਪਹਾੜਾਂ, ਡੰਡੀਆਂ, ਦਰਿਆਵਾਂ, ਝਰਨਿਆਂ ਦੀ ਅਨੰਤਤਾ ਵਿਚ ਖੋਕੇ ਲਗਦਾ ਹੁਣੇ ਇਥੇ ਕਿਧਰੇ ਪਾਰਬਤੀ ਸ਼ਿਵਜੀ ਫਿਰਦੇ ਹੋਣੇ ਨੇ। ਦਰਖ਼ਤਾਂ ਦੇ ਇਸ ਝੁੰਡ ਵਿਚ ਜ਼ਰੂਰ ਕੋਈ ਰਿਸ਼ੀ ਮੁਨੀ ਬੈਠਾ ਤਪੱਸਿਆ ਕਰ ਰਿਹਾ ਹੋਣੈ। ਭਗਵਿਆਂ ਕੱਪੜਿਆਂ ਵਿਚ ਬੋਧ ਭਿਕਸ਼ੂ ਸ਼ਾਇਦ ਹੁਣੇ ਹੁਣੇ ਇਸ ਡੰਡੀ ਉਤੋਂ ਦੀ ਲੰਘੇ ਨੇ। ਤੇ ਕਲਯੁਗ ਜਦੋਂ ਆਇਆ ਰਿਸ਼ੀ ਮੁਨੀ ਜਿਹੜੇ ਪਹਾੜਾਂ ਤੇ ਚਲੇ ਗਏ ਸਨ ਉਹ ਪਹਾੜ ਸ਼ਾਇਦ ਇਹੀ ਸਨ.....

ਦੋ ਕੁ ਸਾਲ ਹੋਏ ਹਰਦੁਆਰ ਗੰਗਾ ਇਸ਼ਨਾਨ ਲਈ ਜਦੋਂ ਅਸੀਂ ਗਏ, ਲੋਕਾਂ ਨੂੰ ਘਰਦਿਆਂ ਨੂੰ ਅਜੀਬ ਲੱਗਿਆ, ਭਲਾ ਹੁਣੇ ਸਾਨੂੰ ਯਾਤਰਾ ਤੇ ਜਾਣ ਦੀ ਕੀ ਸੁੱਝੀ। ਪਰ ਉਨ੍ਹਾਂ ਨੂੰ ਕੋਈ ਕਿਵੇਂ ਸਮਝਾਵੇ ਕਿ ਅਜਿਹੀਆਂ ਥਾਵਾਂ ਉਤੇ ਜਾ ਕੇ ਕਦੇ ਕਦੇ ਤੁਹਾਨੂੰ ਆਪਣਾ ਗੁਆਚਿਆ ਆਪਾ ਵੀ ਨਜ਼ਰੀਂ ਪੈ ਜਾਂਦਾ ਹੈ।

ਜਦੋਂ ਹਜ਼ੂਰ ਸਾਹਿਬ ਨੂੰ ਜਾਂਦਿਆਂ ਗੱਡੀ ਸਾਂ ਸਾਂ ਕਰਦੀ ਰਾਤ ਦੇ ਹਨੇਰੇ ਵਿਚੋਂ ਦੀ ਲੰਘੀ ਜਾ ਰਹੀ ਸੀ ਤਾਂ ਮੇਰੇ ਜ਼ਿਹਨ ਵਿਚ, ਹਨੇਰੇ ਵਿਚ ਇਕੱਲਾ, ਥੱਕਿਆ, ਉਦਾਸ ਗੁਰੂ ਗੋਬਿੰਦ ਸਿੰਘ ਤੁਰਿਆ ਜਾ ਰਿਹਾ ਸੀ, ਤੇ ਉਸ ਦੇ ਘੋੜੇ ਦੀਆਂ ਟਾਪਾਂ ਮੈਨੂੰ ਸੁਣ ਰਹੀਆਂ ਸਨ।

ਸਾਡੇ ਘਰ ਅੰਦਰ ਜਿਥੇ ਮਾਰਕਸ, ਮਾਉ ਤੇ ਲੈਨਿਨ ਦੀਆਂ ਕਿਤਾਬਾਂ ਦੇ ਨਾਲ ਦੇਵੀ, ਬੁੱਧ ਤੇ ਮੀਰਾ ਦੀਆਂ ਮੂਰਤੀਆਂ ਹਨ, ਹਰਿਮੰਦਰ ਤੇ ਗੁਰੂ ਗੋਬਿੰਦ ਸਿੰਘ ਦੀਆਂ ਤਸਵੀਰਾਂ ਹਨ, ਸ਼ੰਖ, ਓਮ ਤੇ ਧੂਫ਼ਦਾਨੀ ਵਿਚ ਜਗਦੀ ਧੂਫ ਹੈ, ਇਹ ਸਭ ਕੀ ਹੈ? ਸਿਰਫ਼ ਇਹੀ ਕਿ ਮੈਂ ਰੱਬੋ ਵਾਲਿਆਂ ਦੀ ਧੀ ਦੇ ਨਾਲ ਨਾਲ ਹਰਕੁਰ ਦੀ ਦੋਹਤੀ ਵੀ ਹਾਂ।

ਸਾਧੂਆਂ ਨੂੰ ਭੋਜਨ ਛਕਾਉਣ ਵਾਲੀ ਹਰਕੁਰ ਆਪਣੇ ਘਰ ਦੇ ਅੰਨ ਪਾਣੀ ਦੇ ਛਬਰੇ ਕਿੱਥੇ ਕਿੱਥੇ ਛਿੱਟੇ ਦੇ ਗਈ ਕਿ ਉਹ ਅੰਨ ਦੇ ਦਾਣੇ ਸ਼ਾਇਦ ਧਨ ਦੇ ਸਿੱਟੇ ਬਣ ਬਣ



Scanned by CamScanner

ਉੱਗ ਪਏ ਨੇ, ਇਸੇ ਲਈ ਹੁਣ ਉਸ ਪੱਕੇ ਦਰਵਾਜ਼ੇ ਵਾਲੇ ਕੱਚੇ ਘਰ ਦੀ ਥਾਂ ਉਹਦੇ ਪੁੱਤ ਪੋਤੇ ਕੋਲ ਇਕ ਦੀ ਥਾਂ ਦੋ ਆਲੀਸ਼ਾਨ ਮਕਾਨ ਹਨ, ਜਿਨ੍ਹਾਂ ਵਿਚ ਟਿਊਬਾਂ ਬਲਦੀਆਂ ਨੇ, ਪੱਖੇ ਚਲਦੇ ਨੇ, ਚਿਪਸਾਂ ਘੋਟੀਆਂ ਹੋਈਆਂ ਨੇ। ਵੇਹੜੇ ਵਿਚ ਗਾਵਾਂ ਖੜ੍ਹੀਆਂ ਨੇ, ਮੋਟਰਸਾਈਕਲ ਖੜ੍ਹੇ ਨੇ ਟਰੈਕਟਰ ਖੜ੍ਹੇ ਨੇ ਕਾਰ ਵੀ ਖੜ੍ਹੀ ਹੈ।

ਹੁਣ ਭਾਵੇਂ ਰੱਬੋਂ ਵਾਲਿਆਂ ਦੇ ਘਰ ਨੂੰ ਜੰਦਰਾ ਵੱਜਿਆ ਰਹਿੰਦੈ, ਪਰ ਫੇਰ ਵੀ ਆਪਣੀਆਂ ਧੀਆਂ ਦੇ ਰਿਸ਼ਤੇ ਕਰਨ ਵੇਲੇ ਮਾਮਾ ਜੀ ਨੇ ਜ਼ਰੂਰ ਦੱਸਿਆ ਕਿ ਭੈਣ ਸਾਡੀ ਰੱਬੋਂ ਵਿਆਹੀ ਹੋਈ ਐ।

ਪਟਿਆਲੇ ਵਾਲੇ ਬੇਜੀ ਮਾਨਮੀ ਵਾਲਿਆਂ ਦੀ ਇਕ ਗੱਲ ਮਜ਼ਾਕ ਨਾਲ ਸੁਣਾਂਦੇ ਹੁੰਦੇ ਨੇ, ਅਖੇ ਇਕ ਵਾਰੀ ਅਮਰਗੜ੍ਹੋਂ ਅਸੀਂ ਰੱਬੋਂ ਨੂੰ ਜਾਂਦੇ ਮੰਨਮੀ ਵਿਚੀਂ ਗਏ। ਸਾਰਾ ਟੱਬਰ ਜਾਣੀ ਮਸੋਸਿਆ ਜਿਹਾ ਲੱਗਿਆ। ਸਰਦਾਰ ਸਾਹਬ ਸੀ ਪੁਲਸੀਏ, ਝੱਟ ਤਾੜ ਗਏ ਬਈ ਕੋਈ ਗੱਲ ਐ। ਤੇਰੇ ਨਾਨੇ ਨੂੰ ਪੁੱਛਿਆ। ਬੋਲਿਆ ਅਖੇ ਜੀ ਗੱਲ ਤਾਂ ਕੋਈ ਨੀ। ਮਾਮੀ ਤੇਰੀ ਮੇਰੇ ਕੋਲ ਰੋ ਪਈ, ਅਖੇ ਬੀਬੀ ਜੀ ਪੰਜਮੇ ਸੱਤਮੇ ਦਿਨ ਟੂਮਾਂ ਆਲੇ ਡੱਬੇ 'ਚੋਂ ਸੰਦੂਖ 'ਚੋਂ ਕੋਈ ਇਕ ਅੱਧੀ ਟੂਮ ਚੱਕ ਲੈਂਦੇ। ਘਰ 'ਚ ਹੁਣ ਅਸੀਂ ਘਰ ਦੇ ਈ ਜੀਆਂ, ਬਾਬਾ ਜੀ ਕੀਹਦੇ ਸਿਰ ਲਾਂਦੇ, ਪਤਾ ਲਗਦਾ ਨੀ, ਸਹੁੰ ਮੈਨੂੰ ਦੋਹਾਂ ਭਰਾਮਾਂ ਦੀ ਮੈਂ ਤਾਂ ਸੂਈ ਦੇ ਨੱਕੇ ਜਿੰਨੀ ਚੀਜ਼ ਦੀ ਰਵਾਦਾਰ ਨੀ।" ਇਹ ਗੱਲ ਬੇਜੀ ਨੇ ਫੁੱਫੜ ਜੀ ਨੂੰ ਦੱਸੀ। ਉਹਨਾਂ ਨਾਨੇ ਤੋਂ ਪੁੱਛਿਆ। ਉਹ ਆਖਣ ਲੱਗਿਆ "ਵੱਡੀ ਬਹੂ ਐ, ਜਾਂ ਛੋਟੀਐ, ਹੋਰ ਤੀਜਾ ਤਾਂ ਕੋਈ ਸੰਦੂਖ ਖੋਲ੍ਹਦਾ ਨੀ। ਮੈਂ ਕੀਹਨੂੰ ਚੋਰ ਆਖਦਿਆਂ।" ਫੁਫੜ ਜੀ ਨੇ ਅੰਦਰ ਵੜ ਕੇ ਘਰ ਦੇਖਿਆ। ਕੋਠੇ ਤੇ ਚੜ੍ਹ ਕੇ ਘਰ ਦੇਖਿਆ। ਤੇ ਅਖੀਰ ਪਤਾ ਲੱਗਿਆ ਕਿ ਨੀਰੇ ਵਾਲੇ ਕੋਠੇ ਦੇ ਮਗਰ ਅਮਲੀਆਂ ਦੇ ਟੱਬਰ ਦਾ ਨੀਰੇ ਵਾਲਾ ਕੋਠਾ ਸੀ। ਆਪਣੇ ਨੀਰੇ ਤੇ ਚੜ੍ਹਕੇ ਇਕ ਅਮਲੀ ਨੇ ਕੰਧ 'ਚ ਪਾੜ ਦੇ ਲਿਆ ਸੀ ਤੇ ਇਧਰ ਨੀਰੇ ਵਾਲੇ ਕੋਠੇ ਵਿਚ ਉਤਰਦਾ ਸੀ, ਤੇ ਉਥੋਂ ਦੀ ਹੀ ਮੁੜ ਜਾਂਦਾ ਸੀ। ਇਕ ਟੂਮ ਲੈ ਜਾਂਦਾ, ਜਦੋਂ ਤਾਈਂ ਚਲਦੀ ਚਲਾਉਂਦਾ, ਜਦੋਂ ਮੁਕ ਜਾਂਦੀ ਦੂਜੀ ਲੈ ਜਾਂਦਾ" ਬੇਜੀ ਮਜ਼ਾਕ ਨਾਲ ਆਖਦੇ ਬਈ ਜਧਕਮਲਿਓ ਜਦੋਂ ਇਕ ਦੋ ਟੂਮਾਂ ਕੱਢੀਆਂ ਗਈਆਂ ਸੀ ਬਾਕੀ ਦੀਆਂ ਤਾਂ ਓਥੋਂ ਚੱਕ ਲੈਂਦੇ। ਪਰ ਨਾਨਾ ਤੇਰਾ ਬਹੂਆਂ ਨੂੰ ਆਖ ਛੱਡੇ। "ਚੰਗਾ ਭਾਈ ਥੋਡੀ ਮਰਜ਼ੀਐ, ਪਰ ਏਸ ਘਰ ਦੇ ਕਿਸੇ ਜੀ ਨੇ ਅੱਗੇ ਤਾਂ ਕਦੇ ਇਉਂ ਕੀਤਾ ਨੀ ਸੀ।" ਫੁਫੜ ਜੀ ਤੇਰੇ, ਜਿਥੇ ਜਿਥੇ ਅਮਲੀ ਨੇ ਟੂਮਾਂ ਵੇਚੀਆਂ ਸੀ, ਮੁੜਵਾਉਂਦੇ ਫਿਰਨ, ਨਾਨਾ ਤੇਰਾ ਆਖੇ 'ਜੀ ਜੋ ਹੋਇਆ ਸੋ ਜਾਣ ਦਿਓ, ਗੰਗਾ ਗਏ ਹੱਡਾਂ ਨੇ ਕੀ ਮੁੜਨੈ। ਬਸ ਏਨਾ ਈ ਬੜੈ ਬਈ ਘਰ ਦੀਆਂ ਲੜਕੀਆਂ ਦੇ ਮੂੰਹ ਉਜਲੇ ਰਹਿਗੇ।"

ਆਥਣੇ ਮੈਂ ਤੇ ਬੀਬੀ ਮਹਾਰਾਜ ਦੇ ਡੇਰੇ ਗਏ। ਬੀਬੀ ਨੇ ਡੇਰਾ ਸੰਭਰਿਆ। ਮਹਾਰਾਜ ਨੇ ਮੈਨੂੰ ਪਿਓਂਦੀ ਬੇਰ ਬੇਰੀ ਤੋਂ ਤੋੜ ਕੇ ਦਿੱਤੇ। ਇਕ ਬਾਲ ਉਪਦੇਸ਼ ਦਿੱਤਾ, ਇਕ ਸਿਰ ਤੇ ਬੰਨ੍ਹਣ ਨੂੰ ਰੁਮਾਲ ਦਿੱਤਾ। ਵਾਪਸ ਘਰ ਆਏ ਤਾਂ ਬੀਰ ਸਿਓਂ ਲੁਹਾਰ ਕੇ ਤਰਖਾਣ ਦੀ ਮਾਂ ਸੱਦੀ ਕਮਲੀ ਆਈ ਬੈਠੀ ਸੀ। ਬੀਬੀ ਨੂੰ ਤਪਾਕ ਨਾਲ ਮਿਲੀ। ਰਾਜ਼ੀ ਖੁਸ਼ੀ ਪੁੱਛੀ ਤੇ ਫੇਰ ਬੋਲੀ "ਅੱਜ ਹਜ਼ੂਰੇ ਬੁੜ੍ਹੇ ਦੀ ਪੋਤੀ ਕਾਬੂ ਆਗੀ, ਕੁੱਟੋ ਏਹਨੂੰ ਫੜ ਕੇ, ਵੱਡੇ ਨਗੌਰੀ ਨੇ ਢਾਈ ਸੌ ਰੁਪਈਆ ਦਾਤ ਦਾ ਸਭ ਦੇ ਸਾਹਮਣੇ ਬੂਟ ਖੋਲ੍ਹ ਕੇ ਜਰਾਬ ਕੱਢ ਕੇ ਜਰਾਬ 'ਚ ਪਾ ਲਿਆ, ਆਖਦਾ ਹੋਊਗਾ ਏਨਾ ਰੁਪਈਆ ਮੇਰੀ ਤਾਂ ਜੁੱਤੀ ਦੇ ਯਾਦ ਨੀ। ਬਈ



Scanned by CamScanner

ਫਿਟਿਆ ਹੋਇਆ ਜੀਹਨੇ ਧੀ ਦੇਤੀ ਬਾਕੀ ਕੀ ਰਹਿ ਗਿਆ।" ਉਹ ਬੀਬੀ ਦੇ ਵਿਆਹ ਦੀ ਗੱਲ ਕਰ ਰਹੀ ਸੀ।

"ਨਾ ਕੁੜੇ ਚੁੱਪ ਕਰ ਜਾ ਦੱਸਦੂਗੀ" ਮਾਮੀ ਨੇ ਆਖਿਆ।

"ਲੈ ਦੱਸ ਦੇਵੇ ਮੈਂ ਕੋਈ ਡਰਦੀਆਂ। ਬੜਾ ਹੋਊਗਾ ਆਪਣੇ ਘਰ ਨੂੰ ਹੋਊ, ਅਸੀਂ ਕੀ ਉਹਦੇ ਖਾਣ ਜਾਣੈ। ਜਿੱਦਣ ਕਾਕੀ ਦਾ ਬਾਪੂ ਸਾਕ ਕਰਕੇ ਆਇਆ, ਛਾਲਾਂ ਮਾਰਦਾ ਆਵੇ, ਅਖੇ ਬੀਰ ਸਿਉਂ ਦੇ ਬਾਪੂ ਅੱਜ ਤਾਂ ਰੱਬ ਨੂੰ ਹੱਥ ਲਾ ਆਇਆ। ਲੈ ਲਵੇ, ਹੁਣ ਪਤਾ, ਰੱਬੋਂ ਦਾ ਭਾਮੇਂ ਕੁੱਤਾ ਆਜੇ, ਕਾਕੀ ਦੇ ਬਾਪੂ ਦੇ ਭਾ ਦੀ ਬਣ ਜਾਂਦੀ ਐ। ਜਾ ਵੱਢੇ ਓਨਾ ਦੇ ਤਾਂ ਲਾਗੀ ਤੱਥੀਓ ਬਤਾਏ ਨੀ ਜਾਂਦੇ। ਲੈ ਹੁਣ ਨਿੱਕਾ ਛੀਂਬਾ ਐ, ਕੀ ਹੋ ਗਿਆ ਜੇ ਉਨ੍ਹਾਂ ਦੇ ਘਰ ਰਹਿੰਦੇ, ਹੈ ਤਾਂ ਛੀਂਬਾ ਈ ਨਾ, ਉਹੀ ਨੀ ਬਤਾਇਆ ਜਾਂਦਾ। ਸਨੇਹਾ ਲੈ ਕੇ ਆਇਆ ਆਖੂ ਘੋੜੀ ਨੂੰ ਦੁੱਧ 'ਚ ਬੱਕਲੀਆਂ ਦੇਸੀ ਦਿਓ ਪਾ ਕੇ ਚਾਰੋ। ਬਈ ਕੁੱਤੇ ਦੇ ਵੱਢੇ ਹੋਇਓ! ਥੋਡੀ ਘੋੜੀ ਕੋਈ ਅਸਮਾਨੋਂ ਉਤਰੀਐ! ਫੇਰ ਆਖੂਗਾ ਮੈਂ ਤਾਂ ਜੀ ਹੁਣੇ ਮੁੜਨੈਂ, ਮੈਨੂੰ ਤਾਂ ਰਹਿਣ ਦਾ ਹੁਕਮ ਨੀ। ਜੀਅ ਕਰਦੈ ਲੈ ਕੇ ਛੋਟਾ ਜਿਹਾ ਡੰਡੋਰਕਾ ਗਿੱਟੇ ਝਾੜ ਦਿਆਂ, ਫੇਰ ਸੋਚੀਦੈ ਮਨਾ ਧੀ ਦਾ ਮਾਮਲੈ। ਤੇ ਕਾਕਾ ਸਿਉਂ ਜਦੋਂ ਆਉਂਦੈ ਜਾਣੀ ਕੋਈ ਰਾਜੇ ਦਾ ਕੌਰ ਆਉਂਦੈ। ਏਡਾ ਸੁਹਣਾ ਜੁਆਨ ਦਗ ਦਗ ਕਰਦਾ ਚੇਹਰਾ। ਪੰਜ ਸੱਤ ਬੰਦੇ ਆਲੇ ਦੁਆਲੇ ਘੋੜੇ ਤੇ ਚੜ੍ਹਿਆ ਬਈ ਜਾਣੀ ਦੇਖੀ ਜਾ। ਤੇ ਹਾਅ ਚਕਚੂੰਦਰ ਜੀ ਕੀਹਤੇ ਗਈ ਐ? ਕਿਉਂ ਕੁਸ ਖਾਣ ਨੂੰ ਨੀ ਮਿਲਦਾ?" ਉਹਨੇ ਮੇਰੀ ਪਤਲੀ ਜਿਹੀ ਬਾਂਹ ਫੜ ਕੇ ਸਭ ਨੂੰ ਵਿਖਾਂਦਿਆਂ ਪੁੱਛਿਆ।

ਰਾਤ ਨੂੰ ਮਾਮੀ ਨੇ ਮੇਰੇ ਲਈ ਨਵੀਂ ਦਰੀ ਕੱਢੀ, ਨਵੀਂ ਚਾਦਰ, ਨਵੀਂ ਰਜਾਈ ਤੇ ਨਵਾਂ ਸਰਹਾਣਾ। "ਅਗਲੀ ਵਾਰੀ ਆਏਂਗੀ ਤਾਂ ਮੁੱਲ ਦੀ ਰਜ਼ਾਈ ਬਣਾ ਕੇ ਰੱਖੂੰ। ਖੱਦਰ ਦੀ ਚੁਭਦੀ ਹੋਊ, ਥੋਡੇ ਤਾਂ ਭਾਈ ਰਜਾਈਆਂ ਵੀ ਰੇਸ਼ਮੀ ਨੇ, ਬੀਬੀ ਦਸਦੀ ਸੀ।" ਮਾਮੀ ਆਖ ਰਹੀ ਸੀ, "ਦੇਖ ਨਾ ਆਪਣੀ ਬੀਬੀ ਦਾ ਖ਼ਿਆਲ ਰੱਖਿਆ ਕਰ ਉਥੇ। ਸਵੇਰੇ ਤੇਰੇ ਮਾਮਾ ਜੀ ਨੂੰ ਆਖੂੰਗੀ ਤੇਰੀ ਖ਼ਾਤਰ ਹੱਟੀਓਂ ਕੱਪੜੇ ਲਿਆ ਕੇ ਦੇਵੇ, ਆਪ ਬਗਜੀਂ ਨਾਲ, ਜੇਹੋਜੇ ਪਸਿੰਦ ਹੋਏ ਪੜਵਾ ਲਿਆਈਂ, ਨਾਲੇ ਤੈਨੂੰ ਇਕ ਬਾਂਦਰਵਾਲ ਦੇਊਂਗੀ, ਬਣਾ ਕੇ ਰੱਖਿਆ ਪਿਐ। ਇਕ ਮੋਰਾਂ ਆਲੀ ਦਰੀ ਲੈਜੀਂ, ਨਿੱਕੀ ਜੀ ਤੇਰੀ ਮੰਜੀ ਜਿੱਡੀ ਬੁਣ ਕੇ ਰੱਖੀ ਐ। ਇਕ ਤੈਨੂੰ ਸੱਗੀ ਫੁੱਲਾਂ ਵਾਲੀ ਗੁੱਡੀ ਬਣਾ ਕੇ ਦੇਊਂ ਕੱਲ੍ਹ ਨੂੰ। ਓਸ ਦੇ ਘੱਗਰਾ ਪਾ ਕੇ, ਕੁੜਤੀ ਪਾਕੇ ਉਤੇ ਗੋਟੇ ਆਲੀ ਚੁੰਨੀ ਦੇਕੇ ਦੇਖੀਂ ਫੇਰ ਕੇਹੋ ਜੀ ਸੁਹਣੀ ਲੱਗੂ।" ਮਾਮੀ ਆਖ ਰਹੀ ਸੀ।

ਅਗਲੇ ਦਿਨ ਮੈਂ ਨਾਨੇ ਤੋਂ ਦਰਵਾਜ਼ੇ ਉਪਰ ਬਣੀਆਂ ਸਾਧੂ ਸੰਤਾਂ ਤੇ ਮਹਾਤਮਾਂ ਦੀਆਂ ਮੂਰਤਾਂ ਬਾਰੇ ਪੁੱਛਿਆ। ਨਾਨੇ ਨੇ ਦੱਸਿਆ—"ਖੱਬੇ ਪਾਸੇ ਗੁਰੂ ਗੋਰਖ ਨਾਥ ਪੂਰਨ ਨੂੰ ਖੂਹ 'ਚੋਂ ਕੱਢ ਰਿਹੈ," ਤੇ ਨਾਲ ਉਹਨੇ ਪੂਰਨ ਭਗਤ ਦੀ ਸਾਖੀ ਸੁਣਾਈ। "ਵਿਚਾਲੇ ਭਾਈ ਬਾਲਾ ਗੁਰੂ ਨਾਨਕ ਤੇ ਮਰਦਾਨਾ ਐ। ਮਰਦਾਨਾ ਰਬਾਬ ਵਜਾ ਰਿਹੈ ਤੇ ਭਾਈ ਬਾਲਾ ਗੁਰੂ ਸਾਹਿਬ ਨੂੰ ਚੌਰ ਝੱਲ ਰਿਹੈ। ਸੱਜੇ ਪਾਸੇ ਹਨੂੰਮਾਨ ਪਹਾੜ ਚੁਕੀ ਜਾ ਰਿਹੈ ਜਦੋਂ ਲਛਮਨ ਨੂੰ ਮੂਰਛਾ ਆ ਗਈ ਸੀ।"

ਹੁਣ ਜਦੋਂ ਉਹ ਦਰਵਾਜ਼ਾ ਉਥੇ ਨਹੀਂ ਰਿਹਾ, ਉਹ ਮੂਰਤਾਂ ਵੀ ਉਥੇ ਨਹੀਂ ਰਹੀਆਂ, ਨਾਨਾ ਵੀ ਨਹੀਂ ਰਿਹਾ, ਪਰ ਮੇਰੇ ਮਨ ਵਿਚ ਅਜੇ ਵੀ ਉਹ ਸਭ ਕੁਝ ਉਥੇ ਹੀ ਹੈ।



Scanned by CamScanner

# 6

ਯਾਦ ਆਉਂਦਾ ਹੈ ਇਕ ਦਿਨ ਬਾਬਾ ਜੀ ਨੇ ਬਹੁਤ ਚਿੰਤਾਤੁਰ ਹੋ ਕੇ ਸਭ ਨੂੰ ਕੋਲ ਸੱਦ ਕੇ ਦੱਸਿਆ, "ਆਲੇ-ਦੁਆਲੇ ਦੇ ਪਿੰਡਾਂ ਵਿਚ ਡਾਕੇ ਪੈਣ ਲੱਗ ਪਏ ਨੇ, ਆਪਾਂ ਨੂੰ ਹੁਸ਼ਿਆਰ ਰਹਿਣਾ ਚਾਹੀਦਾ ਹੈ।" ਉਨ੍ਹਾਂ ਇਹ ਵੀ ਦੱਸਿਆ "ਜੇ ਡਾਕੂ ਬਾਹਰਲੇ ਵੱਡੇ ਦਰਵਾਜ਼ੇ ਵਲੋਂ ਆਉਣ ਤਾਂ ਭੱਜ ਕੇ ਅੰਦਰਲੇ ਘਰ ਵੜ ਕੇ ਬਾਰ ਅੜਾ ਲਿਓ। ਅੰਦਰ ਨੀਰੇ ਵਾਲੇ ਕਮਰੇ ਦੇ ਇਕ ਪਾਸੇ ਲੱਕੜ ਦੀ ਜਿਹੜੀ ਪੌੜੀ ਖੜ੍ਹੀਐ ਉਹਦੇ ਉਪਰਲੇ ਡੰਡੇ ਤੇ ਖੜੋ ਕੇ ਛੱਤ ਵਿਚੋਂ ਤਾਕੀ ਨਿਹਾਲਕੁਰ ਦੇ ਘਰ ਵਲ ਦੇ ਚੁਬਾਰੇ ਵਿਚ ਜਾ ਖੁਲ੍ਹਦੀ ਹੈ, ਇਉਂ ਚੁਬਾਰੇ 'ਚ ਪਹੁੰਚ ਕੇ ਮਗਰਲੀ ਤਾਕੀ ਵਿਚੀਂ ਨਿਕਲ ਕੇ ਕੋਠੇ ਕੋਠੇ ਭੱਜ ਕੇ ਬਚਨੀ ਕੇ ਘਰ 'ਚ ਜਾ ਉਤਰਿਓ। ਜੇ ਡਾਕੂ ਅੰਦਰਲੀ ਬੀਹੀ ਵਲੋਂ ਆਉਣ ਤਾਂ ਨੱਠ ਕੇ ਸਬਾਤ ਦੇ ਲੋਹੇ ਦੇ ਫਾਟਕ ਬੰਦ ਕਰ ਲਿਓ। ਘੋੜੇ ਵਾਲੇ ਕਮਰੇ ਵਿਚਲੀਆਂ ਕੋਠੀਆਂ 'ਚ ਵੜ ਜਾਇਓ ਤੇ ਓਥੋਂ ਨਾਈਆਂ ਆਲੇ ਚੁਬਾਰੇ 'ਚ ਚੜ੍ਹ ਜਾਇਓ ਤੇ ਚੁਬਾਰੇ ਦੇ ਨਾਲ ਹੀ ਸੰਤੇ ਨਾਈ ਦੇ ਘਰ 'ਚ ਜਾ ਉਤਰਿਓ। ਪਰ ਜੇ ਰੱਬ ਨਾ ਕਰੇ ਤੁਹਾਡੇ 'ਚੋਂ ਕੋਈ ਫੜਿਆ ਜਾਵੇ, ਗੰਗਾਜਲੀ ਚੱਕ ਲਿਓ, ਬਈ ਸਾਨੂੰ ਕੁਸ਼ ਨੀ ਪਤਾ। ਘਰ ਦਾ ਕਾਰ-ਮੁਖਤਿਆਰ ਗਲਾਬਕੁਰ ਦਾ ਬਾਪੂ ਜੀਈ ਐ। ਤੇ ਮੇਰਾ ਤੁਸੀਂ ਫ਼ਿਕਰ ਨਾ ਕਰਿਓ ਮੈਨੂੰ ਰਸਤਿਆਂ ਦਾ ਪਤੈ ਭੱਜਣ ਲਈ। ਬਾਕੀ ਮੈਂ ਪਟਿਆਲੇ ਆਖ ਆਇਆਂ ਬਈ ਦਸਵੇਂ ਵੀਹਵੇਂ ਦਿਨ ਕਿਸੇ ਠਾਣੇਦਾਰ ਨੂੰ, ਸਪਾਹੀਆਂ ਨੂੰ, ਕਿਸੇ ਨਾ ਕਿਸੇ ਕੰਮ ਭੇਜਦੇ ਰਿਹੋ ਸਾਡੇ ਕੋਲ, ਤਾਂ ਜੋ ਡਾਕੂਆਂ ਨੂੰ ਡਰ ਰਹੇ।"

ਇਸ ਤੋਂ ਪਿਛੋਂ ਜਿਉਂ ਦੂਰੋਂ ਨੇੜਿਓਂ ਖਬਰਾ ਆਉਂਦੀਆਂ, ਫਲਾਣੇ ਥਾਂ ਡਾਕਾ ਪਿਐ, ਸਭ ਕੁਸ਼ ਲੈਗੇ ਲੁੱਟ ਕੇ ਤੇ ਜਾਂਦੇ ਹੋਏ ਘਰ ਨੂੰ ਅੱਗ ਲਾਗੇ, ਫਿਮਕੇ ਥਾਉਂ ਘਰ ਬਾਰ ਲੁੱਟ ਕੇ ਲੈਗੇ, ਬੁੜ੍ਹੇ ਨੂੰ ਮਾਰਗੇ ਤੇ ਜਵਾਨ ਕੁੜੀ ਨੂੰ ਨਾਲ ਲੈਗੇ, ਬਾਬਾ ਜੀ ਹੋਰ ਚਿੰਤਾਤੁਰ ਹੋ ਹੋ ਜਾਂਦੇ। ਆਖਦੇ ਚੰਦਕੁਰ ਨੂੰ ਪੇਕੀਂ ਭੇਜ ਦਿੰਨੇਆਂ ਤੇ ਕੁੜੀਆਂ ਨੂੰ ਤੇ ਕਾਕਾ ਸਿਉਂ ਨੂੰ ਪਟਿਆਲੇ।

"ਨਾ ਅੰਮਾ ਜੀ ਜਿਥੇ ਤੁਸੀਂ ਸਾਰੇ ਓਥੇ ਮੈਂ। ਮੈਨੀ ਥੋਨੂੰ ਛੱਡ ਕੇ ਪੇਕੀਂ ਜਾਂਦੀ।" ਬੇਬੇ ਨੇ ਆਖਿਆ ਸੀ।

ਇਹਨੀਂ ਦਿਨੀਂ, ਦਿਨ ਦੇ ਛਿਪਾ ਨਾਲ, ਦਾਦੀ ਮਾਂ ਸਾਨੂੰ ਨਾਲ ਲੈ ਕੇ ਘਰੋਂ ਨਿਕਲ ਪੈਂਦੀ। ਦੂਰ ਪਰ੍ਹਾਂ ਕਿਸੇ ਦੇ ਘਰ ਜਾ ਕੇ ਗੱਲਾਂ ਕਰਦੀ, ਕਿਸੇ ਦੇ ਗਲੋਟੇ ਅਟੇਰਨ ਲਗ ਜਾਂਦੀ, ਕਿਸੇ ਨਾਲ ਦਾਲ ਚੁਗਾਉਣ ਤੇ ਸਾਨੂੰ ਅੰਦਰੇ ਖੇਡਣ ਲਈ ਆਖਦੀ ਤਾਂ ਜੋ ਜੇ ਡਾਕੂ ਆਉਣ ਅਸੀਂ ਘਰ ਨਾ ਮਿਲੀਏ।

ਰਾਤ ਨੂੰ ਨ੍ਹੇਰੇ 'ਚ ਚੁੱਪ ਚਾਪ, ਕਦੀ ਕੋਠੇ ਛੱਡ, ਕਦੇ ਅਸੀਂ ਭਾਗਵੰਤੀ ਛੀਂਬਣ ਦੇ ਕੱਚੇ ਚੁਬਾਰੇ ਉਹਲੇ ਆ ਕੇ ਸੌਣਾ ਤੇ ਕਦੇ ਸੰਤੇ ਨਾਈ ਕੀ ਡਿਉਢੀ ਉਤੇ। ਦਾਦੀ ਮਾਂ ਨੇ ਉਨ੍ਹਾਂ ਨੂੰ ਦਾਣੇ ਦੇਣੇ ਤੇ ਆਖਣਾ ਦੇਖਿਓ ਕਿਸੇ ਨੂੰ ਪਤਾ ਨਾ ਲੱਗੇ। ਇਉਂ ਉਹ ਬਿੱਲੀ ਦੇ ਬੱਚਿਆਂ ਵਾਂਗ ਸਾਨੂੰ ਲਕੋਂਦੀ ਫਿਰਦੀ।

ਬਾਪੂ ਜੀ ਪਟਿਆਲੇ ਆ ਗਏ। ਬਾਬਾ ਜੀ ਕਈ ਕਈ ਦਿਨ ਵਾਂਢਿਉਂ ਨਾ



Scanned by CamScanner

ਮੁੜਦੇ। ਦਾਦੀ ਮਾਂ ਸਾਨੂੰ ਲੁਕੋਂਦੀ ਫਿਰਦੀ ਤੇ ਬੀਬੀ ਸਾਰਾ ਸਾਰਾ ਦਿਨ ਪਾਠ ਕਰਦੀ ਰਹਿੰਦੀ। ਪਟਿਆਲਿਓਂ ਪੁਲਿਸ ਦੇ ਬੰਦੇ ਵਰਦੀਆਂ ਪਾਈ ਖ਼ਬਰ ਸਾਰ ਨੂੰ ਆਉਂਦੇ ਰਹਿੰਦੇ।

ਇਸੇ ਤਰ੍ਹਾਂ ਤੀਜੇ ਕੁ ਪਹਿਰ ਇਕ ਦਿਨ ਤਿੰਨ ਸਿਪਾਹੀ ਵਰਦੀਆਂ ਵਾਲੇ ਆਏ, ਆ ਕੇ ਇਕ ਬੁਢੀ ਤੋਂ ਪੁੱਛਣ ਲੱਗੇ "ਮਾਈ ਸਰਦਾਰ ਹਜੂਰਾ ਸਿੰਘ ਦਾ ਘਰ ਕਿਹੜੈ ?" ਬੁਢੀ ਉਨ੍ਹਾਂ ਵੱਲ ਝਾਕ ਕੇ ਆਖਣ ਲੱਗੀ "ਵੇ ਪੁੱਤਾ ਮੈਂ ਤਾਂ ਏਥੇ ਵਾਂਢੇ ਆਈ ਹੋਈਆਂ, ਮੈਨੂੰ ਤਾਂ ਪਤਾ ਨੀਂ, ਪਰ ਸੁੱਖ ਨਾਲ ਤੁਸੀਂ ਆਏ ਕਿਥੋਂ ਓ, ਬੀਬੀ ਕੋਲੋਂ ?"

"ਚੰਗਾ ਕਿਸੇ ਹੋਰ ਤੋਂ ਪੁੱਛ ਲੈਨੇ ਆਂ" ਆਖ ਉਹ ਅਗਾਂਹ ਤੁਰ ਪਏ।

ਏਨੇ ਨੂੰ ਕੋਠੇ ਉਪਰ ਦੀ ਭੱਜ ਕੇ ਇੰਦੋ ਨੇ ਹਾਕ ਮਾਰਤੀ "ਅੰਮਾ ਵੇਲਾ ਬਚਾਲੋ, ਮਾੜੇ ਬੰਦੇ ਆਉਂਦੇ ਲਗਦੇ ਨੇ।"

ਬੀਬੀ ਸਾਨੂੰ ਲੈਕੇ ਬੀਹੀ ਵਿਚਲੀਆਂ ਕੱਚੀਆਂ ਪੌੜੀਆਂ ਚੜ੍ਹ ਕੇ ਸੱਭਾਂ ਦੇ ਘਰ ਜਾ ਉਤਰੀ। ਦਾਦੀ ਮਾਂ ਨੇ ਮੈਲੀ ਜਹੀ ਸਲਾਹੀ ਉਪਰ ਲਈ ਤੇ ਪੋਣਾ ਫੜ ਕੇ ਬੀਹੀਓ ਬੀਹੀ ਤੁਰ ਚੱਲੀ ਜਿਵੇਂ ਸਾਗ ਨੂੰ ਚੱਲੀ ਹੋਵੇ।

ਬੀਹੀ ਲੰਘ ਕੇ ਸੱਥ ਮੂਹਰੇ ਉਹ ਤਿੰਨੇ ਬੰਦੇ ਮਿਲ ਪਏ। "ਲੈ ਇਹ ਤਾਂ ਸਪਾਹੀ ਨੇ ਪਟਿਆਲਿਓਂ ਆਏ ਹੋਣੇ ਨੇ। ਤੇ ਹਾਂ ਭਾਈ ਕੀਹਦਾ ਘਰ ਪੁੱਛਦੇ ਓ ?" ਦਾਦੀ ਮਾਂ ਨੇ ਉਹਨਾਂ ਨੂੰ ਪੁੱਛਿਆ।

"ਸਰਦਾਰ ਹਜੂਰਾ ਸਿੰਘ ਦਾ।"

"ਉਹ ਆਪ ਤਾਂ ਵਾਂਢੇ ਗਏ ਹੋਏ ਨੇ, ਪਰ ਉਹ ਘਰ ਤਾਂ ਨੀ ਨਾਲ ਚਾਕੇ ਲੈਗੇ। ਤੁਸੀਂ ਸੁੱਖ ਨਾਲ ਆਓ, ਚਾਹ ਪਾਣੀ ਪੀਓ, ਪਟਿਆਲੇ ਤਾਂ ਸਭ ਰਾਜ਼ੀ ਖ਼ੁਸ਼ੀ ਸੀਗੇ ?" ਆਖਦੀ ਦਾਦੀ ਮਾਂ ਉਨ੍ਹਾਂ ਦੇ ਨਾਲ ਘਰ ਨੂੰ ਮੁੜ ਪਈ।

"ਉਹ ਕਦੋਂ ਆਉਣਗੇ ?" ਇਕ ਨੇ ਪੁੱਛਿਆ।

"ਹੁਣ ਕੀ ਪਤੈ। ਆ ਜਾਣ, ਭਾਮੇਂ ਅੱਜ ਆ ਜਾਣ, ਨਾ ਆਉਣ, ਭਾਮੇਂ ਚਾਰ ਦਿਨ ਨਾ ਆਉਣ। ਨਾਲੇ ਜਿੱਦਣ ਦੀ ਇਹ ਮਾੜੀ ਹਵਾ ਵਗੀਐ, ਡਾਕੇ ਡੂਕੇ ਜੇ ਪੈਣ ਲੱਗੇ ਨੇ, ਉਹ ਤਾਂ ਘੱਟ ਵੱਧ ਈ ਘਰ ਰਹਿੰਦੇ ਐ।"

"ਅਸੀਂ ਫੇਰ ਈ ਆ ਜਾਂਗੇ।" ਆਖ ਉਹ ਮੁੜਨ ਲੱਗੇ।

"ਲੈ ਹੈਂ ਪੁੱਤਾ, ਮੈਨੀ ਦੁੱਧ ਚਾਹ ਪੀਤੇ ਬਿਨਾਂ ਤੁਹਾਨੂੰ ਜਾਣ ਦਿੰਦੀ, ਆਓ ਦੋ ਘੜੀ ਰਾਮ ਕਰਕੇ ਜਾਇਓ। ਕੋਈ ਸੁਨੇਹਾ ਐ ਤਾਂ ਮੈਨੂੰ ਦੱਸ ਦਿਓ। ਨਾਲੇ ਛੇਤੀ ਛੇਤੀ ਗੇੜਾ ਮਾਰਦੇ ਰਿਹਾ ਕਰੋ। ਦੁਨੀਆਂ ਨੂੰ ਡਰ ਰਹੇ। ਭਾਮੇਂ ਗਲਾਬਕੁਰ ਦਾ ਬਾਪੂ ਜੀ ਘਰ ਤਾਂ ਬਹੁਤਾ ਕੁਸ਼ ਰੱਖਦਾ ਨੀ, ਫੇਰ ਵੀ, ਭਰਮ ਧਰਮ ਤਾਂ ਹੁੰਦਾ ਈ ਐ ਲੋਕਾਂ ਨੂੰ।"

ਜੱਕੋ ਤੱਕੋ ਕਰਦੇ ਉਹ ਮੁੜਨ ਲੱਗੇ, ਪਰ ਦਾਦੀ ਮਾਂ ਆਖੇ, ਚਾਹ ਨੂੰ ਜੇ ਦੇਰ ਲੱਗੂ, ਹੁਣੇ ਕਾਹੜਨੀ 'ਚੋਂ ਦੁੱਧ ਲਾਹ ਦਿੰਨੀਆਂ, ਬਿਨਾ ਖਾਧਿਆਂ ਪੀਤਿਆਂ ਨੀ ਮੈਂ ਮੁੜਨ ਦੇਣਾ। ਤੇ ਮੱਲੋ-ਜ਼ੋਰੀ ਉਹਨੇ ਉਹਨਾਂ ਨੂੰ ਦੁੱਧ ਪਿਲਾ ਕੇ ਮੁੜਨ ਦਿੱਤਾ। ਉਹਨਾਂ ਦੇ ਗਿਆਂ ਤੋਂ ਅੱਧੇ ਘੰਟੇ ਮਗਰੋਂ ਰੌਲਾ ਪੈ ਗਿਆ ਕਿ ਗੋਲੀਆਂ ਚੱਲ ਰਹੀਆਂ ਨੇ, ਦੂਜੀ ਰੱਥੋਂ ਡਾਕੂ ਆ ਗਏ ਨੇ ਤੇ ਅਗਲੇ ਦਿਨ ਪੁਲਿਸ ਵਾਲਿਆਂ ਦੱਸਿਆ ਕਿ ਕੱਲ੍ਹ ਦਾਦੀ ਮਾਂ ਕੋਲੋਂ ਜਿਹੜੇ ਦੁੱਧ ਪੀ ਕੇ ਗਏ ਸੀ, ਉਹ ਡਾਕੂ ਹੀ ਸਨ।



Scanned by CamScanner

ਇਸ ਤੋਂ ਪਿੱਛੋਂ ਬਾਬਾ ਜੀ ਨੇ ਟਰੱਕ ਮੰਗਵਾ ਕੇ, ਸਾਰੇ ਕੀਮਤੀ ਸਮਾਨ ਦਾ ਭਰ ਕੇ ਪਟਿਆਲੇ ਭੇਜ ਦਿੱਤਾ। ਸਾਨੂੰ ਸਾਰਿਆਂ ਨੂੰ ਵੀ ਨਾਲ ਹੀ ਭੇਜ ਦਿੱਤਾ।

"ਤਾਂਹੀ ਤਾਂ ਸਾਧੂ ਸੰਤਾਂ ਨੇ ਆਖਿਐ ਬਈ ਬਹੁਤੀ ਮਾਇਆ ਦੁਖਾਂ ਦਾ ਘਰ ਐ" ਬੀਬੀ ਆਖਦੀ।

"ਤੇਰੇ ਬਾਬਾ ਜੀ ਕੋਲ ਭਲਾ ਕਿੰਨੀ ਕੁ ਮਾਇਆ ਹੋਊ ?" ਕਦੇ ਕਦੇ ਦਾਦੀ ਮਾਂ ਮੈਨੂੰ ਪੁੱਛਦੀ।

"ਮੈਂ ਦੱਸਾਂ ਚਾਚੀ ?" ਇਕ ਵਾਰੀ ਨਿੱਕੇ ਛੀਂਬੇ ਨੇ ਆਖਿਆ, ਜਿਹੜਾ ਕਈ ਸਾਲਾਂ ਤੋਂ ਇਸ ਘਰ ਵਿਚ ਘਰ ਦਾ ਜੀ ਬਣ ਕੇ ਹੀ ਰਹਿ ਰਿਹਾ ਸੀ।

"ਹਾਂ ਦੱਸ ?" ਦਾਦੀ ਮਾਂ ਨੇ ਆਖਿਆ।

"ਤੈਨੂੰ ਪਤੈ ਨਾ ਚਾਚਾ ਜੀ ਕਦੇ ਝੂਠ ਨੀ ਬੋਲਦਾ ਤੇ ਉਸ ਨੇ ਕਚੈਹਰੀ 'ਚ ਗੁਟਕੇ ਤੇ ਹੱਥ ਰੱਖ ਕੇ, ਸਹੁੰ ਖਾ ਕੇ, ਕਿਸੇ ਦੀ ਜਮਾਨਤ ਇਹ ਆਖ ਕੇ ਦਿੱਤੀਐ, ਬਈ ਲੱਖ ਰੁਪਈਆ ਮੇਰੇ ਕੋਲ ਨਗਦ ਹੈਗਾ ਤੇ ਮੈਂ ਇਹਦੀ ਥਊਂ ਭਰੂੰ ਜੇ ਇਹ ਕਿਧਰੇ ਭੱਜੇ ਨੱਠੇ। ਗੱਲ ਕੀ ਆਪਣੇ ਪਿੰਡ ਆਲੇ ਲੰਬੜਦਾਰ ਦੀ ਜਮਾਨਤ ਦਿੱਤੀ ਐ, ਮਾਮਲਾ ਨੀ ਤਾਰਿਆ ਸੀ ਉਸ ਨੇ। ਤੇ ਤੈਨੂੰ ਮੈਂ ਦੱਸਾਂ, ਬਾਰਾਂ ਹਜ਼ਾਰ ਤਾਂ ਮੋਹਰਾਂ ਮੈਥੋਂ ਗਿਣਵਾ ਕੇ ਤੋਲੇ 'ਚ ਪਵਾ ਕੇ ਰੱਖੀਆਂ ਸੀ, ਇਹ ਹੁਣ ਰੱਬ ਨੂੰ ਪਤੈ, ਬਈ ਉਹ ਤੋਲਾ ਦੱਬਿਆ ਕਿਥੇ ਐ। ਇਕ ਗੱਲ ਹੋਰ ਐ, ਰੱਖਿਆ ਭਾਮੇਂ ਘਰ 'ਚ ਈ ਐ, ਪਰ ਤੁਸੀਂ ਵਾਹ ਜਹਾਨ ਦੀ ਲਾਲੋ ਜੇ ਥਿਆਜੇ। ਬੜਾ ਜੁਗਤੀ ਐ ਚਾਚਾ।" ਉਹ ਦਸਦਾ ਗਿਆ। ਪਰ ਦੇਖਲੈ, ਖਰਚਦਾ ਭੋਰਾ ਨੀ, ਸ਼ਹਿਰ ਜਾਊਗਾ ਤਾਂ ਰੋਟੀ ਘਰੋਂ ਬੰਨ੍ਹ ਕੇ ਲਜਾਊਗਾ। ਅਸਲ 'ਚ ਮਹਾਜਨਾਂ ਵਰਗਾ ਐ ਚਾਚਾ। ਘਰ ਤੇ, ਵਿਆਹ ਤੇ ਮਹਾਜਨਾਂ ਵਾਂਗੂ ਦਿਲ ਖੋਲ੍ਹ ਕੇ ਪੈਸਾ ਲਾਇਐ, ਬਾਕੀ ਥਾਮੀ ਚੀਪੜਐ। ਬਾਕੀ ਹਾਂ ਜੇ ਬਿਸ਼ਨਾਂ ਪਰੋਹਤ ਆਖਦੇ, ਬਈ ਗਰਹੁ ਦਾ ਸਮਾਂ ਆ ਰਿਹੈ, ਸੋਨੇ ਦੀ ਗਊ ਪੁੰਨ ਕਰਦੇ, ਸਹੁੰ ਮੈਨੂੰ ਗਊ ਦੀ, ਉਹ ਸੋਨੇ ਦੀ ਗਊ ਵੀ ਪੁੰਨ ਕਰਦੂ। ਉਂ ਜੇ ਮੈਂ ਕਦੇ ਆਖਦਾਂ ਚਾਚਾ ਲਾਂਭੇ ਜਾਣੈ, ਪੰਜ ਰੁਪਈਏ ਤਾਂ ਦੇਈਂ, ਤਾਂ ਵੀਹ ਬਦਲਾਂ ਕਰੂਗਾ ਤੇ ਰੁਪਈਏ ਪੰਜ ਦੀ ਥਾਂ ਦੋ ਈ ਦੇਊਗਾ।"

"ਵੇ ਰੰਨ ਨਾ ਕੰਨ ਤੈਨੂੰ ਕੀ ਪਤੈ ਕਬੀਲਦਾਰੀਆਂ ਕਿਮੇਂ ਤੋਰੀਦੀਆਂ ਨੇ, ਬਾਬਾ ਜੀ ਹਮੇਸ਼ਾ ਦੂਰ ਦੀ ਸੋਚਦੇ ਨੇ" ਬੀਬੀ ਆਖਦੀ।

"ਲਿਆਦੇ ਪੇਕਿਆਂ ਤੋਂ ਸਾਕ ਜਾਂ ਮੇਹਣੇ ਮਾਰਨ ਜੋਗਿਓਈਓ" ਨਿੱਕਾ ਬੀਬੀ ਨੂੰ ਆਖਦਾ।

"ਸਾਡੇ ਪਿੰਡ ਆਲੇ ਤਾਂ ਇਕ ਨੂੰ ਵਿਆਹ ਕੇ ਈ ਰੱਜੇ ਪਿਆਏ, ਕੋਈ ਮੂੰਹ ਕਿਹੜਾ ਕਰਦੈ ਏਸ ਪਾਸੇ।"

"ਲੈ ਹੈਂ, ਕਿਸੇ ਜੱਟ ਦੇ ਜਾ ਗੋਹਾ ਕੂੜਾ ਕਰਨ ਨਾਲੋਂ ਏਥੇ ਕੀ ਮਾੜਾ ਐ ? ਘਰ ਨਲਕਾ, ਘਰ 'ਚ ਖੂਹੀ, ਪੱਕੇ ਚੁਬਾਰੇ, ਕੰਮ ਕਰਨ ਨੂੰ ਸਾਂਈਂ ਤੇ ਗਫੂਰ, ਅਜੇ ਗੱਲਾਂ ਆਉਂਦੀਆਂ ਨੇ" ਉਹ ਸ਼ਰੀਕਾਂ ਵਾਂਗ ਬੀਬੀ ਨਾਲ ਜਵਾਬ ਸਵਾਲ ਕਰਦਾ ਸੀ।

ਡਾਕੂਆਂ ਤੋਂ ਡਰਦਿਆਂ ਸਾਨੂੰ ਪਟਿਆਲੇ ਭੇਜ ਦਿੱਤਾ ਸੀ। ਪਟਿਆਲੇ ਆਕੇ ਫੇਰ ਪੜ੍ਹਾਈ ਦਾ ਉਹੀ ਸਵਾਲ ਪੈਦਾ ਹੋ ਗਿਆ ਸੀ। ਮੇਰੇ ਤੋਂ ਛੋਟੀ ਸੁਰਜੀਤ ਨੂੰ ਜਸਪਾਲੋ ਹੋਸਟਲ 'ਚ ਪੜ੍ਹਨ ਪਾ ਦਿੱਤਾ ਸੀ।

ਕਦੇ ਇੱਥੇ, ਕਦੇ ਉੱਥੇ, ਕਦੇ ਪਿੰਡ ਤੇ ਕਦੇ ਪਟਿਆਲੇ ਚੋਖਾ ਵਕਤ ਲੰਘ ਗਿਆ ਸੀ।

ਇਕ ਦਿਨ ਜਗਦੀਪ ਕੌਰ ਭੈਣ ਜੀ, ਸ੍ਰ. ਗਿਆਨ ਸਿੰਘ ਰਾੜੇਵਾਲੇ ਦੀ ਸਾਲੇਹਾਰ ਘਰ ਆਈ। ਉਹਦੇ ਘਰ ਵਾਲੇ ਨੇ ਉਹਨੂੰ ਛੱਡ ਦਿੱਤਾ ਸੀ। ਉਹਦਾ ਇਕ ਛੋਟਾ ਜਿਹਾ ਪੁੱਤਰ ਸੀ, ਜੀਹਨੂੰ ਉਹ ਪਾਲ ਰਹੀ ਸੀ ਤੇ ਉਹ ਸਿੰਘ ਸਭਾ ਸਕੂਲ ਵਿਚ ਪੜ੍ਹਾਉਂਦੀ ਸੀ।

ਸ਼ਾਇਦ ਉਸ ਨੂੰ ਮੇਰੇ ਬਾਰੇ ਦੱਸਿਆ ਗਿਆ ਸੀ, ਉਸ ਨੇ ਮੈਨੂੰ ਕੋਲ ਸੱਦਿਆ। ਉਸ ਕੋਲੋਂ ਬੜੇ ਸੁਹਣੇ ਸੈਂਟ ਦੀ ਖ਼ੁਸ਼ਬੂ ਆ ਰਹੀ ਸੀ।

"ਅੱਛਾ ਐਉਂ ਕਰਦੇਆਂ, ਤੂੰ ਸਕੂਲ ਆ ਜਾਇਆ ਕਰ, ਪੜ੍ਹੀਂ ਨਾ। ਉੱਥੇ ਸਹੇਲੀਆਂ ਨਾਲ ਖੇਡਦੀ ਰਹੀਂ।" ਉਸ ਨੇ ਆਖਿਆ।

ਮੈਂ ਮੰਨ ਗਈ।

ਅਗਲੇ ਦਿਨ ਬੇਜੀ ਨੇ ਡੱਬੇ ਵਿਚ ਅਚਾਰ ਤੇ ਪਰੌਂਠਾ ਪਾ ਕੇ ਦਿੱਤਾ। ਚੁਆਨੀ ਖਰਚਣ ਨੂੰ ਦਿੱਤੀ। ਧੋਬੀ ਦੇ ਧੋਤੇ ਹੋਏ ਕੱਪੜੇ ਪਾਏ। ਸਿਰ ਤੇ ਰੁਮਾਲ ਬੰਨ੍ਹੀ, ਤੇ ਅਹਿਮਦ ਟਾਂਗਾ ਜੋੜ ਕੇ ਮੈਨੂੰ ਸਕੂਲ ਛੱਡਣ ਗਿਆ।

ਸ਼ਾਮ ਨੂੰ ਜਦੋਂ ਮੈਨੂੰ ਸਕੂਲੋਂ ਲੈ ਕੇ ਆਇਆ ਤਾਂ ਮੇਰਾ ਮੂੰਹ ਕੁਮਲਾਇਆ ਪਿਆ ਸੀ।

"ਰੋਟੀ ਖਾ ਲਈ ਸੀ?" ਬੇਜੀ ਨੇ ਪੁੱਛਿਆ।

"ਨਹੀਂ" ਮੈਂ ਦੱਸਿਆ।

"ਕਿਉਂ?"

"ਸਕੂਲ ਦੇ ਗੇਟ ਕੋਲ ਇਕ ਮੰਗਤੀ ਬੈਠੀ ਸੀ। ਆਖਦੀ ਸੀ ਭੁੱਖ ਲੱਗੀਐ ਉਸ ਨੂੰ ਦੇ ਤੇ ਸੀ ਪਰੌਂਠੇ।"

"ਤੇ ਚਵਾਨੀ ਦਾ ਕੁਸ਼ ਲੈ ਕੇ ਖਾ ਲੈਣਾ ਸੀ?"

"ਉਹ ਸਕੂਲ ਦੀ ਮਾਈ ਨੂੰ ਦੇਤੀ, ਆਖਦੀ ਸੀ ਟੱਬਰ ਘਰੇ ਭੁੱਖਾ ਬੈਠਾ ਐ, ਕੁਸ਼ ਲੈ ਕੇ ਜਾਊਂਗੀ ਤਾਂ ਪਕਾਉਣਗੇ। ਪੋਤੇ ਨੇ, ਪੋਤੀਆਂ ਨੇ, ਨੂੰਹ ਐ, ਪਰ ਮੁੰਡਾ ਨਲੈਕ ਐ, ਜਿੰਨੇ ਪੈਸੇ ਆਉਂਦੇ ਨੇ ਤਨਖਾਹ ਦੇ, ਸਭ ਦੀ ਸ਼ਰਾਬ ਪੀ ਜਾਂਦੈ। ਤੇਰੇ ਬਾਪੂ ਜੀ ਵਾਂਗੂੰ।"

ਪਹਿਲੇ ਹੀ ਦਿਨ ਸਕੂਲ ਵਿਚ ਇਕ ਦੋ ਮੇਰੀਆਂ ਸਹੇਲੀਆਂ ਵੀ ਬਣ ਗਈਆਂ। ਉਨ੍ਹਾਂ ਕੱਲ੍ਹ ਨੂੰ ਫੇਰ ਆਉਣ ਲਈ ਵੀ ਆਖਿਆ। ਆਉਣ ਲੱਗੀ ਨੂੰ ਜਗਦੀਪ ਕੌਰ ਭੈਣ ਜੀ ਨੇ ਇਕ ਤਸਵੀਰਾਂ ਵਾਲੀ ਕਿਤਾਬ ਵੀ ਦਿੱਤੀ। ਉਸ ਦਿਨ ਬਹੁਤ ਰਾਤ ਗਈ ਤਕ ਮੈਂ ਉਹ ਤਸਵੀਰਾਂ ਮੁੜ ਮੁੜ ਕੇ ਦੇਖਦੀ ਰਹੀ।

ਅਗਲੇ ਦਿਨ ਫਿਰ ਅਹਿਮਦ ਤਾਂਗਾ ਜੋੜੀ ਸਕੂਲ ਜਾਣ ਲਈ ਹਾਕਾਂ ਮਾਰ ਰਿਹਾ ਸੀ। ਬੇਜੀ ਨੇ ਫਿਰ ਡੱਬੇ 'ਚ ਆਚਾਰ ਤੇ ਪਰੌਂਠੇ ਪਾ ਕੇ ਦਿੱਤੇ ਤੇ ਨਾਲ ਚਵਾਨੀ ਵੀ। ਅੱਜ ਫੇਰ ਰੋਟੀ ਮੰਗਤੀ ਨੇ ਹੀ ਖਾਧੀ, ਚਵਾਨੀ ਗੱਲਾਂ ਬਾਤਾਂ ਮਾਰ ਕੇ ਮਾਈ ਲੈ ਗਈ ਤੇ ਮੈਂ ਖੇਡ ਕੁਦ ਕੇ ਪਰਤ ਆਈ। ਪੜ੍ਹਨ ਪੁੜ੍ਹਨ ਦੀ ਆਪਣੀ ਕੋਈ ਮਨਸ਼ਾ ਨਹੀਂ ਸੀ।

ਪਰ ਇਕ ਦਿਨ ਬਾਪੂ ਜੀ ਇਕ ਕੈਦਾ ਲੈ ਆਏ। ਇਕ ਕਾਪੀ ਤੇ ਇਕ ਪੈਨਸਲ ਵੀ। ਆਖਣ ਲੱਗੇ "ਅੱਛਾ ਆਜਾ ਤੈਨੂੰ ਮੈਂ ਪੜ੍ਹਾਇਆ ਕਰੂੰ। ਉਨ੍ਹਾਂ ਪੈਂਤੀ ਦੇ ਅੱਖਰ ਮੂਹਰੇ ਆਪ ਆਖੇ ਤੇ ਮਗਰੋਂ ਮੇਰੇ ਕੋਲੋਂ ਅਖਵਾਏ।



Scanned by CamScanner

ਕਾਪੀ ਦੇ ਹਰ ਇਕ ਸਫੇ ਉਤੇ ਪਹਿਲੀ ਲਾਈਨ ਅੱਖਰਾਂ ਦੀ ਆਪ ਲਿਖ ਦਿੱਤੀ ਤੇ ਮੈਨੂੰ ਦੱਸਿਆ ਇਸੇ ਤਰ੍ਹਾਂ ਹੇਠਾਂ ਤੂੰ ਲਿਖੀਂ।

ਲਿਖਣ ਲੱਗੀ ਅੱਖਰ ਠੀਕ ਨਹੀਂ ਪਏ। ਬਾਪੂ ਜੀ ਝਿੜਕ ਕੇ ਪਏ। ਚੁਪ ਚਾਪ ਮੇਰੀਆਂ ਅੱਖਾਂ ਵਿਚੋਂ ਹੰਝੂ ਡਿੱਗਣ ਲੱਗੇ। ਮਾਂ ਆਈ ਹੋਈ ਸੀ। ਬੋਲੀ "ਜਾ ਵੇ ਕਾਕਾ ਕਿਉਂ ਝਿੜਕਦੈਂ, ਹੋਰ ਇਕੋ ਦਿਨ 'ਚ ਏਹ ਬੀਆ ਪਾਸ ਕਰਜੇ" ਤੇ ਮੈਨੂੰ ਬਾਂਹ ਤੋਂ ਫੜ ਕੇ ਉਠਾਲ ਲਿਆ।

"ਰਾਤ ਨੂੰ ਬੈਠ ਕੇ ਇਹ ਅੱਖਰ ਇਉਂ ਈ ਲਿਖੀਂ" ਬਾਪੂ ਜੀ ਨੇ ਕਾਪੀ ਪੈਨਸਲ ਮੇਰੀ ਵੱਲ ਕਰਦਿਆਂ ਕਿਹਾ। ਉਸ ਦਿਨ, ਰਾਤ ਨੂੰ ਬੜੀ ਰਾਤ ਗਈ ਤੱਕ, ਮੈਂ ਸੰਵਾਰ ਸੰਵਾਰ ਕੇ ਅੱਖਰ ਲਿਖਦੀ ਰਹੀ।

ਅਗਲੇ ਦਿਨ ਬਾਪੂ ਜੀ ਨੇ ਕਾਪੀ ਵਿਖਾਣ ਲਈ ਤੇ ਪੈਤੀਂ ਸੁਣਾਨ ਲਈ ਆਖਿਆ। ਪੈਂਤੀ ਯਾਦ ਸੀ ਤੇ ਸਾਰੀ ਦੀ ਸਾਰੀ ਕਾਪੀ ਲਿਖ ਕੇ ਭਰੀ ਪਈ ਸੀ। ਬਾਪੂ ਜੀ ਦੇਖ ਕੇ ਹੱਸ ਪਏ, ਆਖਣ ਲੱਗੇ "ਛੋਟੀ ਭੈਣ ਜੇ ਏਸੇ ਸਪੀਡ ਨਾਲ ਪੜ੍ਹਨ ਲੱਗੀ ਤਾਂ ਮੈਥੋਂ ਤਾਂ ਤੂੰ ਮੂਹਰੇ ਨਿਕਲ ਜੇਂਗੀ। ਦੇਖ ਰੱਬ ਤੇਰਾ ਭਲਾ ਕਰੇ, ਨੌਮੀ ਜਮਾਤ ਵਿਚ ਲਾਏ ਆਪਾਂ ਤਿੰਨ ਸਾਲ ਤੇ ਦਸਮੀ ਹਾਲੇ ਤਾਈਂ ਪਕਾ ਰਹੇ ਆਂ ਤੇ ਤੂੰ ਇਕੋ ਦਿਨ 'ਚ ਪੈਂਤੀ ਪੜ੍ਹਲੀ ਤੇ ਲਿਖ ਕੇ ਕਾਪੀ ਭਰਤੀ।"

ਦਾਦੀ ਮਾਂ ਦੱਸਣ ਲੱਗੀ, "ਪੜ੍ਹੀ ਹੋਈ ਤਾਂ ਏਹਦੀ ਬੀਬੀ ਵੀ ਐ। ਇਕ ਦਿਨ ਗਲਾਬਕੁਰ ਦਾ ਬਾਪੂ ਜੀ ਆਖਣ ਲੱਗਿਆ, ਲੈ ਭਾਈ ਚੰਦਕੁਰੇ ਇਕ ਕਾਟ ਤਾਂ ਲਿਖਦੇ। ਉਹ ਬੋਲੀ ਗਿਆ ਤੇ ਇਹ ਲਿਖੀ ਗਈ। ਲਖਾ ਕੇ ਆਖਣ ਲੱਗਿਆ, 'ਚੰਗਾ ਫੇਰ ਪੜ੍ਹ ਕੇ ਸੁਣਾ ਕੀ ਲਿਖਿਐ। ਸੁਣਾਵੇ ਕੀ ਜਣਦਿਆਂ ਦਾ ਸਿਰ, ਅੱਖਰ ਉਠਾਲੇਈ ਨਾ ਜਾਣ। ਤੇ ਗਲਾਬਕੁਰ ਦਾ ਬਾਪੂ ਜੀ ਮਗਰੋਂ ਰੂੰ ਦਾ ਫੰਬਾ ਲੈ ਕੇ ਕਾਟ ਧੋਂਦਾ ਫਿਰੇ, ਅਖੇ ਸਹੁਰੀ ਨੇ ਕਾਟ ਈ ਬਰਾਨ ਕਰਤਾ। ਜਦੋਂ ਏਸ ਤੋਂ ਆਪ ਤੋਂ ਨੀ ਉਠਾਲਿਆ ਜਾਂਦਾ ਅਗਲਿਆਂ ਨੂੰ ਕੀ ਪਤਾ ਲੱਗੂ।"

ਕੋਲ ਬੈਠਾ ਤਾਇਆ ਸੁੰਦਰ ਹੱਸ ਪਿਆ। ਬੇਜੀ ਨੂੰ ਮਜ਼ਾਕ ਕਰਦਾ ਆਖਣ ਲੱਗਿਆ, "ਜਦੋਂ ਸਾਡੀ ਬੇਜੀ ਜਸਪਾਲੋ ਦੇ ਸਕੂਲ 'ਚ ਪੜ੍ਹਦੀ ਸੀ, ਸਕੂਲ ਬਣਦਾ ਸੀ। ਕੁੜੀਆਂ ਇੱਟਾਂ ਢੋਂਦੀਆਂ, ਗਾਰਾ ਫੜਾਉਂਦੀਆਂ.....ਚਲ ਉਹ ਜਾਣੋ ਇਹ ਭਾਮੇਂ ਇੱਟਾਂ ਢੋ ਕੇ, ਗਾਰਾ ਢੋ ਕੇ ਆਗੀ, ਗਹਾਂ ਨੂੰ ਤਾਂ ਕੁੜੀਆਂ ਦੇ ਪੜ੍ਹਨ ਨੂੰ ਸਕੂਲ ਬਣ ਗਿਆ।"

"ਵੇ ਜਾ ਵੇ ਦਾਦੇਣਿਆਂ, ਚਲ ਇੱਟਾਂ ਈ ਢੋਈਆਂ ਸਹੀ, ਚਾਰ ਅੱਖਰ ਪੜ੍ਹ ਤਾਂ ਲਏ, ਤੈਥੋਂ ਤਾਂ ਉਹ ਵੀ ਨੀ ਸਰਿਆ, ਅਖੇ ਕਾਲਾ ਅੱਖਰ ਮੈਸ੍ਹ ਬਰਾਬਰ" ਬੇਜੀ ਬੋਲੇ।

"ਆਹੋ ਚਾਰ ਅੱਖਰ ਪੜ੍ਹਗੀ ਜੇ ਤਾਂ ਹੀ ਤਾਂ ਇਕ ਸੇਰ ਟਿੰਡੇ ਨੂੰ ਲਿਖਦੀਐਂ ਇਕ ਸੇਰ ਟਿੱਡੇ" ਤਾਇਆ ਸੁੰਦਰ ਅਜੇ ਵੀ ਮਜ਼ਾਕ ਕਰ ਰਿਹਾ ਸੀ।

ਤਾਇਆ ਸੁੰਦਰ ਫੁਫੜ ਜੀ ਦੀ ਭਰਜਾਈ ਦਾ ਦੂਰੋਂ ਪਾਰੋਂ ਭਰਾ ਸੀ। ਅੱਧੀ ਉਮਰ ਤੋਂ ਮਗਰੋਂ ਪਤਾ ਨਹੀਂ ਕਿਉਂ ਤੇ ਕਿਵੇਂ ਉਹ ਫੁਫੜ ਜੀ ਹੋਰਾਂ ਕੋਲ ਛੋਟੇ ਭਾਈ ਜੈਮਲ ਸਮੇਤ ਆ ਗਿਆ ਸੀ। ਜੈਮਲ ਤਾਏ ਨੂੰ ਕਿਲੇ ਵਿਚ ਬਾਬਿਆਂ ਵਿਚ ਨੌਕਰ ਕਰਵਾ ਕੇ ਵੱਡੀ ਉਮਰੇ ਉਹਦਾ ਵਿਆਹ ਕਰ ਦਿੱਤਾ ਸੀ ਤੇ ਉਹਦੇ ਬੱਚੇ ਵੀ ਸਨ। ਪਰ ਤਾਇਆ ਸੁੰਦਰ ਨਾ ਨੌਕਰ ਹੋਇਆ, ਨਾ ਵਿਆਹ ਕਰਵਾਇਆ। ਆਖਦਾ ਸੀ ਜੈਮਲ ਸਿਉਂ ਦਾ ਘਰ ਵਸ ਗਿਆ, ਪੀੜ੍ਹੀ ਗਹਾਂ ਤੁਰਪੀ, ਮੇਰਾ ਕੀ ਐ। ਤੇ ਉਹ ਗਊਆਂ ਮੱਝਾਂ ਨੂੰ ਸੰਭਾਲਦਾ, ਕੱਖ



Scanned by CamScanner

ਪਾਉਂਦਾ, ਦੁੱਧ ਚੋਂਦਾ, ਰਿੜਕਦਾ, ਇਸ ਘਰ ਵਿਚ ਇਕ ਕਿਸਮ ਦਾ ਦੁੱਧ ਘਿਓ ਦਾ ਭੰਡਾਰੀ ਸੀ। ਉਹਦੀ ਕਿਸੇ ਗੱਲ ਦਾ ਕੋਈ ਹਰਖ ਨਹੀਂ ਸੀ ਕਰਦਾ। ਤੇ ਕਈ ਵਾਰੀ ਤਾਂ ਉਹ ਗਊਆਂ ਵੱਛੀਆਂ ਤੇ ਮੱਝਾਂ ਕੱਟੀਆਂ ਨਾਲ ਹੀ ਗੱਲਾਂ ਕਰਦਾ ਰਹਿੰਦਾ। ਜਾਂ ਫੇਰ ਉਹ ਕਬੀਰ ਦੇ ਭਜਨ ਗਾਉਂਦਾ ਰਹਿੰਦਾ।

ਮੇਰੇ ਕਮਰੇ ਦੀ ਬਾਰੀ ਵਿਚੋਂ ਵੇਹੜੇ 'ਚ ਕੱਟੇ ਵੱਛੀਆਂ ਨਾਲ ਗੱਲਾਂ ਕਰਦਾ ਤੇ ਕਬੀਰ ਦੇ ਭਜਨ ਗਾਉਂਦਾ ਤਾਇਆ ਸੁੰਦਰ ਜਿਵੇਂ ਪਿੰਡ ਦੀ ਇਕ ਦੁਨੀਆਂ ਸੀ ਤੇ ਘਰ ਦੇ ਅੰਦਰ ਸ਼ਹਿਰ ਦੀ ਦੁਨੀਆਂ ਤੇ ਮੇਰਾ ਕਮਰਾ ਦੋਨਾਂ ਦੇ ਵਿਚਕਾਰ ਸੀ।

## 7

ਸਿੰਘ ਸਭਾ ਸੂਕਲ ਪੰਜ ਜਮਾਤਾਂ ਦਾ ਸਕੂਲ ਸੀ ਤੇ ਉਥੇ ਬਸ ਇਕੋ ਇਕ ਜਗਦੀਪ ਕੌਰ ਭੈਣ ਜੀ ਸਨ ਤੇ ਇਕ ਮਾਈ ਸੀ।

"ਇਹ ਸਿੱਧੂ ਸਾਰੇ ਮੇਰੇ ਜਜਮਾਨ ਨੇ, ਮੈਂ ਸਿੱਧੂਆਂ ਦੇ ਪਰੋਹਤ ਦੀ ਧੀ ਆਂ, ਬੜਾ ਤਕੜਾ ਘਰ ਟੋਲਿਆ ਸੀ ਮੇਰੇ ਬਾਪ ਨੇ, ਪਰ ਪਲੇਠੀ ਦੀ ਕੁੜੀ ਤੇ ਸਾਲ ਭਰ ਦਾ ਮੁੰਡਾ ਸੀ ਜਦ ਰੰਡੀ ਹੋਗੀ, ਜੀਉਂਦੇ ਰਹਿਣ ਮੇਰੇ ਜਜਮਾਨ, ਦਸੀਂ ਪੰਦਰੀਂ ਦਿਨੀਂ ਜਾਣਾ, ਮਾਰ ਗਠੜੀ ਬੰਨ੍ਹ ਕੇ ਸੀਧੇ ਦੀ ਲਿਆਉਣੀ, ਫੇਰ ਰਾਣੀ ਸਾਹਬਾਂ, ਰੇਤਗੜ੍ਹਨੀ ਨੇ ਬੱਚੇ ਜੀਊਣ ਉਸ ਦੇ ਸਕੂਲ 'ਚ ਲਬਾਤਾ, ਬਈ ਮਹੀਨੇ ਦੇ ਮਹੀਨੇ ਬੱਝੇ ਰੁਏ ਰੁਪਈਏ ਤਾਂ ਆਉਣਗੇ। ਛੁੱਟੀ ਆਲੇ ਦਿਨ ਜਜਮਾਨਾਂ ਦੇ ਜਾ ਆਈ—ਸੁਹਣਾ ਵੇਲਾ ਲੰਘ ਗਿਆ ਸੀ। ਕੁੜੀ ਵਿਆਹਤੀ, ਸੁੱਖ ਨਾਲ ਦੋ ਜੁਆਕ ਨੇ। ਮੁੰਡਾ ਵੀ ਵਿਆਹ ਲਿਆ ਸੀ, ਨੌਕਰ ਵੀ ਵੇਰ ਹਾਊਸ ਆਲਿਆਂ ਨੇ ਕਰਾਤਾ ਸੀ, ਪਰ ਨਿੱਜ ਹੋਇਆ ਖਬਰਨੀ ਕਿੱਥੋਂ ਦਾਰੂ ਪੀਣ ਲੱਗ ਪਿਆ। ਨਾ ਕਿਸੇ ਨੂੰ ਦੱਸਣ ਜੋਗੀਆਂ, ਸਾਰੀ ਤਨਖਾਹ ਦਾਰੂ ਦੇ ਮੂੰਹ ਫੂਕ ਛੱਡਦੈ। ਹਾਰ ਕੇ ਬਹੂ ਪ੍ਰੀਤਮ ਸਿੰਉ ਸਿੱਧੂ ਦੀ ਬੜੀ ਘਰ ਆਲੀ ਦਾ ਚੌਂਕਾ ਭਾਂਡਾ ਕਰਨ ਲਾਈਐ। ਉਸ ਨੂੰ ਵੀ ਮਾਰਦਾ ਰਹਿੰਦੈ। ਸਾਰੇ ਪੈਸੇ ਲੈ ਜਾਂਦੈ ਨਿੱਜ ਹੋਇਆ।" ਮਾਈ ਹਰਤੇ ਕਰਤੇ ਮੇਰੇ ਨਾਲ ਗੱਲਾਂ ਕਰਨ ਲੱਗ ਜਾਂਦੀ। ਤਰਸ ਕਰਕੇ ਜੋ ਕੁਝ ਵੀ ਕੋਲ ਹੁੰਦਾ ਮੈਂ ਉਹਨੂੰ ਦੇ ਛੱਡਦੀ। ਸ਼ਾਇਦ ਇਸੇ ਲਈ ਉਹ ਬਾਰ ਬਾਰ ਆਖਦੀ "ਨਾ ਮੇਰੀ ਧੀ ਪੜ੍ਹੀਦਾ ਹੁੰਦੈ। ਸਕੂਲੋਂ ਨੀ ਖੁੰਝੀਦਾ।" ਤੇ ਜਿਸ ਦਿਨ ਮੈਂ ਸਕੂਲ ਨਾ ਆਉਂਦੀ ਜਗਦੀਪ ਕੌਰ ਭੈਣ ਜੀ ਉਹਨੂੰ ਘਰ ਪਤਾ ਕਰਨ ਭੇਜਦੇ।

ਕੁਝ ਹੀ ਦਿਨਾਂ ਵਿਚ ਕੈਦਾ ਤੇ ਫੇਰ ਪਹਿਲੀ ਜਮਾਤ ਦੀ ਕਿਤਾਬ ਖ਼ਤਮ ਕਰਕੇ ਮੈਂ ਜਗਦੀਪ ਕੌਰ ਭੈਣ ਜੀ ਨੂੰ ਆਖਿਆ "ਹੁਣ ਕੀ ਕਰਾਂ?"

"ਹੁਣ ਦੂਜੀ ਜਮਾਤ ਦੀ ਕਿਤਾਬ ਪੜ੍ਹ ਨਾਲੇ ਹਿਸਾਬ ਸਿੱਖਿਆ ਕਰ।"

ਦੂਜੀ, ਤੀਜੀ, ਚੌਥੀ, ਪੰਜਵੀਂ ਮੈਂ ਦੇਖਿਆ ਮੈਂ ਤੇ ਸਾਰੀਆਂ ਕਿਤਾਬਾਂ ਪੜ੍ਹ ਸਕਦੀ ਹਾਂ। ਯਾਦ ਕਰ ਸਕਦੀ ਹਾਂ। ਇਕ ਸਵਾਲ ਸਮਝ ਕੇ ਸਾਰੇ ਕੱਢ ਸਕਦੀ ਹਾਂ, ਜਿਹੜਾ ਨਾ ਆਵੇ ਜਗਦੀਪ ਕੌਰ ਭੈਣ ਜੀ ਤੋਂ ਸਮਝ ਸਕਦੀ ਹਾਂ। ਇਉਂ ਉਸ ਸਾਲ ਜਦੋਂ ਸਾਲਾਨਾ ਇਮਤਿਹਾਨ ਹੋਇਆ ਤਾਂ ਮੈਂ ਪੰਜਮੀਂ ਜਮਾਤ ਦਾ ਇਮਤਿਹਾਨ ਦਿੱਤਾ ਤੇ ਪਾਸ ਹੋ ਗਈ।



Scanned by CamScanner

"ਹੁਣ ਆਪਾਂ ਵਿਕਟੋਰੀਆ ਸਕੂਲ ਦਾਖਲ ਹੋਮਾਂਗੇ ਮਿਸ ਸੇਨ ਭੈਣ ਜੀ ਦੇ ਸਕੂਲ" ਰਣਜੀਤ ਨੇ ਮੈਨੂੰ ਦੱਸਿਆ। ਉਸ ਦੀ ਵੱਡੀ ਭੈਣ ਸੁਰਜੀਤ ਉਥੇ ਪੜ੍ਹਦੀ ਸੀ।

ਰਣਜੀਤ ਹੁਣ ਮੇਰੀ ਪੱਕੀ ਸਹੇਲੀ ਸੀ। ਉਸ ਨੇ ਇਹ ਵੀ ਦੱਸਿਆ ਕਿ ਮੇਰੇ ਬਾਪੂ ਜੀ ਉਹਦੇ ਬਾਪੂ ਜੀ ਦੇ ਕਲਾਸਫੈਲੋ ਸਨ।

ਵਿਕਟੋਰੀਆ ਸਕੂਲ ਬੇਜੀ ਦਾਖਲ ਕਰਵਾਉਣ ਗਏ। "ਛੇਮੀ ਕਲਾਸ ਮੇ ਯੇ ਨਹੀਂ ਦਾਖਲ ਹੋ ਸਕਤੀ ਯੇ ਤੋ ਬਹੁਤ ਛੋਟੀ ਹੈ" ਮਿਸ ਸੇਨ ਭੈਣ ਜੀ ਨੇ ਆਖ ਦਿੱਤਾ।

ਬੇਜੀ ਨੇ ਜਗਦੀਪ ਕੌਰ ਭੈਣ ਜੀ ਨੂੰ ਦੱਸਿਆ ਵਾਪਸ ਆ ਕੇ।

"ਕੋਈ ਨਾ ਮੈਂ ਕਰਾ ਆਊਂ ਦਾਖਲ।" ਆਖ ਜਗਦੀਪ ਕੌਰ ਭੈਣ ਜੀ ਨੇ ਨੌਂ ਦੀ ਥਾਂ ਮੇਰੇ ਸਰਟੀਫਿਕੇਟ ਤੇ ਬਾਰਾਂ ਸਾਲ ਉਮਰ ਕਰ ਦਿੱਤੀ ਤੇ ਆਪ ਜਾ ਕੇ ਮੈਨੂੰ ਦਾਖਲ ਕਰਵਾ ਆਏ। ਇਉਂ ਮੈਂ ਇਕ ਦਿਨ ਵਿਚ ਤਿੰਨ ਵਰ੍ਹੇ ਲੰਘ ਕੇ ਵਿਕਟੋਰੀਆ ਸਕੂਲ ਵਿਚ ਦਾਖਲ ਹੋ ਗਈ। ਉਸ ਸਕੂਲ ਵਿਚ ਸਵੇਰੇ ਵੇਹੜੇ ਵਿਚ ਲਾਈਨਾਂ ਲਾ ਕੇ ਸਾਰੀਆਂ ਜਮਾਤਾਂ ਮਿਲ ਕੇ ਪਰੇਅਰ ਕਰਦੀਆਂ ਸਨ। ਲਾਈਨਾਂ ਵਿਚ ਕੱਦ ਅਨੁਸਾਰ ਖੜ੍ਹਾਇਆ ਜਾਂਦਾ ਸੀ। ਮੈਨੂੰ ਇਕ ਨਿੱਕੀ ਜਿਹੀ ਕੁੜੀ ਨਛੱਤਰ ਕੋਲ ਖੜ੍ਹਾਇਆ ਗਿਆ ਤੇ ਉਸ ਦੇ ਨਾਲ ਡੈਸਕ ਤੇ ਬੈਠਾਇਆ ਗਿਆ।

ਕਿਲ੍ਹੇ ਵਰਗਾ ਇਹ ਸਕੂਲ, ਦੇਵੀ ਜਿਹੀ ਮਿਸ ਸੇਨ ਭੈਣ ਜੀ, ਕਈ ਹੋਰ ਭੈਣਜੀਆਂ, ਹੱਥ ਲਾਇਆਂ ਮੈਲੀਆਂ ਹੋਣ ਵਾਲੀਆਂ ਟਾਵੀਆਂ ਟਾਵੀਆਂ ਸਰਦਾਰਾਂ ਦੀਆਂ ਕੁੜੀਆਂ ਤੇ ਬਾਕੀ ਫੈਸ਼ਨੇਬਲ ਸ਼ਹਿਰੀ ਕੁੜੀਆਂ, ਸਭ ਕੁਝ ਵਧੀਆ ਸੀ। ਪਰ ਇਕ ਮੁਸੀਬਤ ਸੀ, ਸਰਦਾਰ ਕੌਰ ਭੈਣ ਜੀ ਦਾ, ਸਿਲਾਈ ਦਾ ਜਦੋਂ ਪੀਰੀਅਡ ਆਉਂਦਾ, ਕੁੜੀਆਂ ਏਡੇ ਸੁਹਣੇ ਫੁੱਲ ਬੂਟੇ ਪਾਉਂਦੀਆਂ ਤੇ ਮੈਨੂੰ ਸੂਈ ਤੱਕ ਨਹੀਂ ਸੀ ਫੜਨੀ ਆਉਂਦੀ।

ਛੇਮੀਂ ਜਮਾਤ 'ਚ ਚੋਪ ਦਾ ਮੇਜ਼ਪੋਸ਼ ਲੱਗਿਆ ਹੋਇਆ ਸੀ। ਬਾਕੀ ਚੀਜ਼ਾਂ ਨਾਲ ਇਹ ਵੀ ਤਿਆਰ ਕਰਨਾ ਸੀ। ਚਿੱਟਾ ਦਸੂਤੀ ਦਾ ਮੇਜ਼ਪੋਸ਼ ਤੇ ਉਨਾਭੀ ਰੇਸ਼ਮੀ ਗੋਲਾ ਮੈਂ ਵੀ ਲੈ ਆਈ। ਸਰਦਾਰ ਕੌਰ ਭੈਣ ਜੀ ਨੇ ਸ਼ੁਰੂ ਵੀ ਕਰ ਦਿੱਤਾ ਪਰ ਮੈਨੂੰ ਆਵੇ ਹੀ ਨਾ ਕੱਢਣਾ। ਸਿੱਧੇ ਪਾਸੇ ਤੋਪਾ ਠੀਕ ਹੋਵੇ ਤਾਂ ਪੁੱਠੇ ਪਾਸੇ ਗ਼ਲਤ ਹੋ ਜਾਵੇ, ਪੁੱਠੇ ਪਾਸੇ ਠੀਕ ਹੋਵੇ ਤਾਂ ਸਿੱਧੇ ਪਾਸੇ ਗ਼ਲਤ ਹੋ ਜਾਵੇ।

"ਸਿਰ ਮੁੰਨੀ ਤੈਨੂੰ ਛੇਮੀਂ ਜਮਾਤ ਮੇਂ ਕਰ ਕਿਸ ਨੇ ਦੀਆ" ਸਰਦਾਰ ਕੌਰ ਭੈਣ ਜੀ ਖਿਝ ਰਹੇ ਸਨ। ਅਗਲੇ ਦਿਨ ਮੈਂ ਮੇਜ਼ਪੋਸ਼ ਸਕੂਲ ਲੈ ਕੇ ਹੀ ਨਾ ਗਈ। ਆਖ ਦਿੱਤਾ ਭੁੱਲ ਆਈ। ਤੀਸਰੇ ਦਿਨ ਵੀ। ਤੇ ਚੌਥੇ ਦਿਨ ਆਖ ਦਿੱਤਾ, ਘਰ ਕੱਢਦੀ ਹੁੰਦੀਆਂ ਏਥੇ ਮੈਲਾ ਹੋਜੂ। ਬਿਨਾਂ ਧੋਤੇ ਉਹ ਇਮਤਿਹਾਨ 'ਚ ਵਿਖਾਉਣਾ ਹੁੰਦਾ ਸੀ। ਪੰਦਰਾਂ ਕੁ ਦਿਨ ਇਉਂ ਲੰਘ ਗਏ ਤਾਂ ਸਰਦਾਰ ਕੌਰ ਭੈਣ ਜੀ ਨੇ ਆਖਿਆ, ਕੱਲ੍ਹ ਨੂੰ ਲਿਆ ਕੇ ਦਿਖਾਈਂ।

ਕੱਲ੍ਹ ਵੀ ਲੰਘ ਗਈ। "ਜੇ ਕੱਲ੍ਹ ਵੀ ਨਾ ਲਿਆਈ ਮੈਂ ਮਿਸ ਸੇਨ ਭੈਣ ਜੀ ਕੋਲ ਲੈਜਾਮਾਂਗੀ" ਸਰਦਾਰ ਕੌਰ ਭੈਣ ਜੀ ਨੇ ਝਿੜਕਿਆ। ਤੇ ਅਗਲੇ ਦਿਨ ਮੈਂ ਉਹੀ ਸਰਦਾਰ ਕੌਰ ਭੈਣ ਜੀ ਦਾ ਛੂਹ ਕੇ ਦਿੱਤਾ ਮੇਜ਼ਪੋਸ਼ ਤੇ ਗੋਲਾ ਲੈ ਗਈ। ਦੇਖ ਕੇ ਸਰਦਾਰ ਕੌਰ ਭੈਣ ਜੀ ਨੇ ਦੋ ਤਿੰਨ ਕੈਂਚੀਆਂ ਪੁੱਠੇ ਕਰਾ ਕੇ, ਹੱਥਾਂ ਤੇ ਮਾਰੀਆਂ ਤੇ ਫੜ ਕੇ ਮਿਸ ਸੇਨ ਭੈਣ ਜੀ ਕੋਲ ਲੈ ਗਏ। "ਇਕ ਕੰਮ ਨੀ ਕੀਤਾ ਉਤੋਂ ਕਲਮੂੰਹੀ ਝੂਠ ਬੋਲਦੀਐ। ਜਾਨ ਨਿਕਾਲ ਦਿਆਂ ਮਾਰ ਮਾਰ ਕੇ" ਉਹ ਆਖ ਰਹੇ ਸਨ।



Scanned by CamScanner

"ਕਿਆ ਬਾਤ ਹੈ ?" ਮਿਸ ਸੇਨ ਭੈਣ ਜੀ ਨੇ ਪੁੱਛਿਆ। ਚੁਪ ਚਾਪ ਖੜ੍ਹੀ ਦੇ ਮੇਰੇ ਹੰਝੂ ਡਿੱਗਣ ਲੱਗੇ।

ਸਰਦਾਰ ਕੌਰ ਭੈਣ ਜੀ ਨੂੰ ਭੇਜ ਕੇ ਮਿਸ ਸੇਨ ਭੈਣ ਜੀ ਨੇ ਆਪ ਸੂਈ ਫੜ ਕੇ ਮੈਨੂੰ ਚੋਪ ਦੀ ਕਢਾਈ ਸਿਖਾਈ।

"ਦੇਖੋ ਝੂਠ ਨਹੀਂ ਬੋਲਨਾ ਆਗੇ ਸੇ" ਉਨ੍ਹਾਂ ਆਖਿਆ। ਇਹ ਜਿਵੇਂ ਉਨ੍ਹਾਂ ਦਾ ਹੁਕਮ ਸੀ ਤੇ ਉਨ੍ਹਾਂ ਦਾ ਹੁਕਮ ਕਦੇ ਕੋਈ ਟਾਲਦਾ ਨਹੀਂ ਸੀ।

ਇਕ ਮੁਸੀਬਤ ਹੋਰ ਸੀ। ਇਸ ਸਕੂਲ ਵਿਚ ਅੰਗਰੇਜ਼ੀ ਚੌਥੀ ਜਮਾਤ ਤੋਂ ਸ਼ੁਰੂ ਹੋ ਜਾਂਦੀ ਸੀ ਤੇ ਮੈਂ ਛੇਵੀਂ 'ਚ ਜਦੋਂ ਦਾਖ਼ਲ ਹੋਈ ਕੁੜੀਆਂ ਅੰਗਰੇਜ਼ੀ ਦੀ ਕਿਤਾਬ ਪੜ੍ਹਦੀਆਂ ਸਨ ਤੇ ਮੈਨੂੰ ਏ. ਬੀ. ਸੀ. ਵੀ ਨਹੀਂ ਸੀ ਆਉਂਦੀ।

ਅੰਗਰੇਜ਼ੀ ਲਈ ਘਰ ਮਾਸਟਰ ਲਾ ਦਿੱਤਾ ਗਿਆ। ਮਾਸਟਰ ਕਾਫੀ ਵੱਡੀ ਵੱਡੀ ਦਾੜ੍ਹੀ ਵਾਲਾ ਚਾਲ੍ਹੀ ਕੁ ਸਾਲ ਦਾ ਆਦਮੀ ਸੀ। ਮੇਰੀ ਸਹੇਲੀ ਕਰਨਲ ਪ੍ਰੀਤਮ ਸਿੰਘ ਦੀ ਲੜਕੀ ਅਮਰਜੀਤ ਨੂੰ ਵੀ ਉਹੀ ਪੜ੍ਹਾਉਂਦਾ ਸੀ। ਦੋ ਕੁ ਸਾਲ ਅੰਗਰੇਜ਼ੀ ਪੜ੍ਹਾਉਂਦਾ ਰਿਹਾ ਤੇ ਇਕ ਦਿਨ ਉਹ ਪੰਜਾਬੀ ਦੀ ਇਕ ਕਵਿਤਾ ਲਿਆਇਆ ਤੇ ਆਖਣ ਲੱਗਿਆ, ਮੈਂ ਹੋਰ ਵੀ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਨੇ। "ਤੂੰ ਪੜ੍ਹ ਸਕਦੀਐਂ ਇਹ ਕਵਿਤਾ ?" ਕਵਿਤਾ ਮੇਰੇ ਅੱਗੇ ਕਰਕੇ ਉਹਨੇ ਆਖਿਆ।

ਪੰਜਾਬੀ ਤਾਂ ਮੈਂ ਪੜ੍ਹ ਹੀ ਸਕਦੀ ਸੀ। ਮੈਂ ਪੜ੍ਹ ਦਿੱਤੀ।

"ਕੈਸੀ ਲੱਗੀ ?" ਉਹਨੇ ਪੁੱਛਿਆ।

"ਚੰਗੀ ਐ" ਮੈਂ ਆਖ ਦਿੱਤਾ ਭਾਵੇਂ ਕਵਿਤਾ ਦੀ ਮੈਨੂੰ ਉੱਕਾ ਸਮਝ ਨਹੀਂ ਸੀ ਲੱਗੀ।

ਫਿਰ ਉਹ ਮਾਸਟਰ ਅੰਗਰੇਜ਼ੀ ਪੜ੍ਹਾਉਣ ਦੇ ਨਾਲ ਨਾਲ ਹਰ ਰੋਜ਼ ਇਕ ਕਵਿਤਾ ਲਿਆਉਣ ਲੱਗ ਪਿਆ।

"ਇਹ ਤੁਸੀਂ ਕਿਉਂ ਲਿਖਦੇ ਓ ?" ਇਕ ਦਿਨ ਮੈਂ ਪੁੱਛਿਆ। "ਇਕ ਲੜਕੀ ਐ ਮੈਂ ਉਸ ਲਈ ਲਿਖਦਾਂ। ਉਸ ਨਾਲ ਮੈਂ ਸ਼ਾਦੀ ਕਰੂੰਗਾ। ਫੇਰ ਅਸੀਂ ਦਰਿਆ ਦੇ ਕੰਢੇ ਇਕ ਘਰ ਬਣਾਵਾਂਗੇ। ਸਾਡੇ ਇਕ ਬੱਚਾ ਹੋਊ ਉਸ ਦਾ ਨਾਉਂ ਅਸੀਂ ਰਾਹੁਲ ਰੱਖਾਂਗੇ।"

"ਤੁਹਾਡੀ ਜਿਹੜੀ ਘਰ ਵਾਲੀ ਤੇ ਬੱਚੇ ਨੇ ?"

"ਮੇਰੀ ਘਰ ਵਾਲੀ ਤੇ ਬੱਚੇ ? ਤੈਨੂੰ ਕੀਹਨੇ ਦੱਸਿਆ ? ਹਾਂ ਇਸ ਘਰ ਵਾਲੀ ਨੂੰ ਮੈਂ ਛੱਡ ਦੇਣੈ, ਇਸ ਨੂੰ ਅਕਲ ਹੀ ਕੋਈ ਨੀ" ਮਾਸਟਰ ਜੀ ਨੇ ਦੱਸਿਆ।

ਮੈਂ ਚੁੱਪ-ਚਾਪ ਸੁਣ ਰਹੀ ਸੀ।

"ਮੈਂ ਤੇ ਉਸ ਲੜਕੀ ਨੇ ਘਰ ਦਿਆਂ ਤੋਂ ਚੋਰੀਓਂ ਇਕ ਦਿਨ ਭੱਜ ਜਾਣੈ। ਕਿਧਰੇ ਦੂਰ ਚਲੇ ਜਾਮਾਂਗੇ। ਕਿਸੇ ਨੂੰ ਵੀ ਪਤਾ ਨੀ ਲੱਗਣਾ।"

"ਫੇਰ ਮੈਨੂੰ ਕੌਣ ਪੜ੍ਹਾਇਆ ਕਰੂ ? ਜਦੋਂ ਕਿਤਾਬ ਮੁੱਕਗੀ ਫੇਰ ਭੱਜਿਓ" ਮੈਂ ਸਹਿਜ ਸੁਭਾਅ ਆਖਿਆ।

"ਚੰਗਾ...." ਆਖ ਮਾਸਟਰ ਜੀ ਰੋਜ਼ ਪੜ੍ਹਾਉਣ ਆਉਂਦੇ ਰਹੇ ਤੇ ਕਵਿਤਾਵਾਂ ਲਿਖਕੇ ਲਿਆਉਂਦੇ ਰਹੇ।

ਇਹ ਵੀ ਸਾਲ ਮੁਕਣ ਵਾਲਾ ਸੀ। ਇਮਤਿਹਾਨ ਹੋਣ ਵਾਲੇ ਸਨ। ਮੈਨੂੰ ਅੰਗਰੇਜ਼ੀ ਕਾਫੀ ਆ ਗਈ ਸੀ।



Scanned by CamScanner

ਅੱਜ ਜਿਹੜੀ ਕਵਿਤਾ ਲਿਖ ਕੇ ਲਿਆਏ, ਮਾਸਟਰ ਜੀ ਨੇ ਆਖਿਆ, "ਇਹਦਾ ਜਵਾਬ ਲਿਖ ਕੇ ਰੱਖੀਂ।"

"ਕਵਿਤਾ ਦਾ ਜਵਾਬ?" ਮੈਂ ਹੈਰਾਨ ਹੋ ਕੇ ਪੁੱਛਿਆ।

"ਵੱਡੀਆਂ ਜਮਾਤਾਂ 'ਚ ਕਵਿਤਾ ਦੇ ਜਵਾਬ ਲਿਖਣੇ ਪੈਂਦੇ ਨੇ।" ਉਹਨਾਂ ਦੱਸਿਆ।

"ਪਰ ਮੈਨੂੰ ਨਹੀਂ ਆਉਂਦਾ ਕਵਿਤਾ ਦਾ ਜਵਾਬ ਲਿਖਣਾ।"

"ਕੋਸ਼ਿਸ਼ ਕਰੀਂ।"

ਮੈਂ ਮਾਸਟਰ ਜੀ ਦੇ ਜਾਣ ਮਗਰੋਂ ਉਹ ਕਵਿਤਾ ਕਈ ਵਾਰੀ ਪੜ੍ਹੀ, ਮਤਲਬ ਕੁਝ ਇਉਂ ਸੀ ਕਿ ਮੈਂ ਸਾਧ ਬਣ ਜਾਵਾਂ? ਮਰ ਕੇ ਭੂਤ ਪਰੇਤ ਜਾਂ ਅਗਲੇ ਜਨਮ ਕੋਈ ਕਉਂ, ਜੋ ਤੇਰੇ ਬਨੇਰੇ ਤੇ ਬੈਠ ਕੇ ਕੁਰਲਾਵੇ? ਜਾਂ ਕੋਈ ਉਡਦਾ ਬੱਦਲ ਜੋ ਤੇਰੇ ਵੇਹੜੇ ਵਰ੍ਹ ਜਾਵੇ? ਨਹੀਂ ਤਾਂ ਕਹਿ ਦੇ ਕਿ ਮੈਂ ਜੀਉਂਦਾ ਰਹਾਂ।

"ਲਿਖ ਲਿਆ ਜਵਾਬ?" ਅਗਲੇ ਦਿਨ ਮਾਸਟਰ ਜੀ ਨੇ ਅੰਗਰੇਜ਼ੀ ਪੜ੍ਹਾਉਣ ਦੀ ਥਾਂ ਪੁੱਛਿਆ।

"ਨਹੀਂ ਮੈਨੂੰ ਤਾਂ ਕਵਿਤਾ ਸਮਝ ਨਹੀਂ ਲੱਗੀ।" ਮੈਂ ਜਦੋਂ ਆਖਿਆ, ਉਹ ਮੈਨੂੰ ਕਵਿਤਾ ਸਮਝਾਣ ਲੱਗੇ ਤੇ ਜਾਣ ਲੱਗੇ ਇਕ ਕਵਿਤਾ ਹੋਰ ਦੇ ਗਏ ਤੇ ਨਾਲ ਆਖ ਗਏ ਕਿ ਮੈਂ ਤਾਂ ਸੋਚਦਾਂ ਜੇ ਮੇਰੀ ਜ਼ਿੰਦਗੀ ਦੇ ਸਵਾਲ ਦਾ ਜਵਾਬ ਨਾ ਮਿਲਿਆ ਤਾਂ ਮੈਂ ਜ਼ਹਿਰ ਖਾ ਕੇ ਮਰ ਜਾਵਾਂਗਾ।

ਉਸ ਦਿਨ ਅਜੀਬ ਤਰ੍ਹਾਂ ਦੀ ਮੈਨੂੰ ਘਬਰਾਹਟ ਹੋਈ। ਅਹਿਮਦ ਨੂੰ ਆਖਿਆ ਬੇਜੀ ਤੋਂ ਪੁੱਛ ਕਿ ਮੈਨੂੰ ਅਮਰਜੀਤ ਦੇ ਘਰ ਲੈ ਚੱਲ। ਅਹਿਮਦ ਅਜੇ ਟਾਂਗਾ ਜੋੜ ਰਿਹਾ ਸੀ ਅਮਰਜੀਤ ਹੋਰਾਂ ਦੀ ਕਾਰ ਫਾਟਕ ਵੜਦੀ ਦਿਸੀ। ਮਗਰੋਂ ਜਦੋਂ ਉਹਦੇ ਬੇਜੀ, ਬੇਜੀ ਨਾਲ ਗੱਲਾਂ ਕਰ ਰਹੇ ਸਨ। ਅਮਰਜੀਤ ਤੇ ਮੈਂ ਬਗੀਚੀ ਵਿਚ ਜਾ ਬੈਠੀਆਂ।

"ਅਮਰਜੀਤ ਆਪਣੇ ਮਾਸਟਰ ਜੀ ਨੇ ਜ਼ਹਿਰ ਖਾ ਕੇ ਮਰ ਜਾਣੈ" ਮੈਂ ਬਹੁਤ ਚਿੰਤਾਤੁਰ ਹੋ ਕੇ ਦੱਸਿਆ।

"ਤੈਨੂੰ ਕਿਵੇਂ ਪਤੈ?"

"ਮੈਨੂੰ ਉਹਨਾਂ ਨੇ ਦੱਸਿਆ ਸੀ ਤਾਂ ਹੀ ਤਾਂ ਉਹ ਕਵਿਤਾ ਲਿਖਦੇ ਨੇ। ਨਾਲੇ ਉਹਨਾਂ ਨੇ ਕਿਸੇ ਕੁੜੀ ਨਾਲ ਭੱਜ ਜਾਣੈ।"

"ਤੈਨੂੰ ਕਿਵੇਂ ਪਤੈ ਉਹ ਕਵਿਤਾ ਲਿਖਦੇ ਨੇ?"

"ਮੇਰੇ ਕੋਲ ਹੈਗੀਆਂ ਨੇ ਕਵਿਤਾਵਾਂ, ਚੱਲ ਤੈਨੂੰ ਦਿਖਾਵਾਂ" ਆਖ ਮੈਂ ਉਹਨੂੰ ਆਪਣੇ ਕਮਰੇ ਵਿਚ ਲੈ ਆਈ। ਸਾਰੀਆਂ ਮੇਜ਼ ਦੀ ਦਰਾਜ ਵਿਚੋਂ ਕੱਢ ਕੇ ਉਸ ਨੂੰ ਫੜਾ ਦਿੱਤੀਆਂ। ਇਕ ਇਕ ਕਵਿਤਾ ਪੜ੍ਹ ਕੇ ਉਸ ਨੇ ਪੁੱਛਿਆ "ਅਖੀਰਲੀ ਕਵਿਤਾ ਲਫਾਫੇ ਵਿਚ ਪਾ ਕੇ ਦਿੱਤੀ ਸੀ?"

ਮੈਂ ਆਖਿਆ "ਹਾਂ"

"ਉਸ ਵਿਚ ਚਿੱਠੀ ਵੀ ਸੀ?"

"ਨਹੀਂ।"

"ਕਿੱਥੇ ਐ ਉਹ ਲਿਫਾਫਾ?"

"ਦਰਾਜ ਵਿਚ ਈ ਪਿਐ।"



Scanned by CamScanner

ਉਸ ਨੇ ਦਰਾਜ ਵਿਚੋਂ ਉਹ ਲਿਫਾਫਾ ਕੱਢ ਲਿਆ। ਉਸ ਵਿਚ ਚਿੱਠੀ ਵੀ ਸੀ, ਜਿਹੜੀ ਮੈਂ ਦੇਖੀ ਨਹੀਂ ਸੀ। ਚਿੱਠੀ ਪੜ੍ਹ ਕੇ ਉਸ ਨੇ ਦੱਸਿਆ "ਇਹਦੇ ਨਾਲ ਦੀਆਂ ਸਾਰੀਆਂ ਕਵਿਤਾਵਾਂ ਮਾਸਟਰ ਜੀ ਨੇ ਮੈਨੂੰ ਵੀ ਦਿੱਤੀਆਂ ਨੇ। ਅਖੀਰਲੀ ਕਵਿਤਾ ਨਾਲ ਚਿੱਠੀ ਵੀ ਸੀ ਜਿਸ ਵਿਚ ਲਿਖਿਆ ਸੀ ਕਿ ਜੇ ਹੁਣ ਵੀ ਮੇਰੀਆਂ ਕਵਿਤਾਵਾਂ ਦਾ ਜਵਾਬ ਨਾ ਦਿੱਤਾ ਤਾਂ ਮੈਂ ਜ਼ਹਿਰ ਖਾ ਕੇ ਮਰ ਜਾਵਾਂਗਾ।

ਮਾਸਟਰ ਜੀ ਜ਼ਹਿਰ ਖਾਂਦੇ, ਮਾਸਟਰ ਜੀ ਮਰੇ ਪਏ, ਮਾਸਟਰ ਜੀ ਨੂੰ ਸ਼ਮਸ਼ਾਨ ਭੂਮੀ ਨੂੰ ਲਈ ਜਾਂਦੇ, ਮਾਸਟਰ ਜੀ ਜਲ ਰਹੇ ਉਸੇ ਦਿਨ ਮੇਰੇ ਜ਼ਿਹਨ ਵਿਚੋਂ ਦੀ ਲੰਘੇ। ਬੜੀ ਮੁਸੀਬਤ ਆ ਪਈ ਕੀ ਕਰੀਏ। ਹਾਰ ਕੇ ਸੋਚਿਆ, ਰਘਬੀਰ ਭਰਾ ਜੀ ਤੋਂ ਪੁੱਛਦੇ ਆਂ। ਰਘਬੀਰ ਭਰਾ ਜੀ ਵੱਡੇ ਬੇਬੇ ਜੀ ਦਾ ਭਾਣਜਾ ਸੀ। ਬੀ. ਏ. ਪਾਸ ਸੀ। ਇਨਕਮ ਟੈਕਸ ਦੇ ਮਹਿਕਮੇ 'ਚ ਨੌਕਰ ਸੀ। ਅਕਸਰ ਕਿਤਾਬਾਂ ਕਤੂਬਾਂ ਪੜ੍ਹਦੇ ਰਹਿਣ ਕਰਕੇ ਸਮਝਦਾਰ ਸਮਝਿਆ ਜਾਂਦਾ ਸੀ। ਮੈਂ ਤੇ ਅਮਰਜੀਤ ਉਪਰ ਕੋਠੇ ਤੇ ਬੈਠੇ ਪੜ੍ਹ ਰਹੇ ਭਰਾ ਜੀ ਕੋਲ ਗਈਆਂ। "ਭਰਾ ਜੀ ਸਾਡੇ ਮਾਸਟਰ ਜੀ ਨੇ ਜ਼ਹਿਰ ਖਾ ਕੇ ਮਰ ਜਾਣੈ" ਮੈਂ ਫਿਕਰਮੰਦ ਹੋ ਕੇ ਦੱਸਿਆ।

ਸੁਣ ਕੇ ਉਹ ਕਿਤਾਬ ਪੁੱਠੀ ਕਰਕੇ ਰੱਖ ਕੇ, ਹੱਸਣ ਲੱਗੇ।

"ਭਰਾ ਜੀ ਸਹੁੰ ਗੁਰੂ ਦੀ ਨਾਲੇ ਉਹਨਾਂ ਕਿਸੇ ਕੁੜੀ ਨਾਲ ਭੱਜ ਜਾਣੈ" ਮੈਂ ਦੱਸਿਆ। ਭਰਾ ਜੀ ਗੰਭੀਰ ਹੋ ਗਏ। "ਥੋਨੂੰ ਕਿਮੇਂ ਪਤੈ ?" ਉਹਨਾਂ ਸੰਜੀਦਗੀ ਨਾਲ ਪੁੱਛਿਆ।

"ਨਹੀਂ ਭਰਾ ਜੀ ਅਸੀਂ ਤਾਂ ਥੋਨੂੰ ਪੁੱਛਣ ਆਈਆਂ ਬਈ ਕਵਿਤਾ ਦਾ ਜਵਾਬ ਕਿਮੇਂ ਲਿਖੀਦੈ ?" ਮੈਂ ਆਖਿਆ।

"ਕਿਹੜੀ ਕਵਿਤਾ ਦਾ ਜਵਾਬ ?" ਉਹਨਾਂ ਪੁੱਛਿਆ। ਮੈਂ ਹੱਥ ਵਿਚ ਗੋਲ ਕੀਤੀਆਂ ਕਵਿਤਾਵਾਂ ਉਹਨਾਂ ਨੂੰ ਫੜਾ ਦਿੱਤੀਆਂ। ਉਹ ਪੜ੍ਹਨ ਲੱਗ ਪਏ।

"ਐਉਂ ਕਰੋ ਭਰਾ ਜੀ ਤੁਸੀਂ ਇਹਨਾਂ ਦਾ ਜਵਾਬ ਲਿਖ ਦਿਓ, ਮਾਸਟਰ ਜੀ ਨੂੰ ਦੇ ਦਿਆਂਗੇ।"

"ਜਾਓ ਤੁਸੀਂ ਏਥੋਂ" ਉਹਨਾਂ ਏਨਾ ਆਕੜ ਕੇ ਕਿਹਾ ਕਿ ਮੈਂ ਤੇ ਅਮਰਜੀਤ ਚੁਪਚਾਪ ਹੇਠਾਂ ਆ ਗਈਆਂ।

ਅਗਲੇ ਦਿਨ ਮਾਸਟਰ ਜੀ ਨਹੀਂ ਆਏ। ਮੈਂ ਸੋਚਿਆ ਉਹ ਜ਼ਰੂਰ ਜ਼ਹਿਰ ਖਾ ਕੇ ਮਰ ਗਏ ਹੋਣਗੇ। ਕਈ ਵਰ੍ਹਿਆਂ ਮਗਰੋਂ ਇਕ ਦਿਨ ਸ਼ਿਮਲੇ ਮਾਲਰੋਡ ਉਤੇ ਭਰਾ ਜੀ ਨੇ ਦੂਰੋਂ ਇਸ਼ਾਰਾ ਕਰਕੇ ਮੈਨੂੰ ਵਿਖਾਂਦਿਆਂ ਆਖਿਆ। "ਹੋਅ ਜਾਂਦੇ ਤੇਰਾ ਜ਼ਹਿਰ ਖਾ ਕੇ ਮਰਿਆ ਹੋਇਆ ਮਾਸਟਰ।"

## 8

ਬਾਪੂ ਜੀ ਉਪਰ ਸਾੜ੍ਹਸਤੀ ਦਾ ਗਰਹੁ ਸੀ ਜਿਸ ਲਈ ਸਤਵਾਹ ਕਰਵਾਉਣ ਦਾ ਬਿਸ਼ਨੇ ਪਰੋਹਤ ਨੇ ਉਪਾਅ ਦੱਸਿਆ ਸੀ।

ਦਾਦੀ ਮਾਂ ਪਿੰਡੋਂ ਆ ਕੇ ਮੈਨੂੰ ਲੈ ਗਈ ਤੇ ਨਾਲ ਹੀ ਬੇਜੀ ਹੋਰਾਂ ਨੂੰ ਦੱਸ ਗਈ, "ਐਤਵਾਰ ਸਤਵਾਹ ਮੁੱਕੂ ਓਦਣ ਨਾਲੇ ਜਗ ਕਰਾਂਗੇ, ਤੁਸੀਂ ਵੀ ਆ ਜਿਓ।"



Scanned by CamScanner

ਲਿਪ ਪੋਚ ਕੇ ਵੇਹੜੇ 'ਚ ਬੇਦੀ ਗੱਡੀ ਗਈ। ਹਵਨਕੁੰਡ ਬਣਾਇਆ ਗਿਆ। ਹਵਨ ਦੀ ਸਮੱਗਰੀ ਲਿਆਂਦੀ ਗਈ। ਮੰਤਰ, ਜਾਪ, ਹਵਨ, ਧੂਫ, ਚਿੱਟੀਆਂ ਧੋਤੀਆਂ ਵਾਲੇ, ਜਨੇਊ ਪਾਈਂ, ਤਿਲਕ ਲਾਈਂ, ਪੂਜਾ ਕਰ ਰਹੇ ਪੰਡਤ, ਲਗਦਾ ਸੀ ਹੁਣ ਸਾੜ੍ਹਸਤੀ ਕਿਵੇਂ ਰਹਿਜੂ ਏਸ ਘਰ। ਦਾਦੀ ਮਾਂ ਘਿਓ ਦੇ ਦੀਵੇ ਡੰਗਦੀ, ਪੰਡਤਾਂ ਦੇ ਪੈਰ ਧੋ ਧੋ ਭੋਜਨ ਛਕਾਉਂਦੀ, ਮੂੰਹ 'ਚ ਮੰਨਤਾਂ ਮੰਨਦੀ, "ਇਕ ਤਾਂ ਮੇਰੇ ਦੀਵੇ ਨਾਲ ਦੀਵਾ ਲੱਗ ਜੇ, ਮੇਰੀ ਜੀਊਂਦੀ ਜੀਊਂਦੀ ਕਾਕੇ ਦੇ ਮੁੰਡਾ ਹੋਜੇ, ਦੂਜਾ ਉਹ ਸ਼ਰਾਬ ਛੱਡ ਜੇ। ਹੇ ਬਚਾਰੀਏ ਸਾੜ੍ਹਸਤੀਏ ਮੇਹਰ ਦੀ ਨਜ਼ਰ ਕਰੀਂ।"

ਚਾਰ ਕੁ ਦਿਨ ਹੋਏ ਸਨ ਸਤਵਾਹ ਚਲਦੇ ਨੂੰ। ਗੰਗਾ ਜਲ ਛਿੜਕ ਕੇ, ਹਰੀ ਓਮ ਹਰੀਓਮ ਕਰਕੇ ਤੁਰੇ ਫਿਰਦੇ ਬਿਸ਼ਨੇ ਪੰਡਤ ਦੀ ਨਿਗਰਾਨੀ ਹੇਠ, ਮੰਤਰਾਂ ਦਾ ਜਾਪ, ਧੂਫ ਗੁਗਲ ਦੀ ਖੁਸ਼ਬੋ, ਹਵਨ 'ਚ ਤਿੜ ਤਿੜ ਕਰਕੇ ਜਲ ਰਹੀ ਸਮੱਗਰੀ ਦੀ ਸੁਗੰਧ ਘਰ ਨੂੰ ਤੀਰਥ ਜਿਹਾ ਬਣਾ ਰਹੀ ਸੀ। ਪਤਾ ਨਹੀਂ ਕੀਹਨੇ ਬਾਪੂ ਜੀ ਨੂੰ ਪਟਿਆਲੇ ਜਾ ਦੱਸਿਆ ਕਿ ਤੇਰੇ ਸਿਰੋਂ ਸਾੜ੍ਹਸਤੀ ਲਾਹੁਣ ਲਈ ਸਤਵਾਹ ਕਰਵਾਇਆ ਜਾ ਰਿਹੈ।

ਇਕ ਦਿਨ ਆਥਣੇ ਜਹੇ ਬਾਬਾ ਜੀ ਬਾਹਰ ਗਏ ਹੋਏ ਸਨ ਤਾਂ ਬਾਪੂ ਜੀ ਆ ਪਹੁੰਚੇ।

"ਤੁਰਜੋ ਟੌਂਡਿਓ ਏਥੋਂ, ਨਹੀਂ ਟੰਬੇ ਖਾ ਕੇ ਜਾਓਂਗੇ" ਉਹਨਾਂ ਹੈਰਾਨ ਪ੍ਰੇਸ਼ਾਨ ਝਾਕ ਰਹੇ ਪੰਡਤਾਂ ਨੂੰ ਗਰਜ ਕੇ ਆਖਿਆ।

"ਨਾ ਮੇਰਾ ਪੁੱਤ, ਹਾੜੇ ਮੇਰਾ ਪੁੱਤ, ਇਉਂ ਨਾ ਕਰ, ਸਤਵਾਹ ਵਿਚਾਲਿਓਂ ਟੁੱਟਣਾ ਤਾਂ ਬਹੁਤਾ ਈ ਮਾੜਾ ਹੁੰਦੈ" ਮਾਂ ਹੱਥ ਜੋੜ ਰਹੀ ਸੀ। ਬ੍ਰਾਹਮਣ ਜੱਕੋ ਤੱਕੋ ਵਿਚ ਸਨ।

"ਮੈਂ ਕਹਿਨਾਂ ਭਲੀ ਪਤ ਨਾਲ ਬਗਜੋ ਨਹੀਂ ਛਿੱਤਰ ਖਾ ਕੇ ਜਾਓਗੇ" ਬਾਪੂ ਜੀ ਨੇ ਦਾਦੀ ਮਾਂ ਨੂੰ ਬਾਂਹ ਨਾਲ ਪਰ੍ਹਾਂ ਧਕੇਲ ਕੇ ਬੇਦੀ ਪੁੱਟਣੀ ਸ਼ੁਰੂ ਕਰ ਦਿੱਤੀ।

ਪੰਡਤ 'ਹਰੇ ਰਾਮ' 'ਹਰੇ ਰਾਮ' ਕਰਦੇ ਕਰਦੇ ਜੋ ਕੁਝ ਵੀ ਜੀਹਦੇ ਹੱਥ ਆਇਆ, ਚੁੱਕ ਕੇ ਪੱਤਰਾ ਵਾਚ ਗਏ। ਬਾਪੂ ਜੀ ਨੇ ਸ਼ਰਾਬ ਪੀਤੀ ਹੋਈ ਸੀ। ਬੇਦੀ ਪੁੱਟ ਸੁੱਟੀ। ਕੇਲਿਆਂ ਦੇ ਮੁੱਢ ਭੁੰਜੇ ਪਟਕਾ ਮਾਰੇ। ਵੀਹੀ ਵੇਹੜਾ ਢੱਕੋ ਢੱਕੀ ਕੋਠਿਆਂ ਤੇ ਖੜ੍ਹਾ ਦੇਖ ਰਿਹਾ ਸੀ। ਦਾਦੀ ਮਾਂ ਖੂਹੀ ਕੋਲ ਭੁੰਜੇ ਬੈਠ ਕੇ ਰੋਈ ਜਾ ਰਹੀ ਸੀ। "ਮੈਂ ਜੇ ਸੌ ਰੁਪਈਆ ਮੰਗ ਲਾਂ ਤਾਂ ਸਾਰੇ ਟੱਬਰ ਦੇ ਗੋਲੀ ਵੱਜ ਜਾਂਦੀ ਐ ਤੇ ਇਹਨਾਂ ਟੌਂਡਿਆਂ ਨੂੰ ਹਜ਼ਾਰਾਂ ਰੁਪਈਏ ਚਲੇ ਜਾਂਦੇ ਨੇ। ਵੜਨ ਮੇਰੇ ਘਰ ਮੁੜਕੇ ਜੇ ਟੰਗਾਂ ਨਾ ਵੱਢ ਦਿਆਂ।" ਬਾਪੂ ਜੀ ਉੱਚੀ ਉੱਚੀ ਬੋਲ ਰਹੇ ਸਨ।

"ਬੇ ਨਿੱਜ ਹੋਇਆ, ਰਹਿਣ ਦੇ ਤੁਰਦਾ ਏਸ ਘਰ ਨੂੰ। ਜੜ੍ਹਾਂ ਪੱਟੀਆਂ ਆਲਿਆਂ, ਕਿਉਂ ਤੂੰ ਦਰਗਾਹੋਂ ਧੱਕਿਆ ਗਿਆ। ਖੋਟੀ ਕਿਸਮਤ ਵਾਲਿਆ, ਤੈਂ ਮੈਨੂੰ ਈ ਤਪੌਣੈਂ। ਭੁੰਨ ਕੇ ਰੱਖਤਾ ਭੱਠੀ ਦੀ ਖਿੱਲ ਆਗੂੰ।" ਦਾਦੀ ਮਾਂ ਗਾਲ੍ਹਾਂ ਦੇ ਰਹੀ ਸੀ।

ਬਾਪੂ ਜੀ ਨੇ ਡੋਲ ਵਗ੍ਹਾ ਕੇ ਖੂਹੀ 'ਚੋਂ ਪਾਣੀ ਕੱਢਿਆ, ਜੱਗ 'ਚ ਪਾਇਆ ਤੇ ਕੋਠੇ ਜਾ ਚੜ੍ਹੇ।

ਘੰਟੇ ਕੁ ਮਗਰੋਂ ਜਦੋਂ ਬਾਬਾ ਜੀ ਆਏ, ਸਭ ਕੁਝ ਦੇਖ ਕੇ ਬੋਲੇ, "ਹੁਣ ਨੀ ਏਸ ਘਰ ਦਾ ਟਿਕਾਣਾ। ਜਿਹੜਾ ਬੰਦਾ ਧਰਮ ਕਰਮ ਗਮਾ ਬੈਠਦੈ ਓਸ ਦਾ ਨੀ ਫੇਰ ਕੁਝ ਬਚਦਾ। ਹੈ ਕਿੱਥੇ ਉਹ, ਸਾਲੇ ਕੰਜਰ ਨੂੰ ਪੁੱਛਾਂ ਤਾਂ ਸਹੀ?"



Scanned by CamScanner

ਚੁਬਾਰੇ ਵਿਚ ਨਿੱਕਾ ਛੀਂਬਾ ਦੇਖ ਕੇ ਆਇਆ। ਬਦਰੇ ਨੇ ਬਾਹਰੋਂ ਆ ਕੇ ਦੱਸਿਆ ਉਹ ਤਾਂ ਬਗ ਗਿਆ ਪਟਿਆਲੇ ਨੂੰ। ਬਾਬਾ ਜੀ ਬੜੀ ਰਾਤ ਤੀਕ ਬਿਸ਼ਨੇ ਪਰੋਹਤ ਨਾਲ ਸਲਾਹਾਂ ਕਰਦੇ ਰਹੇ। "ਕੁਸ਼ ਵੀ ਪਰੋਹਤ ਜੀ ਉਪਾਅ ਕਰੋ ਐਤਕੀ ਮੁੰਡਾ ਹੋਜੇ। ਮੈਂ ਸਭ ਕੁਸ਼ ਓਸ ਦੇ ਨਾਉਂ ਕਰ ਜਾਂ। ਫੇਰ ਭਾਮੇਂ ਅਗਲੇ ਦਿਨ ਮਰਜਾਂ। ਨਹੀਂ ਏਸ ਨੇ ਸ਼ਰਾਬ ਮੂੰਹ ਘਰ ਉਜਾੜ ਦੇਣੈ। ਦੂਜਾ ਮੈਂ ਚਾਹੁੰਨਾਂ ਵੱਡੀਆਂ ਦੋਂਹ ਕੁੜੀਆਂ ਦੇ ਵਿਆਹ ਕਰ ਜਾਂ ਆਪਣੇ ਹੱਥੀਂ।"

"ਬੱਚੀਆਂ ਤਾਂ ਅਜੇ ਨਿਆਣੀਆਂ ਨੇ" ਪਰੋਹਤ ਨੇ ਆਖਿਆ।

"ਸਾਲ ਛੀ ਮਹੀਨੇ ਤਾਂ ਦੇਖਦਿਆਂ ਵੀ ਲੱਗ ਜਾਣੇ ਨੇ, ਚੰਗੇ ਘਰ ਕਿਹੜਾ ਛੇਤੀ ਥਿਆ ਜਾਂਦੇ ਨੇ।"

ਇਸ ਤੋਂ ਪਿਛੋਂ ਬਾਬਾ ਜੀ ਨੇ ਚੰਗੇ ਘਰ ਬਾਰ ਟੋਲਣੇ ਸ਼ੁਰੂ ਕਰ ਦਿੱਤੇ। ਇਸ ਖ਼ਾਤਿਰ ਸੰਤਾ ਨਾਈ ਤੇ ਬਿਸ਼ਨਾ ਪਰੋਹਤ ਵੀ ਵਾਂਢੇ ਤੁਰੇ ਰਹਿੰਦੇ। ਵਾਪਸ ਆ ਕੇ ਬਾਬਾ ਜੀ ਨੂੰ ਪਤਾ ਸਤਾ ਦਿੰਦੇ। ਫਲਾਣੇ ਦੇ ਐਨੀ ਜ਼ਮੀਨ ਐ, ਐਨੇ ਮੁੰਡੇ ਨੇ, ਫਲਾਣਾ ਗੋਤ ਐ। ਫਲਾਣੇ ਫਲਾਣੇ ਥਾਂ ਰਿਸ਼ਤੇਦਾਰੀਆਂ ਨੇ। ਧੀਆਂ ਦੇ ਅਜਿਹੇ ਅਜਿਹੇ ਕਾਰਜ ਕੀਤੇ ਨੇ। ਸੁੱਚੀ ਕੁਲ ਐ। ਐਨਾ ਮੁੰਡੇ ਦਾ ਕੱਦ ਐ, ਐਹੋ ਜਾ ਰੰਗ ਐ। ਐਨਮੀ ਜਮਾਤ 'ਚ ਪੜ੍ਹਦੈ। ਐਡੀ ਅਗਲਿਆਂ ਦੀ ਹਵੇਲੀ ਐ। ਚੰਗੇ ਮਾਲਦਾਰ ਬੰਦੇ ਦੱਸੀਦੇ ਨੇ। ਐਨਾ ਕੁ ਵਿਆਹ ਤੇ ਖ਼ਰਚ ਕਰਨਾ ਪਊ ਆਦਿ।

ਇਹਨਾਂ ਸਾਰੀਆਂ ਗੱਲਾਂ ਬਾਰੇ ਬਾਬਾ ਜੀ ਵਿਚਾਰ ਕਰਦੇ। ਦਾਦੀ ਮਾਂ ਨੂੰ ਦਸਦੇ। ਆਪ ਦੇਖਣ ਜਾਂਦੇ। ਤੇ ਕਦੇ ਕਦੇ ਮੇਰੇ ਨਾਲ ਗੱਲਾਂ ਕਰਨ ਲੱਗ ਜਾਂਦੇ। "ਹੋਰਨਾਂ ਸਭਨਾਂ ਥਾਮਾਂ ਨਾਲੋਂ ਥਊਂ ਮੈਨੂੰ ਫਲਾਣਾ ਆਲਾ ਚੰਗਾ ਲਗਦੈ। ਬੱਸ ਇਕੋ ਗੱਲ ਐ ਮੁੰਡੇ ਦੀ ਮਾਂ ਦਾ ਸੁਭਾਅ ਚੰਗਾ ਨੀ। ਆਖਦੇ ਨੇ ਲੜਾਕੀ ਐ। ਉਂ ਮੁੰਡਾ ਨੇਕ ਐ, ਦੇਖਣ ਪਾਖਣ ਨੂੰ ਵੀ ਚੰਗੈ। ਪਿਓ ਤਸੀਲਦਾਰ ਐ। ਮੁੰਡਾ ਕਾਲਜ 'ਚ ਪੜ੍ਹਦੈ।"

"ਪਰ ਅੱਜ ਕੱਲ੍ਹ ਨੌਕਰ ਮੁੰਡੇ ਟੱਬਰਾਂ ਨੂੰ ਨਾਲ ਰੱਖਦੇ ਨੇ, ਮਾਂ ਦਾ ਫੇਰ ਕੀ ਐ ਜੇ ਤੱਤੇ ਸੁਭਾਅ ਦੀ ਵੀ ਐ?" ਦਾਦੀ ਮਾਂ ਨੇ ਦਲੀਲ ਦਿੱਤੀ ਸੀ।

"ਪਰ ਤੱਤੇ ਸੁਭਾਅ ਆਲੀ ਮਾਂ ਦਾ ਦੁੱਧ ਚੁੰਘ ਕੇ ਮੁੰਡਾ ਜਮਾਂਈ ਠੰਡੇ ਸੁਭਾਅ ਆਲਾ ਹੋਊ, ਇਹ ਕਿਮੇਂ ਕਹਿ ਸਕਦੇ ਆਂ।" ਬਾਬਾ ਜੀ ਨੇ ਆਖਿਆ।

"ਵੀਹ ਥਊਂ ਦੇਖੇ ਨੇ ਕੋਈ ਪਸਿੰਦ ਵੀ ਆਉਂਦੈ, ਹੋਰ ਕੀ ਰਾਜੇ ਦਾ ਕੌਰ ਟੋਲਣੈ" ਮਾਂ ਨੇ ਇਕ ਦਿਨ ਖਿੱਝ ਕੇ ਆਖਿਆ ਸੀ।

"ਛੋਟੀ ਲਈ ਤਾਂ ਇਕ ਦੋ ਥਊਂ ਜਚੇ ਨੇ, ਪਰ ਉਹ ਅਜੇ ਬਹੁਤੀ ਛੋਟੀ ਐ। ਵੱਡੀ ਲਈ ਨੀ ਕੋਈ ਜਚਿਆ, ਜਿੱਥੇ ਚਿੱਤ ਮੰਨੇ ਬਈ ਇਹ ਜਮਾਈ ਠੀਕ ਐ।"

"ਧੀ ਪੁੱਤ ਨੂੰ ਏਨਾ ਲਾਡਲਾ ਨੀ ਰੱਖੀਦਾ, ਮੈਂ ਕਹਿਨੀ ਆਂ ਅੱਗੇ ਕਿਸਮਤ ਖ਼ਬਰੇ ਕਿਹੋ ਜੀਐ, ਫੇਰ ਅਗਲੀ ਤੰਗ ਹੁੰਦੀ ਐ" ਦਾਦੀ ਮਾਂ ਆਖ ਰਹੀ ਸੀ।

"ਮੈਂ ਵਿਆਹੂੰਗਾਈ ਏਹੋਜੇ ਘਰ ਜਿਥੇ ਤੰਗ ਨਾ ਹੋਵੇ।"

"ਲੇਖਾਂ ਦਾ ਨੀ ਪਤਾ ਹੁੰਦਾ ਧੀ ਪੁੱਤ ਦਿਆਂ ਦਾ, ਮਾਪਾ ਤਾਂ ਹਰੇਕ ਈ ਚਾਹੁੰਦਾ ਹੁੰਦੈ ਧੀ ਪੁੱਤ ਸੁਖੀ ਰਹੇ।"

"ਮੈਂ ਚਾਹੁੰਨਾਂ ਏਹਦੇ ਨਉਂ ਕੁਸ਼ ਰੁਪਈਏ ਬੈਂਕ 'ਚ ਰੱਖ ਦਿਆਂ।"



Scanned by CamScanner

"ਏਉਂ ਨਾ ਕਰੀਂ ਜੀ, ਰੁਪਈਏ ਈ ਕਈ ਵਾਰੀ ਜਾਨ ਦਾ ਖੌਉ ਬਣ ਜਾਂਦੇ ਨੇ। ਅਗਲੇ ਰੁਪਈਆਂ ਖ਼ਾਤਿਰ ਜਾਨ ਗਮਾ ਦਿੰਦੇ ਨੇ" ਦਾਦੀ ਮਾਂ ਨੇ ਕਿਹਾ ਤਾਂ ਬਾਬਾ ਜੀ ਸੋਚੀਂ ਪੈ ਗਏ।

ਇਨ੍ਹੀਂ ਦਿਨੀਂ ਛੋਟੇ ਭੂਆ ਜੀ ਭਰੇ ਪੀਤੇ ਆ ਪਹੁੰਚੇ। ਆ ਕੇ ਆਖਣ ਲੱਗੇ, "ਬਾਪੂ ਜੀ ਤੁਹਾਨੂੰ ਆਪਣੀ ਪੋਤੀ ਦਾ ਬਹੁਤਾ ਖ਼ਿਆਲ ਐ ਮੇਰਾ ਤਾਂ ਨੀ ਭੋਰਾ ਵੀ। ਮੈਨੂੰ ਪਤਾ ਲੱਗਿਐ ਤੁਸੀਂ ਦੀਪ ਖ਼ਾਤਿਰ ਮੁੰਡਾ ਦੇਖਦੇ ਫਿਰਦੇ ਓ?"

"ਆਹੋ ਹੋਰ ਕੁੜੀਆਂ ਨੂੰ ਘਰੇ ਬਠਾਈ ਛੱਡਣੈਂ" ਬਾਬਾ ਜੀ ਬੋਲੇ।

"ਮੈਂ ਤੁਹਾਨੂੰ ਦੱਸਿਆ ਤਾਂ ਸੀ ਬਈ ਦੋ ਵਰ੍ਹੇ ਹੋਏ ਜਦੋਂ ਮੇਰੇ ਕੋਲ ਮਿਲਣ ਗਈ ਹੋਈ ਸੀ ਤਾਂ ਓਥੇ ਮੇਰੀ ਨਣਦ ਵੀ ਆਈ ਹੋਈ ਸੀ। ਦੇਖ ਕੇ ਆਖਣ ਲੱਗੀ, ਸਾਰੇ ਬੈਠੇ ਸੀ, ਅਖੇ ਭਾਬੀ ਏਸ ਤੇਰੀ ਭਤੀਜੀ ਦਾ ਤਾਂ ਮੈਂ ਆਪਣੇ ਮੁੰਡੇ ਨੂੰ ਸਾਕ ਲੈ ਲੈਣਾ ਐ। ਮੈਂ ਹਾਸੇ 'ਚ ਕਿਹਾ ਹੋਰ ਸਾਨੂੰ ਕੀ ਚਾਹੀਦੈ। ਤਾਂ ਆਖਣ ਲੱਗੀ ਚੰਗਾ ਫੇਰ ਅੱਜ ਤੋਂ ਇਹ ਸਾਡੀ ਹੋਈ।...ਓਦੋਂ ਤਾਂ ਇਹ ਗੱਲ ਆਈ ਗਈ ਹੋ ਗਈ, ਪਰ ਪਿਛਲੇ ਸਾਲ ਜਦੋਂ ਉਹ ਕੋਠੇ ਤੋਂ ਡਿੱਗ ਕੇ ਮਰ ਗਈ ਤਾਂ ਸਾਰਾ ਟੱਬਰ ਆਖਦੈ ਬਈ ਅਸੀਂ ਚਾਹੁੰਨੇ ਆਂ ਓਸ ਦੇ ਬੋਲ ਪੁਗਾਏ ਜਾਣ, ਜਾ ਕੇ ਆਪਣੇ ਬਾਪੂ ਜੀ ਨੂੰ ਆਖ ਦੀਪ ਦਾ ਰਿਸ਼ਤਾ ਬੀਬੀ ਦੇ ਮੁੰਡੇ ਨੂੰ ਕਰ ਦੇਵੇ।"

ਬਾਬਾ ਜੀ ਨੇ ਕੋਈ ਹੁੰਗਾਰਾ ਨਾ ਭਰਿਆ।

"ਹੋਰ ਥੋਨੂੰ ਚਾਹੀਦਾ ਵੀ ਕੀ ਐ, ਹਜ਼ਾਰ ਵਿਘੇ ਘਰ ਦੀ ਝੋਟੇ ਦੇ ਸਿਰ ਅਰਗੀ ਜ਼ਮੀਨ ਐ। ਮੇਰੇ ਸਹੁਰੇ ਨੇ ਕੋਈ ਛੋਟਾ ਮੋਟਾ ਘਰ ਥੋੜ੍ਹੋ ਦੇਖਿਆ ਸੀ। ਬਾਕੀ ਥੋਨੂੰ ਪਤਾ ਈ ਐ ਉਹਨਾਂ ਨੇ ਗਹਾਂ ਆਪਣੀ ਕੁੜੀ ਮੇਰਾ ਮਤਲਬ ਐ ਮੁੰਡੇ ਦੀ ਭੂਆ ਪਮਾਲ ਆਲੇ ਮਹਿੰਦਰ ਸਿਉਂ ਨੂੰ ਵਿਆਹੀ ਸੀ, ਜਿਸ ਦੇ ਕਈ ਪਿੰਡ ਨੇ। ਹੁਣ ਤਾਂ ਮਰ ਗਿਆ। ਜੈਦਾਦ ਦਾ ਸਾਰੀ ਦਾ ਕੋਰਟ ਹੋਇਆ ਹੋਇਐ।"

ਬਾਬਾ ਜੀ ਫੇਰ ਵੀ ਚੁੱਪ ਸਨ।

"ਮੈਨੂੰ ਤਾਂ ਅਗਲਿਆਂ ਭੇਜਿਐ ਬਈ ਰੁਪਈਆ ਫੜ ਲਿਆ।"

"ਤੂੰ ਬਲਦੇਵ ਕੁਰੇ ਕਮਲੀ ਹੋਗੀ। ਧੀਆਂ ਦੇ ਸਾਕ ਕਿਤੇ ਇਉਂ ਕੀਤੇ ਜਾਂਦੇ ਹੁੰਦੇ ਨੇ। ਠੀਕ ਐ ਉਹ ਤਕੜੇ ਸਰਦਾਰ ਨੇ ਪਰ ਮਾਂ ਮੁੰਡੇ ਦੇ ਹੈਗੀ ਨੀ ਤੇ ਪਿਓ ਸ਼ਰਾਬੀ ਐ। ਓਸ ਘਰ ਮੈਂ ਆਪਣੀ ਪੋਤੀ ਵਿਆਹ ਦਿਆਂ? ਖੂਹ 'ਚ ਨੀ ਧੱਕਾ ਦੇਦੂੰ ਏਦੂੰ ਮੈਂ" ਬਾਬਾ ਜੀ ਨੇ ਤਲਖ ਹੋ ਕੇ ਆਖਿਆ।

"ਚੰਗਾ ਸਗੋਂ ਸੱਸ ਜੇ ਨਹੀਂ ਹੈਗੀ, ਕੁੜੀ ਜਾਂਦਿਓ ਕਾਰ ਮੁਖਤਿਆਰ ਹੋਜੂ ਘਰ ਦੀ। ਨਹੀਂ, ਦਸ ਦਸ ਸਾਲ ਤਾਂ ਬੁੜ੍ਹੀਆਂ ਪੈਰ ਈ ਨੀ ਲੱਗਣ ਦਿੰਦੀਆਂ। ਦੂਜਾ ਜੇ ਕਿਸੇ ਦੇ ਘਰ ਕੁਸ਼ ਹੋਊ ਓਹੀ ਸ਼ਰਾਬ ਪੀਊ। ਬਾਕੀ ਕਿਹੜਾ ਸਰਦਾਰ ਨੀ ਸ਼ਰਾਬ ਪੀਂਦਾ, ਕੋਈ ਥੋੜ੍ਹੀ ਕੋਈ ਬਹੁਤੀ, ਪੀਂਦੇ ਤਾਂ ਸਾਰੇ ਈ ਨੇ।" ਭੂਆ ਜੀ ਦਲੀਲਾਂ ਦੇ ਰਹੇ ਸਨ।

"ਤੇ ਮੁੰਡਾ ਦਸਮੀ 'ਚੋਂ ਫੇਲ੍ਹ ਹੋਇਐ, ਹੈ ਨਾ?" ਬਾਬਾ ਜੀ ਨੇ ਆਖਿਆ।

"ਜੇ ਫੇਲ੍ਹ ਹੋਇਐ ਤਾਂ ਕੀ ਐ" ਅਗਲੇ ਸਾਲ ਪਾਸ ਹੋਜੂ। ਨਾਲੇ ਪੜ੍ਹ ਕੇ ਉਸ ਨੇ ਕੀ ਕਰਨੈ। ਮਾਰ ਘਰ ਲਾਈ ਨੀ ਲਗਦੀ। ਲੁਦੇਆਣੇ ਬੱਸਾਂ ਚਲਦੀਆਂ ਨੇ। ਪੰਜ ਪੰਜ ਚਾਰ ਚਾਰ ਸੌ ਦੇ ਤਾਂ ਉਹਨਾਂ ਡਰੈਵਰ ਰੱਖੇ ਹੋਏ ਨੇ।"



Scanned by CamScanner

"ਮੈਂ ਤਾਂ ਤੈਨੂੰ ਸੌ ਦੀ ਇਕੋ ਗੱਲ ਸੁਣਾ ਤੀ, ਬਈ, ਭਾਮੇਂ ਰਹੋ ਰਾਜੀ ਭਾਮੇਂ ਰਹੋ ਗੁੱਸੇ ਮੈਂ ਉਥੇ ਰਿਸ਼ਤਾ ਨੀ ਕਰਨਾ" ਆਖ ਬਾਬਾ ਜੀ ਉਥੋਂ ਉੱਠ ਕੇ ਤੁਰ ਗਏ।

ਭੂਆ ਜੀ ਮਾਂ ਕੋਲ ਬੈਠੇ ਕਿੰਨਾ ਹੀ ਚਿਰ ਗੱਲਾਂ ਕਰਦੇ ਰਹੇ ਤੇ ਰੋਂਦੇ ਵੀ ਰਹੇ।

ਪਰ ਮਾਂ ਨੇ ਆਖਿਆ, "ਜੋ ਉਹਦੇ ਜੀ 'ਚ ਐ ਉਹੀ ਕਰੂ, ਬਾਪੂ ਜੀ ਥੋਡਾ, ਮੇਰੀ ਕੀ ਵੱਟੀਂਦੀਐ।"

ਤੇ ਆਥਣੇ ਦਾਦੀ ਮਾਂ ਨੇ ਫੇਰ ਬਾਬਾ ਜੀ ਨਾਲ ਗੱਲ ਤੋਰੀ "ਮਖਾਂ ਗਲਾਬਕੁਰ ਦੇ ਬਾਪੂ ਜੀ, ਬੰਦੇ ਦੇਖੇ ਭਾਲੇ ਨੇ ਕਿਸੇ ਅਣੋਬੜ ਦਾ ਕੀ ਪਤਾ ਹੁੰਦੈ ਵਿਚੋਂ ਅਗਲਾ ਕਿਹੋ ਜਿਹਾ ਐ, ਨਾਲੇ ਅਗਲੇ ਬਲਦੇਵ ਕੁਰ ਨਾਲ ਨਾ ਔਖੇ ਭਾਰੇ ਹੋਣ, ਆਖਿਰ ਰੂੜੀ ਦਾ ਕੂੜਾ ਤਾਂ ਰੂੜੀ ਸੁਟਣਾਈ ਐ, ਕੁੜੀ ਨੂੰ ਵਿਆਉਣਾ ਤਾਂ ਹੈਈ।"

"ਤੂੰ ਮੈਨੂੰ ਮੱਤਾਂ ਦਿੰਨੀਐਂ....ਕਹਿਦੇ ਬਲਦੇਵਕੁਰ ਨੂੰ ਮੈਂ ਨੀ ਓਥੇ ਸਾਕ ਕਰਨਾ। ਥੋਨੂੰ ਕੀ ਪਤੈ ਮੁੰਡੇ ਦੀ ਮਾਂ ਕੋਠੇ ਤੋਂ ਚਾਣਚੱਕ ਡਿੱਗ ਕੇ ਮਰੀ ਐ ਜਾਂ ਆਪ ਮਾਰੀ ਐ?" ਬਾਬਾ ਜੀ ਨੇ ਤਿਊੜੀਆਂ ਪਾ ਕੇ ਕਿਹਾ।

"ਲੈ ਹੈ ਜੀ, ਕੀ ਗੱਲਾਂ ਕਰਦੇ, ਇਹ ਗੱਲ ਤਾਂ ਸਾਰੇ ਜੱਗ ਨੂੰ ਪਤੈ ਬਈ ਸਲਵਾਰ ਦੀ ਮੂਹਰੀ 'ਚ ਪੈਰ ਫਸ ਗਿਆ ਤੇ ਉਹ ਕੋਠੇ ਤੋਂ ਡਿਗਪੀ ਤੇ ਮਰਗੀ।"

"ਸਾਰੇ ਜੱਗ ਨੂੰ ਤਾਂ ਉਹੀ ਪਤੈ ਨਾ ਜੋ ਓਹਨਾਂ ਦੱਸਿਐ।"

"ਲੈ ਜੀ ਕੋਈ ਗੱਲ ਹੁੰਦੀ ਪੰਜ ਭਰਾ ਸੀ ਅਗਲੀ ਦੇ ਜੀਊਂਦਿਆਂ ਛੱਡਦੇ?"

"ਰਹਿਣ ਦੇ ਤੂੰ ਸਭ ਗੱਲਾਂ ਮੈਂ ਜਾਣਦਾਂ ਸਰਦਾਰਾਂ ਦੇ ਘਰਾਂ 'ਚ ਜੋ ਹੁੰਦੈ। ਮੈਂ ਤਾਂ ਸਾਕ ਕਿਸੇ ਚੰਗੀ ਨੌਕਰੀ ਆਲੇ ਮੁੰਡੇ ਨੂੰ ਕਰਨੈ। ਬਾਕੀ ਬਲਦੇਵਕੁਰ ਨੂੰ ਆਖਦੇ ਬਈ ਪਰਾਹੁਣੇ ਨੂੰ ਨਾ ਭੇਜੇ ਏਸ ਕੰਮ ਖਾਤਿਰ। ਫੇਰ ਅਗਲਾ ਕਹੂਗਾ ਮੇਰੀ ਰੱਖੀ ਨੀ। ਇਹ ਗੱਲ ਤੀਹੋਕਾਲ ਨੀ ਹੋਣੀ" ਬਾਬਾ ਜੀ ਨੇ ਫੈਸਲਾ ਸੁਣਾ ਦਿੱਤਾ।

ਭੂਆ ਜੀ ਰੋਂਦੇ ਵਾਪਸ ਚਲੇ ਗਏ।

"ਛੇਤੀ ਕਿਤੇ ਗੱਲ ਪੱਕੀ ਹੋ ਜਾਵੇ ਤਾਂ ਚੰਗੈ, ਏਸ ਕਲੱਛਣੇ ਟੱਬਰ ਨੇ ਮੈਨੂੰ ਦੁਖੀ ਕਰ ਮਾਰਿਐ" ਬਾਬਾ ਜੀ ਬਹੁਤ ਫਿਕਰਮੰਦ ਹੋ ਕੇ ਆਖ ਰਹੇ ਸਨ।

ਉੱਪਰ ਬਿਸ਼ਨਾ ਪਰੋਹਤ ਆਖ ਰਿਹਾ ਸੀ ਕੋਈ ਉਪਾਉ ਕਰਲੋ ਸਤਵਾਹ ਦਾ ਇਉਂ ਅੱਧ ਵਿਚਾਲੇ ਰਹਿ ਜਾਣਾ ਚੰਗਾ ਨਹੀਂ ਹੁੰਦਾ। ਸਾੜ੍ਹਸਤੀ ਬਲ ਕਰ ਰਹੀ ਐ।

ਬੀਬੀ ਆਖਦੀ "ਜੁਆਕਾਂ ਦੀ ਰੱਬ ਮੰਨ ਲੈਂਦੈ, ਤੂੰ ਦੀਪ ਅਰਦਾਸ ਕਰਿਆ ਕਰ ਰੱਬ ਤੈਨੂੰ ਇਕ ਵੀਰ ਦੇ ਦੇਵੇ ਨਹੀਂ ਤਾਂ ਇੰਦੋ ਦੇ ਮੁੰਡੇ ਤੇਰੇ ਬਾਪੂ ਜੀ ਨੂੰ ਮਾਰ ਦੇਣਗੇ ਜ਼ਮੀਨ ਸਾਂਭਣ ਖਾਤਿਰ। ਇੰਦੋ ਤਾਂ ਆਪ ਉਹਨਾਂ ਨੂੰ ਆਖ ਦਿੰਦੀਐ "ਵੇ ਰੁੜ੍ਹ ਜਾਣਿਓ ਇਕ ਜਣਾ ਮਾਰ ਦੇਵੋਂ ਕਾਕੇ ਨੂੰ ਬਾਕੀ ਚਾਰ ਓਸ ਦੀ ਢੇਰੀ ਸਾਂਭ ਲਿਓ।" ਇਹ ਤਾਂ ਬਾਬਾ ਜੀ ਤੋਂ ਡਰਦੇ ਨੇ ਕਟੀ ਕੋਹਲੂ ਥਾਣੀਂ ਪਿੜਵਾ ਦੂ ਸਾਰੇ ਟੱਬਰ ਨੂੰ, ਨਹੀਂ ਹੁਣ ਥਾਈਂ ਉਹਨਾਂ ਨੇ ਛੱਡਣਾ ਸੀ ਤੇਰੇ ਬਾਪੂ ਜੀ ਨੂੰ।"

"ਪਰ ਬਾਪੂ ਜੀ ਕੋਲ ਬੰਦੂਕ ਹੁੰਦੀ ਐ, ਪਸਤੌਲ ਐ ਉਹ ਮਾਰ ਕਿਵੇਂ ਦੇਣਗੇ?" ਮੈਂ ਆਖਿਆ ਸੀ।

"ਨਹੀਂ ਐਉਂ ਸਾਹਮਣੇ ਆਏ ਤਾਂ ਉਹ ਦਸਾਂ ਬੰਦਿਆਂ ਨੂੰ ਨੀ ਬਿਦਦੇ, ਸਿਰ ਭਿੜਾ ਕੇ ਈ ਮਾਰ ਦੇਣ ਦੋਂਹ ਚੌਂਹ ਨੂੰ। ਪਰ ਜੇ ਅਗਲਿਆਂ ਨੇ ਨ੍ਹੇਰੇ ਸਵੇਰੇ ਵੇਲਾ ਕੁਵੇਲਾ



Scanned by CamScanner

ਤਕਾ ਕੇ ਮਾਰ ਕੀਤੀ ਫੇਰ ਨੀ ਕੁਸ਼ ਬਣਨਾ। ਮੈਂ ਤਾਂ ਹਰ ਵੇਲੇ ਸੁਖਾਂ ਸੁਖਦੀ ਰਹਿਨੀਆਂ ਬਈ ਬਾਬਾ ਨਾਨਕ ਓਹਨਾਂ ਦੇ ਅੰਗ ਸੰਗ ਸਹਾਈ ਹੋਵੇ।"

"ਬਾਬਾ ਨਾਨਕ ਨੀ ਗੁਰੂ ਗੋਬਿੰਦ ਸਿੰਘ ਆਖਿਆ ਕਰ, ਉਹਨਾਂ ਕੋਲ ਤਾਂ ਤਲਵਾਰ ਵੀ ਹੁੰਦੀ ਐ।" ਮੈਂ ਜਦੋਂ ਆਖਿਆ ਉਹ ਹੱਸ ਪਈ, ਬੋਲੀ ਏਸ ਘਰ ਦੇ ਸਾਰੇ ਈ ਜੀਆਂ 'ਚ ਖਬਰਨੀ ਏਨੀ ਅਕਲ ਕਿਥੋਂ ਆਗੀ, ਮੈਨੂੰ ਤਾਂ ਇਹ ਸੁੱਝਿਆਈ ਨੀ ਸੀ ਬਈ ਤੇਰੇ ਬਾਪੂ ਜੀ ਦੀ ਰੱਖਿਆ ਕਰਨ ਲਈ ਗੁਰੂ ਨਾਨਕ ਦੀ ਥਾਂ ਗੁਰੂ ਗੋਬਿੰਦ ਨੂੰ ਆਖਾਂ।

ਤੇ ਕੁਝ ਹੀ ਦਿਨਾਂ ਮਗਰੋਂ ਐਰ-ਵੈਰ ਮਿਲਦਿਆਂ ਰੋੜੂ ਛੀਂਬਾ ਨੱਠਿਆ ਆਇਆ "ਅੰਮਾ ਲੜਾਈ ਹੋਪੀ ਸੱਥ 'ਚ।"

ਘਰ ਦੇ ਸਾਰੇ ਜੀ ਬਾਹਰ ਨੂੰ ਨੱਠੇ। ਗੱਲ ਇਹ ਹੋਈ ਕਿ ਨਿੱਕਾ ਜਿਹਾ ਡੰਡੋਰਕਾ ਹੱਥ 'ਚ ਫੜੀ ਬਾਪੂ ਜੀ ਨਿਆਈਂ ਵਾਲੇ ਖੇਤ ਕੰਨੀ ਗੇੜਾ ਮਾਰ ਕੇ ਘਰ ਨੂੰ ਆ ਰਹੇ ਸਨ। ਇੰਦੋ ਦੇ ਮੁੰਡਿਆਂ 'ਚੋਂ ਇਕ ਨੇ ਮਗਰੋਂ ਸਿਰ 'ਚ ਗੰਡਾਸਾ ਮਾਰਨ ਦੀ ਕੋਸ਼ਿਸ਼ ਕੀਤੀ ਪਰ ਨਸ਼ਾਨਾ ਖੁੰਝ ਜਾਣ ਕਰਕੇ ਉਹ ਮੌਰਾਂ 'ਚ ਆ ਵਜਿਆ। ਸੁਆਟਰ ਕੁੜਤਾ ਕੱਟ ਕੇ ਗੰਡਾਸੇ ਨੇ ਜਖਮ ਕਰ ਦਿੱਤਾ ਸੀ। ਪਰ ਲਗਦੇ ਹੱਥ ਬਾਪੂ ਜੀ ਨੇ ਭਉਂ ਕੇ ਗੰਡਾਸਾ ਖੋਹ ਲਿਆ। ਇੰਨੇ ਨੂੰ ਇੰਦੋ ਦੇ ਦੂਜੇ ਮੁੰਡੇ ਡਾਂਗਾਂ ਕਿਰਪਾਨਾਂ ਨਾਲ ਟੁੱਟ ਪਏ। ਬਾਪੂ ਜੀ ਨੇ ਉਸੇ ਗੰਢਾਸੇ ਦੇ ਪੁੱਠੇ ਪਾਸੇ ਨਾਲ ਦੋ ਤਿੰਨਾਂ ਨੂੰ ਝੰਬਿਆ। ਕੁੱਝ ਸੱਟਾਂ ਉਹ ਹੋਰ ਮਾਰ ਗਏ। ਇੰਨੇ ਨੂੰ ਹੋਰ ਲੋਕ ਵੀ ਭੱਜੇ। ਬਾਪੂ ਜੀ ਚੱਕਰ ਖਾ ਕੇ ਡਿੱਗ ਪਏ। ਇੰਦੋ ਦੇ ਭੱਜੇ ਜਾਂਦੇ ਮੁੰਡੇ ਮੁੜੇ ਬਈ ਮਾਰ ਚੱਲੀਏ। ਪਰ ਏਨੇ ਨੂੰ ਰੋਂਦੀ ਪਿਟਦੀ ਮਾਂ ਬਾਪੂ ਜੀ ਉਪਰ ਜਾ ਡਿੱਗੀ। ਲੋਕਾਂ ਨੇ ਇੰਦੋ ਦੇ ਮੁੰਡਿਆਂ ਨੂੰ ਰੋਕ ਲਿਆ। ਬਾਪੂ ਜੀ ਸੱਟਾਂ ਲੱਗੀਆਂ ਲਗਾਈਆਂ, ਖੂਨ ਵਗਦੇ ਵਗਦੇ ਫਿਰ ਉੱਠੇ, ਕਚੀਚੀ ਵੱਟ ਕੇ, ਗਾਲ੍ਹ ਕੱਢ ਕੇ ਇੰਦੋ ਦੇ ਮੁੰਡਿਆਂ ਨੂੰ ਲਲਕਾਰਿਆ ਪਰ ਲੋਕਾਂ ਫੜ ਲਏ।"

ਫਿਰ ਗੱਡਾ ਜੋੜ ਕੇ ਬਾਪੂ ਜੀ ਨੂੰ, ਅੱਧਾ ਪਿੰਡ ਕੱਠਾ ਹੋ ਕੇ, ਮਲੋਦ ਹਸਪਤਾਲ ਵਿਚ ਲੈ ਕੇ ਗਏ।

ਸਵੇਰ ਤੀਕ ਪੁਲਿਸ ਲੈ ਕੇ ਫੁੱਫੜ ਜੀ ਆ ਪਹੁੰਚੇ। ਪਰ ਬਾਪੂ ਜੀ ਆਖਦੇ ਸਨ, ਕੇਸ ਪੁਲਿਸ ਨੂੰ ਨਹੀਂ ਦੇਣਾ, ਮੈਂ ਆਪਈ ਸਮਝ ਲਊਂ, ਸਾਲਿਆਂ ਦੀ ਇਹ ਹਿੰਮਤ।

ਬਾਬਾ ਜੀ ਆਖਦੇ ਸਨ ਮੇਰਾ ਚਾਹੇ ਕੁਸ਼ ਲਗਜੇ, ਸਾਰਿਆਂ ਨੂੰ ਉਮਰ ਕੈਦ ਨਾ ਕਰਵਾਈ ਮੇਰਾ ਨਉਂ ਹਜ਼ੂਰਾ ਸਿੰਘ ਨਹੀਂ। ਪਰ ਬਾਪੂ ਜੀ ਬਾਬਾ ਜੀ ਨਾਲ ਲੜ ਪਏ, ਆਖਣ ਕੇਸ ਪੁਲਿਸ ਨੂੰ ਨਹੀਂ ਦੇਣਾ।

ਇੰਦੋ ਦੇ ਪੁੱਤਰਾਂ ਨੂੰ ਵੀ ਸੱਟਾਂ ਲੱਗੀਆਂ ਸਨ। ਪਰ ਉਹਨਾਂ ਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਪੁਲਿਸ ਵਿਚ ਰਿਪੋਰਟ ਨਹੀਂ ਲਿਖਾਈ ਗਈ।

ਦਸਾਂ ਕੁ ਦਿਨਾਂ ਮਗਰੋਂ ਬਾਪੂ ਜੀ ਘਰ ਆ ਗਏ। ਘਰ ਵੜਨ ਤੋਂ ਪਹਿਲਾਂ ਉਹਨਾਂ ਇੰਦੋ ਨੂੰ ਆਖਿਆ, "ਇੰਦੋ ਤੇਰੇ ਮੁੰਡਿਆਂ ਨੇ ਤਾਂ ਲੁਕ ਕੇ ਵਾਰ ਕੀਤਾ ਸੀ, ਮੈਂ ਸਾਹਮਣੇ ਆਖਦਾਂ ਬਈ ਖਾ ਪੀ ਲਓ ਜੋ ਖਾਣਾ ਪੀਣਾ ਐ, ਨਾਲੇ ਤਿਆਰ ਹੋਜੋ।"

ਫੇਰ ਕੀ ਸੀ ਇੰਦੋ ਤਾਈ ਨੇ ਸਾਰੇ ਸਾਕ ਨਾਤੇ ਇਕੱਠੇ ਕਰ ਲਏ। ਮੁੰਡਿਆਂ ਨੂੰ ਨਾਲ ਲੈ ਕੇ ਬਾਪੂ ਜੀ ਦੇ ਪੈਰੀਂ ਝੋਨਾ ਜਾ ਧਰਿਆ। "ਤੂੰ ਬੇਸ਼ੱਕ ਜੁੱਤੀਆਂ ਮਾਰ ਲੈ, ਤੇਰੇ ਕੋਲ ਲਿਆਂਦੇ ਪਰ ਦਿਲ 'ਚ ਨਾ ਗੱਲ ਰੱਖੀਂ।" ਪਹਿਲੇ ਬਾਪੂ ਜੀ ਨੂੰ ਗੁੱਸਾ ਚੜ੍ਹਿਆ ਕਿ ਕੀ



Scanned by CamScanner

ਖ਼ੇਖਨ ਕਰਦੀਐ, ਫੇਰ ਮੁੰਡਿਆਂ ਨੂੰ ਆਖਣ ਲੱਗੇ, "ਸਾਲਿਓ ਜਦ ਆਪਣੀ ਮਾਂ ਨੂੰ ਈ ਨਾਲ ਲੈ ਆਇਓਂ ਫੇਰ ਮੈਂ ਕੀ ਆਖਣੈਂ।" ਤੇ ਆਥਣੇ ਉਹਨਾਂ ਦੇ ਘਰ ਇੰਦੋ ਤੋਂ ਲੈ ਕੇ ਦੁੱਧ ਵੀ ਪੀ ਆਏ। ਦਾਦੀ ਮਾਂ ਬਖੇਰਾ ਲੜੀ ਬਈ ਉਸ ਨੇ ਦੁੱਧ ਵਿਚ ਈ ਕੁਸ਼ ਦੇ ਕੇ ਮਾਰ ਦੇਣੈ।

ਕੁਝ ਦਿਨਾਂ ਮਗਰੋਂ ਗਰਮੀ ਦੀਆਂ ਛੁੱਟੀਆਂ ਮੁੱਕ ਗਈਆਂ ਤੇ ਭੂਆ ਜੀ ਜਾ ਕੇ ਮੈਨੂੰ ਪਿੰਡੋਂ ਲੈ ਆਏ ਪਰ ਦੋ ਕੁ ਦਿਨਾਂ ਮਗਰੋਂ ਸੁਨੇਹਾ ਆ ਗਿਆ ਬਾਬਾ ਜੀ ਬਿਮਾਰ ਨੇ। ਫੁੱਫੜ ਜੀ ਤੇ ਬੇਜੀ ਖ਼ਬਰ ਨੂੰ ਗਏ ਨਾਲ ਡਾਕਟਰ ਵੀ ਲੈ ਕੇ ਗਏ। ਮੈਂ ਜ਼ਿੱਦ ਕੀਤੀ ਮੈਂ ਵੀ ਜਾਣੈ। ਬਾਬਾ ਜੀ ਏਡੇ ਬੀਮਾਰ ਤਾਂ ਨਹੀਂ ਸਨ ਫਿਰ ਵੀ ਮੁੜਦਿਆਂ ਨੂੰ ਉਹਨਾਂ ਨੇ ਬੇਜੀ ਤੇ ਫੁਫੜ ਜੀ ਨੂੰ ਆਖਿਆ ਅਲਮਾਰੀ 'ਚ ਕਾਲੇ ਟਰੰਕ 'ਚ ਕੁਝ ਜ਼ਰੂਰੀ ਕਾਗਜ਼ ਨੇ ਉਹ ਤੁਸੀਂ ਨਾਲ ਲੈ ਜੋ।

"ਲੈ ਹੈ ਬਾਪੂ ਜੀ ਐਉਂ ਨੀ ਥੋਨੂੰ ਕੁਸ਼ ਹੁੰਦਾ, ਪਰਸੋਂ ਨੂੰ ਅਸੀਂ ਫੇਰ ਆਏ ਤੁਹਾਡੀ ਖ਼ਬਰ ਨੂੰ" ਬੇਜੀ ਨੇ ਆਖਿਆ।

ਪਰ ਪਰਸੋਂ ਤੱਕ ਬੰਦਾ ਆ ਗਿਆ ਕਿ ਬਾਬਾ ਜੀ ਪੂਰੇ ਹੋ ਗਏ ਨੇ।

## 9

ਬਾਬਾ ਜੀ ਦੇ ਸਸਕਾਰ ਵੇਲੇ ਬੇਜੀ ਤੇ ਫੁਫੜ ਜੀ ਹੀ ਪਿੰਡ ਗਏ, ਮੈਨੂੰ ਨਾਲ ਨਹੀਂ ਲੈ ਕੇ ਗਏ। ਪਿਛੋਂ ਮੈਂ ਆਪਣੇ ਕਮਰੇ 'ਚ ਬੈਠੀ ਬਹੁਤ ਰੋਂਦੀ ਰਹੀ। ਇਕ ਵਾਰੀ ਖਿਆਲ ਆਇਆ, ਬਾਬਾ ਜੀ ਨੂੰ ਚਿੱਠੀ ਲਿਖਾਂਗੀ ਕਿ ਬੇਜੀ ਮੈਨੂੰ ਨਾਲ ਨਹੀਂ ਲਿਆਏ, ਫਿਰ ਖਿਆਲ ਆ ਗਿਆ ਬਾਬਾ ਜੀ ਤਾਂ ਮਰ ਗਏ ਨੇ, ਹੁਣ ਤੱਕ ਤਾਂ ਉਹਨਾਂ ਨੂੰ ਜਲਾ ਵੀ ਦਿੱਤਾ ਹੋਣਾ ਏ।

"ਆ ਗੁਰਦਵਾਰੇ ਚੱਲਣੈ ? ਮੈਂ ਤੇ ਹਰਬੰਸ ਚੱਲੀਆਂ" ਤਾਏ ਜੈਮਲ ਦੀ ਵਹੁਟੀ ਤਾਈ ਗੁਰਨਾਮ ਨੇ ਮੇਰੇ ਕੋਲੋਂ ਪੁੱਛਿਆ। ਹਰਬੰਸ ਸਿਰਥਲੇ ਵਾਲੇ ਜ਼ੈਲਦਾਰ ਤੇ ਬਾਬਾ ਜੀ ਦੇ ਪੱਗਵਟ ਦੋਸਤ ਦੀ ਧੀ ਸੀ, ਜਿਸ ਦਾ ਸਾਕ ਬੇਜੀ ਆਪਣੇ ਜੇਠ ਦੇ ਲੜਕੇ ਗੁਰਦਿਆਲ ਲਈ ਲੈ ਆਏ ਸਨ। ਗੁਰਦਿਆਲ ਦਾ ਪਿਓ ਫੁੱਫੜ ਜੀ ਦੇ ਭਾਈ ਸ਼ਰੀਕਾਂ ਨੇ ਵੱਢ ਦਿੱਤਾ ਸੀ। ਉਦੋਂ ਗੁਰਦਿਆਲ ਨੂੰ ਵੱਡੇ ਬੇਜੀ ਨੇ ਗੋਦ ਲੈ ਲਿਆ ਸੀ। ਪੜ੍ਹਾ ਕੇ ਨੌਕਰ ਕਰਵਾ ਕੇ ਵਿਆਹ ਦਿੱਤਾ। ਆਖਦੇ ਨੇ ਪਹਿਲੀ ਵਹੁਟੀ ਉਸ ਦੀ ਅਵਤਾਰ ਕੌਰ ਪਰੀਆਂ ਵਰਗੀ ਸੀ, ਉਸ ਦੇ ਮਰਨ ਮਗਰੋਂ ਹਰਬੰਸ ਵਿਆਹੀ। ਪੰਜ ਭਰਾ ਕੜੀਆਂ ਵਰਗੇ ਤੇ ਜ਼ੈਲਦਾਰ ਦੀ ਧੀ, ਨਾਲੇ ਗੁਰਦਿਆਲ ਦਾ ਦੂਜਾ ਵਿਆਹ। ਪਰ ਹੁਣ ਉਹ ਬਹੁਤ ਸ਼ਰਾਬ ਪੀਣ ਲੱਗ ਪਿਆ ਸੀ। ਸ਼ਰਾਬ ਪੀ ਕੇ ਉਰਦੂ ਦੇ ਸ਼ੇਅਰ ਗਾਉਂਦਾ ਅਵਤਾਰਕੁਰ ਨੂੰ ਯਾਦ ਵੀ ਕਰਦਾ ਰਹਿੰਦਾ।

ਮੈਂ ਗੁਰਨਾਮ ਤਾਈ ਤੇ ਹਰਬੰਸ ਨਾਲ ਗੁਰਦਵਾਰੇ ਜਾਣ ਤੋਂ ਸਿਰ ਫੇਰ ਦਿੱਤਾ।

"ਅਸੀਂ ਗੁਰਦਵਾਰੇ ਚਲੀਆਂ ਦੀਪ ਘਰੇਈਐ ਕੱਲੀ" ਜਾਂਦੀ ਜਾਂਦੀ ਤਾਈ ਗੁਰਨਾਮ ਗੁਰਦਿਆਲ ਭਰਾ ਜੀ ਨੂੰ ਦੱਸ ਕੇ ਗਈ।

ਬਿੰਦ ਕੁ ਮਗਰੋਂ ਸ਼ਰਾਬ ਨਾਲ ਰੱਜੇ ਉਹ ਮੇਰੇ ਕਮਰੇ ਵਿਚ ਆਏ।

"ਮੇਰੀ ਨਿੱਕੀ ਜੀ ਭੈਣ ਆਈ ਲਵ ਯੂ" ਆਖ ਉਨ੍ਹਾਂ ਨੇ ਜੜਾਊ ਮੂੰਗੇ ਮੋਤੀਆਂ ਵਾਲੀਆਂ ਅੰਗੂਠੀਆਂ ਵਾਲਾ ਹੱਥ ਜਦੋਂ ਮੇਰੇ ਸਿਰ ਤੇ ਰੱਖਿਆ ਤਾਂ ਕਿਸੇ ਅਨਜਾਣੇ ਭੈਅ ਨਾਲ ਮੈਂ ਤ੍ਰਬਕ ਗਈ।



Scanned by CamScanner

"ਡਰਦੀ ਕਿਉਂ ਐ ਯੂ ਆਰ ਮਾਈ ਡਾਰਲਿੰਗ ਸਿਸਟਰ ਰੋਂਦੀ ਕਿਉਂ ਐਂ? ਉਹੋ ਨਾਨਾ ਜੀ ਮਰਗੇ ਇਸ ਲਈ? ਹੀ ਵਾਜ਼ ਏ ਗਰੇਟ ਮੈਨ। ਚੱਲ ਮੇਰੇ ਕਮਰੇ 'ਚ ਚੱਲ ਕੇ ਬੈਠੀਏ" ਉਨ੍ਹਾਂ ਨੇ ਮੇਰੇ ਸਿਰ ਤੋਂ ਮੋਢਿਆਂ ਤੇ ਮੋਢਿਆਂ ਤੋਂ ਪਿੱਠ ਤੱਕ ਹੱਥ ਫੇਰਦਿਆਂ ਆਖਿਆ।

"ਗੁਰਦਿਆਲ ਭਰਾ ਜੀ ਥੋਨੂੰ ਕੋਈ ਬਾਹਰ ਆਵਾਜ਼ਾਂ ਮਾਰ ਰਿਹੈ?" ਮੈਂ ਝੂਠ ਮੂਠ ਹੀ ਆਖਿਆ।

"ਨੋ ਨੋ ਕੋਈ ਸਾਲਾ ਮੈਨੂੰ ਆਵਾਜ਼ ਨਹੀਂ ਦੇ ਸਕਦਾ, ਮੈਂ ਆਪਨੀ ਗੁਡੀਆ ਬਹਿਨ ਕੋ ਜਾਨ ਸੇ ਵੀ ਜ਼ਿਆਦਾ ਪਿਆਰ ਕਰਦਾ ਹੂੰ...."

ਇੰਨੇ ਨੂੰ ਹਰਬੰਸ ਕਾਹਲੀ ਨਾਲ ਅੰਦਰ ਆਈ ਤੇ ਬੋਲੀ "ਬਾਬਾ ਜੀ ਆਗੇ..." ਭਾਵ ਸੀ ਫੁਫੜ ਜੀ, ਬਾਬਾ ਜੀ ਦਾ ਸਸਕਾਰ ਕਰਵਾ ਕੇ ਮੁੜ ਆਏ ਸਨ।

ਗੁਰਦਿਆਲ ਭਰਾ ਜੀ ਨੇ ਝੱਟ ਜੇਬ ਵਿਚੋਂ ਅਲਾਇਚੀ ਕੱਢ ਕੇ ਮੂੰਹ ਵਿਚ ਪਾ ਲਈ ਤੇ ਹਰਬੰਸ ਦੇ ਨਾਲ ਆਪਣੇ ਕਮਰੇ ਵੱਲ ਨੂੰ ਤੁਰ ਗਏ।

"ਤਾਈ ਤੁਸੀਂ ਗੁਰਦਵਾਰੇ ਨਹੀਂ ਸੀ ਗਈਆਂ?" ਮੈਂ ਗੁਰਨਾਮ ਤਾਈ ਨੂੰ ਜਦੋਂ ਪੁੱਛਿਆ, ਆਖਣ ਲੱਗੀ, "ਰਾਹ 'ਚੋਂ ਈ ਮੁੜ ਆਈਆਂ ਸੀ ਬਈ ਘਰੇ ਤੂੰ ਕੱਲੀ ਹੋਮੇਂਗੀ।"

ਇਸ ਤੋਂ ਮਗਰੋਂ ਜਦੋਂ ਵੀ ਘਰ ਮੈਂ ਇਕੱਲੀ ਹੁੰਦੀ, ਡੰਗਰਾਂ ਪਸ਼ੂਆਂ ਨੂੰ ਸਾਂਭਦੇ, ਸੰਨ੍ਹੀਆਂ ਕਰਦੇ, ਪਾਣੀ ਧਾਣੀ ਪਿਲਾਉਂਦੇ, ਤਾਏ ਸੁੰਦਰ ਕੋਲ ਆ ਬੈਠਦੀ ਤੇ ਉਹਨੂੰ ਕੋਈ ਨਾ ਕੋਈ ਸਾਖੀ ਸੁਣਾਉਣ ਲਈ ਆਖਦੀ ਤਾਂ ਜੋ ਉਸ ਨੂੰ ਇਹੀ ਲੱਗੇ ਕਿ ਮੈਂ ਉਸ ਤੋਂ ਸਾਖੀ ਸੁਣਨ ਆਈਆਂ। ਅਜੀਬ ਗੱਲ ਸੀ ਕਿ ਘਰ ਵਿਚ ਏਨੇ ਨੌਕਰ ਚਾਕਰ ਹੁੰਦੇ ਸਨ ਫਿਰ ਵੀ ਉਹਨਾਂ ਦੀ ਜਿਵੇਂ ਕੋਈ ਹੋਂਦ ਨਹੀਂ ਸੀ, ਉਹ ਤਾਂ ਜਿਵੇਂ ਆਪਣੇ ਆਪਣੇ ਕੰਮ ਕਰਨ ਵਾਲੀਆਂ ਮਸ਼ੀਨਾਂ ਸਨ।

ਬਾਬਾ ਜੀ ਦੇ ਭੋਗ ਵੇਲੇ ਬਾਕੀ ਸਭ ਦੇ ਨਾਲ ਮੈਂ ਵੀ ਪਿੰਡ ਨੂੰ ਗਈ। ਮੀਂਹ ਪੈ ਕੇ ਹਟਿਆ ਸੀ। ਪਿੰਡ ਦੇ ਨੇੜੇ ਕੱਲਰਾਂ 'ਚ ਪਾਣੀ ਖੜ੍ਹਾ ਸੀ। ਉਚੇ ਨੀਵੇਂ ਥਉਂ ਦਾ ਪਤਾ ਨਹੀਂ ਸੀ ਲਗਦਾ। ਇਕ ਥਾਂ ਕਾਰ ਧਸ ਗਈ। ਆਲੇ ਦੁਆਲੇ ਖੇਤਾਂ 'ਚ ਕੰਮ ਕਰਦੇ ਲੋਕ ਕਾਰ ਨੂੰ ਧੱਕਾ ਲਗਵਾਉਣ ਆ ਗਏ।

"ਸਾਊ ਤੁਸੀਂ ਕੀਹਦੇ ਜਾਣੇ?" ਇਕ ਬਿਰਧ ਨੇ ਪੁੱਛਿਆ।

"ਸ੍ਰ. ਹਜੂਰਾ ਸਿੰਘ ਦੇ ਰੱਬੋਂ" ਫੁਫੜ ਜੀ ਨੇ ਦੱਸਿਆ।

"ਮੈਂ ਵੀ ਕਹਾਂ ਬਈ ਇਹ ਪਰਾਹੁਣੇ ਤਾਂ ਸਰਦਾਰ ਹਜੂਰਾ ਸਿਉਂ ਕੇ ਈ ਲਗਦੇ ਨੇ....ਤੁਰ ਗਿਆ ਬਚਾਰਾ। ਭਲਕੇ ਭੋਗ ਐ, ਤੁਸੀਂ ਓਸੇ ਤੇ ਆਏ ਹੋਮੇਂਗੇ। ਬੰਦੇ ਨੇ ਕੀ ਲੈ ਜਾਣਾ ਐ। ਕੱਲ ਥਾਈਂ ਜਿਹੜਾ ਮਿਲਖਾਂ ਦਾ ਮਾਲਕ ਸੀ, ਅੱਜ ਉਜਾੜੀਂ ਦਾ ਸੁੱਤਾ ਹੱਥ ਜੇ ਝਾੜ ਕੇ, ਏਸ ਨੂੰ ਆਖਦੇ ਨੇ ਡਾਢੇ ਦੇ ਰੰਗ। ਤੁਸੀਂ ਪਟਿਆਲੇ ਤੋਂ ਆਏ ਓ ਜਾਂ ਸਮਰਾਲੇ ਤੋਂ?" ਉਸ ਨੇ ਪੁੱਛਿਆ।

ਉਸ ਦੀ ਗੱਲ ਦਾ ਕਿਸੇ ਨੇ ਜਵਾਬ ਨਾ ਦਿੱਤਾ, ਕਾਰ ਗਾਰੇ 'ਚੋਂ ਨਿਕਲ ਪਹੇ ਪੈ ਗਈ ਸੀ। ਪਿੰਡ ਦੇ ਬਾਹਰ ਬੇਜੀ ਹੋਰੀਂ ਕਾਰ ਤੋਂ ਉਤਰ ਪਏ। ਮੂੰਹ ਤੇ ਪੱਲਾ ਨੀਵਾਂ ਕਰਕੇ ਉੱਚੀ ਉੱਚੀ ਰੋਂਦੇ ਭਾਬੀ ਹਰਨਾਮਕੁਰ, ਵੱਡੇ ਬੇਜੀ ਤੇ ਭਾਬੀ ਬੁਗਰੋ ਦੇ ਨਾਲ ਪਿੰਡ ਵੜੇ।

ਘਰ ਵਿਚ ਪਹਿਲਾਂ ਹੀ ਉਹਨਾਂ ਦੇ ਆਉਣ ਦੀ ਖਬਰ ਪਹੁੰਚ ਗਈ ਸੀ। ਵੀਹੀ



Scanned by CamScanner

ਵੇਹੜੇ ਦੀਆਂ ਜਨਾਨੀਆਂ ਇਕੱਠੀਆਂ ਹੋ ਗਈਆਂ। ਉਚੀ ਉਚੀ ਕੀਰਨੇ ਪਾ ਕੇ ਇਕ ਦੂਜੀ ਦੇ ਗਲ ਲੱਗ ਕੇ ਮਿਲੀਆਂ।

"ਨਾ ਮੇਰੀ ਧੀ ਬਸ, ਬਾਬਾ ਜੀ ਤਾਂ ਤੇਰਾ ਬੁੜ੍ਹਾ ਸੀ, ਓਸ ਨੇ ਤਾਂ ਇਕ ਦਿਨ ਮਰਨਾ ਈ ਸੀ, ਏਨਾ ਨੀ ਰੋਈਦਾ" ਮਾਂ ਨੇ ਆਪਣੀਆਂ ਅੱਖਾਂ ਪੂੰਝ ਕੇ ਮੈਨੂੰ ਇਕ ਪਾਸੇ ਬੈਠੀ ਰੋਂਦੀ ਨੂੰ ਦੇਖ ਕੇ ਚੁੱਪ ਕਰਵਾਇਆ।

ਕੁਝ ਚਿਰ ਮਗਰੋਂ ਰੋਣਾ ਧੋਣਾ ਹਟ ਗਿਆ ਤੇ ਬੁੜ੍ਹੀਆਂ ਆਪਸ ਵਿਚ ਗੱਲਾਂ ਕਰਨ ਲੱਗ ਪਈਆਂ। ਫੇਰ ਚਾਹ ਆ ਗਈ। ਫੇਰ ਜਿਵੇਂ ਸਭ ਨੂੰ ਭੁੱਲ ਹੀ ਗਿਆ ਕਿ ਇਹ ਬਾਬਾ ਜੀ ਦੀ ਮੌਤ ਦਾ ਇਕੱਠ ਸੀ। ਕਿਧਰੇ ਮਠਿਆਈਆਂ ਪੱਕ ਰਹੀਆਂ ਸਨ। ਕਿਧਰੇ ਕੱਪੜੇ ਲਿਆਂਦੇ ਪਏ ਸਨ। ਗਦੌਂੜੇ ਦੀਆਂ ਟਿੱਕੀਆਂ ਦੇ ਟੋਕਰੇ ਭਰੇ ਪਏ ਸਨ ਤੇ ਕਈ ਦਰਜ਼ਨ ਨਵੀਆਂ ਗੜਵੀਆਂ ਖਰੀਦੀਆਂ ਗਈਆਂ ਸਨ।

ਰਾਤ ਨੂੰ ਮੁਕਾਣ ਆਈਆਂ ਜਨਾਨੀਆਂ ਗੱਲਾਂ ਦੇ ਨਾਲ ਠੱਠਾ-ਮਜ਼ਾਕ ਵੀ ਕਰ ਰਹੀਆਂ ਸਨ। ਵਿਚੋਂ ਲੈਣ ਦੇਣ ਦੀਆਂ ਗੱਲਾਂ ਵੀ ਹੋ ਰਹੀਆਂ ਸਨ।

ਬਾਪੂ ਜੀ ਭਾਵੇਂ ਬਹੁਤ ਰੋ ਰਹੇ ਸਨ ਪਰ ਸ਼ਰਾਬ ਉਹਨਾਂ ਨੇ ਅੱਜ ਵੀ ਪੀਤੀ ਹੋਈ ਸੀ।

ਅਗਲੇ ਦਿਨ ਭੋਗ ਪੈ ਗਿਆ। ਪਟੜੀ ਫੇਰ ਗਦੌਂੜਾ ਫੇਰਿਆ ਗਿਆ। ਗਦੌਂੜੇ ਦੀਆਂ ਟਿੱਕੀਆਂ, ਗੜਵੀਆਂ, ਮਠਿਆਈਆਂ ਭਾਜੀਆਂ, ਕੱਪੜੇ ਗਹਿਣਿਆਂ ਦਾ ਲੈਣ ਦੇਣ ਹੋਇਆ। ਬਾਪੂ ਜੀ ਨੂੰ ਪੱਗਾਂ ਦਿੱਤੀਆਂ ਗਈਆਂ।

ਮੈਨੂੰ ਇਹ ਸਭ ਕੁਝ ਹੀ ਅਜੀਬ ਲੱਗ ਰਿਹਾ ਸੀ।" ਦਾਦੀ ਮਾਂ ਕਿਸੇ ਦੇ ਮਰ ਜਾਣ ਤੇ ਮਠਿਆਈਆਂ ਥੋੜੇ ਪਕਾਈਦੀਆਂ ਨੇ" ਮੈਂ ਗੁੱਸੇ ਜਿਹੇ ਨਾਲ ਆਖਿਆ।

"ਨਾ ਪੁੱਤ ਤੇਰਾ ਬਾਬਾ ਜੀ ਕੋਈ ਛੋਟਾ ਮੋਟਾ ਆਦਮੀ ਤਾਂ ਨੀ ਸੀ ਬਈ ਉਸ ਨੂੰ ਵੱਡਾ ਨਾ ਕਰਦੇ ਤੇ ਉਸ ਦਾ ਬਬਾਨ ਨਾ ਕੱਢਦੇ। ਜਦੋਂ ਫੂਕਣ ਵੇਲੇ ਦੁਸ਼ਾਲਾ ਉਤੇ ਪਾਵੇ ਇਸ ਦਾ ਮਤਲਬ ਹੁੰਦੈ ਹਗਾਮਾ ਕਰੋਗੇ, ਵੱਡਾ ਕਰੋਗੇ। ਲੋਕਾਂ ਮੂੰਹ 'ਚ ਹੱਥ ਦੇਣੇ ਸਨ, ਬਈ ਉਹ ਕੋਈ ਨਿਆਣਾ ਤਾਂ ਨੀ ਸੀ ਮਰਿਆ। ਪੁੱਤਾਂ ਪੋਤਿਆਂ ਆਲਾ ਤਾਂ ਸੀ ਈ। ਕਹਿੰਦੇ ਨੇ ਜੀਹਦੀ ਮਜ਼ਲ ਸੌ ਬੰਦਾ ਹੋਵੇ ਉਹ ਸਿੱਧਾ ਸੁਰਗ ਨੂੰ ਜਾਂਦੈ, ਤੇਰੇ ਬਾਬਾ ਜੀ ਦੀ ਅਰਥੀ ਦੇ ਮਗਰ ਤਾਂ ਕੋਈ ਚਾਰ ਪਿੰਡ ਹੋਣਗੇ। ਬਸ ਇਕ ਕਾਕੇ ਦੇ ਮੁੰਡਾ ਹੋ ਜਾਂਦਾ ਫੇਰ ਨੀ ਸੀ ਮੈਂ ਕਿਸੇ ਗੱਲੋਂ ਝੂਰਦੀ। ਹੁਣ ਤਾਂ ਮੇਰੇ ਕੱਲੇ ਜੇ ਪੁੱਤ ਦੀ ਪਿੱਠ ਨੰਗੀ ਕਰ ਗਿਆ, ਮਗਰ ਨਾ ਕੋਈ ਓੜੂ ਨਾ ਬਹੋੜੂ! ਹੋਰ ਦੋ ਚਾਰ ਵਰ੍ਹੇ ਬੈਠਾ ਰਹਿੰਦਾ, ਆਪਣੇ ਹੱਥੀਂ ਕੁੜੀਆਂ ਦੇ ਹੱਥ ਪੀਲੇ ਕਰ ਜਾਂਦਾ, ਪਿਓ ਤਾਂ ਸਤਿਆਮਾਨ ਕਿਸੇ ਵੇਲੇ ਅੱਖ ਨੀ ਖੋਲ੍ਹਦਾ...." ਦਾਦੀ ਮਾਂ ਮੇਰੇ ਨਾਲ ਨਹੀਂ ਆਪਣੇ ਆਪ ਨਾਲ ਹੀ ਗੱਲਾਂ ਕਰ ਰਹੀ ਸੀ।

ਭੋਗ ਪੈ ਜਾਣ ਪਿੱਛੋਂ ਜਦੋਂ ਲੈਣ ਦੇਣ ਮੁੱਕਿਆ ਤੇ ਆਏ ਮਹਿਮਾਨਾਂ ਵਿਚੋਂ ਬਹੁਤੇ ਚਲੇ ਗਏ ਤਾਂ ਦਾਦੀ ਮਾਂ ਨੇ ਬੇਜੀ ਨੂੰ ਕੋਲ ਸੱਦਿਆ ਤੇ ਆਖਿਆ "ਦੀਪ ਨੂੰ ਕੁਝ ਦਿਨ ਏਥੇ ਈ ਛੱਡ ਜਾਓ ਮੇਰੇ ਕੋਲ, ਆਪਣੇ ਬਾਬਾ ਜੀ ਦੀ ਖਬਰ ਸੁਣ ਕੇ ਹੌਲ ਗਈ ਲਗਦੀਐ, ਦੇਖ ਮੂੰਹ ਕਿਮੇਂ ਪੀਲਾ ਹੋਇਆ ਪਿਐ। ਨਾਲੇ ਏਹਦੀ ਗੱਲ ਤੇਰਾ ਬਾਪੂ ਜੀ ਫਲਾਣੇ ਥਾਂ ਪੱਕੀ ਕਰ ਗਿਐ।"

"ਬਾਪੂ ਜੀ, ਜੇ ਮਾਂ ਤੈਨੂੰ ਕੁਸ਼ ਦੱਸ ਦੁੱਸ ਗਏ ਨੇ ਤਾਂ ਉਹ ਪਟਿਆਲੇ ਭੇਜ ਦੇ,



Scanned by CamScanner

ਨਹੀਂ ਤਾਂ ਕਾਕਾ ਸਿਉਂ ਨੇ ਸਭ ਵੇਚ ਵੱਟ ਕੇ ਸ਼ਰਾਬ ਪੀ ਜਾਣੀ ਐ" ਬੇਜੀ ਨੇ ਦਾਦੀ ਮਾਂ ਨੂੰ ਕਿਹਾ।

"ਪਰ ਲੈ ਕੇ ਕਿਥੇਂ ਜਾਓਗੇ, ਕਾਕੇ ਨੂੰ ਜੇ ਪਤਾ ਲੱਗ ਗਿਆ?" ਦਾਦੀ ਮਾਂ ਨੇ ਚਿੰਤਾ ਪ੍ਰਗਟ ਕੀਤੀ।

"ਏਸ ਦਾ ਤੂੰ ਫਿਕਰ ਨਾ ਕਰ।" ਆਖ ਬੇਜੀ ਨੇ ਨਿੱਕੇ ਨੂੰ ਭੇਜ ਕੇ ਡੁਫੜ ਜੀ ਨੂੰ ਬਾਹਰ ਆਦਮੀਆਂ 'ਚ ਬੈਠਿਆਂ ਨੂੰ ਅੰਦਰ ਸੱਦਿਆ। ਸਾਰੀ ਗੱਲ ਸਮਝਾਈ।

ਬਾਹਰ ਆ ਕੇ ਉਹਨਾਂ ਬਾਪੂ ਜੀ ਨੂੰ ਡਰਾਈਵਰ ਨਾਲ ਮਲੌਦੋਂ ਕੁਝ ਚੀਜ਼ਾਂ ਲੈਣ ਭੇਜ ਦਿੱਤਾ।

ਆਖਦੇ ਨੇ ਮਲੌਦ ਜਾ ਕੇ ਕਾਰ ਖ਼ਰਾਬ ਹੋ ਗਈ। ਕਾਰ ਦੇ ਵਿਚ ਹੀ ਬੈਠੇ ਬਾਪੂ ਜੀ ਸ਼ਰਾਬ ਪੀਂਦੇ ਰਹੇ ਸਨ ਤੇ ਪੀਂਦੇ ਪੀਂਦੇ ਹੀ ਬੇਸੁਧ ਹੋ ਗਏ ਸਨ। ਬੜੀ ਰਾਤ ਗਈ ਮੁੜੇ।

ਇੰਨੇ ਚਿਰ ਨੂੰ ਬਦਰੇ ਗੁੱਜਰ, ਗੇਂਦਾ ਰਾਮ ਤੇ ਨਿੱਕੇ ਛੀਂਬੇ ਨੇ ਅੰਦਰਲੀ ਬੈਠਕ ਦਾ ਫਰਸ਼ ਪੁੱਟ ਕੇ ਹੇਠੋਂ ਚਾਂਦੀ ਦੇ ਰੁਪਈਆਂ ਦੇ ਤੌੜੇ ਲੱਭ ਕੇ, ਰੁਪਈਏ ਟਰੰਕਾਂ ਵਿਚ ਪਾ ਲਏ ਤੇ ਟਰੰਕ ਕਾਰ ਦੇ ਪਿੱਛੇ ਰੱਖ ਦਿੱਤੇ।

ਕਿਸੇ ਨੂੰ ਕੋਈ ਪਤਾ ਨਹੀਂ ਲੱਗਿਆ, ਕਮਰੇ 'ਚ ਟੋਏ ਉਸੇ ਤਰ੍ਹਾਂ ਖਾਲੀ ਤੌੜੇ ਪਾ ਕੇ ਪੂਰ ਦਿੱਤੇ। ਉੱਪਰ ਤਲੀ ਦੇ ਦਿੱਤੀ। ਸਿਰਫ਼ ਜਿਨ੍ਹਾਂ ਨੇ ਟਰੰਕ ਅੰਦਰੋਂ ਚੁੱਕ ਕੇ ਕਾਰ 'ਚ ਰਖਵਾਏ ਉਹੀ ਸੋਚਦੇ ਸਨ ਟਰੰਕਾਂ 'ਚ ਏਨਾ ਭਾਰ ਖਬਰਨੀ ਕਾਹਦਾ ਪਾਇਐ। ਬਾਪੂ ਜੀ ਦੇ ਹੋਸ਼ ਆਉਣ ਤੋਂ ਪਹਿਲਾਂ ਪਹਿਲਾਂ ਕਾਰ ਪਟਿਆਲੇ ਪਹੁੰਚ ਚੁੱਕੀ ਸੀ। ਇਸ ਵਾਰੀ ਬੇਜੀ ਨੇ ਬਾਬਾ ਜੀ ਦਾ ਜ਼ਰੂਰੀ ਕਾਗਜ਼ਾਂ ਵਾਲਾ ਟਰੰਕ ਵੀ ਨਾਲ ਰਖਵਾ ਲਿਆ।

ਬਾਪੂ ਜੀ ਦੋ ਚਾਰ ਦਿਨ ਵੇਖਦੇ ਰਹੇ ਕਿ ਦਾਦੀ ਮਾਂ ਆਪ ਹੀ ਕੋਈ ਗੱਲ ਤੋਰੇਗੀ ਪਰ ਦਾਦੀ ਮਾਂ ਏਡੀ ਸਹਿਮੀ, ਏਡੀ ਉਦਾਸ, ਏਡੀ ਭੈਭੀਤ ਹੋ ਗਈ ਸੀ ਕਿ ਉਸ ਕੋਲੋਂ ਕੁਝ ਵੀ ਪੁੱਛਣ ਦਾ ਬਾਪੂ ਜੀ ਨੂੰ ਹੌਸਲਾ ਨਹੀਂ ਸੀ ਪੈਂਦਾ।

ਕਿੰਨੇ ਹੀ ਦਿਨਾਂ ਮਗਰੋਂ ਇਕ ਦਿਨ ਉਹਨਾਂ ਗੱਲ ਤੋਰੀ "ਮਾਂ ਬਾਪੂ ਜੀ ਕੁਝ ਦੱਸ ਦੁੱਸ ਕੇ ਗਏ ਹੋਣੇ ਨੇ?"

"ਮੇਰੇ ਤੇ ਤੇਰੇ ਬਾਪੂ ਜੀ ਨੂੰ ਕਦ ਇਤਵਾਰ ਸੀ, ਉਹ ਤਾਂ ਬਾਰ ਅੜਾ ਕੇ ਆਪੇ ਕਿਧਰੇ ਕੰਧਾਂ ਕੌਲਿਆਂ 'ਚ ਧਰਦਾ ਰਹਿੰਦਾ ਸੀ। ਮੈਨੂੰ ਤਾਂ ਤੇਰੀਓ ਸਹੁੰ ਜੇ ਮੇਰੇ ਕੋਲ ਕੁਸ਼ ਹੋਵੇ।"

ਦਾਦੀ ਮਾਂ ਨੇ ਜਦੋਂ ਬਾਪੂ ਜੀ ਦੀ ਸਹੁੰ ਖਾ ਲਈ ਬਾਪੂ ਜੀ ਨੇ ਬੜੇ ਭੈਭੀਤ ਜਿਹੇ ਹੋ ਕੇ ਦਾਦੀ ਮਾਂ ਵਲ ਵੇਖਿਆ। ਦਾਦੀ ਮਾਂ ਵੀ ਜਿਵੇਂ ਡਰ ਗਈ। ਆਖਣ ਲੱਗੀ "ਲੈ ਉਹ ਨਾਲ ਤਾਂ ਨੀ ਲੈ ਗਿਆ ਕੁਸ਼ ਚੁੱਕ ਕੇ, ਸਭ ਕੁਸ਼ ਏਥੇ ਈ, ਘਰੇਈ ਹੋਣੈ, ਸਭ ਥਿਆਜੂ ਹੌਲੀ ਹੌਲੀ, ਕਿਧਰੇ ਨੀ ਜਾਂਦਾ। ਨਾਲੇ ਤੇਰੇ ਬਿਨਾਂ ਮੇਰੇ ਕਿਹੜਾ ਦੋ ਚਾਰ ਮੁੰਡੇ ਨੇ ਬਈ ਓਹਨਾਂ ਨੂੰ ਦੇ ਦੂੰ, ਸਭ ਕੁਸ਼ ਤੇਰਾ ਈ ਐ।"

ਬਾਪੂ ਜੀ ਉੱਠ ਕੇ ਬਾਹਰ ਨੂੰ ਚਲੇ ਗਏ, ਸ਼ਾਇਦ ਠੇਕੇ ਵੱਲ ਨੂੰ।

ਦਾਦੀ ਮਾਂ ਨੇ ਮੈਨੂੰ ਕੋਲ ਸੱਦਿਆ ਤੇ ਫੇਰ ਮੈਨੂੰ ਉਪਰ ਕੋਠੇ ਤੇ ਲੈ ਗਈ। ਕੁਝ ਚਿਰ ਬੈਠੀ ਰੋਂਦੀ ਰਹੀ ਫੇਰ ਆਖਣ ਲੱਗੀ "ਮੇਰੇ ਤਾਂ ਜੀ ਨੂੰ ਹੌਲ ਜੇ ਪੈਂਦੇ ਨੇ। ਤੈਨੂੰ ਇਕ ਗੱਲ ਦੱਸਾਂ..." ਆਖਦੀ ਨੇ ਉਸ ਨੇ ਆਪਣੇ ਨਾਲੇ ਨਾਲ ਬੰਨ੍ਹਿਆ ਤਵੀਤ ਖੋਲ੍ਹਿਆ ਤੇ ਮੈਨੂੰ ਵਿਖਾਉਂਦੀ ਆਖਣ ਲੱਗੀ "ਅਖੀਰ ਵੇਲੇ, ਮਰਨ ਤੋਂ ਇਕ ਦਿਨ ਪਹਿਲਾਂ ਤੇਰੇ ਬਾਬਾ



Scanned by CamScanner

ਜੀ ਨੇ ਹਾਅ ਮੈਨੂੰ ਤਵੀਤ ਦਿੱਤਾ ਸੀ, ਆਖਦਾ ਸੀ ਸਾਂਭ ਕੇ ਰੱਖੀਂ, ਕਿਸੇ ਨੂੰ ਦੇਈਂ ਨਾ, ਦੱਸੀਂ ਵੀ ਨਾ। ਜੇ ਕਾਕੇ ਨੇ ਸਾਰਾ ਕੁਝ ਵੀ ਗਮਾ ਦਿੱਤਾ ਫੇਰ ਵੀ ਇਹ ਤਵੀਤ ਜੇ ਥੋਡੇ ਕੋਲ ਹੋਇਆ, ਏਡੇ ਈ ਰਹਿ ਜੋਂਗੇ ਜਿਡੇ ਅੱਜ ਓ। ਏਸ 'ਚ ਆਖਦਾ ਸੀ, ਲਿਖਕੇ ਪਰਚੀ ਪਾਈ ਹੋਈ ਐ। ਆਪਣੇਂ ਉਹ ਇਸ ਤਵੀਤ ਦਾ ਬਿੰਦ ਵਸਾਹ ਨੀ ਸੀ ਕਰਦਾ ਹੁੰਦਾ। ਹਮੇਸ਼ਾ ਕੰਘੇ ਨਾਲ ਬੰਨ੍ਹੀ ਜੂੜੇ 'ਚ ਟੰਗ ਕੇ ਰੱਖਦਾ। ਮੈਂ ਜੇ ਕਦੇ ਪੁੱਛਿਆ ਤਾਂ ਆਖਦਾ ਬਾਵੇ ਮਾੜੂਦਾਸ ਦਾ ਦਿੱਤਾ ਬਿਆ ਤਵੀਤ ਐ। ਪਰ ਜਦੋਂ ਦਾ ਉਹ ਮੈਨੂੰ ਇਹ ਫੜਾ ਗਿਐ, ਮੈਨੂੰ ਤਾਂ ਨਾ ਦਿਨੇ ਟੇਕ ਆਉਂਦੀ ਐ, ਨਾ ਰਾਤ ਨੂੰ ਨੀਂਦ। ਬਸ ਏਸੀ ਸੰਸਾ ਲੱਗਿਆ ਰਹਿੰਦੈ ਕਿੱਥੇ ਰੱਖਾਂ, ਕਿਤੇ ਗਮਾਚ ਹੀ ਨਾ ਜਾਵੇ, ਕੋਈ ਚਾਕੇਈ ਨਾ ਲੈਜੇ।"

ਨਿਕਾ ਜਿਹਾ ਤਵੀਤ ਜਿਸ ਵਿਚ ਸਾਡੇ ਘਰ ਦੀ ਹੋਣੀ ਤੇ ਭਵਿਸ਼ ਬੰਦ ਸੀ, ਮੈਂ ਹੱਥ 'ਚ ਫੜ ਕੇ ਵੇਖਿਆ।

"ਐਉਂ ਕਰ ਤੂੰ ਰੱਖ ਲੈ ਆਪਣੇ ਕੋਲ, ਮੇਰਾ ਨੀ ਹੁਣ ਕੁਸ਼ ਪਤਾ ਭਾਮੇਂ ਭਲਕੇ ਸਾਹ ਨਿਕਲ ਜਾਣ ਤੇ ਨਾਲੇ ਜੇ ਤੇਰੇ ਬਾਪ ਨੂੰ ਪਤਾ ਲੱਗ ਗਿਆ ਫੇਰ ਮੈਂ ਕੀ ਕਰੂੰ।" ਦਾਦੀ ਮਾਂ ਨੇ ਤਰਲੇ ਵਾਂਗ ਆਖਿਆ।

"ਬੀਬੀ ਨਾਲ ਗੱਲ ਕਰਦੇਆਂ" ਮੈਂ ਕਿਹਾ।

"ਉਹ ਤਾਂ ਕਾਕੇ ਤੋਂ ਬਾਹਲਾ ਈ ਡਰਦੀਐ ਓਸ ਨੇ ਨੀ ਫੜਨਾ।" ਦਾਦੀ ਮਾਂ ਨੇ ਦੱਸਿਆ। ਫੇਰ ਵੀ ਅਸੀਂ ਬੀਬੀ ਨਾਲ ਗੱਲ ਕੀਤੀ।

ਪਹਿਲਾਂ ਉਸ ਨੇ ਆਖਿਆ ਛੋਕਰਾਂ ਆਲੇ ਮਾਮੇ ਸੌਣ ਸਿਉਂ ਨੂੰ ਫੜਾ ਛੱਡਦੇਆਂ, ਫੇਰ ਆਖਣ ਲੱਗੀ "ਨਾ ਭਾਈ ਜੇ ਤੇਰੇ ਬਾਪੂ ਜੀ ਨੂੰ ਪਤਾ ਲੱਗ ਗਿਆ ਨਾਲੇ ਮਾਮਾ ਕਿੱਥੇ ਲੁਕੋ ਕੇ ਰੱਖੂਗਾ।"

"ਐਉਂ ਕਰੋ ਪੜ੍ਹਾ ਕੇ ਦੇਖ ਤਾਂ ਲਓ ਵਿਚ ਹੈ ਕੀ" ਮੈਂ ਕਿਹਾ।

ਚਾਂਦੀ ਦਾ ਤਵੀਤ ਜਦੋਂ ਖੋਲ੍ਹਿਆ ਵਿਚ ਇਕ ਪਰਚੀ ਸੀ ਜਿਸ ਉੱਪਰ ਕੁਝ ਲਿਖਿਆ ਹੋਇਆ ਸੀ ਤੇ ਨਾਲ ਨਕਸ਼ਾ ਬਣਿਆ ਹੋਇਆ ਸੀ। ਪਰ ਪੜ੍ਹਿਆ ਨਹੀਂ ਸੀ ਜਾਂਦਾ ਕਿਉਂਕਿ ਲਿਖਤ ਲੰਡਿਆਂ ਵਿਚ ਸੀ। ਪਰਚੀ ਮੁੜ ਤਵੀਤ ਵਿਚ ਪਾ ਕੇ ਤਵੀਤ ਉਸੇ ਤਰ੍ਹਾਂ ਬੰਦ ਕਰ ਦਿੱਤਾ।

"ਕਿਸੇ ਤੋਂ ਪੜ੍ਹਾ ਨਾ ਲਈਏ।" ਬੀਬੀ ਨੇ ਕਿਹਾ।

"ਜੀਹਤੋਂ ਪੜ੍ਹਾਓਗੇ ਅਗਲੇ ਨੂੰ ਪਤਾ ਲੱਗਜੂ" ਮਾਂ ਨੇ ਆਖਿਆ।

ਸਲਾਹ ਇਹ ਹੋਈ ਬੀਬੀ ਛੋਕਰੀਂ ਆਪਣੇ ਨਾਨਕੀ ਜਾਵੇ, ਓਥੇ ਉਸ ਦਾ ਮਾਮਾ ਕਿਸੇ ਅਣਜਾਣ ਲੰਡੇ ਉਠਾਲ ਸਕਣ ਵਾਲੇ ਬੰਦੇ ਨੂੰ ਲਿਆਵੇ, ਉਸ ਨੂੰ ਬਿਨਾਂ ਦੱਸੇ ਇਹ ਪਰਚੀ ਪੜ੍ਹਾਈ ਜਾਵੇ।

ਅਗਲੇ ਦਿਨ ਬੀਬੀ ਛੋਕਰੀਂ ਗਈ।

ਵਾਪਸ ਆ ਕੇ ਉਹਨੇ ਦੱਸਿਆ ਮਲੇਰਕੋਟਲੇ ਤੋਂ ਆੜ੍ਹਤੀਆ ਲਿਆਂਦਾ ਸੀ ਮਾਮੇ ਨੇ। ਮੈਂ ਘੁੰਡ ਕੱਢ ਕੇ ਕੋਲ ਬੈਠ ਕੇ ਸੁਣਿਆ ਇਕੱਲੀ ਨੇ, ਬਈ ਉਸ ਨੂੰ ਪਤਾ ਨਾ ਲਗਜੇ ਮੈਂ ਕੌਣ ਆਂ। ਪਰਚੀ 'ਚ ਏਨੇ ਹਜ਼ਾਰ ਮੋਹਰਾਂ, ਡੂਢ ਮਣ ਚਾਂਦੀ, ਏਨੇ ਰੁਪਈਏ ਤੇ ਖਾਸਾ ਸੋਨਾ ਲਿਖਿਆ ਹੋਇਐ ਤੇ ਨਾਲ ਘਰ ਦਾ ਨਕਸ਼ਾ ਦਿੱਤਾ ਹੋਇਐ। ਪਰ ਹਾਅ ਫੜੋ ਅੰਮਾਂ ਜੀ ਤਵੀਤ, ਦੀਪ ਦੇ ਬਾਪੂ ਜੀ ਨੂੰ ਪਤਾ ਲੱਗ ਗਿਆ ਤਾਂ ਜਾਨੋਂ ਮਾਰ ਦੇਣਗੇ।"



Scanned by CamScanner

ਸ਼ਰਾਬ ਪੀ ਕੇ ਬਾਪੂ ਜੀ ਘਰ 'ਚ ਕਰੇਲੀਆਂ ਦਿੰਦੇ ਫਿਰ ਰਹੇ ਸਨ। ਉਹਨਾਂ ਦਾ ਰਉਂ ਦੇਖ ਕੇ ਬੀਬੀ ਨੇ ਕਪੂਰੀ ਝਿਓਰ ਨੂੰ ਭੇਜ ਕੇ ਮਾਮਾ ਜੀ ਨੂੰ ਸੱਦ ਲਿਆ ਤੇ ਪੇਕੀਂ ਚਲੀ ਗਈ।

ਦੂਜੇ ਕੁ ਦਿਨ ਆਥਣੇਜੇ ਬਾਪੂ ਜੀ ਨੇ ਦਾਦੀ ਮਾਂ ਦੀ ਬਾਂਹ ਫੜ ਕੇ ਕਾਲੇ ਪੀਲੇ ਹੋ ਕੇ ਆਖਿਆ "ਮੈਂ ਪੁੱਛਦਾਂ ਕਿੱਥੇ ਐ ਮੇਰੇ ਬਾਪ ਦਾ ਸਾਰਾ ਕੁਸ਼?"

ਦਾਦੀ ਮਾਂ ਬਹੁਤ ਡਰ ਗਈ।

"ਮੈਂ ਕਹਿਨਾਂ ਆਪਣੀਆਂ ਧੀਆਂ ਨੂੰ ਨਾ ਦੇ ਦੇਈਂ ਮੇਰਾ ਸਾਰਾ ਘਰ ਪੱਟ ਕੇ, ਮੈਨੂੰ ਨਾ ਉਜਾੜ ਦੇਈਂ" ਬਾਪੂ ਜੀ ਕਹਿਰਵਾਨ ਹੋਏ ਆਖ ਰਹੇ ਸਨ।

"ਨਾ ਪੁੱਤ ਧੀਆਂ ਦੇ ਘਰ ਆਪਣਾ ਬਥੇਰਾ ਕੁਸ਼ ਐ: ਨਾਲੇ ਉਹਨਾਂ ਨੇ ਗਹਾਂ ਕੀਹਨੂੰ ਦੇਣੈ। ਸਹੁੰ ਦੇਹ ਦੀ ਮੈਂ ਨੀ ਕੁਸ਼ ਦਿੰਦੀ।"

"ਪਰ ਸਾਰਾ ਕੁਸ਼ ਹੈ ਕਿੱਥੇ?" ਉਹਨਾਂ ਜ਼ੋਰ ਨਾਲ ਦਾਦੀ ਮਾਂ ਨੂੰ ਹਲੂਣ ਕੇ ਪੁੱਛਿਆ।

ਦਾਦੀ ਮਾਂ ਦਾ ਡਰਿਆ ਮੂੰਹ ਦੇਖ ਮੈਂ ਦਾਦੀ ਮਾਂ ਦੇ ਨਾਲ ਆ ਖਲੋਤੀ।

ਦਾਦੀ ਮਾਂ ਦੀ ਬਾਂਹ ਛੱਡ ਕੇ ਬਾਪੂ ਜੀ ਬਾਹਰ ਨੂੰ ਤੁਰ ਗਏ।

"ਪਟਿਆਲਿਓਂ ਬੇਜੀ ਨੂੰ ਸੱਦਲੋ" ਮੈਂ ਆਖਿਆ।

ਦਾਦੀ ਮਾਂ ਦੀ ਜਿਵੇਂ ਮਸਾਂ ਜਾਨ 'ਚ ਜਾਨ ਆਈ। ਸੰਤੇ ਨਾਈ ਨੂੰ ਪਟਿਆਲੇ ਨੂੰ ਭੇਜ ਦਿੱਤਾ। ਉਸ ਰਾਤ ਤਵੀਤ ਦਾਦੀ ਮਾਂ ਨੇ ਮੈਨੂੰ ਫੜਾ ਛੱਡਿਆ। ਮੈਂ ਕਦੇ ਸਰਹਾਣੇ ਹੇਠ ਲਕੋਮਾਂ ਕਦੇ ਚੁੰਨੀ ਦੇ ਲੜ ਨਾਲ ਬੰਨ੍ਹਾਂ। ਕਦੇ ਅੰਦਰ ਰੱਖ ਕੇ ਆਮਾਂ ਕਦੇ ਬਾਹਰ ਲੈ ਕੇ ਆਮਾਂ। ਅਗਲੇ ਦਿਨ ਬੇਜੀ ਆ ਗਏ।

"ਫੇਰ ਇਹ ਕੁਸ਼ ਮੰਗਣ ਤਾਂ ਨੀ ਆਗੀ?" ਬਾਪੂ ਜੀ ਨੇ ਦਾਦੀ ਮਾਂ ਨੂੰ ਅੱਡ ਕਰਕੇ ਪੁੱਛਿਆ।

"ਮੈਨੂੰ ਪਤੈ ਪਿਛਲੀ ਵਾਰੀ ਸਰਦਾਰ ਜਦੋਂ ਵੋਟਾਂ 'ਚ ਖੜ੍ਹਾ ਹੋਇਆ ਸੀ ਤਾਂ ਵੀ ਓਸ ਨੂੰ ਨਾਲ ਲੈ ਕੇ ਕਾਰ ਜੋੜ ਕੇ ਆਗੀ ਸੀ। ਬਾਪੂ ਜੀ ਨੇ ਜਾਣ ਬੁਝ ਕੇ ਇਹਨਾਂ ਦੇ ਨਾਲ ਜਾ ਕੇ ਖੰਨੇ ਟੂਮਾਂ ਵੇਚ ਕੇ ਓਨੇ ਹਜ਼ਾਰ ਰੁਪਈਏ ਦਿੱਤੇ ਸੀ ਤਾਂ ਜੋ ਇਹ ਫਿਰ ਨਾ ਮੁੜ ਕੇ ਮੰਗਣ, ਤੇ ਇਹਨਾਂ ਦੇ ਜਾਣ ਮਗਰੋਂ ਰੁਪਈਏ ਦੇ ਕੇ ਟੂਮਾਂ ਮੋੜ ਲਿਆਏ ਸੀ। ਇਸ ਵਾਰੀ ਤਾਂ ਸਰਦਾਰ ਦਾ ਖਰਚ ਈ ਬਹੁਤ ਹੋਇਐ। ਬਾਦਲ ਖੜ੍ਹਾ ਸੀ ਨਾ ਮੁਕਾਬਲੇ 'ਚ। ਸੱਤਰ ਹਜ਼ਾਰ ਤਾਂ ਆਖਦੇ ਨੇ ਸਿਰ ਕਰਜਾ ਚੜ੍ਹ ਗਿਐ। ਮੇਰਾ ਘਰ ਨਾ ਉਜਾੜ ਦੇਈਂ।" ਬਾਪੂ ਜੀ ਨੇ ਦਾਦੀ ਨੂੰ ਆਖਿਆ।

ਉਸੇ ਰਾਤ ਦਾਦੀ ਮਾਂ ਨੇ ਮੇਰੇ ਸਾਹਮਣੇ ਬੇਜੀ ਨੂੰ ਆਖਿਆ "ਗੁਲਾਬਕੁਰੇ ਇਕ ਅਮਾਨਤ ਫੜਾਉਣ ਲੱਗੀਆਂ, ਦੇਖੀਂ ਏਸ ਤਵੀਤ ਨੂੰ ਸਾਂਭ ਕੇ ਰੱਖੀਂ! ਜੇ ਲੈਕਦਾ ਹੁੰਦਾ, ਤੇਰਾ ਬਾਪੂ ਜੀ ਆਪਣੇ ਹੱਥੀਂ ਕਾਕੇ ਨੂੰ ਸਭ ਕੁਝ ਸੰਭਾਲ ਕੇ ਜਾਂਦਾ। ਫੇਰ ਵੀ ਕੱਲ੍ਹ ਨੂੰ ਉਸ ਨੇ ਧੀਆਂ ਵਿਆਹੁਣੀਆਂ ਹੋਣਗੀਆਂ, ਹੋਰ ਕਾਰ-ਵਿਹਾਰ ਕਰਨੇ ਹੋਣਗੇ, ਉਸ ਦਾ ਗਮਾਈਂ ਨਾ ਕੁਸ਼! ਰੱਬ ਕਰੇ, ਜੇ ਉਸ ਦੇ ਘਰ ਮੇਰੀ ਜੀਊਂਦੀ ਜੀਊਂਦੀ, ਰੱਬ ਭੁੱਲ ਜੇ, ਇਕ ਪੁੱਤ ਦੇ ਦੇਵੇ, ਸਭ ਕੁਸ਼ ਉਸ ਦੇ ਨਾਉਂ ਕਰ ਦਿਓ। ਪਰ ਦੇਖੀਂ ਮੇਰੀ ਧੀ ਚਾਹੇ ਲੈਕਦਾਐ ਚਾਹੇ ਨਲੈਕਦਾ ਐ, ਹੈ ਤਾਂ ਏਸ ਘਰ ਦੀ ਜੜ੍ਹ ਮੇਖ, ਕਾਕੇ ਦਾ ਕੁਸ਼ ਵੀ ਆਪ ਨਾ ਵਰਤੀਂ। ਮੈਂ



Scanned by CamScanner

ਜੀਉਂਦੀ ਹੋਮਾਂ ਚਾਹੇ ਨਾ ਮੇਰੇ ਬੋਲ ਯਾਦ ਰੱਖੀਂ, ਇਹ ਉਸੇ ਦੀ ਅਮਾਨਤ ਐ। ਤੇਰਾ ਬਾਪੂ ਜੀ ਇਹ ਅਮਾਨਤ ਮੈਨੂੰ ਸੰਭਾਲ ਗਿਆ ਸੀ ਮੈਂ ਗਹਾਂ ਤੈਨੂੰ ਸੌਂਪਦੀਆਂ। ਘਰ ਦਾ ਸਭ ਕੁਸ਼ ਏਸੇ ਤਬੀਤ 'ਚ ਐ।"

"ਲੈ ਮਾਂ ਬੇਈਮਾਨੀ ਕਰਕੇ ਮੈਂ ਕੀਹਨੂੰ ਦੇਣਾ ਐ ਕੁਸ਼। ਮੈਂ ਤਾਂ ਸਰਦਾਰ ਸਾਹਿਬ ਨੂੰ ਆਖਿਐ ਆਪਾਂ ਚੱਲ ਕੇ ਮਲੌਦ ਆਲੇ ਰਾਜੇ ਤੇ ਸਿਆੜ ਆਲੇ ਜ਼ੈਲਦਾਰ ਤੋਂ ਵੀ ਲੈ ਆਈਏ ਪੈਸੇ। ਕੱਲ੍ਹ ਨੂੰ ਓਨ੍ਹਾਂ 'ਚੋਂ ਕਿਸੇ ਨੂੰ ਕੁਸ਼ ਹੋ ਗਿਆ ਕੌਣ ਲਈ ਬੈਠਾ ਐ ਫੇਰ। ਨਾਲੇ ਜੇ ਕਾਕਾ ਸਿਉਂ ਲੈ ਆਇਆ ਏਸ ਨੇ ਤਾਂ ਸ਼ਰਾਬ ਦੇ ਮੂੰਹ ਈ ਉਡਾ ਦੇਣਾ ਐ ਸਭ ਕੁਸ਼।"

"ਜਿਮੇਂ ਥੋਡੀ ਮਰਜ਼ੀ ਕਰਲੋ ਪਰ ਇਕ ਗੱਲ ਮੈਂ ਹੱਥ ਬੰਨ੍ਹ ਕੇ ਆਖਦੀਆਂ, ਕਾਕੇ ਦਾ ਵੀ ਥੋਡੇ ਬਿਨਾਂ ਕੌਣ ਐ, ਉਸ ਨੂੰ ਕਦੇ ਦਗ਼ਾ ਨਾ ਦਿਓ।"

"ਤੂੰ ਤੇ ਮਾਂ ਕਮਲੀ ਹੋਗੀ। ਸਾਡੇ ਆਪਣੇ ਘਰ ਲਾਈ ਨੀ ਲਗਦੀ, ਨਾਲੇ ਮੈਂ ਬੇਈਮਾਨੀ ਕਰਕੇ ਦੇਣਾ ਕੀਹਨੂੰ ਐ" ਬੇਜੀ ਨੇ ਸਮਝਾਇਆ।

"ਬੇਈਮਾਨੀ ਕਰਕੇ ਦੇਣਾ ਕੀਹਨੂੰ ਐ" ਇਸ ਗੱਲ ਨਾਲ ਦਾਦੀ ਮਾਂ ਦੀ ਤਸੱਲੀ ਹੋ ਗਈ ਤੇ ਉਸ ਨੇ ਤਵੀਤ ਬੇਜੀ ਨੂੰ ਫੜਾ ਦਿੱਤਾ।

ਪਟਿਆਲੇ ਆ ਕੇ ਪਹਿਲੀ ਗੱਲ ਜਿਹੜੀ ਬੇਜੀ ਨੇ ਕੀਤੀ ਉਹ ਸੀ ਕਿ ਫੁੱਫੜ ਜੀ ਨੂੰ ਨਾਲ ਲੈ ਕੇ ਜੋਤੀ ਸਰਾਫ਼ ਦੇ ਮੁਨੀਮ ਤੋਂ ਉਸ ਤਵੀਤ ਵਿਚਲੀ ਪਰਚੀ ਪੜ੍ਹਾਈ।

## 10

ਬੇਜੀ ਮੈਨੂੰ ਆਪਣੇ ਨਾਲ ਪਟਿਆਲੇ ਲੈ ਆਏ ਸਨ। ਇਸ ਘਰ ਵਿਚ ਉਸੇ ਤਰ੍ਹਾਂ ਨੌਕਰਾਂ ਦੀ, ਮਹਿਮਾਨਾਂ ਦੀ, ਰਿਸ਼ਤੇਦਾਰਾਂ ਦੀ ਚਹਿਲ ਪਹਿਲ ਸੀ। ਮੇਰਾ ਮਨ ਕਰਦਾ ਇਨ੍ਹਾਂ ਨੂੰ ਜਾ ਕੇ ਆਖਾਂ, ਬਾਬਾ ਜੀ ਮਰ ਗਏ ਨੇ ਤੇ ਉਨ੍ਹਾਂ ਨੂੰ ਜਲਾ ਦਿੱਤਾ ਗਿਐ। ਪਰ ਬਹੁਤੀ ਵਾਰੀ ਚੁਪ ਚਾਪ ਮੈਂ ਆਪਣੇ ਕਮਰੇ ਵਿਚ ਪਈ ਰਹਿੰਦੀ।

"ਹੈਂ ਬੀਬੀ ਆ ਜਾ ਆਪਾਂ ਤਾਸ਼ ਖੇਡੀਏ। ਨਹੀਂ ਤਾਂ ਤੇਰੇ ਭਰਾ ਜੀ ਫਤੇਗੜ੍ਹ ਗਏ ਸੀ ਸਭਾ ਉਤੇ, ਕਵਿਤਾ ਦੀਆਂ ਕਤਾਬਾਂ ਲਿਆਏ ਨੇ ਦੋ ਤਿੰਨ, ਉਹ ਪੜ੍ਹ ਲੈ। ਨਹੀਂ ਚੱਲ ਉਪਰ ਰਿਕਾਰਡ ਸੁਣਾਮਾਂ ਬਲਾਈ ਸੁਹਣਾ ਰਿਕਾਰਡ ਐ "ਜਬ ਉਸ ਨੇ ਕੇਸੂ ਬਿਖਰਾਏ ਬਾਦਲ ਆਇਆ ਝੂਮਕੇ" ਭਾਬੀ ਬਲਵੰਤ ਫੁਫੜ ਜੀ ਦੇ ਭਤੀਜੇ ਹਰਭਜਨ ਦੀ ਵਹੁਟੀ ਆਪਣਾ ਦਿਲ ਲਾਉਣ ਖਾਤਿਰ ਮੇਰੇ ਨਾਲ ਸਿਹੇਲਪੁਣਾ ਪਾਉਣ ਦੀ ਮਾਰੀ ਇਹ ਸਭ ਕੁਝ ਮੈਨੂੰ ਆਖ ਰਹੀ ਸੀ।

ਹਰਭਜਨ ਭਰਾ ਜੀ ਨੇ ਕਈ ਸਾਲ ਹੋਏ ਇਕ ਦਿਨ ਗੁੱਸੇ 'ਚ ਆ ਕੇ ਉਹਨੂੰ ਆਖਿਆ ਸੀ "ਅੱਜ ਫੈਸਲਾ ਕਰ ਲੈ ਚਾਹੇ ਮੈਨੂੰ ਛੱਡ ਦੇ ਚਾਹੇ ਆਪਣੇ ਪੇਕਿਆਂ ਨੂੰ ਛੱਡ ਦੇ 'ਤੇ ਉਸ ਨੇ ਪੇਕਿਆਂ ਨੂੰ ਛੱਡ ਦਿੱਤਾ ਸੀ। ਇਸੇ ਸ਼ਹਿਰ ਵਿਚ ਉਹਦੇ ਪੇਕੇ ਸਨ ਪਰ ਉਹ ਕਦੇ ਉਥੇ ਜਾ ਨਹੀਂ ਸੀ ਸਕਦੀ। ਕਿਸੇ ਨੂੰ ਮਿਲ ਨਹੀਂ ਸੀ ਸਕਦੀ ਤੇ ਹਰਭਜਨ ਭਰਾ ਜੀ ਜਦੋਂ ਬਹੁਤ ਬਹੁਤ ਚਿਰ ਬਾਹਰੋਂ ਨਾ ਮੁੜਦੇ ਤਾਂ ਉਹ ਆਪਣੀ ਧੀ ਨੂੰ ਲੈ ਕੇ ਮੇਰੇ ਕੋਲ ਬੈਠੀ ਰਹਿੰਦੀ।

ਤੇ ਫੇਰ ਮੈਂ ਤੇ ਭਾਬੀ ਨੇ ਤਾਸ਼ ਖੇਡਣੀ ਸ਼ੁਰੂ ਕਰ ਦਿੱਤੀ। ਸਾਰਾ ਸਾਰਾ ਦਿਨ ਤਾਸ਼



Scanned by CamScanner

ਖੇਡਦੇ ਰਹਿਣਾ। ਆਪਣੇ ਆਪ ਨੂੰ ਭੁੱਲਣ ਦਾ ਸਾਨੂੰ ਦੋਵਾਂ ਨੂੰ ਬੜਾ ਵਧੀਆ ਤਰੀਕਾ ਲੱਭ ਗਿਆ ਸੀ। ਇਕ ਦਿਨ ਅਸੀਂ ਪੈਸੇ ਲਾ ਕੇ ਤਾਸ਼ ਖੇਡੀ। ਭਾਬੀ ਹਾਰ ਗਈ। ਸ਼ਾਮ ਨੂੰ ਉਸ ਨੇ ਹਰਭਜਨ ਭਰਾ ਜੀ ਨੂੰ ਆਖਿਆ ਬੀਬੀ ਨੂੰ ਪੈਸੇ ਦੇਣੇ ਨੇ ਅੱਜ, ਮੈਂ ਤਾਸ਼ 'ਚ ਹਾਰ ਗਈ ਆਂ। ਉਹ ਬੋਲੇ "ਕੱਲ੍ਹ ਨੂੰ ਉਹ ਹਾਰ ਜਾਊਗੀ ਤਾਂ ਵੀ ਪੈਸੇ ਮੈਨੂੰ ਈ ਦੇਣੇ ਪੈਣਗੇ। ਚਾਹੇ ਵਹੁਟੀ ਹਾਰੇ, ਚਾਹੇ ਭੈਣ ਹਾਰੇ, ਪੈਸੇ ਉਨ੍ਹਾਂ ਨੂੰ ਆਪ ਥੋੜ੍ਹੇ ਦੇਣੇ ਪੈਣੇ ਨੇ। ਪੈਸੇ ਲਾ ਕੇ ਤਾਸ਼ ਖੇਡਣੀ ਗ਼ਲਤ ਐ। ਨਾਲੇ ਕੁਝ ਪੜ੍ਹਿਆ ਲਿਖਿਆ ਕਰੋ। ਇਹ ਕੋਈ ਕੰਮ ਐ।"

ਮੈਨੂੰ ਜਿੱਤੇ ਹੋਏ ਪੈਸੇ ਨਾ ਮਿਲਣ ਤੇ ਬੜੀ ਨਿਰਾਸ਼ਾ ਹੋਈ। ਨਾਲ ਹੀ ਮੈਨੂੰ ਲੱਗਿਆ, ਬਾਜ਼ੀਆਂ ਸਰਾਂ ਜਿੱਤ ਗਏ, ਜਿੱਤ ਗਏ ਹਾਰ ਗਏ, ਇਹ ਵੀ ਕੀ ਗੱਲ ਹੋਈ ਤੇ ਮੈਂ ਭਾਬੀ ਨੂੰ ਆਖਿਆ ਅੱਜ ਤੋਂ ਮੈਂ ਤਾਸ਼ ਨਹੀਂ ਖੇਡਣੀ। ਭਾਬੀ ਨੇ ਬਥੇਰੀ ਵਾਰੀ ਆਖਿਆ ਪਰ ਤਾਸ਼ ਖੇਡਣਾ ਜਿਵੇਂ ਮੇਰੇ ਮਨ ਤੋਂ ਹੀ ਲਹਿ ਗਿਆ ਸੀ। ਤੇ ਹੁਣ ਵੀ ਭਾਵੇਂ ਕੋਈ ਲੱਖ ਆਖੇ ਮੇਰਾ ਤਾਸ਼ ਖੇਡਣ ਨੂੰ ਮਨ ਨਹੀਂ ਕਰਦਾ।

ਫੇਰ "ਅੜੀ ਵੇ ਅੜੀ ਦੁੱਧ ਪੀ ਲੈ ਜ਼ਾਲਮਾਂ ਵੇ ਮੈਂ ਕਦੋਂ ਦੀ ਖੜ੍ਹੀ" ਭਾਬੀ ਕਿੰਨੀ ਕਿੰਨੀ ਵਾਰੀ ਜਦੋਂ ਇਹ ਰਿਕਾਰਡ ਵਜਾਉਂਦੀ ਤਾਂ ਮੈਨੂੰ ਲੱਗਦਾ ਉਸ ਨੇ ਕਿੰਨੀ ਵਾਰੀ ਆਖਿਐ ਦੁੱਧ ਪੀ ਲੈ ਉਹ ਦੁੱਧ ਪੀਂਦਾ ਕਿਉਂ ਨੀ? ਤੇ ਦੁੱਧ ਦੀ ਗੜਵੀ ਲਈ ਖੜ੍ਹੀ ਕੁੜੀ ਮੇਰੇ ਜ਼ਿਹਨ 'ਚ ਉਘੜਦੀ ਤੇ ਮਨ ਹੀ ਮਨ ਮੈਂ ਆਖਦੀ, ਰੱਖ ਕੇ ਚਲੀ ਜਾ ਨਹੀਂ ਪੀਂਦਾ ਨਾ ਪੀਵੇ। ਜਾਂ ਵਾਪਸ ਲੈ ਜਾ ਜ਼ਰੂਰੀ ਮਿੰਨਤਾਂ ਕਰਨੀਆਂ ਨੇ। ਤੇ ਲਗਦਾ ਬੇਵਕੂਫ ਈਐ ਜੋ ਏਨੀ ਵਾਰੀ ਆਖੀਂ ਜਾ ਰਹੀ ਐਂ।

ਕਵਿਤਾ ਦੀਆਂ ਕਿਤਾਬਾਂ ਵੀ ਭਾਬੀ ਰੋਜ਼ ਰੋਜ਼ ਪੜ੍ਹਦੀ ਰਹਿੰਦੀ ਪਰ ਮੈਂ ਇਕ ਦਿਨ ਵਿਚ ਸਾਰੀਆਂ ਪੜ੍ਹ ਦਿੱਤੀਆਂ ਸਨ।

"ਤੂੰ ਆਪਣੇ ਸਕੂਲ ਦੀ ਲਾਇਬ੍ਰੇਰੀ ਵਿਚੋਂ ਨਾਵਲ ਤਾਂ ਲਿਆਈਂ ਕੋਈ" ਭਾਬੀ ਨੇ ਇਕ ਦਿਨ ਆਖਿਆ ਸੀ।

ਅਗਲੇ ਦਿਨ ਸਕੂਲ ਜਾ ਕੇ ਮੈਂ ਗੁਰਬਖਸ਼ ਭੈਣਜੀ ਨੂੰ ਪੁੱਛਿਆ ਸੀ ਲਾਇਬ੍ਰੇਰੀ ਕਿਥੇ ਐ? ਉਨ੍ਹਾਂ ਆਖਿਆ ਚੱਲ ਮੈਂ ਲੈ ਕੇ ਚੱਲਾਂ, ਉਪਰ ਕੋਠੇ ਉਤੇ ਐ।

ਏਨੀਆਂ ਸਾਰੀਆਂ ਕਿਤਾਬਾਂ ਦੇਖ ਕੇ ਮੈਂ ਹੈਰਾਨ ਹੋ ਗਈ। ਲਾਇਬਰੇਰੀਅਨ ਨੂੰ ਆਖ ਕੇ ਉਨ੍ਹਾਂ ਮੈਨੂੰ ਇਕ ਨਾਨਕ ਸਿੰਘ ਦਾ ਨਾਵਲ ਕਢਵਾ ਦਿੱਤਾ ਤੇ ਨਾਲ ਹੀ ਦੱਸਿਆ ਜਦੋਂ ਇਹ ਪੜ੍ਹ ਲਏਂਗੀ ਵਾਪਸ ਕਰ ਜਾਈਂ ਤੇ ਹੋਰ ਲੈ ਜਾਈਂ।

ਫੇਰ ਕੀ ਸੀ ਇਕ ਵਾਛੜਿਓਂ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਕਿਤਾਬਾਂ ਦੇ ਪਾਤਰ ਕਿਤਾਬਾਂ 'ਚੋਂ ਤੁਰ ਕੇ ਮੇਰੇ ਮਨ ਵਿਚ ਆ ਪਹੁੰਚੇ ਤੇ ਇਕ ਆਪਣਾ ਹੀ ਸੰਸਾਰ ਸਿਰਜ ਲਿਆ। ਫਲਸਰੂਪ ਜ਼ਿੰਦਗੀ ਵਿਚ ਅਸਲੀ ਪਾਤਰਾਂ ਦੀ ਅਸਲੀਅਤ ਬੇਯਕੀਨੀ ਭਾਸੀ ਤੇ ਕਾਲਪਨਿਕ ਪਾਤਰਾਂ ਦੀ ਹੋਂਦ ਸੱਚ ਬਣ ਗਈ। ਪਿੱਛੋਂ ਇਸ ਗੱਲ ਨੇ ਕਈ ਵਾਰੀ ਮੈਨੂੰ ਛਲਿਆ ਹੈ; ਸ਼ਾਇਦ ਇਸੇ ਕਾਰਨ ਦਾਦੀ ਮਾਂ ਆਖਦੀ ਹੁੰਦੀ ਸੀ ਇਹ ਤਾਂ ਧੀ ਮੇਰੀ ਬਹੁਤ ਭੋਲੀ ਐ ਏਸ ਨੂੰ ਨੀ ਕੋਈ ਵਲ ਛਲ ਆਉਂਦਾ।

ਤੇ ਇਕ ਦਿਨ ਦਾਦੀ ਮਾਂ ਦਾ ਸੁਨੇਹਾ ਆਇਆ, ਛੇਤੀ ਪਿੰਡ ਆਓ।

ਮੈਂ ਤੇ ਡੈਡੀ ਜੀ ਗਏ।

ਕਾਰ ਸੱਥ 'ਚ ਜਾ ਕੇ ਰੁਕੀ ਤਾਂ ਕੁਝ ਸਿਆਣੇ ਬੰਦੇ ਆ ਦੁਆਲੇ ਹੋਏ।



Scanned by CamScanner

"ਭਾਈ ਕੁਸ਼ ਕਰੋ ਕਾਕਾ ਸਿਉਂ ਨੂੰ ਤਾਂ ਪਤਾ ਨਹੀਂ ਕੀ ਹੋ ਗਿਆ ਘਰ ਢਹੁਣ ਲੱਗਿਆ ਪਿਐ" ਸੰਤੇ ਨਾਈ ਨੇ ਆਖਿਆ।

ਸੱਚਮੁੱਚ ਹੀ ਬਾਪੂ ਜੀ ਵੱਡੇ ਦਰਵਾਜ਼ੇ ਦੇ ਅੱਗੇ ਜਿਹੜਾ ਤਬੇਲਾ ਸੀ ਉਸ ਦੇ ਕੋਠੇ ਤੇ ਚੜ੍ਹੇ ਹੋਏ ਸਨ। ਇਕੱਲਿਆਂ ਨੇ ਹੀ ਕਹੀ ਨਾਲ ਅੱਧਾ ਕੋਠਾ ਢਾਹਿਆ ਪਿਆ ਸੀ। ਹੇਠਾਂ ਇੱਟਾਂ ਰੋੜੇ ਮਿਟੀ ਟੀਅਰਨ ਖਿੰਡੇ ਪਏ ਸਨ।

ਸਾਨੂੰ ਦੇਖ ਬਾਪੂ ਜੀ ਨੇ ਕਹੀ ਪਰੇ ਵਗਾਹ ਮਾਰੀ। ਜੁੱਤੀ ਪਾ ਕੇ ਮਾਲਣ ਦੇ ਕੋਠੇ ਉਪਰ ਦੀ ਪਤਾ ਨੀ ਕਿਧਰੇ ਨੂੰ ਚਲੇ ਗਏ।

ਦਾਦੀ ਮਾਂ ਸਾਡੇ ਕੋਲ ਆ ਕੇ ਰੋਣ ਲੱਗ ਪਈ। ਬੰਦਿਆਂ ਬੁੜ੍ਹੀਆਂ ਨਾਲ ਘਰ ਭਰ ਗਿਆ।

"ਕੁੜੇ ਮੈਨੂੰ ਤਾਂ ਲੱਗਦੇ ਜਿਮੇਂ ਕਿਸੇ ਨੇ ਕੁਸ਼ ਕਰਾਤਾ ਹੁੰਦੈ ਏਸ ਨੂੰ। ਚੰਗਾ ਭਲਾ ਪੜ੍ਹਿਆ ਲਿਖਿਐ, ਸਮਝਦਾਰ ਐ, ਆਹ ਕੀ ਸਾੜ੍ਹਸਤੀ ਆਗੀ, ਜੱਦੀ ਪੁਸ਼ਤੀ ਘਰ ਢਾਉਣ ਲੱਗ ਪਿਆ।" ਤਾਈ ਰਲੀ ਆਖ ਰਹੀ ਸੀ।

"ਤੇਰੇ ਭਾਈ ਨੇ ਬਥੇਰੇ ਹੱਥ ਬੰਨ੍ਹੇ ਬੀਬੀ, ਬਈ ਕਾਕਾ ਜਾਣ ਦੇ, ਅੰਮਾਂ ਜੀ ਦਾ ਦਿਲ ਫੇਲ੍ਹ ਹੋਜੂ, ਮਰਜੂ ਹਾਵੇ ਨਾਲ, ਘਰ ਨਾ ਢਾ ਪਰ ਸੁਣਦਾ ਕਿਹੜਾ ਐ ਕਿਸੇ ਦੀ" ਤਾਈ ਜੈਕੁਰ ਬੇਜੀ ਨੂੰ ਦੱਸ ਰਹੀ ਸੀ।

"ਕੀ ਕਰੀਏ ਭਾਈ ਆਪਣੀ ਇੱਜ਼ਤ ਤੋਂ ਹਰ ਕੋਈ ਡਰਦੈ; ਨਹੀਂ ਏਡਾ ਘਰ ਬਰਬਾਦ ਹੁੰਦਾ ਦੇਖਿਆ ਕਿਹੜਾ ਜਾਂਦੈ" ਕਪੂਰੀ ਝਿਉਰ ਆਖ ਰਿਹਾ ਸੀ।

"ਆਖਦੈ ਪੰਡਤ ਨੇ ਦੱਸਿਐ, ਬਈ ਘਰ ਤੇਰੇ ਲਈ ਮਾੜੈ, ਇਕ ਜਣਾ ਰਹਿ ਸਕਦੈ ਜਾਂ ਘਰ ਰਹੂ ਜਾਂ ਮੈਂ ਜੀਊਂਦਾ ਰਹੂੰ। ਲੈ ਉਹ ਜਾਣੇ ਉਹਦੇ ਨਾਲੋਂ ਤਾਂ ਨੀ ਹੁਣ ਘਰ ਚੰਗਾ" ਤਾਈ ਬਚਨੀ ਆਖ ਰਹੀ ਸੀ।

"ਐਮੀ ਕੋਈ ਭੌਂਕਦੈ ਕਦੇ ਘਰ ਵੀ ਮਾੜੇ ਹੋਏ ਨੇ" ਬੇਜੀ ਆਖ ਰਹੇ ਸਨ।

ਉਸ ਦਿਨ ਅਸੀਂ ਜਦੋਂ ਉਥੇ ਰਹੇ ਬਾਪੂ ਜੀ ਘਰ ਨਹੀਂ ਆਏ। ਦਾਦੀ ਮਾਂ ਰੋਂਦੀ ਰਹੀ, "ਖਬਰਨੀ ਭੁੱਖਾ ਭਾਣਾ ਕਿੱਥੇ ਫਿਰਦਾ ਹੋਊ।"

"ਘਰ ਤਾਂ ਏਸ ਲਈ ਢਾਉਂਦੈ ਬਈ ਬਾਪੂ ਜੀ ਦਾ ਧਰਿਆ ਢਕਿਆ ਥਿਆਊ" ਬੇਜੀ ਬੋਲੇ।

ਉਸ ਦਿਨ ਦਾਦੀ ਮਾਂ, ਬੇਜੀ ਤੇ ਫੁਫੜ ਜੀ ਬੈਠੇ ਸਲਾਹਾਂ ਕਰਦੇ ਰਹੇ। ਇਕ ਵਾਰੀ ਤਾਂ ਬੇਜੀ ਨੇ ਮੈਨੂੰ ਵੀ ਬਾਹਰ ਭੇਜ ਦਿੱਤਾ।

ਅਗਲੇ ਦਿਨ ਬਾਪੂ ਜੀ ਘਰ ਆਏ। ਉਹਨਾਂ ਦਾ ਖਿਆਲ ਸੀ ਅਸੀਂ ਜਾ ਚੁੱਕੇ ਹੋਵਾਂਗੇ।

"ਤੂੰ ਤਬੇਲਾ ਕਾਹਨੂੰ ਢਾਉਨੈਂ ਬਾਪੂ ਜੀ ਨੇ ਤਾਂ ਜਦੋਂ ਕੁਸ਼ ਦਬਣਾ ਦੁਬਣਾ ਹੁੰਦਾ ਬੈਠਕ ਵੱਲ ਨੂੰ ਜਾਂਦੇ ਹੁੰਦੇ ਸਨ। ਬੈਠਕ ਦੀਆਂ ਅਲਮਾਰੀਆਂ ਉਲਮੁਰੀਆਂ ਪੱਟ ਕੇ ਦੇਖ ਲੈ" ਬੇਜੀ ਨੇ ਬਾਪੂ ਜੀ ਨੂੰ ਆਖਿਆ।

ਗੱਲ ਬਾਪੂ ਜੀ ਦੇ ਦਿਲ ਨੂੰ ਲੱਗ ਗਈ। ਰਾਤ ਨੂੰ ਉਹ ਬੈਠਕ ਨੂੰ ਥਾਂ ਥਾਂ ਤੋਂ ਪੁੱਟ ਕੇ ਦੇਖਦੇ ਰਹੇ। ਆਖਿਰ ਇਕ ਅਲਮਾਰੀ ਦੇ ਮਗਰੋਂ ਇਕ ਬਲਟੀ ਟੂਮਾਂ ਦੀ ਭਰੀ ਲੱਭ ਗਈ। ਪਰ ਏਸ ਦੇ ਆਲੇ ਦੁਆਲੇ ਮਿੱਟੀ ਗਿੱਲੀ ਕਿਵੇਂ ਹੋ ਗਈ, ਉਹ ਹੈਰਾਨ ਹੋ ਰਹੇ ਸਨ।



Scanned by CamScanner

"ਕਿਤੋਂ ਕੋਠਾ ਚੋ ਕੇ ਕੰਧ 'ਚ ਪਾਣੀ ਜਾ ਪਿਆ ਹੋਣੈ" ਬੇਜੀ ਨੇ ਦੱਸਿਆ।

"ਐਉਂ ਕਰਦੇ ਆਂ ਟੂਮਾਂ ਪਟਿਆਲੇ ਸੇਫ 'ਚ ਰੱਖ ਦਿਆਂਗੇ, ਅਸੀਂ ਲੈ ਜਾਨੇ ਆਂ" ਬੇਜੀ ਨੇ ਆਖਿਆ।

"ਮੇਰੇ ਕੋਲ ਵੀ ਤਾਂ ਕੁਸ਼ ਰਹਿਣ ਦਿਓ" ਬਾਪੂ ਜੀ ਨੇ ਕਿਹਾ।

"ਦੇਖ ਨਾ ਏਥੇ ਸੌ ਚੋਰੀ ਚਕਾਰੀ ਦਾ ਡਰ ਐ। ਦੂਜੇ ਵੇਲੇ ਕੁਵੇਲੇ ਪੀਤੀ 'ਚ ਕੋਈ ਟੂਮ ਵੇਚਣ ਚਲਿਆ ਗਿਆ ਲੋਕਾਂ 'ਚ ਬਦਨਾਮੀ ਹੋਜੂ, ਬਈ ਖਬਰਨੀ ਸਾਰਾ ਕੁਸ਼ ਮੁੱਕਈ ਗਿਆ, ਬਈ ਟੂਮਾਂ ਵੇਚਣ ਲੱਗਪੇ। ਨਾਲੇ ਉਥੇ ਪਈਆਂ ਵੀ ਤੇਰੀਆਂ ਈ ਨੇ ਜਾਂ ਤੇਰੀਆਂ ਧੀਆਂ ਦੇ ਕੰਮ ਆਉਣਗੀਆਂ" ਬੇਜੀ ਨੇ ਸਮਝਾਇਆ।

ਬਾਪੂ ਜੀ ਨੇ ਬੀਬੀ ਨੂੰ ਸੱਦ ਕੇ ਆਖਿਆ "ਤੂੰ ਰੱਖਣੀਆਂ ਨੇ ਕੁਸ਼ ਟੂਮਾਂ ਆਪਣੀਆਂ ਰੱਖ ਲੈ?"

ਬੀਬੀ ਨੇ ਆਖਿਆ "ਨਹੀਂ ਪਟਿਆਲੇ ਈ ਲੈ ਜਾਣ ਦਿਓ।"

ਬੇਜੀ ਫੁਫੜ ਜੀ ਟੂਮਾਂ ਪਟਿਆਲੇ ਲੈ ਆਏ ਤੇ ਲਿਆ ਕੇ ਸੇਫ ਵਿਚ ਰੱਖ ਦਿੱਤੀਆਂ।

ਕੁਝ ਦਿਨਾਂ ਮਗਰੋਂ ਪਿੰਡੋਂ ਦਾਦੀ ਮਾਂ ਆਈ ਆਖਣ ਲੱਗੀ "ਕਾਕਾ ਫੇਰ ਘਰ ਢਾਈ ਜਾਂਦੈ। ਮੈਂ ਤਾਂ ਆਪ ਹੱਥੀਂ ਬਣਾਇਆ ਸੀ, ਜਾਣੀ ਲਾਟ ਨਿਕਲਦੀ ਐ ਦੇਖ ਕੇ। ਤਿੰਨ ਚੁਬਾਰੇ ਢਾ ਤੇ। ਘੋੜੇਆਲਾ ਕਮਰਾ ਸਾਰਾ ਪੱਟ ਤਾ, ਬੈਠਕ ਨਾਲ ਦੀਆਂ ਪੌੜੀਆਂ ਚੱਕਤੀਆਂ, ਆਖਦੈ ਮੇਰੇ ਬਾਪ ਕੋਲ ਸਿਰਫ ਏਨਾ ਕੁਸ਼ ਤਾਂ ਨੀ ਸੀ। ਤੇ ਨਾਲੇ ਲੋਕ ਸ਼ਰਾਬ ਪਿਲਾ ਪਿਲਾ ਆਪਣੀਆਂ ਗਹਿਣੇ ਧਰੀਆਂ ਜ਼ਮੀਨਾਂ ਬਿਨਾਂ ਈ ਕੁਸ਼ ਲਏ ਦਏ ਦਸਕਤ ਕਰਾ ਕੇ ਛਡਾਈਂ ਜਾ ਰਹੇ ਨੇ, ਸੱਭਾਂ ਕਿਆ ਨੇ ਹੱਥੀਂ ਪੈਰੀਂ ਪੈਕੇ ਆਪਣਾ ਨਿਆਈਂ ਆਲਾ ਖੇਤ ਘਰ ਪਾਉਣ ਨੂੰ ਲੈ ਲਿਆ। ਦਿੱਤਾ ਸਾਰਾ ਪੰਜ ਸੌ ਐ, ਉਹ ਵੀ ਕਿਸੇ ਵੇਲੇ ਜਦ ਸ਼ਰਾਬ ਮੁੱਕੀ ਹੋਈ ਸੀ, ਪੈਸੇ ਚਾਹੀਦੇ ਸੀ, ਅਗਲੇ ਲੈ ਕੇ ਪੈਸੇ ਜਾ ਪਹੁੰਚੇ। ਮੇਰਾ ਨੀ ਹੁਣ ਜੱਗ ਤੇ ਰਹਿਣ ਨੂੰ ਜੀ ਕਰਦਾ। ਥੋਡਾ ਬਾਪੂ ਜੀ ਆਪ ਲੰਘ ਗਿਆ ਸੁਖਾਲਾ। ਮੇਰੀ ਜਾਨ ਨੂੰ ਕੰਡੇ ਬੀਜ ਗਿਆ।"

ਬੇਜੀ ਤੇ ਫੁਫੜ ਜੀ ਨੇ ਦਾਦੀ ਮਾਂ ਨੂੰ ਆਖਿਆ ਏਥੇ ਹੀ ਰਹਿ ਪਉ। ਉਹ ਨਹੀਂ ਮੰਨੀ। ਉਹ ਬਾਰ ਬਾਰ ਏਹੀ ਆਖਦੀ ਸੀ "ਉਸ ਨੂੰ ਸਮਝਾਓ, ਜਾਂ ਫੇਰ ਸਭ ਕੁਝ ਓਸ ਦਾ ਓਸ ਨੂੰ ਦੇ ਦਿਓ, ਗਮਾਵੇ ਰੱਖੇ ਉਸ ਦੀ ਮਰਜੀਐ।"

"ਲੈ ਮਾਂ ਕਮਲੀ ਹੋਗੀ ਤੂੰ" ਬੇਜੀ ਨੇ ਆਖਿਆ। ਦਾਦੀ ਮਾਂ ਰੋਂਦੀ ਪਿੰਡ ਨੂੰ ਚਲੀ ਗਈ।

ਤੀਸਰੇ ਕੁ ਦਿਨ ਬਾਪੂ ਜੀ ਆ ਗਏ। ਪੁੱਛਣ ਲੱਗੇ "ਮੈਨੂੰ ਤੁਸੀਂ ਸੱਦਿਐ?"

"ਮੈਂ ਕਿਹਾ ਪੈਸੇ ਥੋੜੇ ਘਣੇ ਚਾਹੀਦੇ ਨੇ ਸਾਥੋਂ ਲੈ ਜੀਂ ਮਾਂ ਨੂੰ ਨਾ ਤੰਗ ਕਰੀਂ" ਬੇਜੀ ਨੇ ਆਖਿਆ।

"ਮੈਂ ਥੁੱਕਦਾ ਵੀ ਨੀ ਥੋਡੇ ਪੈਸਿਆਂ ਤੇ। ਮੈਂ ਕੋਈ ਭੁੱਖਾ ਨੰਗਾ ਆਂ? ਜਾਣਦੇ ਨੀ ਮੈਂ ਕੀਹਦਾ ਪੁੱਤ ਆਂ? ਤੁਸੀਂ ਸਮਝਿਆ ਕੀ ਐ, ਐਸ ਵੇਲੇ ਵੀ ਤਿੰਨ ਹਜ਼ਾਰ ਰੁਪਈਆ ਮੇਰੇ ਕੋਲ ਐ। ਮੈਂ ਇਸ ਨੂੰ ਅੱਗ ਲਾ ਕੇ ਫੂਕ ਸਕਦਾਂ। ਲਿਆ ਓਏ ਗੇਂਦਾ ਰਾਮ ਡੱਬੀ ਫੂਕ ਕੇ ਦਖਾਮਾਂ। ਮੈਨੂੰ ਆਖਦੀਐ ਥੋੜੇ ਘਣੇ ਪੈਸੇ ਸਾਥੋਂ ਲੈ ਲਈਂ।" ਬਾਪੂ ਜੀ ਗੁੱਸੇ ਨਾਲ ਆਖ ਰਹੇ ਸਨ।



Scanned by CamScanner

ਗੋਂਦਾ ਰਾਮ ਤੇ ਉਸ ਦੀ ਵਹੁਟੀ ਡੱਬੀ ਦੇਣ ਦੀ ਥਾਂ ਡੱਬੀਆਂ ਲੁਕੋਂਦੇ ਫਿਰ ਰਹੇ ਸਨ।

ਉਸੇ ਵੇਲੇ ਫੁਫੜ ਜੀ ਨੇ ਜੰਗ ਸਿੰਘ ਨੂੰ ਸ਼ਰਾਬ ਲੈਣ ਲਈ ਦੌੜ੍ਹਾਇਆ। ਸ਼ਰਾਬ ਲਿਆ ਕੇ ਉਸ ਨੇ ਬਾਪੂ ਜੀ ਨੂੰ ਮਿਥੀ ਸਕੀਮ ਅਨੁਸਾਰ ਨੌਕਰਾਂ ਦੇ ਕੁਆਟਰਾਂ ਵਿਚ ਬੈਠਾ ਕੇ ਪਿਲਾਈ ਤੇ ਬਹੁਤ ਪੀ ਲੈਣ ਮਗਰੋਂ ਉਹਨਾਂ ਦੀ ਜੇਬ ਵਿਚੋਂ ਪੈਸੇ ਕੱਢ ਕੇ ਬੇਜੀ ਨੂੰ ਦੇ ਦਿੱਤੇ।

ਸਵੇਰੇ ਉੱਠ ਕੇ ਬਾਪੂ ਜੀ ਪੈਸੇ ਲੱਭਦੇ ਰਹੇ ਪਰ ਸਭ ਸਾਫ ਹੀ ਮੁਕਰ ਗਏ।

ਬਾਪੂ ਜੀ ਨੇ ਬਹੁਤ ਖਿਝ ਕੇ ਬੇਜੀ ਨੂੰ ਆਖਿਆ, “ਬੇਬੇ ਮੈਂ ਤਾਂ ਸਾਧ ਬੰਦਾ ਆਂ ਮੇਰਾ ਸਰਾਪ ਮਾਰਜੂ। ਤੂੰ ਮੇਰੇ ਨਾਲ ਪਾਪ ਨਾ ਕਰ।”

ਇੰਨੀ ਦੇਰ ਨੂੰ ਫੁਫੜ ਜੀ ਓਥੇ ਆ ਗਏ। ਨੌਕਰ ਚਾਕਰ ਆ ਗਏ। ਉਸ ਦਿਨ ਬਾਪੂ ਜੀ ਕੋਲ ਪਿੰਡ ਜਾਣ ਲਈ ਕਰਾਏ ਜੋਗੇ ਵੀ ਪੈਸੇ ਨਹੀਂ ਸਨ। ਫਿਰ ਵੀ ਪਤਾ ਨਹੀਂ ਕਿੱਥੋਂ ਉਹ ਸ਼ਰਾਬ ਲੈ ਆਏ। ਸ਼ਰਾਬ ਪੀ ਕੇ ਉਹ ਬੇਜੀ ਨਾਲ ਆ ਕੇ ਲੜਨ ਲੱਗ ਪਏ ਅਤੇ ਆਖਣ ਲੱਗੇ “ਮੇਰੇ ਨਾਲ ਪਾਪ ਕਰਦੀਐਂ ਤੈਨੂੰ ਰੱਬ ਬਦਲਾ ਦੇਊ। ਮੇਰਾ ਤਾਂ ਇਕੋਈ ਸਬਰ ਐ। ਮੈਂ ਗੋਲੀ ਨਾਲ ਉਡਾਂਦੂੰ ਸਭ ਨੂੰ। ਨਹੀਂ ਆਪ ਗੋਲੀ ਖਾ ਕੇ ਮਰਜੂੰ। ਮੇਰਾ ਕੋਈ ਨੀ ਓਏ ਲੋਕਾ। ਓ ਬਾਪੂ ਜੀ” ਉਹ ਰੋ ਰਹੇ ਸਨ।

ਬੇਜੀ ਜੀ ਨੇ ਟੈਲੀਫੋਨ ਕਰਕੇ ਜੇਲ੍ਹ ਤੋਂ ਰਾਮਦਾਸ ਡਾਕਟਰ ਸੱਦਿਆ। ਫੁੱਫੜ ਜੀ ਜੇਲ੍ਹਾਂ ਦੇ ਜਰਨੈਲ ਜੋ ਸਨ।

“ਡਾਕਟਰ ਸਾਹਿਬ ਕਰੋ ਕੋਈ ਇੰਤਜ਼ਾਮ ਇਹ ਤਾਂ ਬਹੁਤ ਸ਼ਰਾਬ ਪੀਂਦੈ, ਘਰ ਉਜਾੜੀ ਜਾਂਦੈ। ਮਰਜੇ ਏਦੂੰ ਤਾਂ” ਬੇਜੀ ਨੇ ਖਿੱਝ ਕੇ ਕਿਹਾ।

ਡਾਕਟਰ ਨੇ ਆਖਿਆ “ਰਾਮ ਰਾਮ ਕਰੋ, ਬੀਬੀ ਜੀ, ਇਸ ਗੱਲ ਦਾ ਸਾਡੇ ਪਾਸ ਕੋਈ ਇੰਤਜ਼ਾਮ ਨਹੀਂ”

ਡਾਕਟਰ ਦੇ ਜਾਣ ਮਗਰੋਂ ਮੈਂ ਬੇਜੀ ਨੂੰ ਆਖਿਆ, “ਬੇਜੀ ਲੋਕ ਪਾਕਿਸਤਾਨ ’ਚ ਸਭ ਕੁਝ ਗਮਾ ਕੇ, ਆ ਕੇ ਵੀ ਜੀ ਰਹੇ ਨੇ। ਅਸੀਂ ਵੀ ਸਮਝ ਲਵਾਂਗੇ ਸਾਡਾ ਵੀ ਸਭ ਕੁਝ ਪਾਕਿਸਤਾਨ ’ਚ ਰਹਿ ਗਿਆ। ਭਾਵੇਂ ਜ਼ਮੀਨ ਜਾਏਦਾਦ, ਘਰ ਬਾਰ, ਸਭ ਕੁਝ ਗਮਾ ਦੇਣ, ਫੇਰ ਵੀ ਬਾਪੂ ਜੀ ਜੀਊਂਦੇ ਰਹਿਣ। ਮੈਂ ਇਹ ਵੀ ਕਦੇ ਨਹੀਂ ਦੱਸਾਂਗੀ ਬਈ ਤਵੀਤ ਤੁਹਾਡੇ ਕੋਲ ਐ।”

“ਉਸ ਤਵੀਤ ’ਚ ਤਾਂ ਕੁਸ਼ ਨੀ ਸੀ, ਉਹ ਤਾਂ ਮਾੜੂਦਾਸ ਦਾ ਧਾਗਾ ਕੀਤਾ ਹੋਇਆ ਸੀ” ਬੇਜੀ ਨੇ ਜਦੋਂ ਆਖਿਆ ਪਲ ਦੋ ਪਲ ਲਈ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਝੂਠ ਸੱਚ ਦੀ ਉਦੋਂ ਮੈਨੂੰ ਪਹਿਚਾਣ ਨਹੀਂ ਸੀ। ਮੈਂ ਦਾਦੀ ਮਾਂ ਨੂੰ ਮਿਲਣ ਦੇ ਬਹਾਨੇ ਅਗਲੇ ਦਿਨ ਹੀ ਕਲੇਸ਼ ਪਾ ਕੇ ਪਿੰਡ ਗਈ। ਗੱਲ ਦਾਦੀ ਮਾਂ ਤੇ ਬੀਬੀ ਨੂੰ ਦੱਸੀ।

“ਹੈ ਹੈ ਨੀ ਬਹਿਜੇ ਤੇਰੀ ਬੇੜੀ ਗਲਾਬਕੁਰੇ। ਤੂੰ ਇਉਂ ਕਰੇਂਗੀ ਮੇਰੇ ਮਛੋਹਰ ਪੁੱਤ ਨਾਲ” ਦਾਦੀ ਮਾਂ ਨੇ ਆਪਣੇ ਸਿਰ ਤੇ ਦੁਹੱਥੜ ਮਾਰ ਕੇ ਕਿਹਾ।

ਦਾਦੀ ਮਾਂ ਮੈਨੂੰ ਛੱਡਣ ਦੇ ਬਹਾਨੇ ਪਟਿਆਲੇ ਆਈ। ਬੇਜੀ ਨਾਲ ਪਤਾ ਨਹੀਂ ਉਸ ਨੇ ਕੀ ਗੱਲ ਕੀਤੀ, ਹੁਣ ਉਹ ਤਸੱਲੀ ਵਿਚ ਸੀ। ਸ਼ਾਇਦ ਉਹ ਤਵੀਤ ਵਾਪਸ ਲੈ ਚੱਲੀ ਸੀ।



Scanned by CamScanner

ਦੂਜੇ ਕੁ ਦਿਨ ਉਹ ਫੇਰ ਮੁੜ ਆਈ। ਆ ਕੇ ਤਵੀਤ ਬੇਜੀ ਦੇ ਮੂਹਰੇ ਸੁੱਟਦੀ ਬੋਲੀ "ਇਹ ਤਾਂ ਉਹ ਤਵੀਤ ਨੀ, ਤੂੰ ਬੁੜ੍ਹੀਆਂ ਨੂੰ ਗਿੱਧੇ ਸਖਾਉਨੀਐਂ। ਏਸ 'ਚ ਤਾਂ ਕੋਈ ਹੋਰ ਈ ਪਰਚੀ ਪਾਈ ਹੋਈ ਐ, ਜਿਹੜੀ ਤੇਰੇ ਬਾਪੂ ਜੀ ਦੇ ਹੱਥਾਂ ਦੀ ਲਿਖੀ ਹੋਈਓ ਨੀ। ਮੈਨੂੰ ਪੜ੍ਹਨਾ ਚਾਹੇ ਨਹੀਂ ਆਉਂਦਾ ਪਰ ਮੈਨੂੰ ਏਹ ਤਾਂ ਪਤੈ ਬਈ ਤੇਰੇ ਬਾਪੂ ਜੀ ਕਿਮੇਂ ਲਿਖਦੇ ਹੁੰਦੇ ਸੀ।"

ਇਸ ਤੋਂ ਮਗਰੋਂ ਬੇਜੀ ਦਾਦੀ ਮਾਂ ਨੂੰ ਉਠਾਲ ਕੇ ਅੰਦਰ ਲੈ ਗਏ।

ਪਤਾ ਨਹੀਂ ਇਹ ਗੱਲ ਕਿੰਨੀ ਕੁ ਠੀਕ ਐ ਬਹੁਤ ਚਿਰ ਮਗਰੋਂ ਪਤਾ ਲੱਗਿਆ ਕਿ ਫੁੱਫੜ ਜੀ ਸਿਰ ਵੋਟਾਂ ਵੇਲੇ ਜਿਹੜਾ ਸੱਤਰ ਹਜ਼ਾਰ ਕਰਜ਼ਾ ਹੋ ਗਿਆ ਸੀ, ਤਵੀਤ ਵਿਚ ਲਿਖੀਆਂ ਚੀਜ਼ਾਂ ਵੇਚ ਕੇ ਲਾਹਿਆ ਗਿਆ ਸੀ। ਇਹ ਵੀ ਪਤਾ ਲੱਗਿਆ ਤਵੀਤ ਵਿਚਲੀਆਂ ਚੀਜ਼ਾਂ ਵੇਚਣ ਲਈ ਬੇਜੀ ਉਦੋਂ ਹੀ ਮੰਨੇ ਸਨ ਜਦੋਂ ਫੁਫੜ ਜੀ ਨੇ ਆਖਿਆ ਸੀ "ਨਹੀਂ ਤਾਂ ਮੈਂ ਪਸਤੌਲ ਦੀ ਗੋਲੀ ਖਾ ਕੇ ਮਰਦਾਂ।" ਸ਼ਾਇਦ ਉਹਨਾਂ ਨੇ ਇਹ ਵੀ ਆਖਿਆ ਸੀ ਹੌਲੀ ਹੌਲੀ ਆਪਾਂ ਇਹ ਪੈਸੇ ਮੋੜ ਦਿਆਂਗੇ।

"ਉਸ ਵੇਲੇ ਜਿਹੜੀ ਮੋਹਰ ਚਾਲੀ ਰੁਪਈਏ ਦੀ ਸੀ ਅੱਜ ਚਾਰ ਸੌ ਦੀ ਐ" ਆਖ ਬੀਬੀ ਕਿੰਨੀ ਵਾਰੀ ਆਪਣੇ ਘਰ ਦੀ ਗੁਆਚੀ ਮਾਇਆ ਦੇ ਹਿਸਾਬ ਲਾਉਂਦੀ ਹੈ।

"ਸਭ ਕਰਮਾਂ ਦੀਆਂ ਗੱਲਾਂ ਨੇ" ਆਖ ਆਪ ਹੀ ਫੇਰ ਆਪਣੇ ਮਨ ਨੂੰ ਸਮਝਾਉਂਦੀ ਹੈ।

## 11

ਦਾਦੀ ਮਾਂ ਬਹੁਤ ਭੈਭੀਤ ਰਹਿਣ ਲੱਗ ਪਈ। ਉਹ ਆਖਦੀ ਸੀ "ਖੋਟੇ ਕਰਮਾਂ ਨੂੰ ਮੈਂ ਰਹਿਗੀ ਪਿੱਛੇ ਤੇ ਆਪ ਲੰਘ ਗਿਆ ਸੁਖਾਲਾ।"

ਉਹ ਬੇਜੀ ਹੋਰਾਂ ਨੂੰ ਆਖਦੀ "ਕਾਕੇ ਨੂੰ ਪਟਿਆਲੇ ਲੈਜੋ, ਮੇਰੀ ਤਾਂ ਜਾਨ ਸੁੱਕੀ ਰਹਿੰਦੀਐ, ਕਈ ਕਈ ਦਿਨ ਬਿਨਾਂ ਕੁਝ ਖਾਧੇ ਪੀਤੇ ਸ਼ਰਾਬ ਪੀਈ ਜਾਂਦੈ। ਸ਼ਰਾਬ ਪੀ ਕੇ ਬਾਹਰ ਨੂੰ ਤੁਰ ਜਾਂਦੈ। ਸ਼ਰਾਬ ਪੀਣ ਦੇ ਮਾਰੇ ਲੰਗਾੜੇ ਸਾਰਾ ਦਿਨ 'ਸਰਦਾਰ ਜੀ ਸਰਦਾਰ ਜੀ' ਕਰਦੇ ਮਗਰ ਲੱਗੇ ਰਹਿੰਦੇ ਨੇ। ਬੋਰੀ ਭਰ ਕੇ ਸ਼ਰਾਬ ਦੀਆਂ ਬੋਤਲਾਂ ਦੀ ਘੋੜੀ ਤੇ ਲੱਦ ਲਿਆਉਂਦੈ, ਜਦੋਂ ਮੁੱਕ ਜਾਂਦੀਆਂ ਨੇ ਹੋਰ ਲੈ ਆਉਂਦੈ। ਸ਼ਰਾਬ ਪੀ ਕੇ ਕਿਹੜਾ ਸੁਰਤ ਰਹਿੰਦੀਐ, ਇਕ ਦਿਨ ਮੈਨੂੰ ਉਤਮ ਬੋਣੇ ਦੇ ਮੁੰਡੇ ਨੇ ਆ ਕੇ ਦੱਸਿਆ ਉਹ ਮੋਧੂ ਦਲਿਤ ਦੀ ਮਾਂ ਕੋਲ ਉਹਨਾਂ ਦੇ ਘਰ ਬੈਠਾ ਰੋਟੀ ਖਾ ਰਿਹਾ ਸੀ। ਮੈਂ ਗਈ। ਮੋਧੂ ਦੀ ਮਾਂ ਹੱਥ ਜੋੜੇ ਆਖੇ "ਮੈਂ ਤਾਂ ਬਥੇਰਾ ਆਖਿਆ ਸੀ ਪੁੱਤ ਸਾਡੀ ਰੋਟੀ ਨੀ ਤੇਰੇ ਲੈਕ ਪਰ ਆਖਦੇ ਮੈਂ ਭੁੱਖਾਂ ਮੈਨੂੰ ਰੋਟੀ ਦੇ ਅੰਮਾਂ। ਫੇਰ ਜਾਣੀ ਮੇਰਾ ਕਾਲਜਾ ਮੱਚ ਗਿਆ, ਚੰਦਰਾ ਭੁੱਖਾ ਭਾਣਾ ਫਿਰਦਾ ਰਹਿੰਦੈ।"

"ਮੈਂ ਤਾਂ ਮਾਰ ਕੇ ਖੂਹ ਟੋਭੀਂ ਪੈ ਕੇ ਲਿਆ ਸੀ। ਏਸ ਘਰ ਦਾ ਏਸ ਨਾਲ ਈ ਦੀਵਾ ਬਲਦੈ, ਬਚਾਲੇ ਕੁੜੇ ਏਸ ਨੂੰ ਏਹਦਾ ਹੋਰ ਕੋਈ ਨੀਂ।"

ਫੁਫੜ ਜੀ ਨੇ ਸਮਝਾ ਬੁਝਾ ਕੇ ਬਾਪੂ ਜੀ ਨੂੰ ਪੁਲਿਸ ਵਿਚ ਭਰਤੀ ਕਰਵਾ ਦਿੱਤਾ। ਪਰ ਜਿਹੜਾ ਬੋਲੇ "ਏਨੀ ਏਨੀ ਤਨਖਾਹ ਤੇ ਤੂੰ ਭਾਮੇਂ ਚਾਰ ਨੌਕਰ ਰੱਖਲੈ ਤੇਰੇ ਪਿਓ ਦੇ



Scanned by CamScanner

ਘਰ ਕੀ ਘਾਟਾ ਸੀ, ਪਿੰਡ ਏਡਾ ਵੱਡਾ ਘਰ ਛੱਡ ਕੇ....ਕਿਥੇ ਤਾਂ ਠਾਣੇਦਾਰ, ਸੁਪੰਡੰਟ, ਜ਼ੈਲਦਾਰ ਮਜਿਸਟਰੇਟ, ਡੀ. ਸੀ. ਤੈਨੂੰ ਸਲਾਮਾਂ ਕਰਨ ਤੇ ਕਿੱਥੇ.....” ਤੇ ਬਾਪੂ ਜੀ ਨੇ ਨੌਕਰੀ ਛੱਡ ਦਿੱਤੀ। ਪਿੰਡ ਆ ਗਏ।

ਇਕ ਦਿਨ ਮਾਂ ਸਵੇਰ ਦੀ ਮਿੰਨਤਾਂ ਕਰ ਰਹੀ ਸੀ, ਉਹ ਚੁਬਾਰੇ ਦਾ ਬਾਰ ਅੰਦਰੋਂ ਬੰਦ ਕਰਕੇ ਪੈ ਗਏ ਸਨ। ਖੋਲ੍ਹ ਨਹੀਂ ਸਨ ਰਹੇ। ਉਦੋਂ ਮੈਂ ਵੀ ਪਿੰਡ ਆਈ ਹੋਈ ਸੀ।

ਦਾਦੀ ਮਾਂ ਕਦੇ ਕਿਸੇ ਨੂੰ ਸੱਦ ਕੇ ਲਿਆਉਂਦੀ ਕਦੇ ਕਿਸੇ ਨੂੰ ਅਖੇ, “ਹਾੜੇ ਵੇ ਬਾਰ ਖੁਲ੍ਹਵਾ ਲਓ ਹੋਰ ਨਾ ਕੁਸ਼ ਖਾਕੇ ਮਰਜੇ ਮੈਂ ਪੱਟੀ ਜਾਊਂਗੀ ਦੋਹਾਂ ਜਹਾਨਾਂ ਤੋਂ। ਪੁੱਤ ਤੂੰ ਜੋ ਮਰਜ਼ੀ ਕਰ ਮੈਂ ਕਦੇ ਕੁਸ਼ ਨੀ ਆਖੂੰਗੀ। ਜੀਹਨੂੰ ਜੋ ਮਰਜ਼ੀ ਦੇ, ਜੋ ਮਰਜ਼ੀ ਲੈ। ਮੈਂ ਤਾਂ ਔਤ ਜਾਣਿਆਂ ਸੱਭਾਂ ਕੇ ਇੰਦਰ ਦੀ ਜਾਨ ਨੂੰ ਰੋਂਦੀ ਸੀ, ਬਈ ਹੱਥੀਂ ਪੈਰੀਂ ਪੈਕੇ ਥਉਂ ਲਖਾ ਲਿਆ ਆਖੇ ਅਸੀਂ ਗਰੀਬਆਂ ਥੋਨੂੰ ਕੀ ਫਰਕ ਪੈਂਦੈ। ਮੈਂ ਪੁਛਿਆ ਤਾਂ ਆਖਤਾ “ਕੋਈ ਨੀ ਗਰੀਬਾਂ ਦੇ ਡੰਗਰ ਬੰਨ੍ਹਣ ਨੂੰ ਥਉਂ ਨੀ ਸੀ, ਬੁੜ੍ਹਾ ਸਿਆਲ ’ਚ ਵੀ ਝਲਿਆਨੀ ’ਚ ਸੌਂਦਾ ਸੀ, ਨਾਲੇ ਤੇਰੇ ਕੀਹਨੇ ਸਾਂਭਣੈ, ਕੁੜੀਆਂ ਨੇ ਉਹ ਆਪਣੇ ਆਪਣੇ ਘਰੀ ਚਲੀਆਂ ਜਾਣਗੀਆਂ।” ਮੈਂ ਕਿਹਾ ਵੇ ਰੱਬ ਦੇ ਘਰ ਕਾਹਦਾ ਘਾਟਾ ਐ ਉਹ ਨੂੰ ਭੁੱਲਦੇ ਨੂੰ ਕੀ ਚਿਰ ਲੱਗਦੈ।

ਬਦਰੇ ਗੁੱਜਰ, ਨਿੱਕੇ ਛੀਂਬੇ, ਭਗਮਾਨੇ ਬੁੜ੍ਹੇ, ਤਾਈ ਬਚਨੀ, ਜੈ ਕੁਰ ਤੇ ਦਾਦੀ ਮਾਂ ਦੇ ਮਿੰਨਤਾਂ ਤਰਲੇ ਕਰਨ ਤੇ ਆਥਣੇ ਦਿਨ ਛਿਪੇ ਬਾਪੂ ਜੀ ਨੇ ਚੁਬਾਰੇ ਦਾ ਬਾਰ ਖੋਲ੍ਹਿਆ। ਉਹਨਾਂ ਫੁਲਕਾਰੀ ਦੀ ਗਿਣਤੀ ਮਾਰੀ ਹੋਈ ਸੀ। ਵਾਲ ਖੋਲ੍ਹ ਕੇ ਪਿਛਾਂਹ ਸਿੱਟੇ ਹੋਏ ਸਨ। ਨੰਗੇ ਪੈਰੀਂ ਹੱਥ ’ਚ ਲੋਹੇ ਦਾ ਬਾਟਾ ਫੜੀ ਉਹ ਬਾਹਰ ਨਿਕਲੇ।

“ਮੈਂ ਹੁਣ ਸਾਧ ਬਣ ਕੇ ਪਿੰਡ ਪਿੰਡ ਮੰਗਦਾ ਫਿਰਿਆ ਕਰੂੰਗਾ। ਲੋਕ ਦੇਖਣ ਤਾਂ ਸਹੀ ਬਈ ਸਰਦਾਰ ਹਜ਼ੂਰਾ ਸਿੰਘ ਦਾ ਮੁੰਡਾ ਸਾਧ ਬਣਿਆ ਫਿਰਦੈ। ਤੂੰ ਸਾਂਭ ਆਪਣਾ ਘਰ ਬਾਰ। ਜ਼ਮੀਨ ਜਾਇਦਾਦ ਵੀ ਦੇ ਦੇਵੀਂ ਆਪਣੀਆਂ ਧੀਆਂ ਨੂੰ” ਬਾਪੂ ਜੀ ਨੇ ਦਾਦੀ ਮਾਂ ਨੂੰ ਆਖਿਆ।

ਦਾਦੀ ਮਾਂ ਧਾਹਾਂ ਮਾਰ ਕੇ ਰੋਣ ਲੱਗ ਪਈ। ਬਦਰੇ ਗੁੱਜਰ ਨੇ ਮੂਹਰੇ ਹੋ ਕੇ ਉਨ੍ਹਾਂ ਨੂੰ ਰੋਕ ਲਿਆ।

“ਨਹੀਂ ਬਦਰਿਆ ਮੇਰਾ ਅੰਨ ਜਲ ਹੁਣ ਏਸ ਘਰੋਂ ਉਠ ਗਿਆ।”

“ਨਾ ਸਰਦਾਰ ਕਾਕਾ ਸਿਆਂ ਇਉਂ ਸਾਨੂੰ ਧੱਕਾ ਨਾ ਦੇਈਂ” ਨਿੱਕਾ ਛੀਂਬਾ ਹੱਥ ਜੋੜ ਰਿਹਾ ਸੀ।

ਬਾਪੂ ਜੀ ਕੋਠੇ ਤੋਂ ਹੇਠਾਂ ਆ ਗਏ। ਹਾਰੇ ਵਿਚੋਂ ਸੁਆਹ ਦੀ ਮੁੱਠੀ ਲੈ ਕੇ ਆਪਣੇ ਮੂੰਹ ਤੇ ਮਲ ਲਈ। ਇਕ ਹੋਰ ਮੁੱਠੀ ਸਿਰ ’ਚ ਪਾ ਲਈ। ਵੀਹੀ ਵੇਹੜੇ ਦੇ ਹੋਰ ਲੋਕ ਵੀ ਆ ਪਹੁੰਚੇ। ਮੱਲੋਮੱਲੀ ਸਭ ਉਹਨਾਂ ਨੂੰ ਰੋਕਣ ਲੱਗੇ। ਸਭ ਤੋਂ ਬਾਹਾਂ ਹੱਥ ਛੁਡਾ ਉਹ ਬਾਹਰ ਨੂੰ ਤੁਰ ਪਏ। ਵੱਡੇ ਫਾਟਕ ਕੋਲ ਮੈਂ ਖੜ੍ਹੀ ਸੀ। ਲੇਰਾਂ ਮਾਰਦੀ ਮੈਂ ਲੱਤਾਂ ਨੂੰ ਚੰਬੜ ਗਈ। “ਹੈ ਬਾਪੂ ਜੀ ਨਾ ਜਾਓ, ਨਾ ਜਾਓ” ਇਕ ਪਲ ਉਨ੍ਹਾਂ ਮੈਨੂੰ ਵੀ ਤੋੜ ਕੇ ਪਰਾਂ ਸੁੱਟਣ ਦੀ ਕੋਸ਼ਿਸ਼ ਕੀਤੀ। ਪਰ ਮੈਂ ਉਨ੍ਹਾਂ ਨੂੰ ਛੱਡਿਆ ਨਹੀਂ। ਇੰਨੇ ਨੂੰ ਦਾਦੀ ਮਾਂ ਵੀ ਆ ਪਹੁੰਚੀ। ਹੋਰ ਲੋਕ ਵੀ।

ਬਾਪੂ ਜੀ ਨੇ ਮੈਨੂੰ ਗੋਦੀ ਵਿਚ ਚੁੱਕ ਲਿਆ। ਬੋਲੇ “ਤੂੰ ਕਿਉਂ ਰੋਨੀਐਂ ?”



Scanned by CamScanner

ਮੈਂ ਗਲ ਨੂੰ ਚੰਬੜ ਕੇ ਹੋਰ ਬਹੁਤਾ ਰੋ ਪਈ। ਇਸ ਤੋਂ ਪਿਛੋਂ ਉਹ ਮੈਨੂੰ ਚੁੱਪ ਕਰਾਉਂਦੇ ਰਹੇ। ਮੈਂ ਬਾਪੂ ਜੀ ਦੇ ਗਲ ਨੂੰ ਚੰਬੜੀ ਹੋਈ ਸੀ ਤੇ ਨਾਲ ਹੀ ਉਹ ਭੁਲਕਾਰੀ ਦੀ ਗਿਣਤੀ ਮਾਰੀਂ, ਮੂੰਹ ਤੇ ਸੁਆਹ ਮਲੀਂ, ਹੱਥ 'ਚ ਬਾਟਾ ਫੜੀ, ਕਿਸੇ ਪਿੰਡ ਦੀ ਬੀਹੀ 'ਚ ਮੰਗਦੇ ਤੁਰੇ ਫਿਰਦੇ ਦਿਸ ਰਹੇ ਸਨ ਤੇ ਮੇਰਾ ਰੋਣਾ ਥੰਮ੍ਹਦਾ ਹੀ ਨਹੀਂ ਸੀ।

"ਅੱਛਾ ਚੁੱਪ ਕਰ ਮੈਂ ਨਹੀਂ ਜਾਂਦਾ" ਅਖੀਰ ਉਨ੍ਹਾਂ ਨੂੰ ਆਖਣਾ ਪਿਆ। ਉਸੇ ਦਿਨ ਉਹ ਮੇਰੇ ਤੋਂ ਛੋਟੀ ਸੁਰਜੀਤ ਨੂੰ ਸਮਰਾਲੇ ਵਾਲੇ ਭੂਆ ਜੀ ਤੋਂ ਲੜ ਕੇ ਵਾਪਸ ਲੈ ਆਏ। ਆਖਣ ਲੱਗੇ "ਮੈਂ ਕੋਈ ਮਾੜਾ ਮੰਗਤਾਂ ਬਈ ਮੇਰੀਆਂ ਧੀਆਂ ਨੂੰ ਤੁਸੀਂ ਪਾਲੋਂਗੀਆਂ।" ਭੂਆ ਜੀ ਭਾਵੇਂ ਇਸ ਲਈ ਸੁਰਜੀਤ ਨੂੰ ਲੈ ਗਏ ਸਨ ਕਿ ਉਨ੍ਹਾਂ ਦਾ ਆਪਣਾ ਕੋਈ ਬੱਚਾ ਨਹੀਂ ਸੀ।

ਦਾਦੀ ਮਾਂ ਬੀਬੀ ਨੂੰ ਆਖਦੀ "ਲੈਕ ਤੀਮੀਆਂ ਆਦਮੀਆਂ ਨੂੰ ਰਾਹ ਪਾ ਲੈਂਦੀਆਂ ਨੇ, ਇਹ ਗਏ ਖਲਣੇ ਦੀ ਜਿੱਦਣ ਦੀ ਆਈ ਐ, ਘਰ ਪਿੱਛੇ ਈ ਪਿੱਛੇ ਜਾਂਦੈ। ਅਗਲੀ ਕੰਮਾਂ ਨਾਲ, ਗੱਲਾਂ ਨਾਲ ਆਦਮੀ ਦਾ ਮਨ ਜਿੱਤ ਲੈਂਦੀ ਐ, ਇਹ ਨਿੱਜ ਹੋਈ ਬਸ ਗੁਟਕਾ ਜਾ ਲੈ ਕੇ ਬੈਠੀ ਰਹੂ। ਬਈ ਤੇਰਾ ਪਾਠ ਕਿਸ ਕੰਮ ਜੇ ਤੇਰਾ ਆਦਮੀ ਰਾਹੋਂ ਕੁਰਾਹੇ ਪੈ ਗਿਆ। ਏਸ ਨਾਲਈਐ ਸਭ ਕੁਸ਼, ਏਸ ਤੋਂ ਬਿਨਾਂ ਕਿਸੇ ਨੇ ਟਕੇ ਸੇਰ ਨੀ ਪਿਹਾਉਣਾ। ਮਾਂ ਹੁੰਦੀ ਤਾਂ ਕੋਈ ਲੱਖਣ ਦਿੱਤਾ ਹੁੰਦਾ, ਬਈ ਪਤੀ ਤਾਂ ਪਰਮੇਸ਼ਰ ਹੁੰਦੈ। ਕਿੱਥੇ ਧਰੀ ਪਈ ਸੀ ਸਾਡੇ ਢਾਂਡੀ। ਧੀ ਪੁੱਤ ਕੀ ਹੋਇਆ ਜੇ ਹੱਥੀਂ ਪੈਰੀਂ ਨਾ ਕੰਮ ਨੂੰ ਲਾ ਕੇ ਲੈ ਗਿਆ। ਸੁੰਨੀ ਜੀ ਜੇਹੜੇ ਕੰਮ ਨੂੰ ਲੱਗੂ ਵਰ੍ਹਾ ਲਾ ਦੂ। ਨਹੀਂ ਧੀ ਪੁੱਤਰ ਹੁੰਦੇ ਚਟੁੱਕ ਚਟੁੱਕ ਕੰਮ ਮੁਕਾ ਲੈਂਦੇ। ਇਹ ਨਿਰਘਲ ਜੀ, ਸਲ੍ਹਾਬੇ ਦੀ ਮਾਰੀ ਉਠਦੀ ਓ ਛੀ ਮਹੀਨੇ ਲਾ ਦੂ। ਐਂ ਨੀ ਬਈ ਅਗਲੇ ਦੇ ਆਉਂਦੇ ਨੂੰ ਸਜੀ ਧਜੀ ਬੈਠੀ ਹੋਵੇ। ਇਕ ਅਖੇ, ਭੂਤਨੀ ਦੂਜੀ ਪੈਗੀ ਸਿਵਿਆਂ ਦੇ ਰਾਹ। ਇਕ ਰੱਬ ਨੇ ਰੰਗ ਰੂਪ ਏਹੋ ਜਾ ਦਿੱਤਾ ਸੀ ਉਤੋਂ ਰੰਗ ਏਹੋ ਜੇ ਪਾਲਊ ਨਿਰਾ ਚੜ੍ਹੰਮ। ਮੇਰੇ ਸਿਓਨੇ ਅਰਗੇ ਪੁੱਤ ਦੇ ਕਿਥੋਂ ਕਰਮਾਂ 'ਚ ਧਰੀ ਪਈ ਸੀ। ਮੈਂ ਬਥੇਰਾ ਪਿੱਟ ਹਟੀ ਬਈ ਮਾਂ ਬਾਹਰੀ ਦਾ ਸਾਕ ਨਾ ਲੈ ਪਰ ਕੋਈ ਸੁਣੇ ਵੀ.....

ਉਧਰ ਵੇਲੇ ਕੁਵੇਲੇ ਬੀਬੀ ਆਖਦੀ "ਬਾਪ ਮੇਰਾ ਘਰ ਦੇਖ ਕੇ ਈ ਭੁਲ੍ਹ ਗਿਆ, ਕਿੱਥੇ ਮੈਨੂੰ ਮਲੇਸ਼ਾਂ ਦੇ ਵਸ ਪਾ ਦਿੱਤਾ। ਏਦੂੰ ਕਿਸੇ ਗਰੀਬ ਜੱਟ ਦੇ ਘਰ ਜਾਂਦੀ ਅਗਲੇ ਨੂੰ ਕਦਰ ਵੀ ਹੁੰਦੀ। ਏਡਾ ਵੱਡਾ ਘਰ ਕੀ ਭੰਨਣਾ ਹੁੰਦੈ, ਸੰਭਰਦੀ ਸੂਹਰਦੀ ਤੇ ਕੁੰਡੇ ਅੜਾਉਂਦੀਓ ਥੱਕ ਜਾਨੀਆਂ। ਆਥਣੇ ਸਬਾਤ ਦੇ ਬਾਹਰਲੇ ਦਰਵਾਜ਼ੇ ਦਾ ਜਦੋਂ ਅੰਦਰੋਂ ਬਾਰ ਬੰਦ ਕਰ ਕੇ ਮੁੜਦੀਆਂ ਤਾਂ ਨ੍ਹੇਰੇ ਵਿਚਦੀ ਏਡਾ ਘਰ ਲੰਘ ਕੇ ਆਉਂਦੀ ਦਾ ਜਾਣੀ ਸਾਹ ਸੁੱਕ ਜਾਂਦੈ। ਮੂੰਹ 'ਚ ਬਥੇਰਾ ਪਾਠ ਕਰਦੀਆਂ ਪਰ ਜਾਣੀ ਭੈ ਲੱਗਦੈ। ਏਡੇ ਘਰ 'ਚ ਤਾਂ ਪੰਜਾਹ ਜੀਆਂ ਦਾ ਟੱਬਰ ਚਾਹੀਦਾ ਸੀ।" ਫੇਰ ਆਖਦੀ ਇਹ ਜੇਹੜੀ ਤੇਰੀ ਛੋਟੀ ਭੂਆ ਜੀ ਐ ਨਾ ਕਲਜੋਗਣਐ ਨਿਰੀ ਕਲਜੋਗਣ। ਪਰ ਦੇਖੀਂ ਕਹਿ ਨਾ ਦੇਈਂ ਉਸ ਦੇ ਮੂੰਹ ਤੇ ਕਿਤੇ, ਮੈਨੂੰ ਤਾਂ ਛੱਡਣਾ ਨੀ। ਇਕ ਵਾਰੀ ਤੇਰੇ ਬਾਪੂ ਜੀ ਕੇਸੀਂ ਨਹਾ ਰਹੇ ਸੀ, ਮੈਂ ਸਿਰ 'ਚ ਪਾਣੀ ਪਾ ਰਹੀ ਸੀ। ਬੋਲੀ "ਕਾਕਾ ਤੇਰੇ ਸਿਰ 'ਚ ਤਾਂ ਏਸ ਨੇ ਖਬਰਨੀ ਕੀ ਸੰਧੂਰ ਜਿਹਾ ਪਾਤਾ। ਖਬਰਨੀ ਕਾਹਦੇ ਟੂਣੇ ਟਾਮਣ ਕਰਵਾਉਂਦੀ ਫਿਰਦੀਐ, ਤੈਨੂੰ ਤਾਂ ਮਾਰ ਕੇ ਛੱਡੂ।" ਮੈਂ ਹਜ਼ਾਰ ਹਜ਼ਾਰ ਭਾਈ ਦੀ ਸਹੁੰ ਖਾਧੀ ਬਈ ਮੇਰੇ ਹੱਥ 'ਚ ਤਾਂ ਕੁਸ਼ ਨੀ ਸੀ। ਖੀਸੇ 'ਚ ਸੰਦੂਕ ਦੀ ਕੁੰਜੀ ਟੋਹਣ ਨੂੰ ਭਾਮੇ ਹੱਥ ਚਲਿਆ ਗਿਆ ਹੋਵੇ। ਪਰ ਕਾਹਨੂੰ ਮੰਨਦੀਐ।



Scanned by CamScanner

ਬਾਪੂ ਜੀ ਤੇਰਾ ਲਾਈ ਲੱਗ, ਘੋੜੇ ਆਲਾ ਹੰਟਰ ਚੁੱਕ ਲਿਆ, ਅਖੇ ਅੱਜ ਨੀ ਜਿਉਂਦੀ ਛੱਡਦਾ। ਉਹ ਤਾਂ ਅੰਮਾ ਜੀ ਬਚਾਲੇ ਆਗੀ ਤੇ ਉੱਤੋਂ ਬਾਬਾ ਜੀ ਆਗੇ, ਨਹੀਂ ਤਾਂ ਖਬਰਨੀ ਉਦਣ ਕੀ ਹੋ ਜਾਂਦਾ। ਬਾਬਾ ਜੀ ਸੀ ਸੱਚਾ ਬੰਦਾ ਓਸ ਨੇ ਤਾਂ ਬੀਬੀ ਨਾਲ ਫੇਰ ਬੜੀਓ ਬੁਰੀ ਬਣਾਈ, "ਅਖੇ ਸਹੁਰੀਏ ਚੰਦਕੁਰ ਘਰ ਦੀ ਬਹੂ ਐ। ਫੇਰ ਪੜ੍ਹੀ ਲਿਖੀ ਗੁਰੂ ਮਹਾਰਾਜ ਦੀ ਪਾਠਣਐ, ਟੂਣੇ ਟਾਮਣ ਇਹ ਕਾਹਨੂੰ ਕਰੂਗੀ। ਬਾਕੀ ਜੇ ਬਾੜ ਈ ਖੇਤ ਨੂੰ ਖਾਵੇ ਫੇਰ ਰਾਖੀ ਵੀ ਕੋਈ ਨੀ ਕਰ ਸਕਦਾ ਹੁੰਦਾ। ਨਾਲੇ ਕਾਕੇ ਨੂੰ ਕੁਸ਼ ਕਰਾ ਕੇ ਏਸ ਨੇ ਮਰਨੈ" ਪਰ ਤੇਰੀ ਭੂਆ ਜੀ ਆਖੇ "ਬਾਪੂ ਜੀ ਤੁਸੀਂ ਨੀ ਸਮਝਦੇ ਤੀਮੀਆਂ ਦੇ ਚਲਿੱਤਰ ਇਹ ਤਾਂ ਏਸ ਨੂੰ ਵਸ 'ਚ ਕਰਨ ਲਈ ਟੂਣੇ ਟਾਮਣ ਕਰਦੀ ਫਿਰਦੀਐ। ਮੈਂ ਤਾਂ ਕਹਿਨੀਆਂ ਏਸ ਦੇ ਭਰਾਮਾਂ ਤੇ ਪੈਣ ਸਾਰੇ ਟੂਣੇ, ਉਹਨਾਂ ਨੂੰ ਸਾਂਭੇ ਰੱਬ, ਫੇਰ ਲੱਗੂ ਸੇਕ।" "ਜੀ ਕਰੇ ਚੋਈੜਾ ਮਾਰਾਂ ਚੁੱਕ ਕੇ ਭਰਾਮਾਂ ਨੂੰ ਮਾਰਦੀਐ ਪਰ ਮੈਂ ਇਕੋ ਚੁੱਪ ਵੱਟੀ ਰੱਖੀ ਤੇ ਰੋਂਦੀ ਰਹੀ। ਪਰ ਰੱਬ ਨੂੰ ਜਾਨ ਦੇਣੀ ਐ ਬਾਬਾ ਜੀ ਤੇ ਅੰਮਾਂ ਜੀ ਨੇ ਬਥੇਰੀ ਓਸ ਦੀ ਲਾਹ ਪਾਹ ਕੀਤੀ ਤੇ ਫੇਰ ਉਹ ਉਨ੍ਹਾਂ ਨਾਲ ਈ ਲੜਨ ਲੱਗ ਪਈ, ਅਖੇ ਥੋਨੂੰ ਵੀ ਕੁਸ਼ ਖਵਾਇਆ ਲਗਦੈ। ਏਹਨੂੰ ਮੈਂ ਆਪ ਦੇਖਿਐ ਜਦ ਵੀ ਨਹੁੰ ਲਹਾਊ ਕਾਗਜ਼ 'ਚ ਪਾ ਕੇ ਰੱਖਲੂ। ਜੇ ਟੂਣੇ ਟਾਮਣ ਨੀ ਕਰਨੇ ਹੋਰ ਉਹ ਕੀ ਜਣਦਿਆਂ ਦੇ ਸਿਰ 'ਚ ਮਾਰਨੇ ਹੁੰਦੇ ਨੇ। ਨਾਲੇ ਆਖਦੇ ਨੇ ਜੇ ਕੋਈ ਤੀਮੀ ਕਿਸੇ ਨੂੰ ਉੱਲੂ ਦੀ ਜੀਭ ਖੁਆ ਦੇਵੇ ਅਗਲਾ ਉੱਲੂਈ ਬਣ ਜਾਂਦੈ, ਫਿਰ ਜਿਮੇਂ ਮਰਜ਼ੀ ਨਾਚ ਨਚਾਵੇ।" ਇਹ ਸੁਣ ਕੇ ਮਨ ਕਰੇ ਆਖਾਂ ਜਾਣਦੇ ਨੀ ਬੀਬੀ ਕਿਉਂ ਵਾਧੂ ਦੇ ਪੱਥਰ ਤੋਲਦੀਐਂ, ਤੈਂ ਵੀ ਰੱਬ ਨੂੰ ਜਾਨ ਦੇਣੀ ਐ, ਪਰ ਫੇਰ ਸੋਚਿਆ ਮਨਾ ਬੋਲ ਕੇ ਕੀ ਜੱਗ ਜਿੱਤਣੈ। ਨਾਲੇ ਵਣਜ ਖੋਟਾ ਆਪਣਾ ਬਾਣੀਏ ਨੂੰ ਕੀ ਦੋਸ਼। ਤੇਰੇ ਬਾਪੂ ਜੀ ਚੱਜ ਦੇ ਹੁੰਦੇ ਉਹ ਕੀ ਕਰ ਲੈਂਦੀ। ਅੱਛਾ ਰੱਬਾ ਤੇਰੀਆਂ ਲਿਖੀਆਂ ਨੇ, ਭੁਗਤਦੀਆਂ। ਪਰ ਮੇਰਾ ਏਸੇ ਜਨਮ 'ਚ ਹਸਾਬ ਕਤਾਬ ਪੂਰਾ ਕਰਦੀਂ ਗਹਾਂ ਨੂੰ ਨਾ ਬਾਕੀ ਰਹੇ। ਅਗਲੇ ਜਨਮ ਤੀਮੀ ਦੀ ਜੂਨ ਨਾ ਪਾਈਂ।" ਬੀਬੀ ਆਖਦੀ। ਮੈਂ ਜਦੋਂ ਪਟਿਆਲੇ ਵੀ ਹੁੰਦੀ ਸੁਰਤ ਮੇਰੀ ਜਿਵੇਂ ਮਗਰ ਪਿੰਡ ਹੀ ਰਹਿੰਦੀ।

ਸਕੂਲ ਵਿਚ ਮਿਸ ਸੇਨ ਭੈਣਜੀ ਆਖਦੇ ਨੇ ਇਹੋ ਜੀ ਜਮਾਤ ਪਹਿਲਾਂ ਕਦੇ ਨੀ ਆਈ। ਉਚੀ ਲੰਮੀ ਪਰੀਆਂ ਵਰਗੀ ਗੁਰਬਖਸ਼ ਕੌਰ ਭੈਣਜੀ ਨੇ ਆਖਿਆ। "ਮੈਂ ਵੀ ਤੁਹਾਡੇ ਨਾਲ ਬਾਸਕਟਬਾਲ ਖੇਡਾਂਗੀ।"

"ਗੁਰਬਖਸ਼ ਭੈਣਜੀ ਦੇ ਵੀ ਕੋਈ ਭਰਾ ਨੀ, ਹੈ ਨੀ ਅਜੀਬ ਗੱਲ ?" ਗੁਰਜਾਪ ਆਖ ਰਹੀ ਸੀ।

ਪਤਾ ਨਹੀਂ ਇਹ ਕਿਹੋ ਜਿਹੀ ਜਮਾਤ ਸੀ ਪੜ੍ਹਨ 'ਚ ਬਹੁਤ ਅੱਛੀ, ਖੇਡਾਂ 'ਚ ਸਭ ਤੋਂ ਮੂਹਰੇ, ਨੱਚਣ ਗਾਉਣ, ਫੈਨਸੀ ਡਰੈਸ, ਡਰਾਮੇ ਡਿਬੇਟਾਂ ਗੱਲ ਕੀ ਕਮਾਲ ਸੀ ਪਰ ਰੱਬ ਜਾਣੇ ਕਿਉਂ ਬਹੁਤੀਆਂ ਕੁੜੀਆਂ ਦੇ ਭਰਾ ਨਹੀਂ ਸਨ। ਕਸ਼ਮੀਰ, ਹਰਬਖਸ਼, ਸੁਖਦੇਵ, ਗੁਰਜਾਪ, ਰਣਜੀਤ ਤੇ ਮੈਂ ਭਰਾਵਾਂ ਬਾਹਰੀਆਂ ਸੀ ਤੇ ਗੁਰਬਖਸ਼ ਭੈਣ ਜੀ ਵੀ ਸਾਡੇ ਨਾਲ ਦੇ ਸਨ ਇਸੇ ਲਈ ਬਹੁਤ ਆਪਣੇ ਲਗਦੇ ਸਨ।

"ਆਪਣੇ 'ਚੋਂ ਕਿਸੇ ਇਕ ਦੇ ਵੀ ਜੇ ਭਰਾ ਹੋ ਜੇ ਆਪਣਾ ਸਾਰੀਆਂ ਦਾ ਉਹ ਭਰਾ ਬਣਜੇ" ਗੁਰਜਾਪ ਆਖ ਰਹੀ ਸੀ।

"ਛੁੱਟੀਆਂ 'ਚ ਆਪਾਂ ਉਹਦੇ ਘਰ ਈ ਚਲੀਆਂ ਜਾਇਆ ਕਰੀਏ" ਕਸ਼ਮੀਰ ਨੇ ਉਸ ਤੋਂ ਅਗਲੀ ਗੱਲ ਕੀਤੀ।



Scanned by CamScanner

"ਆਪਾਂ ਇਉਂ ਕਰਾਂਗੇ ਉਸ ਦੇ ਕਿੰਨੇ ਸਾਰੇ ਨਉਂ ਰੱਖ ਲਵਾਂਗੇ। ਕਸ਼ਮੀਰ ਆਪਣਾ ਨਉਂ ਰੱਖ ਲਊ, ਸੁਖਦੇਵ ਆਪਣਾ ਤੇ ਫੇਰ ਇਉਂ ਲੱਗੂ ਜਿਵੇਂ ਹਰੇਕ ਦਾ ਆਪਣਾ ਆਪਣਾ ਭਰਾ ਐ" ਮੈਂ ਦਲੀਲ ਦਿੱਤੀ। ਜਿਹੜੀ ਸਭ ਨੂੰ ਬਹੁਤ ਪਸੰਦ ਆਈ।

"ਚਲੋ ਜੇ ਗੁਰਬਖਸ਼ ਭੈਣ ਜੀ ਦੇ ਈ ਭਰਾ ਹੋ ਜੇ ਆਪਾਂ ਓਸੇ ਨੂੰ ਆਪਣਾ ਭਰਾ ਬਣਾ ਲਈਏ" ਮੈਂ ਇਹ ਵੀ ਆਖਿਆ।

"ਉਨ੍ਹਾਂ ਦੇ ਭਰਾ ਨਹੀਂ ਹੋ ਸਕਦਾ, ਉਨ੍ਹਾਂ ਦੇ ਤਾਂ ਬਾਪੂ ਜੀ ਵੀ ਮਰ ਗਏ ਹੋਏ ਨੇ" ਨੀਰਾ ਨੇ ਦੱਸਿਆ।

"ਅੱਛਾ ਬਚਾਰਿਆਂ ਦੇ ਬਾਪੂ ਜੀ ਵੀ ਮਰੇ ਹੋਏ ਨੇ। ਫੇਰ ਰੱਬ ਕਰੇ ਉਨ੍ਹਾਂ ਦੇ ਈ ਭਰਾ ਹੋਜੇ, ਬਚਾਰਿਆਂ ਦੇ ਬਾਪੂ ਜੀ ਵੀ ਨਹੀਂ ਨਾ" ਮੈਂ ਆਖਿਆ ਸੀ।

ਏਸੇ ਤਰ੍ਹਾਂ ਬੇਜੀ ਹੋਰੀਂ ਇਕ ਦਿਨ ਆਪਣੇ ਨਾਲ ਮੈਨੂੰ ਲੀਲਾਭਵਨ ਵਾਲੇ ਫੁਫੜ ਜੀ ਦੇ ਘਰ ਲੈ ਕੇ ਗਏ। ਲੀਲਾਭਵਨ ਵਾਲੇ ਫੁੱਫੜ ਜੀ ਉਨ੍ਹਾਂ ਨੂੰ ਇਸ ਲਈ ਆਖਿਆ ਜਾਂਦਾ ਸੀ ਕਿਉਂਕਿ ਉਹ ਲੀਲਾ ਭਵਨ ਵਿਚ ਮਹਿਲ ਵਿਚ, ਜਿਥੇ ਰਾਜਮਾਤਾ ਰਹਿੰਦੀ ਸੀ, ਉਸ ਦੇ ਬਾਗ ਦੇ ਇਕ ਪਾਸੇ ਬਣੀ ਕੋਠੀ ਵਿਚ ਰਹਿੰਦੇ ਸਨ ਤੇ ਉਹ ਫੁੱਫੜ ਜੀ ਦੇ ਪਿੰਡ ਦੇ ਸਨ।

ਲੀਲਾ ਭਵਨ ਵਾਲੇ ਭੂਆ ਜੀ ਨੇ ਬਹੁਤ ਵਧੀਆ ਮਾਲ ਦੇ ਅੰਬ ਕੱਟ ਕੇ ਖਾਣ ਨੂੰ ਦਿੱਤੇ ਤੇ ਆਖਿਆ ਜਿਸ ਦਿਨ ਰਾਜਮਾਤਾ ਸਾਹਬ ਕਿਧਰੇ ਗਏ ਹੋਏ, ਤੈਨੂੰ ਅੰਦਰੋਂ ਮਹਿਲ ਵਿਖਾ ਕੇ ਲਿਆਮਾਂਗੇ।

"ਜਾਣ ਦਿਓ ਭੈਣ ਜੀ ਕੁੜੀਆਂ ਨੂੰ ਲਜਾਣ ਵਾਲੀ ਨੀ ਉਹ ਥਉਂ, ਇਹ ਤਾਂ ਇਹੋ ਜੀ ਜਧ-ਕਮਲੀਐ ਬਈ ਜਾ ਕੇ ਸਭ ਨੂੰ ਦੱਸਦੂ ਬਈ ਰਾਜੇ ਦੇ ਮਹਿਲ 'ਚ ਮੈਂ ਹਾਅ ਕੁਸ਼ ਦੇਖਿਆ ਸੀ" ਬੇਜੀ ਨੇ ਆਖਿਆ।

"ਮੈਂ ਤਾਂ ਆਪ ਨੀ ਬੀਬੀਆਂ ਨੂੰ ਓਧਰ ਕਦੇ ਜਾਣ ਦਿੱਤਾ ਪਰ ਪੁੱਤ ਖਾਣੇ ਦਾ ਮਹਿਮਾਨ ਜਿਹੜਾ ਵੀ ਕਿਧਰੋਂ ਆਊ ਆਖੂ ਲੀਲਾ ਭਵਨ ਦੇਖਣੈ ਅੰਦਰੋਂ। ਬਾਜੇ ਬਾਜੇ ਨੂੰ ਤਾਂ ਸਰਦਾਰ ਸਾਹਿਬ ਇਹ ਆਖ ਕੇ ਟਾਲ ਦਿੰਦੇ ਨੇ ਬਈ ਅੰਦਰ ਜਾਣ ਦਾ ਨੀ ਹੁਕਮ ਕਿਸੇ ਨੂੰ। ਹੈ ਵੀ ਨੀ। ਪਰ ਕਿਸੇ ਕਿਸੇ ਨੂੰ ਚੋਰੀਓਂ ਛਪੋਰੀਓਂ ਦਖਾਉਣਾ ਈ ਪੈਂਦੈ ਜਦ ਅਗਲਾ ਖਹਿੜੇ ਪੈਜੇ। ਦੇਖਣ ਨੂੰ ਹੈ ਕੀ ਬੁੱਤ ਨੇ ਸੰਗਮਰਮਰ ਦੇ, ਤਸਵੀਰਾਂ ਨੇ ਤੀਮੀਆਂ ਦੀਆਂ ਨੰਗੀਆਂ। ਕੰਜਰ ਸੀ ਰਾਜਾ, ਦਮਾਗ਼ ਪੁੱਠੇ ਪਾਸੇ ਈ ਚਲਦਾ ਸੀ। ਲੋਕ ਵੀ ਬੇਵਕੂਫ਼ ਸਨ ਆਖਣ ਕ੍ਰਿਸ਼ਨ ਦਾ ਅਵਤਾਰ ਐ, ਤਾਂ ਹੀ ਤਿੰਨ ਸੌ ਸੱਠ ਰਾਣੀਆਂ ਨੇ। ਰਾਣੀਆਂ ਕੀ ਨੇ ਮ੍ਹਾਤੜ ਧਮ੍ਹਾਤੜ ਨੇ ਲੈਣ ਖਾਣ ਦੇ ਮਾਰਿਆਂ ਨੇ ਅੰਨ੍ਹੇ ਹੋਇਆਂ ਨੇ ਧੀਆਂ ਦੇ ਦਿੱਤੀਆਂ ਸੀ ਹੁਣ ਰੋਂਦੀਆਂ ਨੇ ਜਣਦੇ ਸਹੇੜਦਿਆਂ ਦੀ ਜਾਨ ਨੂੰ। ਇਕ ਵਾਰੀ ਤਾਂ ਅੰਗਰੇਜ਼ ਗਵਰਨਰ ਦੀ ਕੁੜੀ ਨੂੰ ਛੇੜ ਬੈਠਾ। ਬਠਾ ਕੇ ਕਾਰ 'ਚ ਭਜਾਲੀ। ਸ਼ਿਮਲੇ ਤੋਂ ਰਾਜਪੁਰੇ ਆ ਕੇ ਫਾਟਕ ਰੇਲ ਦਾ ਬੰਦ ਕਰਵਾ ਤਾ, ਆਪ ਦੀ ਕਾਰ ਲੰਘਾ ਕੇ। ਅਗਲੇ ਵੀ ਵੇਲੇ ਦੇ ਬਾਦਸ਼ਾਹ ਸੀ, ਹਰਜਾਨੇ ਵਜੋਂ ਸ਼ਿਮਲਾ ਸਾਰਾ ਕੁੜੀ ਦੇ ਨਉਂ ਲਖਾ ਲਿਆ। ਉਹ ਤਾਂ ਵਜ਼ੀਰ ਸਾਹਬ ਹੋਣ ਨਾ ਤੇ ਜਾ ਕੇ ਆਖਣ ਲੱਗੇ ਬਈ ਦਖਾਓ ਸਾਡੇ ਰਾਜੇ ਨੇ ਕਿੱਥੇ ਲਿਖ ਕੇ ਦਿੱਤੈ। ਅਗਲਿਆਂ



Scanned by CamScanner

ਪਰਚੀ ਮੂਹਰੇ ਧਰਤੀ। ਰੱਬ ਦਾ ਬੰਦਾ ਚਾਕੇ ਮੂੰਹ 'ਚ ਪਾ ਗਿਆ। ਜਦ ਤਾਈਂ ਅੰਦਰ ਨਾ ਨਘਾਰ ਗਿਆ ਮੂੰਹ ਨਾ ਖੋਲ੍ਹਿਆ। ਇਉਂ ਜਾ ਕੇ ਕਿਤੇ ਸ਼ਿਮਲਾ ਬਚਾਇਆ ਸੀ।" ਲੀਲਾ ਭਵਨ ਵਾਲੇ ਭੂਆ ਜੀ ਦੱਸ ਰਹੇ ਸਨ।

"ਦੂਜੇ ਭੂਆ ਜੀ ਕਿੱਥੇ ਨੇ ?" ਅਚਾਨਕ ਮੈਂ ਉਨ੍ਹਾਂ ਨੂੰ ਪੁੱਛ ਲਿਆ।

ਮਤਲਬ ਸੀ ਲੀਲਾ ਭਵਨ ਵਾਲੇ ਫੁਫੜ ਜੀ ਦੀ ਦੂਜੀ ਵਹੁਟੀ ਕਿਥੇ ਹੈ।

ਰੇਤਗੜ੍ਹੀਆਂ ਦੇ, ਜੇਜੀਆਂ ਦੇ, ਧਾਲੀਵਾਲਾਂ ਦੇ, ਕਿਸ਼ਨ ਗੜ੍ਹੀਆਂ ਦੇ, ਸ਼ਮਸ਼ੇਰ ਸਿੰਘ ਸੱਪਾਂ ਵਾਲੇ ਦੇ, ਪ੍ਰੀਤਮ ਸਿੰਘ ਸਿੱਧੂ ਦੇ, ਮਜੀਠੇ ਵਾਲਿਆਂ ਦੇ, ਜਿਹੜੇ ਜਿਹੜੇ ਵੀ ਸਾਡੇ ਘਰ ਆਉਂਦੇ ਸਨ ਜਾਂ ਜਿਨ੍ਹਾਂ ਜਿਨ੍ਹਾਂ ਦੇ ਘਰ ਅਸੀਂ ਜਾਂਦੇ ਸੀ, ਸਭ ਦੇ ਦੋ ਦੋ ਤਿੰਨ ਤਿੰਨ ਵਹੁਟੀਆਂ ਸਨ ਤੇ ਮੈਂ ਸਮਝਿਆ ਸ਼ਾਇਦ ਵਹੁਟੀਆਂ ਦੋ ਦੋ ਤਿੰਨ ਤਿੰਨ ਹੀ ਹੁੰਦੀਆਂ ਨੇ ਤਦ ਹੀ ਪੁੱਛ ਲਿਆ ਸੀ ਕਿ ਦੂਜੇ ਭੂਆ ਜੀ ਕਿੱਥੇ ਨੇ।

ਬੇ ਜੀ ਤੇ ਲੀਲਾ ਭਵਨ ਵਾਲੇ ਭੂਆ ਜੀ ਮੇਰੀ ਇਸ ਗੱਲ ਤੇ ਹੱਸ ਪਏ।

ਪਰ ਛੇ ਕੁ ਮਹੀਨਿਆਂ ਮਗਰੋਂ ਜਦੋਂ ਲੀਲਾ ਭਵਨ ਵਾਲੇ ਫੁੱਫੜ ਜੀ ਨੇ ਵੀ ਦੂਜਾ ਵਿਆਹ ਕਰਵਾ ਲਿਆ ਤਾਂ ਲੀਲਾ ਭਵਨ ਵਾਲੇ ਵੱਡੇ ਭੂਆ ਜੀ ਇਕ ਵਾਰੀ ਸਾਡੇ ਘਰ ਆਏ ਤੇ ਮੈਨੂੰ ਦੇਖ ਕੇ ਆਖਣ ਲੱਗੇ "ਬੇਬੇ ਤੇਰੀ ਧੀ ਕੜਮੀ ਨੇ ਏਹੋ ਜੇ ਬੋਲ ਮੂੰਹੋਂ ਆਖੇ ਹੁਣ ਆਗੀ ਦੂਜੀ ਭੂਆ ਜੀ।"

ਇਉਂ ਹੀ ਯਾਦ ਆਉਂਦਾ ਹੈ ਇਕ ਵਾਰੀ ਬੇਜੀ ਹੋਰੀਂ ਗੁਰਦਵਾਰੇ ਗਏ ਸਨ। ਜਾਂਦੇ ਹੋਏ ਚਾਬੀਆਂ ਦਾ ਗੁੱਛਾ ਮੈਨੂੰ ਫੜਾ ਕੇ ਆਖਣ ਲੱਗੇ, "ਚਾਬੀਆਂ ਰੱਖ ਲੈ ਪਰ ਦੇਈਂ ਨਾ ਕਿਸੇ ਨੂੰ।"

ਕੁਝ ਚਿਰ ਮਗਰੋਂ ਕਿਧਰੋਂ ਬਾਪੂ ਜੀ ਆ ਗਏ ਬਾਹਰੋਂ। ਇੱਧਰ ਉੱਧਰ ਫਿਰ ਕੇ ਕੁਝ ਲੱਭਦੇ ਰਹੇ। ਸ਼ਾਇਦ ਫੁੱਫੜ ਜੀ ਦੀ ਅਲਮਾਰੀ ਵਿਚੋਂ ਵਿਸਕੀ ਦੀ ਬੋਤਲ ਲੈਣਾ ਚਾਹੁੰਦੇ ਸਨ।

"ਬੇਬੇ ਜੀ ਕਿੱਥੇ ਗਏ ਨੇ ?" ਉਨ੍ਹਾਂ ਪੁੱਛਿਆ।

"ਗੁਰਦੁਆਰੇ" ਮੈਂ ਦੱਸਿਆ।

"ਕਦੋਂ ਮੁੜਨਗੇ ?" ਉਨ੍ਹਾਂ ਦਾ ਅਗਲਾ ਸਵਾਲ ਸੀ।

"ਪਤਾ ਨੀ।"

"ਚਾਬੀਆਂ ਤੇਰੇ ਕੋਲ ਨੇ ?"

"ਹਾਂ।"

"ਦੇਈਂ ਜ਼ਰਾ" ਉਨ੍ਹਾਂ ਆਖਿਆ।

"ਬੇਜੀ ਆਖ ਕੇ ਗਏ ਨੇ ਦੇਣੀਆਂਨੀ ਕਿਸੇ ਨੂੰ" ਮੈਂ ਜਵਾਬ ਦਿੱਤਾ।

"ਮੈਂ ਆਖਦਾਂ ਦੇ ਦੇ" ਉਨ੍ਹਾਂ ਰੋਅਬ ਨਾਲ ਕਿਹਾ।

"ਨਹੀਂ ਦੇਣੀਆਂ ਨੀ" ਮੈਂ ਵੀ ਓਨੇ ਹੀ ਰੋਅਬ ਨਾਲ ਆਖਿਆ।

"ਮੈਂ ਕਹਿਨਾਂ ਦੇਦੇ" ਉਹ ਆਕੜੇ।

"ਨਹੀਂ" ਮੈਂ ਆਖਿਆ।



Scanned by CamScanner

"ਨਹੀਂ ?" ਆਖ ਉਹ ਦਹਾੜ ਕੇ ਅੱਗੇ ਵਧੇ ਤੇ ਮੇਰੇ ਸਿਰ 'ਚ ਇਕ ਧੱਫਾ ਮਾਰਿਆ। ਮੈਂ ਲੇਰ ਮਾਰੀ ਤੇ ਚਾਬੀਆਂ ਭੁੰਜੇ ਪਟਕ ਦਿੱਤੀਆਂ। ਚੀਕ ਸੁਣ ਕੇ ਤਾਇਆ ਸੁੰਦਰ ਭੱਜ ਕੇ ਆਇਆ ਤੇ ਮੈਨੂੰ ਵਰਿਆਉਂਦਾ ਬਾਪੂ ਜੀ ਨੂੰ ਆਖਣ ਲੱਗਿਆ, "ਕਿਉਂ ਤੂੰ ਰੱਬ ਤੋਂ ਧੱਕਿਆ ਗਿਆ ਕੰਨਿਆਂ ਦੇਵੀ ਨੂੰ ਮਾਰਦੈਂ, ਸਰਦਾਰ ਸਾਹਿਬ ਨੂੰ ਪਤਾ ਲੱਗਿਆ ਦੇਖੀਂ ਕੀ ਕਰਨਗੇ ਤੇਰੇ ਨਾਲ।"

ਬਾਪੂ ਜੀ ਚਾਬੀਆਂ ਚੁੱਕ ਕੇ ਵਿਸਕੀ ਲੈ ਕੇ ਬਾਹਰ ਨੂੰ ਚਲੇ ਗਏ। ਆਥਣੇ ਉਹ ਘਰ ਹੀ ਨਹੀਂ ਪਰਤੇ, ਪਤਾ ਸੀ ਕਲੇਸ਼ ਹੋਊਗਾ।

ਮਾਪੇ ਬੱਚਿਆਂ ਦੇ ਕਦੀ ਕਦਾਈਂ ਧੱਫਾ ਮਾਰ ਈ ਦਿੰਦੇ ਨੇ ਪਰ ਮੈਨੂੰ ਲੱਗਿਆ, ਬਾਪੂ ਜੀ ਮੇਰੇ ਬਾਪੂ ਜੀ ਨਹੀਂ, ਬੀਬੀ ਮੇਰੀ ਬੀਬੀ ਨਹੀਂ, ਫੁਫੜ ਜੀ, ਬੇਜੀ ਕੋਈ ਵੀ ਮੇਰਾ ਕੁਝ ਨਹੀਂ ਲਗਦਾ, ਚੰਗਾ ਹੈ ਮੈਂ ਮਰ ਜਾਵਾਂ ਤੇ ਬਾਬਾ ਜੀ ਕੋਲ ਚਲੀ ਜਾਵਾਂ।

ਨਾ ਮੈਨੂੰ ਭੁੱਖ ਲਗਦੀ ਸੀ ਨਾ ਤ੍ਰੇਹ। ਨਾ ਮੇਰਾ ਕਿਸੇ ਨਾਲ ਬੋਲਣ ਨੂੰ ਜੀ ਕਰਦਾ ਸੀ ਨਾ ਕੁਝ ਕਰਨ ਨੂੰ। ਲੱਗਿਆ ਖਬਰੇ ਬਾਪੂ ਜੀ ਠੀਕ ਹੀ ਕਹਿੰਦੇ ਸੀ ਮੈਂ ਗੱਡੀਆਂ ਆਲੀ ਤੋਂ ਦਾਣਿਆਂ ਵੱਟੇ ਈ ਲਈਆਂ, ਤਾਂਹੀਏ ਉਨ੍ਹਾਂ ਨੇ ਮਗਰੋਂ ਬੇਜੀ ਹੋਰਾਂ ਨੂੰ ਦੇ ਦਿੱਤੀ ਤੇ ਜਦੋਂ ਜੀ ਕਰੂ ਬੇਜੀ ਹੋਰੀਂ ਕਿਸੇ ਹੋਰ ਨੂੰ ਦੇ ਦੇਣਗੇ। ਤੇ ਹੌਕੇ ਦੀ ਮਾਰੀ ਨੂੰ ਮੈਨੂੰ ਤਾਪ ਚੜ੍ਹਨ ਲੱਗ ਪਿਆ। ਮਹੀਨਾ ਭਰ ਤਾਪ ਚੜ੍ਹਦਾ ਰਿਹਾ। ਕਈ ਡਾਕਟਰ ਬਦਲੇ। ਵੈਦ ਜੀ ਵੀ ਆ ਕੇ ਦੇਖ ਕੇ ਗਏ। ਪਿੰਡੋਂ ਖਬਰ ਨੂੰ ਦਾਦੀ ਮਾਂ ਆਈ। ਬਾਪੂ ਜੀ ਵੀ ਆਏ।

"ਛੋਟੀ ਭੈਣ ਤੂੰ ਉਸ ਦਿਨ ਮੈਨੂੰ ਬਹੁਤ ਗ਼ੁੱਸਾ ਚੜ੍ਹਾ ਦਿੱਤਾ ਸੀ....ਚੰਗਾ ਲੈ ਦੱਸ ਕਿੰਨੇ ਰੁਪਈਏ ਦਿਆਂ ਆਪਾਂ ਸੁਲ੍ਹਾ ਕਰ ਲਈਏ ?" ਉਨ੍ਹਾਂ ਸੌ ਸੌ ਦੇ ਨੋਟ ਮੇਰੇ ਅੱਗੇ ਕਰਦਿਆਂ ਪੁੱਛਿਆ।

ਮੈਂ ਨਾ ਉਨ੍ਹਾਂ ਵੱਲ ਝਾਕੀ ਤੇ ਨਾ ਹੀ ਉਨ੍ਹਾਂ ਦੀ ਕਿਸੇ ਗੱਲ ਦਾ ਜਵਾਬ ਦਿੱਤਾ।

"ਬੜਾ ਗ਼ੁੱਸਾ ਐ, ਆਹੋ ਪਿਓ ਕਿਹੜੇ ਦੀ ਧੀ ਐ। ਚੱਲ ਮੈਂ ਹੱਥ ਜੋੜ ਕੇ ਮੁਆਫ਼ੀ ਮੰਗਦਾਂ, ਚਲ ਤੇਰੇ ਪੈਰ ਫੜਦਾਂ" ਆਖ ਮਜ਼ਾਕ ਕਰਦਿਆਂ ਉਨ੍ਹਾਂ ਮੇਰੇ ਪੈਰ ਫੜ ਲਏ। ਮੈਂ ਛੁਡਾਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਆਖਿਆ "ਪਹਿਲਾਂ ਆਖ ਸੁਲ੍ਹਾ ਹੋਈ।"

ਪਤਾ ਨਹੀਂ ਕਿਉਂ ਮੈਂ ਸਗੋਂ ਰੋ ਪਈ।

"ਦੇਖ ਜੇ ਸੁਲ੍ਹਾ ਨਹੀਂ ਕਰੇਂਗੀ ਮੈਂ ਪਿੰਡ ਚਲਿਆ ਜਾਊਂਗਾ ਫੇਰ ਕਦੇ ਮੁੜ ਕੇ ਪਟਿਆਲੇ ਨੀ ਆਊਂਗਾ ਤੇ ਪਿੰਡ ਜਾ ਕੇ ਮਰ ਜਾਊਂਗਾ। ਐਉਂ ਕਰ ਤੂੰ ਮੇਰੇ ਚਾਰ ਥੱਪੜ ਮਾਰ ਲੈ" ਉਨ੍ਹਾਂ ਆਪਣਾ ਮੋਢਾ ਮੇਰੇ ਅੱਗੇ ਕਰਦਿਆਂ ਕਿਹਾ।

"ਚੰਗਾ ਸੁਲ੍ਹਾ ਹੋਈ" ਮੈਂ ਰੋਂਦਿਆਂ ਰੋਂਦਿਆਂ ਆਖ ਦਿੱਤਾ।

"ਲੈ ਫੜ ਫੇਰ ਲੈ ਲੈ ਜਿੰਨੇ ਨੋਟ ਲੈਣੇ ਨੇ" ਉਨ੍ਹਾਂ ਨੋਟਾਂ ਦੀ ਥਹੀ ਮੇਰੇ ਅੱਗੇ ਰੱਖ ਦਿੱਤੀ।

"ਹੁਣ ਤਾਪ ਤਾਂ ਨੀ ਚੜ੍ਹਾਏਂਗੀ ? ਆਖਦਿਆਂ ਬਈ ਅੱਜ ਡਾਕਟਰ ਨਾ ਆਵੇ ?" ਤੇ ਉਹ ਬੇਜੀ ਨੂੰ ਫੁੱਫੜ ਜੀ ਨੂੰ, ਤਾਏ ਸੁੰਦਰ ਨੂੰ, ਗੇਂਦਾਰਾਮ ਨੂੰ ਸਭ ਨੂੰ ਦੱਸ ਕੇ ਆਏ ਮੇਰੀ ਦੀਪ ਨਾਲ ਸੁਲ੍ਹਾ ਹੋਗੀ ਹੁਣ ਨੀ ਉਸ ਨੂੰ ਤਾਪ ਚੜ੍ਹਦਾ। ਤੇ ਉਸ ਦਿਨ ਸੱਚੀਂ ਮੈਨੂੰ ਤਾਪ ਨਹੀਂ ਸੀ ਚੜ੍ਹਿਆ ਤੇ ਉਸ ਤੋਂ ਅਗਲੇ ਦਿਨ ਵੀ ਨਹੀਂ......ਤੇ ਤਾਪ ਹਟ ਗਿਆ।



Scanned by CamScanner

# 12

"ਹੁਣ ਤੂੰ ਵੱਡੀ ਹੋ ਗਈ ਸਿਰ ਤੇ ਚੁੰਨੀ ਲੈ ਕੇ ਜਾਇਆ ਕਰ ਸਕੂਲ। ਅੱਗੇ ਤਾਂ ਗਿਆਰਾਂ ਗਿਆਰਾਂ ਸਾਲਾਂ ਦੀਆਂ ਕੁੜੀਆਂ ਦੇ ਅਗਲੇ ਵਿਆਹ ਕਰ ਦਿੰਦੇ ਸੀ।" ਛੋਟੇ ਬੇਜੀ ਨੇ ਇਕ ਗੋਟੇ ਵਾਲੀ ਰੇਸ਼ਮੀ ਚੁੰਨੀ ਮੈਨੂੰ ਦਿੰਦਿਆਂ ਕਿਹਾ।

"ਸਕੂਲ ਜਦੋਂ ਜਾਨੀਆਂ ਟਾਂਗੇ ਨੂੰ ਪਰਦਾ ਤਾਂ ਕੀਤਾ ਹੁੰਦੈ" ਮੈਂ ਆਖਿਆ।

"ਫੇਰ ਵੀ ਹੁਣ ਚੁੰਨੀ ਲੈਣੀ ਸਿੱਖ" ਆਖ ਬੇਜੀ ਨੇ ਚੁੰਨੀ ਮੇਰੇ ਗਲ ਵਿਚ ਪਾ ਦਿੱਤੀ।

ਸਕੂਲ ਵਿਚ ਪਾਣੀ ਪੀਣ ਲੱਗੀ ਤੋਂ ਚੁੰਨੀ ਨਲਕੇ ਕੋਲ ਡਿੱਗ ਪਈ। ਆਉਣ ਵੇਲੇ ਤੱਕ ਉਹ ਮੈਂ ਆਪਣੇ ਬਸਤੇ ਵਿਚ ਪਾਈ ਹੋਈ ਸੀ।

"ਫਰਾਕ ਨਾਲ ਥੋੜ੍ਹੇਈ ਚੁੰਨੀ ਲਈਦੀ ਐ ਏਹਨੂੰ ਸੂਟ ਸੁਆਕੇ ਦਿਓ' ਤਾਏ ਜੈਮਲ ਨੇ ਆਖਿਆ।

"ਮੈਂ ਤਾਂ ਰੇਸ਼ਮੀ ਸੂਟ ਬਣਵਾਉਣੇ ਨੇ ਜਿਹੋ ਜੇ ਰਾਣੀਆਂ ਦੇ ਪਾਏ ਹੁੰਦੇ ਨੇ" ਮੈਂ ਜਦੋਂ ਆਖਿਆ ਫੁੱਫੜ ਜੀ ਹੱਸ ਪਏ।

ਫੁੱਫੜ ਜੀ ਨੇ ਆਥਣੇ ਪੰਨਾ ਲਾਲ ਸੇਠ ਨੂੰ ਆਖ ਕੇ ਭੇਜਿਆ ਮੇਰੇ ਸੂਟਾਂ ਲਈ ਰੰਗ ਬਰੰਗੇ ਰੇਸ਼ਮ ਦੇ ਕੱਪੜੇ ਭੇਜ ਦੇਵੇ ਨਾਲ ਰੇਸ਼ਮੀ ਚੁੰਨੀਆਂ।

"ਸੂਟਾਂ ਉਪਰ ਪੱਟੀ ਲੱਗੀ ਹੋਵੇ ਜਰੀ ਦੀ। ਓਮੇਂ ਜਿਮੇਂ ਰਾਣੀਆਂ ਦੇ ਹੁੰਦੀਐ" ਮੈਂ ਫੇਰ ਸਮਝਾਇਆ।

ਅਗਲੇ ਦਿਨ ਰੇਸ਼ਮੀ ਰੰਗ ਬਰੰਗੇ ਸੂਟ ਜਿਨ੍ਹਾਂ ਉਪਰ ਪੱਟੀ ਲੱਗੀ ਹੋਈ ਸੀ ਜਰੀ ਦੀ ਤੇ ਗੋਟੇ ਵਾਲੀਆਂ ਰੇਸ਼ਮੀ ਚੁੰਨੀਆਂ ਆ ਗਈਆਂ।

ਪਹਿਲੀ ਵਾਰੀ ਜਦੋਂ ਮੈਂ ਪੱਟੀ ਵਾਲਾ ਸੂਟ ਪਾ ਕੇ ਤੇ ਗੋਟੇ ਵਾਲੀ ਚੁੰਨੀ ਲੈ ਕੇ ਬੇਜੀ ਹੋਰਾਂ ਨੂੰ ਵਿਖਾਉਣ ਆਈ ਤਾਂ ਵੱਡੇ ਬੇਜੀ ਬੋਲੇ, "ਵਿਆਹ ਆਲੀ ਕੁੜੀ ਬਣੀ ਫਿਰਦੀਐ, ਏਸਦਾ ਵਿਆਹ ਕਰ ਦਿਓ।"

"ਕੀਹਦੇ ਨਾਲ" ਮੈਂ ਪੁੱਛਿਆ।

"ਜੀਹਦੇ ਨਾਲ ਆਖੇਂਗੀ ਕਰ ਦਿਆਂਗੇ। ਥੋੜ੍ਹੇ ਮੁੰਡੇ ਫਿਰਦੇ ਨੇ।"

ਮੈਂ ਸਿਰ ਫੇਰ ਕੇ ਅੰਦਰ ਚਲੀ ਗਈ। ਅਸਲ ਵਿਚ ਮੈਂ ਉਹਨਾਂ ਨੂੰ ਦੱਸਣਾ ਚਾਹੁੰਦੀ ਸੀ, ਬਾਬਾ ਜੀ ਕਹਿੰਦੇ ਸਨ....ਪਰ ਮੈਂ ਕੁਝ ਨਹੀਂ ਆਖਿਆ।

ਦਾਦੀ ਮਾਂ ਜਦੋਂ ਵੀ ਪਿੰਡੋਂ ਆਉਂਦੀ ਬੇਜੀ ਨੂੰ ਆਖਦੀ "ਦੇਖੀਂ ਮੇਰੀ ਧੀ ਜਿੱਥੇ ਇਹਦਾ ਦਾਦਾ ਗੱਲ ਕਰ ਗਿਐ ਓਥੇ ਈ ਨਾਤਾ ਕਰਿਓ। ਆਪ ਉਹ ਤੁਰ ਗਿਐ ਘਰ ਤਾਂ ਨੀ ਲੈ ਗਿਆ ਨਾਲ, ਲੈਣ ਦੇਣ ਜੋ ਆਖਣਗੇ ਕਰ ਦਿਆਂਗੇ। ਹੁਣ ਤਾਂ ਏਸਨੂੰ ਬਾਰ੍ਹਮਾਂ ਵਰ੍ਹਾ ਵੀ ਲੱਗ ਗਿਆ, ਹੁਣ ਕਰਲੋ ਗੱਲ ਪੱਕੀ। ਮੇਰੀ ਜੀਉਂਦੀ ਜੀਉਂਦੀ ਇਹਦਾ ਤਾਂ ਕੋਈ ਥਉਂ ਟਿਕਾਣਾ ਹੋ ਜੇ।"

ਬੇਜੀ ਆਖਦੇ "ਏਸ ਦੇ ਫੁੱਫੜ ਜੀ ਦਾ ਬੜੇ ਬੜੇ ਥਾਈਂ ਬਹਿਣ ਉੱਠਣ ਐ, ਖਬਰੇ ਕਿੱਡਾ ਕੁ ਘਰ ਟੋਲਣਗੇ, ਤੂੰ ਫਿਕਰ ਕਾਹਦਾ ਕਰਦੀਐਂ ਮਾਂ, ਤੇਰੇ ਨਾਲੋਂ ਤਾਂ ਵੱਧ ਹੁਣ ਇਹ ਸਾਡੀ ਧੀ ਐ।"



Scanned by CamScanner

"ਬਹੁਤੇ ਵੱਡਿਆਂ ਤੋਂ ਵੀ ਕੀ ਲੈਣੈ, ਤੇਰਾ ਬਾਪੂ ਜੀ ਬਹੁਤ ਦਮਾਗ਼ ਆਲਾ, ਦੂਰ ਦੀ ਸੋਚਣ ਆਲਾ, ਖਰਾ ਬੰਦਾ ਸੀ, ਜਿਹੜਾ ਥਊਂ ਉਹਨੇ ਦੇਖਿਆ ਸੀ ਓਹੀ ਠੀਕ ਐ। ਮੁੰਡਾ ਲੈਕ ਐ, ਘਰ ਬਾਰ ਵੀ ਜੇ ਬਹੁਤ ਵੱਡਾ ਨੀ ਤਾਂ ਬਹੁਤ ਛੋਟਾ ਵੀ ਨੀ। ਬਾਕੀ ਓਸ ਪਿੰਡ ਆਪਣੀ ਪਹਿਲਾਂ ਵੀ ਸਕੀਰੀਐ, ਕੋਈ ਵਲ ਛਲ ਵਾਲੀ ਗੱਲ ਨੀ" ਵਿਚੋਂ ਦਾਦੀ ਮਾਂ ਦਲੀਲਾਂ ਦਿੰਦੀ।

"ਕੋਈ ਨਾ ਕਰਲਾਂਗੇ ਗੱਲ" ਬੇਜੀ ਨੇ ਜਦੋਂ ਆਖਿਆ ਦਾਦੀ ਮਾਂ ਗੁੱਸੇ 'ਚ ਆ ਗਈ, ਆਖਣ ਲੱਗੀ "ਤੁਸੀਂ ਗੱਲ ਕਰਨੀਐਂ ਤਾਂ ਕਰੋ ਨਹੀਂ ਤਾਂ ਮੈਂ ਆਪ ਸੰਤੇ ਨਾਈ ਨੂੰ ਨਾਲ ਲੈ ਕੇ ਰੋਕ ਆਊਂ ਮੁੰਡਾ। ਹੋਰ ਅਗਲਿਆਂ ਨੇ ਕਿਤੇਓਂ ਰੁਪਈਆ ਫੜ ਲਿਆ ਫੇਰ ਝਾਕੋਂਗੇ ਬੈਠੇ। ਠੀਕ ਠੀਕ ਦੱਸੋ ਕਿੱਦਣ ਜਾਓਗੇ?"

ਉਸ ਦਿਨ ਬੇਜੀ ਨੇ ਫੁੱਫੜ ਜੀ ਨਾਲ ਗੱਲ ਕੀਤੀ।

ਫੁੱਫੜ ਜੀ ਬੋਲੇ, "ਮਾਂ ਜੀ ਆਖਦੇ ਨੇ ਤਾਂ ਕਰ ਲੈਨੇ ਆਂ ਗੱਲ। ਜਿਮੇਂ ਇਹ ਆਖਦੇ ਨੇ ਠੀਕ ਐ। ਬਾਕੀ ਪਤਾ ਸੁਤਾ ਤਾਂ ਸਾਰਾ ਤੁਹਾਡੇ ਬਾਪੂ ਜੀ ਨੇ ਕੀਤਾ ਹੀ ਹੋਵੇਗਾ। ਬਿਨਾ ਪਤਾ ਸੁਤਾ ਕੀਤੇ ਤਾਂ ਉਹ ਹਾਂ ਕਰਨ ਵਾਲੇ ਨਹੀਂ ਸੀ, ਬੜੇ ਵਹਿਮੀ ਕਿਸਮ ਦੇ ਬੰਦੇ ਸਨ।"

"ਪਤਾ ਕੀਤੈ ਜ਼ਮੀਨ ਜਾਏਦਾਦ ਵਾਲੇ ਨੇ, ਖ਼ਾਨਦਾਨ ਚੰਗੈ, ਮੁੰਡਾ ਪੜ੍ਹਿਆ ਲਿਖਿਐ, ਰੁਜ਼ਗਾਰ ਦੇ ਸਿਰੇ ਐ" ਬੇਜੀ ਨੇ ਦੱਸਿਆ।

"ਪਰ ਪ੍ਰੋਫ਼ੈਸਰ ਐ, ਪਰੋਫੈਸਰ ਆਮ ਕਰਕੇ ਲਾਇਕ ਤਾਂ ਹੁੰਦੇ ਨੇ, ਸ਼ਰੀਫ ਨੀ ਹੁੰਦੇ" ਫੁੱਫੜ ਜੀ ਨੇ ਆਖਿਆ।

"ਲੈਕ ਚਾਹੀਦੈ ਪਰੋਫੈਸਰੀ ਛਡਵਾ ਦਿਓ, ਇਮਤਿਹਾਨ ਦਵਾ ਕੇ ਡੀ. ਸੀ. ਤੁਸੀਂ ਲਗਵਾ ਦਿਓ, ਥੋਡਾ ਏਡੇ ਵੱਡਿਆਂ ਦਾ ਏਨਾ ਵੀ ਫ਼ਾਇਦਾ ਨੀ ਹੋਊ?"

"ਦੇਖਲਾਂਗੇ" ਫੁਫੜ ਜੀ ਨੇ ਆਖਿਆ।

ਦਾਦੀ ਮਾਂ ਦੇ ਬਹੁਤ ਆਖਣ ਤੇ ਅਗਲਿਆਂ ਨਾਲ ਗੱਲ ਕਰ ਲਈ ਗਈ।

ਇਕ ਦਿਨ ਅਸੀਂ ਸਾਰੇ ਫ਼ਤੇਗੜ੍ਹ ਸਾਹਿਬ ਗੁਰਦਵਾਰੇ ਦਰਸ਼ਨਾਂ ਨੂੰ ਗਏ। ਅੱਗੋਂ ਉਨ੍ਹਾਂ ਦਾ ਸਾਰਾ ਟੱਬਰ ਵੀ ਆਇਆ ਹੋਇਆ ਸੀ। ਪਤਾ ਨਹੀਂ ਉਨ੍ਹਾਂ ਨੂੰ ਸਾਡੇ ਆਉਣ ਦਾ ਪਤਾ ਸੀ ਜਾਂ ਉਹ ਆਪਣੇ ਆਪ ਉਥੇ ਆਏ ਹੋਏ ਸਨ।

ਜਾਣ ਵੇਲੇ ਉਹਦੀ ਮਾਂ ਨੇ ਮੈਨੂੰ ਪਿਆਰ ਦੇ ਕੇ ਆਖਿਆ, "ਤੂੰ ਬੜੀ ਮਾੜੀ ਜਿਹੀਏਂ, ਆਪਣੀ ਸਿਹਤ ਦਾ ਖ਼ਿਆਲ ਰੱਖਿਆ ਕਰ।"

ਪਟਿਆਲੇ ਵਾਪਸ ਆ ਕੇ ਫੁੱਫੜ ਜੀ ਨੇ ਬੇਜੀ ਨੂੰ ਦੱਸਿਆ "ਲੜਕੇ ਨੇ ਕੰਪੀਟੀਸ਼ਨ ਦਿੱਤਾ ਹੋਇਐ, ਸਿਲੈਕਟ ਕਰਵਾ ਲਵਾਂਗੇ। ਗੱਲ ਪੱਕੀ ਕਰ ਗਏ ਨੇ, ਵਿਆਹ ਨੂੰ ਮੈਂ ਆਖ ਦਿੱਤੇ। ਅਜੇ ਤਾ ਬਹੁਤ ਛੋਟੀਐ ਘੱਟ ਤੋਂ ਘੱਟ ਦੋ ਕੁ ਸਾਲ ਤਾਂ ਉਡੀਕਣ।"

ਦਾਦੀ ਮਾਂ ਨੂੰ ਪਿੰਡ ਸੁਨੇਹਾ ਭੇਜ ਦਿੱਤਾ। ਉਹ ਆਖਦੀ ਸੀ "ਦੇਣ ਵਾਲੇ ਬਿਸਤਰੇ ਮੈਂ ਸਭ ਬਣਾਏ ਪਏ ਨੇ। ਫੁਲਕਾਰੀਆਂ ਕਢਾ ਰੱਖੀਆਂ ਨੇ। ਚਾਂਦੀ ਦੇ ਭਾਂਡੇ ਬਣਵਾ ਰੱਖੇ ਨੇ। ਭਾਰੀ ਭਾਰੀ ਟੂਮਾਂ ਤਾਂ ਓਹੀ ਰਹਿਣ ਦਿਆਂਗੇ, ਵਾਧੂ ਤੋੜ ਭੰਨ 'ਚ ਸੁਨਿਆਰੇ ਖੋਟ ਪਾ ਦਿੰਦੇ ਨੇ ਤੇ ਬਾਕੀ ਨਿੱਤ ਦੇ ਪਾਉਣ ਵਾਲਾ, ਨਮੇਂ ਜ਼ਮਾਨੇ ਦਾ ਛਿੱਛ-



Scanned by CamScanner

ਪੱਤ ਜੋ ਕਰਵਾਉਣਾ ਐ ਉਹ ਜੋਤੀ ਸ਼ਰਾਫ਼ ਦਿਓਂ ਬਣਵਾ ਦਿਓ। ਬਸ ਹੁਣ ਚਿਰ ਨਾ ਬਹੁਤਾ ਲਾਇਓ, ਜ਼ਮਾਨਾ ਖੋਟਾ ਐ। ਨਾਲੇ ਰੂੜੀ ਦਾ ਕੂੜਾ ਤਾਂ ਰੂੜੀਏ ਸਿੱਟਣਾ ਐ, ਅਗੋਂ ਕੀ ਤੇ ਪਿਛੋਂ ਕੀ। ਜਿਹੜਾ ਭਾਰ ਸਿਰੋਂ ਲਹਿਜੇ ਓਹੀ ਚੰਗਾ ਐ, ਨਾਲੇ ਮਗਰੇ ਦੂਜੀਆਂ ਸਿਰ ਕੱਢਦੀਆਂ ਆਉਂਦੀਆਂ ਨੇ, ਦੋਹਾਂ ਸਾਲਾਂ ਨੂੰ ਉਹ ਵਿਆਹੁਣ ਜੋਗੀਆਂ ਹੋਈਆਂ ਲੈ।"

"ਮੈਂ ਕਹਿਨਾਂ ਜੀਹਦਾ ਵਿਆਹ ਕਰਨੈ ਓਸਨੂੰ ਤਾਂ ਪੁੱਛਲੋ, ਸਾਰੇ ਆਪਣੀਆਂ ਆਪਣੀਆਂ ਈ ਮਾਰੀ ਜਾਨੇ ਓ" ਤਾਇਆ ਜੈਮਲ ਮਜ਼ਾਕ ਨਾਲ ਆਖਦਾ ਸੀ।

"ਲੈ ਹੈ ਕਮਲਾ! ਤੇਰਾ ਵਿਆਹ ਕਰਨ ਲੱਗੇ ਜਾਂ ਮੇਰਾ ਕਰਨ ਲੱਗੇ ਸਾਥੋਂ ਕਿਸੇ ਨੇ ਪੁੱਛਿਆ ਸੀ?" ਛੋਟੇ ਬੇਜੀ ਨੇ ਆਖਿਆ ਸੀ।

"ਸਾਡਾ ਥੋਡਾ ਜਮਾਨਾ ਹੋਰ ਸੀ। ਅੱਗੇ ਤਾਂ ਨਾਈ ਬਾਮ੍ਹਣ ਈ ਰਿਸ਼ਤੇ ਨਾਤੇ ਕਰ ਆਉਂਦੇ ਸੀ।" ਤਾਇਆ ਜੈਮਲ ਬੋਲਿਆ।

"ਨਾਈ ਬਾਮ੍ਹਣਾਂ ਨੇ ਸਾਰੀ ਉਮਰ ਏਨ੍ਹਾਂ ਕੰਮਾਂ 'ਚ ਈ ਲੰਘਾਈ ਹੁੰਦੀ ਸੀ ਤੇ ਉਹ ਅਗਲਿਆਂ ਦੇ ਨਾਈਆਂ ਬਾਮ੍ਹਣਾਂ ਤੋਂ ਸਾਰਾ ਹੀਜ ਪਿਆਰ ਟੋਹ ਲੈਂਦੇ ਸਨ ਤੇ ਬਾਕੀ ਉਹ ਜਾਤ ਗੋਤ, ਅੱਗਾ-ਪਿੱਛਾ, ਲੈਣ-ਦੇਣ, ਰਿਸ਼ਤੇਦਾਰੀਆਂ, ਸਭ ਦੇਖ ਪਰਖ ਕੇ, ਗੱਲ ਪੱਕੀ ਕਰਦੇ ਸਨ, ਬਈ ਸਭ ਕੁਸ਼ ਇਕ ਦੂਜੇ ਦੇ ਮੇਚ ਦਾ ਹੋਵੇ। ਅੱਜ ਕੱਲ੍ਹ ਵਾਂਗੂ ਥੋੜੇ ਸੀ ਬਈ ਮਾੜਾ ਜਾ ਮੁੰਡਾ ਰੁਜ਼ਗਾਰ ਤੇ ਹੋਇਆ ਦੇਖਿਆ ਤੇ ਫੱਟ ਨਾਤਾ ਕਰਤਾ, ਪਰ ਵਿਚੋਂ ਤਾਂ ਅਗਲਾ ਓਹੀ ਰਹਿੰਦੈ ਜਿਸ ਘਰ 'ਚੋਂ ਆਇਆ ਹੋਵੇ। ਹੁਣ ਕੱਲਰਾਂ ਦੀ ਮਿੱਟੀ ਤੇ ਟੋਭੇ ਦੀ ਮਿੱਟੀ ਇਕੋ ਜੀ ਤਾਂ ਨਹੀਂ ਨਾ ਹੋਣ ਲੱਗੀ?" ਬੇਜੀ ਨੇ ਸਮਝਾਇਆ।

"ਤਾਂ ਫੇਰ ਬਿਸ਼ਨੇ ਪਾਂਧੇ ਨੂੰ ਈ ਆਖ ਦੇਣਾ ਸੀ ਕਰ ਆਉਂਦਾ ਦੀਪ ਦਾ ਨਾਤਾ?" ਤਾਏ ਜੈਮਲ ਨੇ ਫੇਰ ਮਜ਼ਾਕ ਕੀਤਾ।

"ਬਿਸ਼ਨੇ ਪਾਂਧੇ ਦਾ ਤੈਨੂੰ ਕੀ ਪਤੈ, ਉਹ ਤਾਂ ਕਮਲਿਆ ਬੰਦੇ ਨੂੰ ਤੁਰੇ ਜਾਂਦੇ ਨੂੰ ਪਛਾਣ ਜਾਂਦੈ, ਬਈ ਕਿੰਨੇ ਕੁ ਪਾਣੀ 'ਚ ਐ। ਘਨੌਂਰੀ ਆਲੀ ਬੀਬੀ ਦਾ ਜਦੋਂ ਸਾਕ ਕਰਨ ਗਏ ਬਾਪੂ ਜੀ ਸਾਡੇ, ਫੁੱਲੇ ਨਾ ਸਮਾਉਣ, ਅਖੇ ਜੈਲਦਾਰ ਐ ਸਹੁਰਾ, ਪੂਰੇ ਘੁਮਾਂ 'ਚ ਹਵੇਲੀਐ, ਪਿੰਡਾਂ ਆਲਿਆਂ ਦੇ ਕੁੜੀਆਂ ਵਿਆਹੀਆਂ ਨੇ ਆਪਣੀਆਂ। ਪਰ ਬਿਸ਼ਨੇ ਪਾਂਧੇ ਨੇ ਆਖਿਆ "ਜਜਮਾਨ ਹੋਰ ਤਾਂ ਸਭ ਕੁਝ ਠੀਕ ਐ ਪਰ ਮੁੰਡੇ ਦੀ ਅੱਖ ਨੀ ਚੰਗੀ। ਮੇਰਾ ਤਾਂ ਚਿੱਤ ਆਖਦੈ ਬਈ ਆਪਾਂ ਕੁੜੀ ਦੀ ਜਾਨ ਕੰਡਿਆਂ ਤੇ ਪਾ ਚੱਲੇ।" ਬਾਪੂ ਜੀ ਆਖਣ, "ਨਹੀਂ ਦਾਦਾ ਤੇਰਾ ਤਾਂ ਵਹਿਮੀ ਸੁਭਾਅ ਐ, ਏਡੇ ਘਰ ਦਾ ਮੁੰਡਾ ਐ ਮਾੜਾ ਕਿਮੇਂ ਨਿਕਲੂ।" ਸੋ ਓਹੀ ਗੱਲ ਹੋਈ ਜਿੰਨ੍ਹੇ ਵਰ੍ਹੇ ਜੀਊਂਦਾ ਰਿਹਾ ਬੀਬੀ ਦੀ ਜਾਨ ਸੁੱਕਣੀ ਪਾ ਛੱਡੀ, ਦਿਨ ਰਾਤ ਸ਼ਰਾਬ ਤੋਂ ਅੱਖ ਨਾ ਖੋਲ੍ਹੇ, ਪੰਜ ਸੱਤ ਲੰਡਰ ਜੇ ਬੰਦਿਆਂ ਨਾਲ ਸ਼ਕਾਰ ਨੂੰ ਤੁਰਜੇ ਜਾਂ ਭਰੇ ਵਾਸਕਟ ਰੁਪਈਆਂ ਦੀ ਮਲੇਰਕੋਟਲੇ ਬਗਜੇ। ਜੀਉਂਦਾ ਰਹਿੰਦਾ ਤਾਂ ਸਾਰਾ ਘਰ ਉਜਾੜ ਕੇ ਜਾਂਦਾ। ਏਮੇਂ ਜਿਮੇਂ ਜਦੋਂ ਗਦਾਵਰ ਦੀ ਧੀ ਦਾ ਰਿਸ਼ਤਾ ਜਸਪਾਲੋਂ ਕਰਕੇ ਆਏ ਤਾਂ ਦਾਦੇ ਬਿਸ਼ਨੇ ਨੇ ਆਖਿਆ ਓਹਨਾਂ ਕੁੜੀਮਾਰਾਂ ਨਾਲ ਕਿਥੇ ਮੱਥਾ ਲਾ ਲਿਆ। ਓਹੀ ਗੱਲ ਹੋਈ ਵਿਆਹ ਨੂੰ ਈ ਵਿਗੜ ਬੈਠੇ। ਅਖੇ ਐਨੀ ਦਾਤ ਧਰੋਗੇ ਤਾਂ ਕੁੜੀ ਨੂੰ ਲਿਜਾਮਾਂਗੇ। ਦਾਤ ਵੀ ਲੈਗੇ ਤੇ ਕੜੀ ਨੂੰ ਫੇਰ ਮੋੜ ਕੇ ਘਰ ਬੈਠਾਗੇ, ਅਖੇ ਤੁਸੀਂ ਸਾਨੂੰ



Scanned by CamScanner

ਬਦਨਾਮ ਕੀਤੇ ਬਈ ਅਸੀਂ ਅੜ ਕੇ ਦਾਤ ਲਈਐ। ਓਦੋਂ ਈ ਪਤਾ ਲੱਗਿਆ ਜਦੋਂ ਦੂਜੇ ਵਰ੍ਹੇ ਅਗਲਿਆਂ ਮੁੰਡਾ ਹੋਰ ਥਾਂ ਵਿਆਹ ਲਿਆ।" ਬੇਜੀ ਦਸਦੇ ਰਹੇ।

"ਫੇਰ ਤਾਂ ਚਾਚੇ ਨੇ ਦੀਪ ਦੀ ਗੱਲ ਕਰਨ ਵੇਲੇ ਬਿਸ਼ਨੇ ਪਾਂਧੇ ਦੀ ਸਲਾਹ ਜ਼ਰੂਰ ਲਈ ਹੋਊ ?" ਤਾਏ ਜੈਮਲ ਨੇ ਪੁੱਛਿਆ।

"ਸਲਾਹ ਤਾਂ ਓਸਨੇ ਵੀਹ ਜਣਿਆ ਤੋਂ ਲਈ ਹੋਊ। ਬਿਸ਼ਨੇ ਪਾਂਧੇ ਤੋਂ ਵੀਹ ਵਾਰੀ ਟੇਵਾ ਖੁਲ੍ਹਵਾ ਕੇ ਪੁੱਛਿਆ ਹੋਊ ਬਈ ਗਰਹੁ ਮਿਲਦੇ ਹਨ ਜਾਂ ਨਹੀਂ, ਰਿਸ਼ਤਾ ਲਾਹੇਵੰਦ ਰਹੂ ਜਾਂ ਨਹੀਂ, ਕਿਹੜੀ ਦਿਸ਼ਾ ਵੱਲ, ਕਿਹੜੇ ਦਿਨ, ਕਿਹੜੇ ਵੇਲੇ, ਕੀਹਨੂੰ ਨਾਲ ਲੈ ਕੇ ਜਾਵੇ ਜੋ ਕੰਮ ਨੇਪਰੇ ਚੜ੍ਹੇ। ਬਾਪੂ ਜੀ ਤਾਂ ਸੌ ਸੁਰਾਂ ਵਚਾਰਦੇ ਸੀ ਤਾਂ ਹੀ ਉਹਨਾਂ ਦਾ ਕੀਤਾ ਕੰਮ ਕਦੇ ਨਹੀਂ ਸੀ ਵਿਚਲਦਾ।" ਬੇਜੀ ਨੇ ਦੱਸਿਆ।

ਤੇ ਬਾਬਾ ਜੀ ਦੇ ਲੱਭੇ ਉਸ ਘਰ ਨਾਲ ਗੱਲ ਪੱਕੀ ਕਰਕੇ ਦਾਦੀ ਮਾਂ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਟਾਹਲੀਆਂ ਵਢਵਾ ਕੇ ਪੇਟੀਆਂ ਬਣਵਾਈਆਂ। ਮਲੇਰਕੋਟਲੇ ਤੋਂ ਜਾ ਕੇ ਭਾਂਡੇ ਖ਼ਰੀਦ ਕੇ ਲਿਆਈ। ਸਾਰਾ ਸਾਰਾ ਦਿਨ ਸੂਤ ਰੰਗ ਕੇ ਦਿੰਦੀ, ਸੂਤ ਦੇ ਪਿੰਨੇ ਕਰਦੀ ਤੇ ਡਿਉਢੀ ਵਿਚ ਉਸਨੇ ਦਰੀਆਂ ਤਣ ਦਿੱਤੀਆਂ ਸਨ, ਜਿਨ੍ਹਾਂ ਉਤੇ ਮੋਰ ਘੁੱਗੀਆਂ, ਵੇਲਾਂ ਬੂਟੇ ਤੇ ਰੰਗ ਬਰੰਗੇ ਡੀਜ਼ਾਈਨ ਪਵਾ ਕੇ ਉਹ ਬੁਣਵਾ ਰਹੀ ਸੀ। ਜਿੰਨੀ ਕੁ ਦਰੀ ਬੁਣੀ ਜਾਂਦੀ ਉਹ ਕੱਪੜੇ ਨਾਲ ਢੱਕ ਦਿੰਦੀ ਤੇ ਬੁਣਨ ਵਾਲੀਆਂ ਕੁੜੀਆਂ ਨੂੰ ਉਹ ਹੱਥ ਧੋ ਕੇ ਬੁਣਨ ਲੱਗਣ ਲਈ ਆਖਦੀ ਮਤਾਂ ਇਹ ਮੈਲੀਆਂ ਹੋ ਜਾਣ। ਅਗਲੇ ਘਰ ਜਾਣੀਆਂ ਸਨ। ਉੱਤਮ ਬੌਣੇ ਨੂੰ ਉਸਨੇ ਅੰਗਰੇਜ਼ੀ ਸੂਤ ਲਿਆ ਕੇ ਕਾਨੀ ਰੱਖਮੀਆਂ ਦੂਹਰੀਆਂ ਚਤਹੀਆਂ ਤੇ ਅੰਗਰੇਜ਼ੀ ਸੂਤ ਦੇ ਈ ਡੱਬੀਆਂ ਵਾਲੇ ਖੇਸ ਬੁਣ ਕੇ ਲਿਆਉਣ ਲਈ ਪੈਸੇ ਫੜਾ ਦਿੱਤੇ ਹੋਏ ਸਨ। ਕਈ ਪੀਪੇ, ਸਾਰੇ ਪਿੰਡ 'ਚੋਂ ਇਕੱਠਾ ਕਰਕੇ, ਖ਼ਰੀਦ ਕੇ ਦੇਸੀ ਘੀ ਦੇ ਭਰ ਲਏ ਸਨ। ਸਾਰੇ ਪਿੰਡ ਨੇ ਆਪਣੇ ਆਪਣੇ ਰਾਸ਼ਨਕਾਰਡ ਦੇ ਦਿੱਤੇ ਸਨ ਬਈ ਖੰਡ ਇਕੱਠੀ ਹੋ ਜੇ।

"ਮਾਂ ਤੂੰ ਅਜੇ ਈ ਤਿਆਰੀਆਂ ਕਰਨ ਲੱਗਪੀ "ਬੇਜੀ ਨੇ ਇਕ ਦਿਨ ਆਖਿਆ।

"ਜਿਹੜਾ ਕੰਮ ਵਿਚੋਂ ਨਿਬੜਜੇ ਓਹੀ ਚੰਗਾ ਹੁੰਦੈ, ਨਾਲੇ ਏਨ੍ਹਾਂ ਚੀਜ਼ਾਂ ਨੇ ਕਿਹੜਾ ਪਈਆਂ ਨੇ ਬੇਹੀਆਂ ਹੋ ਜਾਣੈ, ਤੁਰਤ ਕਿੱਥੇ ਭੱਜੇ ਫਿਰਾਂਗੇ।"

ਬਾਪੂ ਜੀ ਆਖਦੇ ਸਨ "ਸ਼ਰਾਬ ਦੇ ਦਰੋਗੇ ਨੂੰ ਆਖ ਕੇ ਜਿੱਥੇ ਬਣਦੀਐ ਓਥੇ ਬਦਾਮ, ਲੌਂਗ ਤੇ ਲੈਚੀਆਂ ਪਾ ਕੇ ਸਪੈਸ਼ਲ ਵਿਸਕੀ ਬਣਾਵਾਂਗੇ ਬਰਾਤ ਲਈ। ਅਗਲੇ ਸਾਰੀ ਉਮਰ ਯਾਦ ਰੱਖਣਗੇ ਬਈ ਕਿਸੇ ਦੇ ਘਰ ਢੁੱਕੇ ਸੀ ਤੇ ਇਕੋ ਜਿਹੇ ਡੂਢ ਸੌ ਕੰਬਲ ਬਰਾਤੀਆਂ ਲਈ ਫੈਕਟਰੀ 'ਚੋਂ ਲੈ ਆਉਣੇ ਨੇ ਜਾ ਕੇ। ਘੱਟ ਤੋਂ ਘੱਟ ਡੂਢ ਕੁ ਸੌ ਬੰਦਾ ਤਾਂ ਅਗਲੇ ਲੈ ਕੇ ਈ ਆਉਣਗੇ।"

ਛੇ ਕੁ ਮਹੀਨਿਆਂ ਮਗਰੋਂ ਅਗਲਿਆਂ ਦੇ ਸੁਨੇਹੇ ਵੀ ਆਉਣ ਲੱਗ ਪਏ ਕਿ ਦੱਸੋ ਵਿਆਹ ਹੁਣੇ ਮਹੀਨੇ ਦੋ ਮਹੀਨੇ ਵਿਚ ਦੇ ਦਿਓਗੇ ਜਾਂ ਰਹਾਂ ਨਰਾਤਿਆਂ ਵਿਚ ਦਿਓਗੇ ?"

"ਵਿਆਹ ਅਸੀਂ ਅਪ੍ਰੈਲ 'ਚ ਨਹੀਂ ਸੱਚ ਮਈ ਜੂਨ ਵਿਚ ਕਰਾਂਗੇ" ਫੁੱਫੜ ਜੀ ਨੇ ਪਤਾ ਨਹੀਂ ਕੀ ਸੋਚਕੇ ਆਖ ਦਿੱਤਾ।

ਦਿਨ ਹਫ਼ਤੇ ਤੇ ਮਹੀਨੇ ਹੌਲੀ ਹੌਲੀ ਸਰਕਦੇ ਗਏ। ਅਪ੍ਰੈਲ ਦਾ ਮਹੀਨਾ ਆ



Scanned by CamScanner

ਗਿਆ। ਅਗਲਿਆਂ ਦਾ ਫਿਰ ਸੁਨੇਹਾ ਆ ਗਿਆ, ਵਿਆਹ ਕਢਵਾ ਕੇ ਭੇਜੋ। ਵਿਆਹ ਕਢਵਾ ਲਿਆ ਗਿਆ। ਦਿਨ ਧਰਿਆ ਗਿਆ। ਤਿਆਰੀਆਂ ਹੋਰ ਤੇਜ਼ੀ ਨਾਲ ਹੋਣ ਲੱਗੀਆਂ।

"ਦੋ ਮਹੀਨੇ ਦਾ ਟੈਮ ਤਾਂ ਅੱਖ ਦੇ ਫੋਰ 'ਚ ਲੰਘ ਜਾਣੈ ਤੁਸੀਂ ਚੰਗਾ ਜਿਹਾ ਦਿਨ ਦੇਖ ਕੇ ਹੱਥ ਕਰੋ ਚੀਜ਼ਾਂ ਖਰੀਦਣ ਦਾ। ਟੂਮਾਂ ਬਣਨੀਆਂ ਦਿਓ। ਕੱਪੜੇ ਸੀਉਣੇ ਦੇਣੇ ਨੇ ਅਜੇ ਗੋਟੇ ਕਿਨਾਰੀ ਦਾ ਕੰਮ ਅੱਡ ਪਿਐ। ਬੂਟ ਚਪਲੀਆਂ ਤਾਂ ਭਲਾ ਬਣੇ ਬਣਾਏ ਮਿਲ ਜਾਣਗੇ ਸ਼ਹਿਰੋਂ ਪਰ ਕੱਢਮੀਆਂ ਜੁੱਤੀਆਂ ਸੁੱਚੀ ਜਰੀ ਦੀਆਂ ਤਾਂ ਮੇਚ ਦੇ ਕੇ ਈ ਬਣਵਾਉਣੀਆਂ ਪੈਣੀਆਂ ਨੇ। ਬਾਕੀ ਸ਼ਿੰਗਾਰਦਾਨ, ਇਤਰ ਫਲੇਲ, ਰੇਸ਼ਮੀ ਰੁਮਾਲਾਂ ਦੇ ਡੱਬੇ, ਚਾਂਦੀ ਦੀ ਸੁਰਮੇਦਾਨੀ, ਚਮੜੇ ਦੇ ਟੈਚੀਕੇਸ, ਅਨੰਦਾਂ ਤੇ ਪਾਉਣ ਵਾਲਾ ਖੀਨਖਾਬ ਦਾ ਸੂਟ, ਹਜ਼ਾਰਾਂ ਕੰਮ ਕਰਨ ਆਲੇ ਪਏ ਨੇ। ਸ਼ੇਰਪੁਰ ਤੋਂ ਕੁੰਦਨ ਦਾ ਟਿੱਕਾ ਤੇ ਇਕ ਸੈਟ ਹਰਭਜਨ ਸਿਉਂ ਨੂੰ ਆਖ ਕੇ ਬਣਵਾ ਲਓ, ਓਸ ਦਾ ਓਹ ਇਲਾਕਾ ਐ, ਓਥੋਂ ਦੇ ਠਾਣੇ 'ਚ ਉਹ ਲੱਗਿਆ ਹੋਇਐ, ਘੱਟ ਤੋਂ ਘੱਟ ਸੁਨਿਆਰ ਖਰੇ ਸੋਨੇ ਦੇ ਤਾਂ ਬਣਾ ਕੇ ਦੇਊ। ਸੋਨਾ ਘਰੋਂ ਦੇਵਾਂਗੇ ਬਾਕੀ ਸ਼ੀਸ਼ਿਆਂ ਦਾ ਤੇ ਬਣਵਾਈ ਦਾ ਮੁੱਲ ਲੈ ਲੂ। ਬਾਕੀ ਜੜਾਊ ਸੀਸ ਫੁੱਲ, ਜੜਾਊ ਕੰਗਣ ਤੇ ਇਕ ਹਾਰ ਜਿਹੜਾ ਲੈਣਾ ਐ ਉਹ ਕਿਸੇ ਸਿਆਣੇ ਬੰਦੇ ਨੂੰ ਨਾਲ ਲੈ ਕੇ ਲਿਓ, ਆਪਾਂ ਨੂੰ ਹੁਣ ਕੀ ਪਤੈ ਬਈ ਨਗ ਸੁੱਚੇ ਨੇ ਕੇ ਝੂਠੇ ਨੇ। ਹੀਰੇ ਨੇ ਕਿ ਪੱਥਰ ਨੇ। ਅੱਜ ਕੱਲ੍ਹ ਤਾਂ ਮਲੱਮਾ ਵੀ ਬਥੇਰਾ ਚੱਲਿਆ ਹੋਇਐ। ਅਖੇ ਜਥੋਮਾਜਰੇ ਆਲਿਆਂ ਦੇ ਗਾਜੇ ਦਾ ਚਾਚਾ ਢੁੱਕਿਆ। ਕਿਸੇ ਨੇ ਵਿਆਹੁਲੀ ਆਈ ਦੇ ਈ ਸਾਰੇ ਗਹਿਣੇ ਵਟਾ ਤੇ। ਸੁੱਚੇ ਚੱਕਲੇ ਤੇ ਝੂਠੇ ਰੱਖਤੇ। ਨਾਲੇ ਪੱਲਿਓਂ ਚੀਜ਼ ਗਈ ਨਾਲੇ ਅਗਲੀ ਕਮਲੀ ਬਣੀ। ਤੇ ਅਗਲਿਆਂ ਨੇ ਕਹਿਤਾ ਪੇਕਿਆਂ ਨੇ ਵਟਾਤੇ ਹੋਣੇ ਨੇ। ਉਹ ਤਾਂ ਜਥੋਮਾਜਰੇ ਆਲਿਆਂ ਦੀ ਵੀ ਕਮਲੀ ਗੱਲ ਸੀ ਬਈ ਜਦੋਂ ਅਗਲੇ ਦੇ ਬਰਾਬਰ ਦਾ ਪੁੱਤ ਐ ਫੇਰ ਕਾਹਨੂੰ ਸਾਕ ਕਰਦੇ ਓ।" ਦਾਦੀ ਮਾਂ ਪਤਾ ਨਹੀਂ ਕੀਹਦੇ ਨਾਲ ਗੱਲਾਂ ਕਰੀ ਜਾਂਦੀ ਸੀ ਤੇ ਉਹ ਇਉਂ ਆਪ ਮੁਹਾਰੇ ਗੱਲਾਂ ਕਰਦੀ ਅੱਜ ਵੀ ਮੇਰੇ ਜ਼ਿਹਨ 'ਚ ਆ ਬੈਠਦੀਐ।

ਮਹੀਨਾ ਹੋਰ ਲੰਘ ਗਿਆ ਤਾਂ ਇਕ ਦਿਨ ਮੋਟਰ ਜੋੜ ਕੇ ਸਰਦਾਰ ਤੇ ਸਰਦਾਰਨੀ ਆ ਪਹੁੰਚੇ। ਬੜੀ ਆਊ ਭਗਤ ਕੀਤੀ ਗਈ। ਹੁਣ ਤਾਂ ਉਹ ਸੱਗੇ ਰਤੇ ਪਰਾਹੁਣੇ ਸਨ। ਉਨ੍ਹਾਂ ਚਾਹ ਪਾਣੀ ਨਹੀਂ ਪੀਤਾ। "ਅਸੀਂ ਤਾਂ ਇਕ ਜ਼ਰੂਰੀ ਕੰਮ ਆਏ ਆਂ। ਇਹ ਆਖਣ ਬਈ ਲੜਕਾ ਸਾਡਾ ਵਿਆਹ ਲਈ ਨਹੀਂ ਮੰਨਦਾ। ਐਮੀ ਵਾਧੂ ਤੁਹਾਨੂੰ ਭੁਲੇਖੇ ਵਿਚ ਰੱਖੀਏ ਤੁਸੀਂ ਆਪਣੀ ਲੜਕੀ ਦਾ ਜਿੱਥੇ ਮਰਜ਼ੀ ਸਾਕ ਕਰ ਦਿਓ।" ਸਰਦਾਰਨੀ ਨੇ ਆਖਿਆ ਸੀ।

"ਸਾਕ ਤੁਸੀਂ ਆਪਣੇ ਲੜਕੇ ਤੋਂ ਪੁੱਛਕੇ ਨਹੀਂ ਸੀ ਲਿਆ?" ਫੁੱਫੜ ਜੀ ਨੇ ਗੁੱਸੇ ਨੂੰ ਜ਼ਬਤ 'ਚ ਰੱਖਦਿਆਂ ਪੁੱਛਿਆ।

"ਪੁੱਛ ਕੇ ਕੀਤਾ ਸੀ ਪਰ ਸੌ ਗੱਲ ਹੋ ਜਾਂਦੀਐ ਪਿਛੋਂ" ਉਹ ਬੋਲੀ।

"ਕੋਈ ਲੈਣ ਦੇਣ ਦੀ ਤਾਂ ਨੀ ਗੱਲ?" ਬੇਜੀ ਨੇ ਪੁੱਛਿਆ।

"ਕਬੀਲਦਾਰਾਂ ਨੂੰ ਸੌ ਕੁਸ਼ ਸੋਚਣਾ ਪੈਂਦੈ।" ਆਖ ਉਹ ਸਰਦਾਰਨੀ ਜਾਣ ਲਈ ਉਠ ਖੜ੍ਹੀ ਹੋਈ। ਉਸ ਦੇ ਮਗਰ ਮਗਰ ਉਹਦਾ ਸਰਦਾਰ ਤੁਰ ਪਿਆ। ਸਭ ਨੂੰ ਹੈਰਾਨ ਪ੍ਰੇਸ਼ਾਨ ਖੜ੍ਹੇ ਛੱਡ ਉਹ ਕਾਰ 'ਚ ਬੈਠ ਕੇ ਚਲੇ ਗਏ।



Scanned by CamScanner

# 13

ਵੇਹੜੇ 'ਚ ਬਠੇ ਫੁਫੜ ਜੀ ਉੱਚੀ ਉੱਚੀ ਗਾਲ੍ਹਾਂ ਕੱਢ ਰਹੇ ਸਨ।

"ਛੱਡੋ ਪਰੇ ਕਾਹਦੇ ਲਈ ਏਨਾ ਕਲਪਦੇ ਓ, ਹੋਰ ਕੀ ਦੁਨੀਆਂ ਤੇ ਮੁੰਡੇ ਮਰਗੇ" ਵੱਡੇ ਬੇਜੀ ਆਖ ਰਹੇ ਸਨ।

ਛੋਟੇ ਬੇਜੀ ਬਹੁਤ ਨਿਮੋਝੂਣੇ ਬੈਠੇ ਸਨ। ਆਪ ਤੋਂ ਬਹੁਤੀ ਉਨ੍ਹਾਂ ਨੂੰ ਰੱਬੋ ਵਾਲਿਆਂ ਦੇ ਘਰ ਦੀ ਬੇਇੱਜ਼ਤੀ ਹੋਈ ਲਗਦੀ ਸੀ। ਦੂਜਾ ਉਹ ਆਖ ਰਹੇ ਸਨ ਕਿ ਲੋਕ ਸੁਣਨਗੇ ਤਾਂ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਬਨਾਉਣਗੇ ਬਈ ਖਬਰਨੀ ਕਾਹਤੋਂ ਸਾਕ ਛੁੱਟ ਗਿਆ।

ਤੁਰੰਤ ਦਾਦੀ ਮਾਂ ਨੂੰ ਪਿੰਡੋਂ ਲਿਆਉਣ ਲਈ ਬੰਦਾ ਭੇਜ ਦਿੱਤਾ ਗਿਆ।

"ਪੁੱਛੋ ਤਾਂ ਸਹੀ, ਨਹੀਂ ਮੁੰਡੇ ਨੂੰ ਮਿਲ ਲੌਂ, ਪਤਾ ਤਾਂ ਲੱਗੇ" ਉਹ ਆਖ ਰਹੀ ਸੀ।

"ਮੈਂ ਤਾਂ ਅਜਿਹੇ ਦੁਸ਼ਟਾਂ ਦੇ ਜਾ ਕੇ ਮੱਥੇ ਨੀ ਲੱਗਦਾ।" ਫੁੱਫੜ ਜੀ ਨੇ ਜਵਾਬ ਦੇ ਦਿੱਤਾ।

"ਮੇਰੇ ਨਾਲ ਤੋਰੋ ਕੋਈ ਬੰਦਾ, ਮੈਂ ਪਤਾ ਕਰ ਕੇ ਆਉਨੀਆਂ, ਮੂੰਹ 'ਚ ਤਾਂ ਨੀ ਪਾ ਲੈਣਗੇ ਮੈਨੂੰ, ਉਨ੍ਹਾਂ ਦੇ ਵੀ ਗਾਹਾਂ ਧੀਆਂ ਬੇਟੀਆਂ ਨੇ।" ਦਾਦੀ ਮਾਂ ਆਖ ਰਹੀ ਸੀ।

ਦਾਦੀ ਮਾਂ ਤਾਏ ਸੁੰਦਰ ਨੂੰ ਨਾਲ ਲੈ ਕੇ ਅਗਲਿਆਂ ਦੇ ਸ਼ਹਿਰ ਗਈ। ਆਖਿਆ ਮੈਂ ਕਾਕੇ ਨੂੰ ਮਿਲਣਾ ਐ। ਅਗੋਂ ਉਹਦੀ ਮਾਂ ਨੇ ਆਖਿਆ "ਤੁਸੀਂ ਕਾਕੇ ਨੂੰ ਮਿਲ ਕੇ ਕੀ ਲੈਣਾ ਐ, ਜੋ ਕੁਸ਼ ਆਖਣਾ ਸੀ ਮੈਂ ਤੁਹਾਨੂੰ ਆਖ ਦਿੱਤਾ ਐ।"

"ਸੱਚੀ ਸੱਚੀ ਗੱਲ ਦੱਸੋ ਵਿਚੋਂ ਕੀ ਐ ?"

"ਏਹੀ ਬਈ ਸਾਨੂੰ ਇਹ ਰਿਸ਼ਤਾ ਪੁੱਗਦਾ ਨੀ।"

"ਪਹਿਲਾਂ ਪੁੱਗਦਾ ਸੀ ਤੇ ਹੁਣ ਕਾਹਤੋਂ ਨੀ ਪੁੱਗਦਾ ?"

"ਪਹਿਲਾਂ ਸਾਨੂੰ ਪਤਾ ਨਹੀਂ ਸੀ।"

"ਕੀ ਨਹੀਂ ਸੀ ਪਤਾ ?"

"ਮੇਰੇ ਮੂੰਹੋਂ ਕਾਹਨੂੰ ਅਖਵਾਉਂਦੇ ਓ।"

"ਕਹਿ ਦਿਓ"

"ਕੁੜੀ ਤੁਹਾਡੀ....."

"ਮਾੜਾ ਲਫ਼ਜ਼ ਨਾ ਮੂੰਹੋਂ ਕੱਢਿਓ, ਮੈਨੂੰ ਇਹ ਦੱਸੋ ਸਾਡੀ ਕੁੜੀ ਬਾਬਤ ਕੀਹਨੇ ਕੀ ਆਖਿਐ ?" ਦਾਦੀ ਮਾਂ ਨੇ ਗੱਲ ਟੋਕ ਕੇ ਪੁੱਛਿਆ ਸੀ।

ਥੋਡੇ ਘਰੋਂ ਈ ਪਤਾ ਲੱਗਿਐ।

"ਠੀਕ ਐ ਜੇ ਕੁੜੀ ਬਾਰੇ ਤੁਹਾਡਾ ਕਿਸੇ ਗੱਲੋਂ ਮਨ ਮੈਲਾ ਐ ਤਾਂ ਬੱਸ ਗੱਲ ਮੁੱਕਗੀ। ਗੰਗਾ ਜਲ ਵਰਗੀ ਮੇਰੀ ਧੀ....." ਤੇ ਦਾਦੀ ਮਾਂ ਰੋਂਦੀ ਵਾਪਸ ਆ ਗਈ।

"ਸੁਣ ਲਿਆ ਜੀ ਥੋਡੀ ਧੀ ਬਾਰੇ ਜੱਟੀ ਕੀ ਆਖਦੀਐ ?" ਵੱਡੇ ਬੇਜੀ ਫੁਫੜ ਜੀ ਨੂੰ ਸੁਣਾ ਕੇ ਆਖ ਰਹੇ ਸਨ।

"ਕੀ ਆਖਦੀਐ ?"

"ਖਬਰੇ ਗਾਹਾਂ ਕੀ ਆਖਣਾ ਸੀ ਬਈ ਤੁਹਾਡੀ ਧੀ ਚੰਗੀ ਨੀ, ਜਾਂ ਸੁਹਣੀ ਨੀ, ਜਾਂ ਕਿਤੇ ਹੋਰ ਵਿਆਹ ਕਰਨਾ ਚਾਹੁੰਦੀਐ ਜਾਂ ਚਾਲ ਚਲਣ...."



Scanned by CamScanner

"ਬਕਵਾਸ ਬੰਦ ਕਰੋ" ਫੁਫੜ ਵੱਡੇ ਬੇਜੀ ਨੂੰ ਹਰਖਕੇ ਪਏ, ਜਾਣਦੇ ਸਨ ਕਿ ਉਹ ਲਾ ਕੇ ਗੱਲਾਂ ਆਖ ਰਹੇ ਸਨ।

ਪਰ ਵੱਡੇ ਬੇਜੀ ਦੇ ਸ਼ਬਦ "ਚੰਗੀ ਨੀ, ਸੁਹਣੀ ਨੀ ਜਾਂ ਕਿਤੇ ਹੋਰ ਵਿਆਹ ਕਰਨਾ ਚਾਹੁੰਦੀਐ ਜਾਂ ਚਾਲ ਚਲਣ...." ਮੇਰੇ ਅੰਦਰ ਜਿਵੇਂ ਛਾਲੇ ਪਾਉਂਦੇ ਗਏ। ਮੈਂ ਆਪਣੇ ਕਮਰੇ ਵਿਚ ਜਾ ਕੇ ਬਾਬਾ ਜੀ ਨੂੰ ਯਾਦ ਕਰਕੇ ਰੋਣ ਲੱਗ ਪਈ।

"ਬੜਾ ਲੋਹੜਾ ਹੋਇਆ ਲੋਕਾਂ ਨੂੰ ਪਤਾ ਲੱਗੂ ਤਾਂ ਬਹੁਤ ਬਦਨਾਮੀ ਹੋਊ" ਛੋਟੇ ਬੇਜੀ ਆਖ ਰਹੇ ਸਨ।

ਕਈ ਦਿਨ ਤੱਕ ਕਮਰੇ ਤੋਂ ਬਾਹਰ ਨਿਕਲਣ ਤੇ ਕਿਸੇ ਦੇ ਮੱਥੇ ਲੱਗਣ ਤੋਂ ਮੈਂ ਕਤਰਾਂਦੀ ਰਹੀ ਜਿਵੇਂ ਪਤਾ ਨਹੀਂ ਮੇਰੇ ਕੋਲੋਂ ਕਿੱਡਾ ਵੱਡਾ ਗੁਨਾਹ ਹੋ ਗਿਆ ਹੁੰਦੈ।

ਚਾਰ ਪੰਜ ਦਿਨਾਂ ਮਗਰੋਂ ਬਾਪੂ ਜੀ ਆਏ। ਬੇਜੀ ਨੇ ਦੱਸਿਆ ਅਸੀਂ ਜਵਾਬ ਦੇ ਦਿੱਤਾ ਰਿਸ਼ਤੇ ਤੋਂ ਪੰਜਾਹ ਹਜ਼ਾਰ ਰੁਪਈਆ ਮੰਗਦੇ ਸੀ।

"ਰੁਪਈਏ ਮੰਗਦੇ ਸੀ ਤਾਂ ਕੀ ਹੋ ਗਿਆ, ਰੁਪਈਆ ਆਪਾਂ ਦੇ ਦਿੰਦੇ। ਜਾਣੀ ਚਾਰ ਕਿੱਲੇ ਜ਼ਮੀਨ ਬੇਚ ਦਿੰਦੇ ਹੋਰ ਜ਼ਮੀਨ ਕੀ ਫੂਕਣੀਐ" ਉਹ ਆਖਣ ਲੱਗੇ।

"ਪਰ ਸਰਦਾਰ ਸਾਹਿਬ ਆਖਦੇ ਸੀ ਜਿਹੜੇ ਅੱਜ ਪੰਜਾਹ ਹਜ਼ਾਰ ਮੰਗਦੇ ਨੇ ਭਲਕੇ ਇਕ ਲੱਖ ਮੰਗਣਗੇ, ਅਸੀਂ ਤਾਂ ਏਹੋਜੇ ਬੰਦਿਆਂ ਦੇ ਰਿਸ਼ਤਾ ਕਰਨਾ ਈ ਨੀ।"

"ਪਰ ਮੈਂ ਗੱਲ ਤਾਂ ਕਰ ਲਵਾਂ" ਆਖ ਉਹਨਾਂ ਨੇ ਪਿਸਤੌਲ ਵਿਚ ਗੋਲੀਆਂ ਪਾ ਲਈਆਂ ਤੇ ਪਸਤੌਲ ਕੇਸ ਵਿਚ ਪਾ ਕੇ ਮੋਢੇ ਤੇ ਲਟਕਾ ਲਿਆ ਤੇ ਜਾਣ ਲਈ ਤਿਆਰ ਹੋ ਗਏ।

"ਤੈਂ ਹੁਣ ਜਾ ਕੇ ਕੀ ਕਰਨੈਂ ਗੱਲ ਮੁੱਕੀ ਮੁਕਾਈ" ਬੇਜੀ ਨੇ ਰੋਕਣ ਲਈ ਆਖਿਆ।

"ਮੈਂ ਕਿਸੇ ਨੀ ਕਰਨਾ, ਮੇਰੀ ਧੀਐ। ਭਲਕੇ ਸਾਲਾ ਆਖੂਗਾ ਮੈਂ ਸਾਕ ਛੱਡ ਦਿੱਤਾ ਸੀ, ਉਹਨੂੰ ਪੁੱਛ ਤਾਂ ਲਮਾਂ" ਆਖ ਉਨ੍ਹਾਂ ਨੇ ਗੁਸਲਖਾਨੇ ਵਿਚ ਜਾ ਕੇ ਜੇਬ ਵਿਚੋਂ ਸ਼ੀਸ਼ੀ ਕੱਢ ਕੇ ਮੂੰਹ ਨੂੰ ਲਾ ਕੇ ਸ਼ਰਾਬ ਪੀਤੀ।

"ਪਰ ਮੁੰਡਾ ਤਾਂ ਉਥੇ ਹੈ ਨੀ ਗੱਲ ਤਾਂ ਮੁੰਡੇ ਨਾਲ ਕਰਨ ਦਾ ਫਾਇਦਾ ਐ" ਬੇਜੀ ਨੇ ਰੋਕਣ ਲਈ ਕਿਹਾ।

"ਉਥੇ ਨੀ ਹੋਊਗਾ ਕਿਤੇ ਹੋਰ ਹੋਊਗਾ, ਓਥੇ ਚਲੇ ਜਾਮਾਂਗੇ। ਗੱਲ ਤਾਂ ਕਰੀਏ। ਪੁੱਛੀਏ ਤਾਂ ਸਹੀ ਓਸ ਨੌਢੂਖਾਨ ਨੂੰ ਬਈ ਤੂੰ ਹੈਂ ਕੀ ਚੀਜ਼। ਜਿੰਨਾ ਚਿਰ ਤੂੰ ਸਾਡਾ ਰਿਸ਼ਤੇਦਾਰ ਸੀ ਓਨਾ ਈ ਸੀ ਹੁਣ ਤਾਂ ਤੈਨੂੰ ਸੰਵਾਰ ਕੇ ਪੁੱਛ ਲਾਂਗੇ।"

"ਨਾਲੇ ਇਕੱਲਾ ਨਾ ਜਾ ਕਿਸੇ ਨੂੰ ਨਾਲ ਲੈ ਕੇ ਜਾਈਂ।" ਬੇਜੀ ਨੇ ਆਖਿਆ।

"ਇਕੱਲੇ ਨੂੰ ਮੈਨੂੰ ਕੀ ਹੁੰਦੈ, " ਆਖ ਉਹਨਾਂ ਨੇ ਕਾਫੀ ਸਾਰੀ ਸ਼ਰਾਬ ਬਿਨਾਂ ਪਾਣੀ ਤੋਂ ਹੀ ਪੀ ਲਈ। ਪੀਂਦੇ ਤਾਂ ਉਹ ਸਾਰਾ ਦਿਨ ਹੀ ਰਹਿੰਦੇ ਸਨ ਪਰ ਜਦੋਂ ਕਿਸੇ ਗੱਲੋਂ ਫ਼ਿਕਰਮੰਦ ਹੁੰਦੇ ਫੇਰ ਬਹੁਤ ਜ਼ਿਆਦਾ ਪੀਣ ਲੱਗ ਜਾਂਦੇ। ਹੁਣ ਵੀ ਕਈ ਦਿਨ ਤੋਂ ਪੀ ਰਹੇ ਸਨ।

"ਓਏ ਅਹਿਮਦ ਟਾਂਗਾ ਜੋੜ-ਨਹੀਂ ਸੱਚ ਜੰਗ ਸਿਆਂ ਕਿਸੇ ਨੂੰ ਆਖ ਕਾਰ ਲਿਆਵੇ ਸਟਾਰਟ ਕਰਕੇ, ਮੈਂ ਛੇਤੀ ਜਾਣੈ" ਆਖ ਉਹ ਕਮਰੇ ਵਿਚੋਂ ਹੋਰ ਬੋਤਲ ਲੈਣ ਗਏ ਮੰਜੇ ਤੇ ਬੈਠ ਗਏ। ਉਥੇ ਹੀ ਪਲ ਕੁ ਮਗਰੋਂ ਟੇਢੇ ਹੋ ਗਏ ਤੇ ਬੇਹੋਸ਼ੀ ਵਿਚ ਸੌਂ ਗਏ।



Scanned by CamScanner

ਅਗਲੇ ਦਿਨ ਉਹ ਫਿਰ ਪੀ ਕੇ ਤਿਆਰ ਹੋਣ ਲੱਗੇ।

ਮੈਂ ਉਹਨਾਂ ਨਾਲ ਬੋਲਦੀ ਨਹੀਂ ਸੀ ਹੁੰਦੀ ਫਿਰ ਵੀ ਆ ਕੇ ਆਖਿਆ, "ਬਾਪੂ ਜੀ ਜਾਣਾ ਨਹੀਂ।"

"ਕਿਉਂ?" ਉਹਨਾਂ ਪੁੱਛਿਆ।

"ਮੈਂ ਆਖਦੀ ਹਾਂ ਇਸ ਲਈ। ਤੁਹਾਨੂੰ ਮੇਰੀ ਸਹੁੰ ਲੱਗੇ।"

ਇਕ ਪਲ ਉਹ ਮੇਰੀ ਵੱਲ ਵੇਖਦੇ ਰਹੇ ਤੇ ਫਿਰ ਪਸਤੌਲ ਗਲ ਵਿਚੋਂ ਲਾਹ ਕੇ ਅਲਮਾਰੀ ਵਿਚ ਰੱਖ ਦਿੱਤਾ ਤੇ ਬਿਨਾ ਕੁਝ ਖਾਧਿਆਂ ਪੀਤਿਆਂ ਪਿੰਡ ਨੂੰ ਚਲੇ ਗਏ।

ਭਾਵੇਂ ਮੈਂ ਬਹੁਤ ਛੋਟੀ ਸੀ ਫਿਰ ਵੀ ਵੱਡੇ ਬੇਜੀ ਦੇ ਆਖੇ ਸ਼ਬਦ ਮੈਨੂੰ ਆ ਆ ਕੇ ਡੱਸਦੇ ਰਹੇ।

"ਮੇਰੀ ਸ਼ਕਲ ਮਾੜੀ ਤਾਂ ਨਹੀਂ" ਸ਼ੀਸ਼ੇ ਅੱਗੇ ਖੜੋਤੀ ਨੂੰ ਮੈਨੂੰ ਖ਼ਿਆਲ ਆ ਜਾਂਦਾ।

"ਤੁਹਾਡੀ ਕੁੜੀ ਚੰਗੀ ਨਹੀਂ....." ਬਹੁਤ ਕੋਸ਼ਿਸ਼ ਕਰ ਕੇ ਸੋਚਣ ਦੀ ਕੋਸ਼ਿਸ਼ ਕਰਦੀ, ਬੇਜੀ ਕੀ ਆਖ ਰਹੇ ਸਨ? ਮੈਨੂੰ ਤਾਂ ਬਹੁਤ ਸਾਲ ਪਹਿਲਾਂ ਦਾਦੀ ਮਾਂ ਨੇ ਦੱਸ ਦਿੱਤਾ ਸੀ ਬੰਦੇ ਨੂੰ ਧਰਮ ਰਾਜ ਕੋਲ ਆਪਣੇ ਕਰਮਾਂ ਦਾ ਹਸਾਬ ਦੇਣਾ ਪੈਂਦੈ। ਚਿੱਤਰ ਗੁਪਤ ਭੋਰਾ ਭੋਰਾ ਗੱਲ ਆਪਣੀ ਵਹੀ 'ਚ ਲਿਖਦਾ ਰਹਿੰਦੈ। ਧਰਤੀ ਅਸਮਾਨ ਸਭ ਸੰਤੋਖ ਦੇਈ ਬੰਨ੍ਹੇ ਖੜ੍ਹੇ ਨੇ ਨਹੀਂ ਤਾਂ ਇਹ ਆਪਣਾ ਆਪਣਾ ਰਾਹ ਨਾ ਛੱਡ ਤੁਰਨ। ਪਰਲੋ ਨਾ ਆਜੂ ਜੱਗ ਤੇ। ਪਾਪੀਆਂ ਨੂੰ ਅਗਲੇ ਜਨਮ ਰੱਬ ਤੇਲ ਦੇ ਤਪਦੇ ਕੜਾਹੇ 'ਚ ਡੁਬੋਂਦੈ। ਅੰਗਿਆਰਾਂ ਤੇ ਤੋਰਦੈ। ਦਰੱਖ਼ਤ ਨਾਲ ਪੁੱਠੇ ਟੰਗ ਦਿੰਦੈ। ਜਮਦੂਤ ਕੋਰੜੇ ਮਾਰਦੇ ਨੇ। ਅਗਲੇ ਜਨਮ ਕੁੱਤੇ ਬਿੱਲੇ ਦੀ ਜੂਨ ਮਿਲਦੀਐ। ਫੇਰ ਇਹ ਵੱਡੇ ਬੇਜੀ ਕੀ ਆਖ ਰਹੇ ਨੇ? ਕੀ ਇਲਜ਼ਾਮ ਲਗਾ ਰਹੇ ਨੇ?.....ਤੇ ਬਹੁਤ ਸਾਲ ਲੰਘ ਜਾਣ ਮਗਰੋਂ ਡਾਕਟਰ ਹਰਿਭਜਨ ਸਿੰਘ ਵੀ ਤਾਂ ਇਲਜ਼ਾਮ ਲਗਾ ਰਹੇ ਨੇ ਕਿ "ਤੈਨੂੰ ਪਤਾ ਹੀ ਨਹੀਂ ਅਸਲ ਵਿਚ ਮਾੜੇ ਲੋਕ, ਕਿਹੋ ਜੇ ਹੁੰਦੇ ਨੇ, ਭਾਵ ਈਵਲ ਕੀ ਹੁੰਦੀਐ। ਇਸੇ ਲਈ ਤੇਰੀ ਲਿਖਤ....." ਖ਼ੈਰ ਜਾਣ ਦਿਓ ਨਾ ਮੈਨੂੰ ਉਦੋਂ ਵੱਡੇ ਬੇਜੀ ਦੇ ਇਲਜ਼ਾਮ ਦੀ ਸਮਝ ਲੱਗੀ ਸੀ ਤੇ ਨਾ ਹੁਣ ਡਾ. ਹਰਿਭਜਨ ਸਿੰਘ ਦੇ ਇਲਜ਼ਾਮ ਦੀ ਸਮਝ ਲੱਗ ਰਹੀਐ।

ਤੇ ਵੱਡੇ ਬੇਜੀ ਤਾਂ ਇਹ ਵੀ ਆਖ ਰਹੇ ਸਨ ਕਿ ਸ਼ਾਇਦ ਕਿਸੇ ਹੋਰ ਨਾਲ ਵਿਆਹ....ਪਰ ਕੀਹਦੇ ਨਾਲ? ਮੈਂ ਵੱਡੇ ਬੇਜੀ ਤੋਂ ਪੁੱਛਣਾ ਚਾਹੁੰਦੀ ਸੀ "ਬੇਜੀ ਮੈਂ ਕੀਹਦੇ ਨਾਲ ਵਿਆਹ ਕਰਨਾ ਚਾਹੁੰਦੀ ਹਾਂ?"

ਤੇ ਚਾਲ ਚਲਣ? ਦਾਦੀ ਮਾਂ ਨੇ ਤਾਂ ਆਖਿਆ ਸੀ ਗੰਗਾਜਲ ਵਰਗੀ ਮੇਰੀ ਧੀ ਤੇ ਮਾਂ ਕਦੋਂ ਝੂਠ ਆਖ ਸਕਦੀ ਸੀ ਜੀਹਨੂੰ ਪਤਾ ਸੀ ਧਰਮਰਾਜ ਦੀ ਕਚਹਿਰੀ 'ਚ ਰਾਈ ਰਾਈ ਦਾ ਹਸਾਬ ਦੇਣਾ ਪੈਂਦੈ। ਚਿੱਤਰ ਗੁਪਤ ਭੋਰਾ ਭੋਰਾ ਗੱਲ ਆਪਣੀ ਵਹੀ 'ਚ ਲਿਖਦਾ ਰਹਿੰਦੈ। ਪਾਪੀਆਂ ਨੂੰ ਰੱਬ ਅਗਲੇ ਜਨਮ ਤੇਲ ਦੇ ਤਪਦੇ ਕੜਾਹੇ 'ਚ ਡਬੋਂਦੈ। ਅੰਗਿਆਰਾਂ ਉੱਤੋਂ ਦੀ ਤੋਰਦੈ। ਦਰੱਖਤ ਨਾਲ ਪੁੱਠੇ ਟੰਗ ਦਿੰਦੈ। ਜਮਦੂਤ ਕੋਰੜੇ ਮਾਰਦੇ ਨੇ। ਅਗਲੇ ਜਨਮ ਕੁੱਤੇ ਬਿੱਲੇ ਦੀ ਜੂਨ ਮਿਲਦੀਐ।

ਪਰ ਫਿਰ ਵੀ ਗੰਗਾਜਲ ਵਰਗੀ ਉਹਦੀ ਧੀ ਪਤਾ ਨਹੀਂ ਕਿਹੋ ਜੇ ਕਰਮ ਲਿਖਵਾ ਕੇ ਲਿਆਈ ਸੀ ਕਿ ਅੱਜ ਤੋਂ ਮਗਰੋਂ ਅਣਕੀਤੇ ਗੁਨਾਹਾਂ ਦਾ ਭਾਰ ਉਹਨੇ ਆਪਣੇ ਸਿਰ ਤੇ ਚੁੱਕ ਕੇ ਤੁਰਨਾ ਸੀ।



Scanned by CamScanner

ਇਕ ਸੁਪਨਾ ਸੱਚ ਬਣਨ ਤੋਂ ਪਹਿਲਾਂ ਮਰ ਗਿਆ ਸੀ ਤੇ ਮੇਰਾ ਸੁਪਨਿਆਂ ਵਿਚੋਂ ਵਿਸ਼ਵਾਸ ਤੋੜ ਗਿਆ। ਸ਼ਾਇਦ ਇਹੀ ਕਾਰਨ ਸੀ "ਫ੍ਰੀ ਜ਼ੋਨ ਵਿਚ ਇਕ ਰਾਤ" ਵਾਲੀ ਇੰਟਰਵਿਊ ਲੈਂਦਿਆਂ ਅੰਮ੍ਰਿਤਾ ਨੇ ਜਦੋਂ ਪੁੱਛਿਆ ਸੀ ਤੇਰੇ ਆਲੇ ਦੁਆਲੇ ਏਨੇ ਬੰਦੇ ਨੇ ਕੋਈ ਤੈਨੂੰ ਉਸ ਤਰ੍ਹਾਂ ਪਸੰਦ ਕਿਉਂ ਨਹੀਂ ਆਉਂਦਾ, ਤਾਂ ਮੈਂ ਆਖਿਆ ਸੀ ਸਭ ਪੰਜ ਤੰਤਰ ਵਿਚੋਂ ਭੱਜ ਕੇ ਆਏ, ਤੇ ਹੁਣੇ ਹੁਣੇ ਕੋਈ ਗਿੱਦੜ ਤੋਂ ਬੰਦਾ ਬਣਿਆ, ਕੋਈ ਲੂੰਬੜ ਤੋਂ ਬੰਦਾ ਬਣਿਆਂ, ਕੋਈ ਸੱਪ ਤੋਂ, ਤੇ ਬਹੁਤਾ ਕੀਤਾ ਕੋਈ ਸ਼ੇਰ ਤੋਂ ਬੰਦਾ ਬਣਿਆ ਲਗਦੈ। ਉਹ ਬੰਦੇ ਕਿੱਥੇ ਨੇ ?"

"ਰੱਬ ਓਹਨਾਂ ਦੀ ਧੀ ਨਾਲ ਇਉਂ ਕਰੇ। ਸਾਡੀ ਤਾਂ ਕਮਾਰੀ ਛੱਡੀਐ, ਉਹਨਾਂ ਦੀ ਨੂੰ ਅਗਲੇ ਵਿਆਹ ਕੇ ਛੱਡਣ, ਫੇਰ ਪਤਾ ਲੱਗੇ" ਦਾਦੀ ਮਾਂ ਨੇ ਜਿਵੇਂ ਦੁਰਸੀਸ ਦਿੱਤੀ ਸੀ।

"ਨਹੀਂ ਦਾਦੀ ਮਾਂ ਨਹੀਂ" ਮੈਂ ਆਖਿਆ ਸੀ। ਸ਼ਾਇਦ ਅਣਕੀਤੇ ਗੁਨਾਹਾਂ ਦਾ ਭਾਰ ਕੋਈ ਮੇਰੇ ਵਾਂਗ ਸਿਰ ਤੇ ਚੁੱਕ ਕੇ ਤੁਰੇ, ਮੈਨੂੰ ਚੰਗਾ ਨਹੀਂ ਸੀ ਲੱਗਿਆ।

ਪਰ ਮੇਰੇ ਚਾਹੁਣ ਨਾਲ ਕੀ ਹੁੰਦੈ। ਕਈ ਵਰ੍ਹਿਆਂ ਮਗਰੋਂ ਮੇਰੀ ਡਾਕਟਰ ਸਹੇਲੀ ਨੇ ਜਦੋਂ ਦੱਸਿਆ "ਉਨ੍ਹਾਂ ਦੀ ਕੁੜੀ ਦਾ ਘਰਵਾਲਾ ਪਤਾ ਨੀ ਕਿੱਧਰ ਚਲਿਆ ਗਿਆ। ਕਈ ਸਾਲ ਹੋਗੇ ਲਾਪਤਾ ਐ", ਤਾਂ ਆਪਣੀ ਮਰ ਚੁੱਕੀ ਦਾਦੀ ਮਾਂ ਨੂੰ ਉਲਾਂਭਾ ਦੇਣ ਨੂੰ ਮਨ ਕੀਤਾ ਕਿ ਤੇਰੀ ਦੁਰਸੀਸ ਲੱਗਗੀ ਦਾਦੀ ਮਾਂ। ਪਰ ਓਸ ਬਚਾਰੀ ਦਾ ਕੀ ਕਸੂਰ ਸੀ ? ਤੂੰ ਸੋਚ ਤਾਂ ਸਹੀ ਜੀਹਦਾ ਪਤੀ ਲਾਪਤਾ ਐ ਤੇ ਇਹ ਵੀ ਪਤਾ ਨਹੀਂ ਉਹ ਜੀਊਂਦਾ ਵੀ ਹੈ ਕਿ ਨਹੀਂ। ਮੇਰੀਆਂ ਅੱਖਾਂ ਭਰ ਆਈਆਂ ਤੇ ਦਾਦੀ ਮਾਂ ਨੂੰ ਆਖਣ ਨੂੰ ਜੀਅ ਕੀਤਾ, ਦਾਦੀ ਮਾਂ ਤੇਰੀ ਗੰਗਾਜਲ ਵਰਗੀ ਧੀ ਵਰਗੀਓ ਉਹ ਕਿਸੇ ਦੀ ਧੀਐ ਆਪਣੀ ਦੁਰਅਸੀਸ ਵਾਪਸ ਲੈ ਲੈ। ਪਰ ਦਾਦੀ ਮਾਂ ਤਾਂ ਹੁਣ ਇਸ ਦੁਨੀਆਂ ਤੇ ਨਹੀਂ ਸੀ।

ਬਹੁਤ ਸਾਲ ਲੰਘ ਜਾਣ ਮਗਰੋਂ ਫੁਫੜ ਜੀ ਦੀ ਵੀ ਮੌਤ ਤੋਂ ਮਗਰੋਂ ਵੱਡੇ ਬੇਜੀ ਟਾਈਫਾਈਡ ਨਾਲ ਬਿਮਾਰ ਪੈ ਗਏ। ਮਹੀਨੇ ਕੁ ਮਗਰੋਂ ਜ਼ਰਾ ਕੁ ਆਰਾਮ ਆਇਆ, ਪਰ ਫੇਰ ਟਾਈਫਾਈਡ ਮੁੜਕੇ ਹੋ ਗਿਆ। ਹੁਣ ਪੰਦਰਾਂ ਦਿਨਾਂ ਤੋਂ ਤਾਂ ਉਹ ਖਾਸੇ ਹੀ ਢਿੱਲੇ ਸਨ। ਅਸੀਂ ਜਹਾਨ ਭਰ ਦੇ ਡਾਕਟਰ ਵੈਦ ਢੋ ਮਾਰੇ। ਸਾਰਾ ਸਾਰਾ ਦਿਨ ਉਹਨਾਂ ਕੋਲ ਬੈਠੇ ਰਹਿੰਦੇ ਤੇ ਹੁਣ ਤਾਂ ਰਘਬੀਰ ਭਰਾ ਜੀ ਵੱਡੇ ਬੇਜੀ ਦਾ ਭਾਣਜਾ, ਤਾਇਆ ਜੀ ਕਿਰਪਾਲ, ਛੋਟੇ ਬੇਜੀ ਤੇ ਮੈਂ ਰਾਤ ਨੂੰ ਵੀ ਵਾਰੀ ਵਾਰੀ ਉਨ੍ਹਾਂ ਦੇ ਕੋਲ ਬੈਠਦੇ, ਮਤਾਂ ਰਾਤ ਨੂੰ ਕਿਧਰੇ ਔਖੇ ਨਾ ਹੋ ਜਾਣ, ਪਾਣੀ ਦੀ ਲੋੜ ਨਾ ਪੈ ਜਾਵੇ, ਦਵਾਈ ਟਾਈਮ ਨਾਲ ਦਿੱਤੀ ਜਾਵੇ। ਇਕ ਇਕ ਕਰਕੇ ਘਰ ਦੇ ਤੁਰੇ ਜਾ ਰਹੇ ਸਨ ਤੇ ਬੇਜੀ ਨੂੰ ਬਚਾਅ ਲੈਣ ਲਈ ਅਸੀਂ ਵੈਦਾਂ, ਡਾਕਟਰਾਂ, ਸਾਧੂ, ਸੰਤਾਂ, ਪੰਡਤਾਂ ਸਭ ਵੱਲ ਭੱਜੇ ਫਿਰ ਰਹੇ ਸਾਂ। ਛੋਟੇ ਬੇਜੀ ਸਾਰੀ ਸਾਰੀ ਰਾਤ ਪਾਠ ਕਰਦੇ ਰਹਿੰਦੇ। ਰੱਬ ਏਹਨਾਂ ਨੂੰ ਤੰਦਰੁਸਤੀ ਦੇਵੇ। ਫੁਫੜ ਜੀ ਤੋਂ ਮਗਰੋਂ ਉਹੀ ਇਕ ਦੂਜੀ ਦਾ ਸਹਾਰਾ ਸਨ। ਦਿਨ 'ਚ ਦੋ ਦੋ ਤਿੰਨ ਤਿੰਨ ਵਾਰੀ ਵੀ ਡਾਕਟਰ ਲਿਆਉਣਾ। ਪਰ ਉਹ ਖਿਵਦੇ ਜਾ ਰਹੇ ਸਨ।

ਇਹਨਾਂ ਹੀ ਦਿਨਾਂ ਵਿਚ ਇਕ ਦਿਨ ਆਥਣੇ ਜੇ ਵੱਡੇ ਬੇਜੀ ਨੇ ਸਾਰਿਆਂ ਨੂੰ ਆਪਣੇ ਕੋਲੋਂ ਉਠਾਲ ਦਿੱਤਾ ਕਿ ਜਾਓ ਮੈਨੂੰ ਇਕੱਲੀ ਨੂੰ ਰਹਿਣ ਦਿਓ। ਪਰ ਮੈਨੂੰ ਆਖਿਆ ਤੂੰ ਬੈਠ ਜਾ। ਮੈਂ ਬੈਠ ਗਈ। ਇਨ੍ਹੀਂ ਦਿਨੀਂ ਪਾਣੀ ਦਾ ਚਮਚਾ ਮੂੰਹ 'ਚ ਪਵਾਉਣਾ ਹੁੰਦਾ



Scanned by CamScanner

ਜਾਂ ਸਰਹਾਣਾ ਹੋਰ ਰਖਵਾਉਣਾ ਹੁੰਦਾ ਜਾਂ ਕੱਪੜਾ ਉਪਰ ਲੈਣਾ ਜਾਂ ਲਾਹੁਣਾ ਹੁੰਦਾ ਉਹ ਬਹੁਤਾ ਮੈਨੂੰ ਹੀ ਆਖਦੇ ਸਨ।

ਜਦੋਂ ਮੈਂ ਇਕੱਲੀ ਉਨ੍ਹਾਂ ਦੇ ਕੋਲ ਰਹਿ ਗਈ ਉਹ ਬੋਲੇ, "ਮੇਰੇ ਕੋਲ ਹੋ ਕੇ ਬਹਿ ਜਾ।"

"ਦੱਸੋ ?" ਮੈਂ ਉਨ੍ਹਾਂ ਦੇ ਅਕਸਰ ਠੰਢੇ ਰਹਿੰਦੇ ਪੈਰ ਘੁਟਦਿਆਂ ਪੁੱਛਿਆ।

"ਨਹੀਂ ਏਧਰ ਮੇਰੇ ਕੋਲ ਆਜਾ।"

ਮੈਂ ਉਨ੍ਹਾਂ ਦੇ ਸਾਹਮਣੇ ਕੁਰਸੀ ਤੇ ਆ ਬੈਠੀ।

ਇਕ ਪਲ ਉਹ ਮੇਰੀ ਵੱਲ ਝਾਕਦੇ ਰਹੇ ਫਿਰ ਅੱਖਾਂ ਭਰ ਕੇ ਬੋਲੇ, "ਹੁਣ ਨੀ ਮੇਰਾ ਮਰਨ ਨੂੰ ਜੀਅ ਕਰਦਾ। ਤੁਸੀਂ ਮੇਰੀ ਏਨੀ ਸੇਵਾ ਕੀਤੀਐ, ਮੈਨੂੰ ਨੀ ਸੀ ਪਤਾ ਥੋਡਾ ਮੇਰੇ ਨਾਲ ਏਨਾ ਪਿਆਰ ਐ। ਮੇਰੇ ਬਿਨਾਂ ਥੋਡਾ ਵੀ ਕੌਣ ਐ। ਗੁਰਦਿਆਲ ਦੀ ਬਹੂ ਹਰਬੰਸ ਆਈ, ਹੱਸ ਲੈ ਕੇ ਓਦੋਂ ਈ ਗੱਡੀ ਚੜ੍ਹਗੀ। ਚਲ ਮੈਂ ਤਾਂ ਆਪਣੇ ਬੋਲ ਪੁਗਾਉਣੇ ਸੀ। ਆਖਿਆ ਸੀ, ਹੱਸ ਤੇਰੀ ਧੀ ਦੇ ਵਿਆਹ 'ਚ ਦਊਂਗੀ। ਧੀ ਦੇ ਵਿਆਹ ਤਾਈਂ ਖਬਰਨੀ ਕਿਹੜੇ ਝਾੜ ਉਹਲੇ ਹੋਊਂਗੀ।"

"ਤੁਸੀਂ ਠੀਕ ਹੋ ਜਾਓਗੇ, ਅੱਗੇ ਨਾਲੋਂ ਤਾਂ ਆਰਾਮ ਐ, ਡਾਕਟਰ ਆਖਦਾ ਸੀ ਬਸ ਤਾਪ ਹਟਜੇ ਹੋਰ ਤਾਂ ਕਮਜ਼ੋਰੀਓ ਐ" ਮੈਂ ਆਖਿਆ।

"ਏਸ ਤਾਪ ਨੇ ਨੀ ਹੁਣ ਹਟਣਾ। ਮੇਰੀ ਸਾਰੀ ਦੇਹ ਟੁੱਟਦੀਐ ਜਿਮੇਂ ਗੁਰਜਾਂ ਪੈਂਦੀਆਂ ਹੋਣ। ਮਰਨ ਜੰਮਣ ਦਾ ਸੰਤਾਪ ਬੁਰਾ ਹੁੰਦੈ। ਆਪ ਦੇਖ ਲੈ ਸਾਧ ਬੰਦੇ ਸੀ, ਫੋਰਾ ਨੀ ਲੱਗਿਆ, ਜਿਵੇਂ ਤੁਰੇ ਜਾਂਦੇ ਰਾਹੀਆਂ ਨਾਲ ਰਲਗੇ। ਏਥੇ ਮੈਂ ਪਾਪਣ ਡੂਢ ਮਹੀਨਾ ਹੋ ਗਿਆ ਅੱਡੀਆਂ ਰਗੜਦੀਆਂ, ਜਾਨ ਕਿਹੜਾ ਨਿਕਲਦੀਐ।" ਵੱਡੇ ਬੇਜੀ ਬੋਲੇ।

"ਇਉਂ ਨਾ ਆਖੋ ਬੇਜੀ ਤੁਸੀਂ ਕਿਹੜਾ ਪਾਪ ਕੀਤੈ ਇਹ ਤਾਂ ਬਿਮਾਰੀਐ।"

"ਨਹੀਂ ਤੈਨੂੰ ਨੀ ਪਤਾ ਮੈਂ ਓਸ ਜੈ ਵੱਢਿਆਂ ਦੀ ਦੇ ਮਗਰ ਲੱਗਕੇ ਕੰਨਿਆਂ ਦੇਵੀ ਨਾਲ ਧਰੋਹ ਕਮਾਇਆ। ਹਰਬੰਸ ਤੇ ਮੈਂ ਈ ਗਈਆਂ ਸੀ ਓਹਨਾਂ ਦੇ ਘਰ ਬਈ ਰਿਸ਼ਤਾ ਨਾ ਲਿਓ ਕੁੜੀ.....

"ਜਾਣ ਦਿਓ ਬੇਜੀ ਪਿਛਲੀਆਂ ਗੱਲਾਂ" ਮੈਂ ਗੱਲ ਟੋਕਕੇ ਆਖਿਆ।

"ਜਾਣ ਕਿਮੇਂ ਦਿਆਂ ਮੇਰੀ ਜਾਨ ਤੇ ਜਿਹੜੀਆਂ ਬਣੀਆਂ ਨੇ ਓਦੋਂ ਤਾਈਂ ਮੇਰੀ ਜਾਨ ਨੀ ਨਿਕਲਣੀ ਜਦੋਂ ਤਾਈਂ....."

"ਬੇਜੀ ਪਾਠ ਸੁਣਾਵਾਂ ਮਨ ਨੂੰ ਸ਼ਾਂਤੀ ਆ ਜਾਊ, ਕਿਉਂ ਵਾਧੂ ਕਲਪਦੇਓ" ਮੈਂ ਫੇਰ ਗੱਲ ਟੋਕ ਕੇ ਆਖਿਆ।

"ਜੇ ਤੂੰ ਮੇਰੀ ਧੀ ਐਂ, ਐਉਂ ਕਰ, ਰੱਬ ਮੂਹਰੇ ਅਰਦਾਸ ਕਰ ਬਈ ਮੇਰਾ ਛੁਟਕਾਰਾ ਕਰ ਦੇਵੇ। ਆਖ ਬਈ ਤੈਂ ਮੈਨੂੰ ਮਾਫ਼ ਕਰਤਾ। ਤਾਂ ਹੀ ਮੇਰੀ ਜਾਨ ਸੁਖਾਲੀ ਨਿਕਲੂ।" ਉਨ੍ਹਾਂ ਤਰਲੇ ਵਾਂਗੂੰ ਆਖਿਆ।

"ਬੇਜੀ ਇਉਂ ਨਾ ਆਖੋ" ਮੈਂ ਰੋ ਕੇ ਕਿਹਾ।

"ਨਾ ਮੇਰੀ ਧੀ, ਰੱਬ ਮੂਹਰੇ ਅਰਦਾਸ ਕਰ, ਕਹਿਦੇ ਮੈਂ ਆਪਣੀ ਬੇਬੇ ਨੂੰ ਮਾਫ਼ ਕੀਤਾ।"

ਉਹਨਾਂ ਨੂੰ ਤਸੱਲੀ ਦੇਣ ਲਈ, ਉਹਨਾਂ ਦੇ ਸਾਹਮਣੇ, ਮੈਂ ਹੱਥ ਜੋੜ ਕੇ ਰੱਬ ਨੂੰ ਆਖਿਆ, "ਹੇ ਪਰਮਾਤਮਾ ਮੇਰੇ ਬੇਜੀ ਨੂੰ ਮੁਆਫ਼ ਕਰ ਦੇ।"



Scanned by CamScanner

"ਤ ਕਹਿ ਮੈਂ ਮਾਫ਼ ਕੀਤਾ।" ਉਹਨਾਂ ਵਿਚੋਂ ਹੀ ਟੋਕਿਆ।

"ਹੇ ਪਰਮਾਤਮਾ ਮੈਨੂੰ ਆਪਣੇ ਬੇਜੀ ਨਾਲ ਕੋਈ ਗਿਲਾ ਨਹੀਂ। ਇਹਨਾਂ ਨੂੰ ਤੂੰ ਮੁਆਫ਼ ਕਰਦੇ ਮੈਂ ਵੀ ਮੁਆਫ਼ ਕੀਤਾ ਇਹਨਾਂ ਦਾ ਦੁੱਖ ਹਟਜੇ" ਮੈਂ ਆਖਿਆ।

"ਮੇਰੇ ਮੂੰਹ 'ਚ ਪਾਣੀ ਦਾ ਚਮਚਾ ਪਾ ਦੇ।"

ਮੈਂ ਉੱਠ ਕੇ ਪਾਣੀ ਦਾ ਚਮਚਾ ਪਾ ਦਿੱਤਾ। ਬੇਜੀ ਨੂੰ ਹਟਕੋਰਾ ਜਿਹਾ ਆਇਆ ਤੇ ਬੇਸੁਰਤ ਹੋ ਗਏ। ਇਸ ਤੋਂ ਮਗਰੋਂ ਅੱਠ ਦਿਨ ਉਹਨਾਂ ਦੇ ਸਾਹ ਤਾਂ ਚੱਲਦੇ ਰਹੇ ਪਰ ਸੁਰਤ ਨਹੀਂ ਮੁੜੀ। ਬੇਸੁਰਤੀ ਵਿਚ ਹੀ ਮੂੰਹ ਖੋਲ੍ਹ ਕੇ ਅਸੀਂ ਪਾਣੀ ਪਾਉਂਦੇ ਬਈ ਮੂੰਹ ਨਾ ਸੁੱਕਜੇ। ਬੇਸੁਰਤੀ ਵਿਚ ਹੀ ਡਾਕਟਰ ਟੀਕੇ ਲਾਉਂਦਾ ਰਿਹਾ ਤੇ ਅੱਠਾਂ ਦਿਨਾਂ ਮਗਰੋਂ ਬੇਸੁਰਤੀ ਵਿਚ ਹੀ ਉਹ ਪੂਰੇ ਹੋ ਗਏ।

## 14

ਇਹਨਾਂ ਹੀ ਦਿਨਾਂ ਵਿਚ ਛੋਟੇ ਭੂਆ ਜੀ ਨੂੰ ਜਦੋਂ ਮੇਰੇ ਸੰਬੰਧੀ ਖਬਰ ਪਹੁੰਚੀ ਤੁਰਤ ਪਟਿਆਲੇ ਆਏ। ਸੌ ਸੌ ਗਾਲ੍ਹਾਂ ਅਗਲਿਆਂ ਨੂੰ ਕੱਢੀਆਂ। "ਮੂਰਖ ਥੋੜ੍ਹੇ ਦਿਨ ਦੇ ਰੱਜਿਆਂ ਨੂੰ ਇਹ ਨੀ ਪਤਾ ਬਈ ਸਾਡਾ ਕਿੱਡੇ ਘਰ ਨਾਲ ਮੱਥਾ ਲੱਗਣ ਲੱਗਿਐ। ਜਿੱਥੇ ਤੀਮੀਆਂ ਦੀ ਚੱਲੇ ਓਥੇ ਨੀ ਭੱਦਰਕਾਰੀ ਹੁੰਦੀ। ਤੀਮੀਆਂ ਤਾਂ ਚੰਗੇ ਭਲੇ ਬੰਦਿਆਂ ਦੀ ਮੱਤ ਮਾਰ ਦਿੰਦੀਆਂ ਨੇ। ਬਾਪੂ ਜੀ ਤਾਂ ਪਹਿਲਾਂ ਈ ਆਖਦੇ ਹੁੰਦੇ ਸੀ ਅਖੇ ਮਾਂ ਮੁੰਡੇ ਦੀ ਤੇਜ਼ ਐ। ਲੋਕਾਂ ਨੂੰ ਪਤਾ ਲੱਗੂ ਤਾਂ ਸੌ ਸੌ ਗੱਲਾਂ ਹੋਣਗੀਆਂ। ਅਖੇ ਏਹਨਾਂ ਦੀ ਧੀ ਤੇਲ ਧਰੇ ਛੱਡਤੀ। ਖਬਰਨੀ ਕੀ ਐਬ ਵੈਲ ਸੀ। ਆਪਣੀ ਕੁਲ 'ਚ ਏਹੋ ਜੀ ਗੱਲ ਪਹਿਲੀ ਵਾਰੀ ਵਾਪਰੀਐ, ਨਹੀਂ ਤਾਂ ਅਗਲਿਆਂ ਹੱਥ ਬੰਨ੍ਹ ਕੇ ਨਾਤੇ ਲਏ ਨੇ। ਥੋਨੂੰ ਪਸਿੰਦ ਖਬਰਨੀ ਕਿਮੇ ਆਗੇ ਸੀ, ਇੱਕ, ਮੁੰਡਾ ਈ ਮੁੰਡਾ ਐ ਹੋਰ ਨਾ ਕੋਈ ਭਾਰੀ ਜਾਏਦਾਦ, ਨਾ ਕੋਈ ਉੱਘਾ ਖਾਨਦਾਨ, ਨਾ ਮਾਲਦਾਰ ਏਨੇ ਬਾਪੂ ਜੀ ਖਬਰਨੀ ਕਾਹਦੇ ਤੇ ਰੀਝਗੇ ਸੀ। ਖਬਰੈ ਕੁੜੀ ਦੀ ਕਿਸਮਤ ਚੰਗੀਓਐ, ਬਈ ਏਹੋਜੇ ਜਮਾਂ ਤੋਂ ਛੇਤੀ ਖਹਿੜਾ ਛੁੱਟ ਗਿਆ, ਨਹੀਂ ਖਬਰੈ ਕੇਹੜੀ ਨੌਬਤ ਨੂੰ ਪੁਜਾਉਂਦੇ। ਚੱਲ ਜੈ ਨੂੰ ਖਾਣ ਹੋਰ ਮੁੰਡਿਆਂ ਦਾ ਕਾਲ ਨੀ ਪੈ ਗਿਆ। ਮੈਂ ਤਾਂ ਪਹਿਲਾਂ ਈ ਆਖ ਰਹੀ ਬਈ ਸਾਡੀ ਬੀਬੀ ਦਾ ਮੁੰਡਾ ਐ, ਜਾਣੀ ਕਿਸੇ ਰਾਜੇ ਦਾ ਕੌਰ ਐ। ਫੇਰ ਮਾਰ ਕੇ ਲਾਈ ਨੀ ਲਗਦੀ। ਮੇਰੇ ਸਹੁਰੇ ਨੂੰ ਜਾਣਦੇਈਓ ਓਹਨਾਂ ਵੇਲਿਆਂ 'ਚ ਡਾਕਟਰ ਸੀ ਜਦੋਂ ਡਾਕਟਰ ਹੁੰਦੇ ਈ ਅੰਗਰੇਜ਼ ਸੀ। ਉਹਦੇ ਕੋਲ ਦੀ ਕਾਰ ਨੀ ਸੀ ਤੇ ਉਸ ਦੇ ਪਸਤੌਲ ਨਾਲ ਦੇ ਸਾਰੇ ਮੁਲਕ 'ਚ ਸਿਰਫ਼ ਚਾਰ ਪਸਤੌਲ ਸਨ ਤੇ ਓਸ ਨੂੰ ਰੱਖਣ ਦੀ ਗਵਰਨਰ ਤੋਂ ਇਜਾਜ਼ਤ ਲੈਣੀ ਪੈਂਦੀ ਸੀ। ਏਹੋ ਜੇ ਬੰਦੇ ਨੇ ਜਿਸ ਘਰ ਧੀ ਦਿੱਤੀ ਹੋਊ ਮਾੜਾ ਧੀੜਾ ਘਰ ਤਾਂ ਨੀ ਹੋਣ ਲੱਗਿਆ। ਬਾਕੀ ਹਜ਼ਾਰ ਵਿਘੇ ਝੋਟੇ ਦੇ ਸਿਰ ਅਰਗੀ ਜ਼ਮੀਨ ਐ, ਘਰ ਦੀਆਂ ਬੱਸਾਂ ਚੱਲਦੀਆਂ ਨੇ ਤੇ ਓਹਨਾਂ ਨੇ ਆਪਣੀ ਕੁੜੀ, ਤੁਸੀਂ ਜਾਣਦੇਈਓ ਮਹਿੰਦਰ ਸਿਉਂ ਧਮਾਲ ਆਲੇ ਨੂੰ ਵਿਆਹੀ ਸੀ ਜਿਹੜਾ ਹਰ ਸਾਲ ਗਰਮੀਆਂ 'ਚ ਵਲੈਤ ਜਾਂਦਾ ਸੀ। ਮੈਂ ਤਾਂ ਆਖਦੀਆਂ ਜੇ ਉਹ ਰਿਸ਼ਤੇ ਨੂੰ ਮੰਨ ਜਾਣ ਹੋਰ ਤੁਸੀਂ ਕੀ ਰੱਬ ਭਾਲਦੇਓ। ਬਾਕੀ ਸੱਸ ਨੀ, ਨਨਾਣ ਨੀ, ਲੜਕੀ ਖੁਦਮੁਖਤਿਆਰ ਹੋਊ। ਜਾਣੇ ਭਾਲੇ ਲੋਕ ਨੇ ਕੋਈ ਅਨੋਖੜ ਨੀ ਬਈ ਦੁੱਖ ਤਕਲੀਫ਼ ਦੇਣਗੇ" ਭੂਆ ਜੀ ਇਕ ਸਾਹ ਮੁੜ ਉਹੀ ਗੱਲਾਂ ਦੁਹਰਾਈ ਜਾ ਰਹੇ ਸਨ।



Scanned by CamScanner

ਫੁਫੜ ਜੀ ਨੇ ਕੋਈ ਜਵਾਬ ਨਹੀਂ ਦਿੱਤਾ। ਬੇਜੀ ਨੇ ਕੋਈ ਜਵਾਬ ਨਹੀਂ ਦਿੱਤਾ।

"ਮੈਂ ਕਿਹਾ ਬੇਬੇ ਏਦੂੰ ਬੜਾ ਘਰ ਹੋਰ ਕੀ ਟੋਲ ਲਓਗੇ ? ਨਾਲੇ ਪਿਓ ਤਾਂ ਇਹਦਾ ਸ਼ਰਾਬੀਐ, ਕਿਸੇ ਨੇ ਬਹੁਤ ਬੜੇ ਨੇ ਊਂ ਨੀ ਹੱਥ ਕੱਢਣਾ। ਨਾਲੇ ਮਗਰ ਹੋਰ ਬਥੇਰੀਆਂ ਬੈਠੀਆਂ ਨੇ ਇਕ ਦਾ ਤਾਂ ਨੀ ਕਰਨਾ। ਮੇਰੀ ਮੰਨੋ ਥਉਂ ਹੱਥੋਂ ਨਾ ਜਾਣ ਦਿਓ। ਤੂੰ ਏਥੇ ਬੈਠੀ ਕੀ ਕਰਦੀ ਐਂ। ਤੂੰ ਅੰਦਰ ਜਾ ਕੇ ਕੰਮ ਕਰ ਨਿਆਣੇ ਨੀ ਏਹੋ ਜੀਆਂ ਗੱਲਾਂ ਸੁਣਦੇ ਹੁੰਦੇ" ਭੂਆ ਜੀ ਬੇਜੀ ਹੋਰਾਂ ਨਾਲ ਗੱਲਾਂ ਕਰਦੇ ਮੇਰੀ ਵੱਲ ਝਾਕ ਕੇ ਬੋਲੇ।

"ਨਹੀਂ ਮੇਰਾ ਬੇਟਾ ਤਾਂ ਬਹੁਤ ਸਮਝਦਾਰ ਐ। ਅਸੀਂ ਇਸ ਤੋਂ ਲੁਕਾ ਕੇ ਕੋਈ ਗੱਲ ਨੀ ਕਰਨੀ ਜਿਵੇਂ ਇਹ ਕਹੂਗਾ ਓਮੇਂ ਕਰਾਂਗੇ" ਫੁੱਫੜ ਜੀ ਨੇ ਮੇਰੀ ਥਾਂ ਜਵਾਬ ਦਿੱਤਾ।

"ਫੇਰ ਦੱਸੋ ਮੈਂ ਤਾਂ ਅੱਜ ਪੱਕੀ ਹਾਂ ਨੂੰ ਲੈਣ ਆਈਆਂ। ਓਹਨਾਂ ਨੂੰ ਕਿਹੜਾ ਨਾਤਿਆਂ ਦਾ ਘਾਟਾ ਐ, ਵੀਹ ਨਾਤਿਆਂ ਆਲੇ ਅੱਗੇ-ਪਿਛੇ ਫਿਰਦੇ ਨੇ। ਮੈਂ ਤਾਂ ਕਹਿਨੀਆਂ ਕੁੜੀ ਰਾਜ ਕਰੂਗੀ" ਭੂਆ ਜੀ ਨੇ ਜ਼ੋਰ ਪਾ ਕੇ ਆਖਿਆ।

"ਕਰਲਾਂਗੇ ਸਲਾਹ" ਬੇਜੀ ਨੇ ਜਿਵੇਂ ਉਹਨਾਂ ਨੂੰ ਟਾਲਣ ਲਈ ਆਖਿਆ।

"ਕਰ ਲਿਓ ਸਲਾਹ, ਪਰ ਸਲਾਹ ਕਾਹਦੀ ਕਰਨੀ ਐ ਤੁਸੀਂ ਗੱਲ ਪੱਕੀ ਕਰਨ ਦੀ ਕਰੋ। ਮੈਂ ਦੋ ਚਾਰ ਦਿਨਾਂ ਤਾਈਂ ਦੀਪ ਦੇ ਫੁੱਫੜ ਜੀ ਨੂੰ ਭੇਜੂੰ, ਤੁਸੀਂ ਦੱਸ ਦਿਓ। ਬਾਕੀ ਦੀਪ ਦੇ ਫੁੱਫੜ ਜੀ ਖਰੇਜੇ ਬੰਦੇ ਨੇ ਸਾਫ਼ ਗੱਲ ਕਰਿਓ। ਹਾਂ, ਏਸ ਗੱਲ ਦੀ ਸਾਡੀ ਜ਼ਿੰਮੇਵਾਰੀ ਰਹੀ ਬਈ ਨਾ ਅਗਲਿਆਂ ਨੇ ਕੁਸ਼ ਮੰਗਣਾ ਮੰਗੌਣਾਐ, ਨਾ ਕਾਰਮ ਕਾਰਮਣੀਐ, ਨਾ ਦਿੱਤਾ ਉਘੱਟਣਾਐ। ਇਹ ਸਾਡੀ ਜ਼ਿੰਮੇਵਾਰੀ ਰਹੀ ਜਿਹੜਾ ਕੁਸ਼ ਦੇਣਾ ਲੈਣਾ ਐ ਬੇਸ਼ੱਕ ਆਪਣੀ ਕੁੜੀ ਦੇ ਨਾਂ ਕਰਵਾ ਦਿਓ।" ਭੂਆ ਜੀ ਹਰ ਪਾਸਿਓਂ ਵਲ ਕੇ ਹਾਂ ਕਰਵਾਉਣੀ ਚਾਹੁੰਦੇ ਸੀ।

"ਅੰਮਾ ਜੀ ਨਾਲ ਸਲਾਹ ਕਰਕੇ ਤੁਹਾਨੂੰ ਦੱਸ ਦਿਆਂਗੇ" ਫੁੱਫੜ ਜੀ ਨੇ ਗੱਲ ਮੁਕਾਈ।

ਇਹਨਾਂ ਦਿਨਾਂ ਵਿਚ ਇਕ ਦਿਨ ਬਾਪੂ ਜੀ ਪਿੰਡੋਂ ਆਏ ਤੇ ਸਿੱਧੇ ਮੇਰੇ ਸਕੂਲ ਚਲੇ ਗਏ। ਮਿਸ ਸੇਨ ਭੈਣ ਜੀ ਨੂੰ ਅਰਜ਼ੀ ਲਿਖ ਕੇ ਦੇ ਦਿੱਤੀ ਕਿ ਮੇਰੀ ਧੀ ਦਾ ਸਰਟੀਫਿਕੇਟ ਕੱਟ ਦਿਓ ਮੈਂ ਨਹੀਂ ਅੱਗੋਂ ਪੜ੍ਹਾਣੀ। ਮਿਸ ਸੇਨ ਭੈਣ ਜੀ ਨੇ ਮੈਨੂੰ ਬੁਲਾ ਕੇ ਪੁੱਛਿਆ।

"ਬੇਜੀ ਨੂੰ ਬੁਲਾ ਕੇ ਪੁੱਛ ਲਓ" ਮੈਂ ਕਿਹਾ।

ਬਾਪੂ ਜੀ ਨੂੰ ਗੁੱਸਾ ਚੜ੍ਹ ਗਿਆ। ਬੋਲੇ "ਇਹ ਮੇਰੀ ਧੀਐ, ਮੈਂ ਆਖਦਾਂ ਇਹਦਾ ਸਰਟੀਫਿਕੇਟ ਕੱਟ ਦਿਓ।"

ਸਰਟੀਫਿਕੇਟ ਕਟਾ ਕੇ ਉਹਨਾਂ ਬਜ਼ਾਰੋਂ ਟਾਂਗਾ ਮੰਗਵਾਇਆ ਤੇ ਪਹਿਲੀ ਵਾਰੀ ਬਿਨਾਂ ਪਰਦੇ ਤੋਂ ਟਾਂਗੇ ਵਿਚ ਬੈਠਣਾ ਮੈਨੂੰ ਅਜੀਬ ਲੱਗ ਰਿਹਾ ਸੀ।

"ਪੜ੍ਹਾ ਕੇ ਕੀ ਮੈਂ ਮਜਿਸਟਰੇਟ ਬਣਾਉਣੀ ਐ। ਗਜ਼ਬ ਸਾਈਂ ਦਾ, ਮੇਰੀ ਧੀਐ, ਮੈਥੋਂ ਕੁਛ ਪੁੱਛਦੇਈ ਨੀ। ਮੈਂ ਤਾਂ ਆਪਣੇ ਕੋਲ ਪਿੰਡ ਰੱਖੂੰਗਾ।" ਉਹ ਆਖ ਰਹੇ ਸਨ।

ਜਮਾਤ ਨੂੰ ਪਤਾ ਲੱਗਣ ਤੇ ਜਿਵੇਂ ਸੰਨਾਟਾ ਛਾ ਗਿਆ। ਜਿਵੇਂ ਮੈਂ ਮਰ ਗਈ ਹੁੰਨੀਆਂ।

ਮਿਸ ਸੇਨ ਭੈਣ ਜੀ ਆਪ ਗੇਟ ਤੱਕ ਛੱਡਣ ਆਏ ਤੇ ਨਾਲ ਹੀ ਬਾਪੂ ਜੀ ਨੂੰ



Scanned by CamScanner

ਆਖਿਆ "ਅਗਰ ਆਪ ਕਾ ਇਰਾਦਾ ਬਦਲ ਜਾਏ ਤੋਂ ਬਹੁਤ ਦਿਨ ਗ਼ੈਰ ਹਾਜ਼ਰ ਨਹੀਂ ਰਖਨਾ। ਪੜ੍ਹਾਈ ਮੇ ਯੇ ਅੱਛੀ ਹੈ। ਵੈਸੇ ਭੀ ਅੱਛੀ ਲੜਕੀ ਹੈ।"

"ਨਹੀਂ ਮੈਂ ਆਪਣੀ ਕੋਈ ਵੀ ਧੀ ਨਹੀਂ ਪੜ੍ਹਾਉਣੀ। ਪੜ੍ਹਾਈ ਪੜ੍ਹਾਈ ਕਰਕੇ ਮੇਰੇ ਕੋਲੋਂ ਮੇਰੀਆਂ ਧੀਆਂ ਵੀ ਖੋਹ ਲਈਆਂ ਨੇ।"

ਘਰ ਪਹੁੰਚ ਕੇ ਬਾਪੂ ਜੀ ਨੇ ਮੈਨੂੰ ਆਪਣੇ ਕੱਪੜੇ ਅਟੈਚੀਕੇਸ ਵਿਚ ਪਾ ਲੈਣ ਲਈ ਆਖਿਆ। ਬੇਜੀ ਨੇ ਫੁੱਫੜ ਜੀ ਨੂੰ ਜੇਲ੍ਹ ਤੇ ਟੈਲੀਫੋਨ ਕੀਤਾ। ਫੁੱਫੜ ਜੀ ਓਦੋਂ ਜੇਲ੍ਹਾਂ ਦੇ ਜਰਨੈਲ ਸਨ।

"ਇਹ ਤਾਂ ਹੁਣ ਸਾਡੀ ਧੀਐ ਤੂੰ ਕਿਮੇਂ ਲੈ ਕੇ ਜਾਏਂਗਾ?" ਬੇਜੀ ਨੇ ਹੱਸ ਕੇ ਕਿਹਾ।

"ਮੈਂ ਕੋਈ ਮਾੜਾ ਮੰਗਤਾਂ, ਮੇਰੇ ਘਰ ਰੋਟੀ ਨੀ, ਬਈ ਮੈਂ ਆਪਣੀ ਧੀ ਥੋਨੂੰ ਦੇ ਦਿਆਂ।"

"ਚੰਗਾ ਦੀਪ ਨੂੰ ਤਾਂ ਪੁੱਛ ਲੈ ਇਹਨੇ ਜਾਣੈ ਕਿ ਰਹਿਣੈ" ਬੇਜੀ ਨੇ ਆਖਿਆ।

"ਬੱਚਿਆਂ ਦਾ ਕੀ ਹੁੰਦੈ ਇਹਨੂੰ ਨਾਲੇ ਕੀ ਪਤੈ। ਪੜ੍ਹਾਈ ਦਾ ਬਹਾਨਾ ਕਰਕੇ ਤੁਸੀਂ ਲੈ ਆਏ ਸੀ, ਮੈਂ ਆਖਦਾਂ, ਮੈਂ ਨਹੀਂ ਪੜ੍ਹਾਉਣੀ। ਗੱਲ ਮੁੱਕੀ।"

ਇੰਨੇ ਨੂੰ ਫੁੱਫੜ ਜੀ ਵੀ ਆ ਗਏ।

"ਕੀ ਗੱਲ ਸਰਦਾਰ ਜੀ? ਥੋਨੂੰ ਬੇਬੇ ਨੇ ਸੱਦਿਆ ਬਈ ਮੈਂ ਦੀਪ ਨੂੰ ਲੈ ਕੇ ਜਾਣੈ? ਮੇਰੀ ਧੀਐ ਮੈਂ ਲੈ ਕੇ ਕਿਉਂ ਨਾ ਜਾਵਾਂ?"

"ਬੇਗਾਨੇ ਧੀਆਂ ਪੁੱਤਾਂ ਦਾ ਏਹੀ ਹੁੰਦੈ ਬਈ ਜਦੋਂ ਅਗਲੇ ਦਾ ਜੀ ਕਰੇ ਲੈ ਜੇ।" ਵੱਡੇ ਬੇਜੀ ਨੇ ਸਭ ਨੂੰ ਸੁਣਾ ਕੇ ਗੱਲ ਆਖੀ।

"ਸਾਡੇ ਕੋਈ ਆਪਣਾ ਹੁੰਦਾ ਅਸੀਂ ਕਾਹਨੂੰ ਬਗਾਨੀਆਂ ਲਾਲਾਂ ਚੱਟਦੇ। ਸਰਦਾਰ ਸਾਹਿਬ ਨੇ ਤਾਂ ਦੂਜਾ ਖੂਹ ਵੀ ਪੱਟਿਆ ਬਈ ਏਸੇ ਦੇ ਰੱਬ ਭੁੱਲਜੂ। ਏਦੂੰ ਤਾਂ ਜਤੀਮਖਾਨਿਓਂ ਲਿਆਉਂਦੇ ਕਿਸੇ ਦਾ ਜੁਆਕ, ਅਗਲਾ ਇਉਂ ਤਾਂ ਨਾ ਖੋਹ ਕੇ ਲੈ ਜਾਂਦਾ" ਛੋਟੇ ਬੇਜੀ ਰੋਂਦੇ ਆਖੀ ਜਾ ਰਹੇ ਸਨ।

"ਚੰਗਾ ਸਰਦਾਰ ਕਾਕਾ ਸਿੰਘ ਜੀ ਸਾਡਾ ਕਿਹੜਾ ਜ਼ੋਰ ਐ ਤੇਰੀ ਧੀਐ ਲੈ ਜਾਓ। ਪਰ ਜੇ ਆਖੋ ਮੈਂ ਤੁਹਾਡੀ ਮਿੰਨਤ ਕਰ ਦਿੰਨਾਂ, ਦੇਖ ਇਹਦੀ ਬੇਬੇ ਰੋ ਰਹੀ ਐ" ਫੁੱਫੜ ਜੀ ਨੇ ਜਦੋਂ ਆਖਿਆ ਬਾਪੂ ਜੀ ਉੱਠ ਕੇ ਬਾਹਰ ਨੂੰ ਚਲੇ ਗਏ ਤੇ ਉਧਰੋਂ ਹੀ ਪਿੰਡ ਨੂੰ ਚਲੇ ਗਏ।

ਅਗਲੇ ਦਿਨ ਜਾ ਕੇ ਬੇਜੀ ਮੈਨੂੰ ਫੇਰ ਸਕੂਲ ਦਾਖਲ ਕਰਵਾ ਆਏ।

ਕੁਝ ਦਿਨਾਂ ਮਗਰੋਂ ਪਿੰਡੋਂ ਦਾਦੀ ਮਾਂ ਆਈ। ਦੱਸਿਆ ਬਾਪੂ ਜੀ ਅੱਗੇ ਨਾਲੋਂ ਵੀ ਬਹੁਤੀ ਸ਼ਰਾਬ ਪੀਣ ਲੱਗ ਪਏ ਨੇ। ਕਈ ਵਾਰੀ ਗਿਆਨ ਦਾਸ ਦੇ ਡੇਰੇ ਜਾ ਕੇ ਪਏ ਰਹਿੰਦੇ ਨੇ। ਕਸਰਤ ਕਰਨੀ ਛੱਡਤੀ। ਦੇਸੀ ਘਿਓ ਦਾ ਪੀਪਾ ਸਾਰਾ ਚੁੱਕ ਕੇ ਘੋੜੀ ਨੂੰ ਚਾਰਤਾ। "ਆਪ ਜਮਾਂ ਪੀਲਾ ਹੋਇਆ ਪਿਐ। ਬੱਸ ਪੀਕੇ ਚੁਬਾਰੇ 'ਚ ਪਿਆ ਰਹਿੰਦੈ। ਕਦੇ ਰੋਟੀ ਦਾ ਭੋਰਾ ਖਾ ਲਿਆ ਕਦੇ ਨਾ। ਚੰਦਕੁਰ ਨੂੰ ਇਕ ਦਿਨ ਪੀ ਕੇ ਧੌਲ ਧੱਫਾ ਕਰਨ ਲੱਗਿਆ ਸੀ ਮੈਂ ਤਾਂ ਪੇਕੀਂ ਤੋਰਤੀ ਬਈ ਜੇ ਏਸਦਾ ਏਸ ਪਾਸੇ ਹੱਥ ਖੁੱਲ੍ਹ ਗਿਆ ਫੇਰ ਇਹ ਕੀਹਦੇ ਡੱਕਣ ਦਾਐ। ਇਹ ਘਰ ਨੀ ਹੁਣ ਤੁਰਦਾ ਦੀਂਹਦਾ। ਮੈਂ ਤਾਂ ਬਥੇਰੀਆਂ ਸੁੱਖਣਾ ਸੁੱਖੀਆਂ ਨੇ ਬਾਬੇ



Scanned by CamScanner

ਸ਼ਹੀਦਾਂ ਦੀਆਂ, ਨੈਣਾਂ ਦੇਵੀ ਦੀਆਂ, ਬਾਬੇ ਮਾੜੂਦਾਸ ਦੀਆਂ, ਕੋਟਲੇ ਆਲੇ ਪੀਰ ਦੀਆਂ ਬਈ ਇਹ ਕਿਮੇਂ ਸ਼ਰਾਬ ਛੱਡ ਜੇ। ਖਬਰਨੀ ਕਿਹੜੇ ਪੁੱਤ ਖਾਣੇ ਦੇ ਨੇ ਇਹ ਚੰਦਰੀ ਘਰ-ਖੋਣੀ ਬਣਾ ਤੀ। ਬਾਕੀ ਬਲਦੇਵਕੁਰ ਗਈ ਸੀ ਆਖਦੀ ਸੀ ਦੀਪ ਦਾ ਰਿਸ਼ਤਾ ਉਸਦੀ ਨਣਦ ਦੇ ਮੁੰਡੇ ਨੂੰ ਕਰ ਦਿਓ। ਦੇਖਲੋ। ਜੇ ਘਰ ਬਾਰ ਚੰਗਾ ਐ। ਉਹ ਤਾਂ ਇਹ ਵੀ ਆਖਦੀ ਸੀ, ਇਹ ਨਾ ਹੋਵੇ, ਇਹਦਾ ਪਿਓ ਕਿਤੇ ਆਪਣੀ ਮਰਜ਼ੀ ਨਾਲ ਸਾਕ ਕਰਦੇ। ਪੀਤੀ 'ਚ ਕੀ ਪਤਾ ਲੱਗਣੈ। ਹੋਰ ਜੇ ਕਿਤੇ ਹਾਂ ਕਰ ਆਇਆ ਫੇਰ ਕੀ ਕਰਾਂਗੇ। ਰੱਬ ਦੇ ਘਰ ਵੀ ਨਿਆਂ ਨੀ, ਬਾਪ ਏਹੋਜਾਐ ਗਹਾਂ ਧੀਆਂ ਦਾ ਲਾਰਾ ਦੇਤਾ। ਮੇਰੀ ਬੈਠੀ ਬੈਠੀ ਵੱਡੀਆਂ ਦੋਂਹ ਦੇ ਤਾਂ ਜ਼ਰੂਰਈ ਹੱਥ ਪੀਲੇ ਕਰ ਦਿਓ। ਇਹਨਾਂ ਦਾ ਦਾਦਾ ਮਰ ਗਿਆ ਤਰਲੇ ਲੈਂਦਾ, ਬਈ ਏਹਨਾਂ ਦਾ ਕੁਸ਼ ਕਰਜਾਂ। ਸ਼ਰਾਬ ਪੀਣ ਵਾਲਿਆਂ ਦਾ ਕਾਹਦਾ ਭਰੋਸਾ, ਹੋਰ ਕਿਸੇ ਆਪਣੇ ਵਰਗੇ ਦੇ ਪੁੱਤ ਨੂੰ ਕਰਦੂ, ਫੇਰ ਬੈਠੇ ਝਾਕਾਂਗੇ" ਦਾਦੀ ਮਾਂ ਬਹੁਤ ਉਦਾਸ ਹੋ ਕੇ ਆਖ ਰਹੀ ਸੀ।

ਅਜੇ ਬਹੁਤੇ ਦਿਨ ਨਹੀਂ ਸੀ ਗੁਜ਼ਰੇ ਜਦੋਂ ਭੂਆ ਜੀ ਦੀ ਨਨਾਣ ਦਾ ਛੋਟਾ ਮੁੰਡਾ ਤੇ ਉਸ ਦੀ ਭੂਆ ਆ ਪਹੁੰਚੇ। ਬਹਾਨਾ ਇਹ ਬਣਾਇਆ ਕਿ ਇਸ ਛੋਟੇ ਲਈ ਪਟਿਆਲੇ ਕਿਸੇ ਪੁਲਿਸ ਦੇ ਸੁਪਰਡੰਟ ਦੀ ਕੁੜੀ ਦੇਖਣ ਆਏ ਸੀ।

"ਆਗੀ ਪਸੰਦ ਕੁੜੀ ?" ਬੇਜੀ ਨੇ ਪੁੱਛਿਆ।

"ਸੁਹਣੀ ਤਾਂ ਬਥੇਰੀ ਐ ਪਰ ਤੇਜ਼ ਲੱਗਦੀਐ। ਮੈਨੂੰ ਤਾਂ ਪਸੰਦ ਨੀ। ਸਾਨੂੰ ਤਾਂ ਸਾਊ ਜੀ ਕੁੜੀ ਚਾਹੀਦੀਐ" ਉਹਦੀ ਭੂਆ ਜੀ ਨੇ ਦੱਸਿਆ।

"ਵੱਡਾ ਮੰਗ ਲਿਆ ਕਿਤੇ ?" ਬੇਜੀ ਨੇ ਪੁੱਛਿਆ।

"ਵੱਡਾ ਤਾਂ ਸਾਡਾ ਭਗਤ ਐ ਉਹ ਤਾਂ ਜਿੱਥੇ ਆਖਾਂਗੇ ਮੰਨਜੂ। ਉਹ ਤਾਂ ਬਹੁਤ ਸਾਊਐ, ਪਸਿੰਦ ਤਾਂ ਏਸੇ ਦੇ ਨੀ ਕੋਈ ਆਉਂਦੀ। ਓਸ ਖਾਤਿਰ ਤਾਂ ਸੋਚਦੇਆਂ ਰਿਸ਼ਤੇਦਾਰੀ ਵਿਚੋਂ ਈ ਕੋਈ ਕੁੜੀ ਦੇਖੀਏ, ਜੋ ਦੇਖੀ ਭਾਲੀ ਹੋਵੇ। ਹੋਰ ਏਹੋ ਜੀ ਨਾ ਕੋਈ ਆਜੇ ਜਿਹੜੀ ਉਹਨੂੰ ਹੱਥਾਂ ਤੇ ਨਚਾਏ।" ਉਸ ਦੀ ਭੂਆ ਜੀ ਦੱਸ ਰਹੇ ਸਨ ਤੇ ਨਾਲ ਹੀ ਟੇਢੀ ਅੱਖ ਨਾਲ ਮੇਰੇ ਵੱਲ ਝਾਕ ਲੈਂਦੇ ਸਨ।

ਇਕ ਅਜੀਬ ਕਿਸਮ ਦਾ ਭੈਅ ਜਿਵੇਂ ਮੇਰੇ ਹੱਡਾਂ 'ਚ ਲਹਿ ਗਿਆ। ਮੈਂ ਉਠ ਕੇ ਆਪਣੇ ਕਮਰੇ ਵਿਚ ਚਲੀ ਗਈ।

ਅਗਲੇ ਦਿਨ ਜਾਣ ਵੇਲੇ ਉਹ ਔਰਤ ਮੇਰੇ ਕਮਰੇ ਵਿਚ ਆਈ। ਸਿਰ ਤੇ ਪਿਆਰ ਦਿੱਤਾ। ਜਾਣ ਲੱਗੀ ਰੁਪਏ ਦੇਣ ਲੱਗੀ।

"ਨਹੀਂ...." ਆਖ ਮੈਂ ਸਿਰ ਫੇਰ ਕੇ ਰੁਪਏ ਲੈਣ ਤੋਂ ਨਾਂਹ ਕਰ ਦਿੱਤੀ।

"ਲੈ ਲੈ ਕੋਈ ਨਾ ਭੂਆ ਜੀ ਨੇ" ਬੇਜੀ ਨੇ ਆਖਿਆ।

ਜਦੋਂ ਫੇਰ ਵੀ ਰੁਪਏ ਮੈਂ ਨਾ ਫੜੇ ਉਸ ਨੇ ਮੇਰੇ ਸਿਰਹਾਣੇ ਹੇਠ ਰੱਖ ਦਿੱਤੇ ਤੇ ਸਿਰ ਪਲੋਸ ਕੇ ਚਲੀ ਗਈ।

ਉਂਜ ਤਾਂ ਜਿਹੜੇ ਵੀ ਰਿਸ਼ਤੇਦਾਰ ਆਉਂਦੇ ਸਨ ਜਾਣ ਲੱਗਿਆਂ ਰੁਪਏ ਦੇ ਕੇ ਜਾਂਦੇ ਸਨ ਪਰ ਇਸ ਔਰਤ ਦਾ ਰੁਪਏ ਦੇਣਾ ਮੈਨੂੰ ਚੰਗਾ ਨਹੀਂ ਸੀ ਲੱਗਿਆ ਤੇ ਕਿੰਨੇ ਦਿਨ ਜਦੋਂ ਤੱਕ ਬੇਜੀ ਨੇ ਉਥੋਂ ਨਾ ਚੁੱਕੇ, ਉਹ ਰੁਪਏ ਸਿਰਹਾਣੇ ਹੇਠ ਹੀ ਪਏ ਸਨ।

ਇਕ ਦਿਨ ਜਮਾਤ ਵਿਚ ਗੁਰਬਖਸ਼ ਭੈਣ ਜੀ ਨੇ ਆਖਿਆ, "ਕੱਲ੍ਹ ਨੂੰ ਸਾਰੀਆਂ



Scanned by CamScanner

ਕੁੜੀਆਂ ਲਿਖ ਕੇ ਲਿਆਇਓ ਕਵਿਤਾ ਜਾਂ ਕਹਾਣੀ। ਕਿਤੋਂ ਪੜ੍ਹਕੇ ਨੀ ਆਪਣੇ ਕੋਲੋਂ ਬਣਾ ਕੇ"

ਬਹੁਤ ਰਾਤ ਗਈ ਤੱਕ ਮੈਂ ਸੋਚਦੀ ਰਹੀ ਕਵਿਤਾ ਲਿਖਾਂ। ਲਿਖਿਆ:–

ਸੂਰਜਾਂ ਦੀ ਜਿੰਦ ਮੇਰੀ, ਬੱਦਲਾਂ ਦੀ ਜਿੰਦ ਮੇਰੀ, ਪੌਣਾਂ ਦੀ ਜਿੰਦ ਮੇਰੀ, ਪੰਛੀਆਂ ਦੀ ਜਿੰਦ ਮੇਰੀ।

ਪਰ ਇਹ ਕਵਿਤਾ ਨਹੀਂ ਸੀ। ਮੈਂ ਲਿਖ ਕੇ ਲਾਈਨਾਂ ਕੱਟ ਦਿੱਤੀਆਂ।

ਕਹਾਣੀ ਲਿਖਣ ਲੱਗੀ ਇਕ ਨਿੱਕੀ ਜਿਹੀ ਕੁੜੀ ਜੰਗਲ ਵਿਚ ਗੁਆਚ ਗਈ ਸੀ। ਫੇਰ ਕੀ ਹੋਇਆ ਅੱਗੋਂ ਪਤਾ ਨਹੀਂ ਸੀ। ਕਹਾਣੀ ਵੀ ਨਾ ਬਣੀ।

ਅਗਲੇ ਦਿਨ ਸ਼ਵਿੰਦਰਜੀਤ ਨੇ ਕਵਿਤਾ ਸੁਣਾਈ ਤੇ ਮੈਂ ਹੈਰਾਨ ਹੋਈ ਉਹਦੇ ਮੂੰਹ ਵੱਲ ਤੱਕਦੀ ਰਹੀ। ਸ਼ਵਿੰਦਰਜੀਤ ਦੀਆਂ ਅਣਛਪੀਆਂ ਕਵਿਤਾਵਾਂ ਦਾ ਖਰੜਾ ਪਿਛਲੇ ਸਾਲ ਅਵਤਾਰ ਨੇ ਮੈਨੂੰ ਵਿਖਾਇਆ ਸੀ। ਸ਼ਵਿੰਦਰਜੀਤ ਹੁਣ ਦੁਨੀਆਂ ਤੇ ਨਹੀਂ ਰਹੀ। ਦਿਮਾਗ ਦੀ ਨਾੜੀ ਫਟ ਜਾਣ ਨਾਲ ਉਹਦੀ ਮੌਤ ਹੋ ਗਈ ਸੀ।

ਅਵਨਾਸ਼ ਨੇ ਕਹਾਣੀ ਸੁਣਾਈ। ਇਕ ਰਾਜਕੁਮਾਰੀ ਸੀ। ਰਾਜਕੁਮਾਰੀ ਨੇ ਰਾਜ-ਕੁਮਾਰ ਨੂੰ ਆਖਿਆ, ਲਾਲ ਗੁਲਾਬ ਦਾ ਫੁੱਲ ਲਿਆਕੇ ਦੇਵੇਂਗਾ ਤਾਂ ਮੈਂ ਤੇਰੇ ਨਾਲ ਵਿਆਹ ਕਰਾਂਗੀ। ਰਾਜਕੁਮਾਰ ਬਹੁਤ ਉਦਾਸ ਹੋ ਆਪਣੀ ਬਾਗੀ ਵਿਚ ਬੈਠਾ ਬੰਸੀ ਵਜਾ ਰਿਹਾ ਸੀ। ਸਾਰੇ ਮੁਲਕ ਵਿਚ ਲਾਲ ਗੁਲਾਬ ਕਿਧਰੇ ਨਹੀਂ ਸੀ ਉੱਗਦਾ। ਬੁਲਬੁਲ ਨੇ ਆਖਿਆ ਮੈਂ ਤੇਰੀ ਮਦਦ ਕਰਾਂਗੀ। ਰਾਜਕੁਮਾਰ ਬਾਗੀ ਵਿਚ ਬੈਠਾ ਬੰਸਰੀ ਵਜਾਉਂਦਾ ਰਿਹਾ। ਬੁਲਬੁਲ ਬਾਗੀ ਦੇ ਅੱਗੇ ਲੱਗੇ ਚਿੱਟੇ ਗੁਲਾਬ ਦੇ ਬੂਟੇ ਦੀ ਟਾਹਣੀ ਉਪਰ ਕੰਡਿਆਂ ਉਪਰ ਬੈਠ ਗਈ। ਇਕ ਕੰਡਾ ਉਹਦੇ ਦਿਲ ਵਿਚ ਵੀ ਪੁੜ ਗਿਆ। ਸਾਰੀ ਰਾਤ ਬਲੁਬੁਲ ਦੇ ਦਿਲ ਵਿਚੋਂ ਲਹੂ ਸਿੰਮਦਾ ਰਿਹਾ ਤੇ ਗੁਲਾਬ ਦੀ ਟਾਹਣੀ ਨੂੰ ਸਿੰਜਦਾ ਰਿਹਾ ਤੇ ਸਵੇਰ ਤੱਕ ਚਿਟੇ ਗੁਲਾਬ ਦਾ ਰੰਗ ਲਾਲ ਹੋ ਗਿਆ ਸੀ ਤੇ ਬੁਲਬੁਲ ਮਰ ਗਈ ਸੀ।

ਉਦੋਂ ਮੈਨੂੰ ਪਤਾ ਨਹੀਂ ਸੀ ਇਹ ਕਹਾਣੀ ਸੱਚੀ ਹੈ ਕਿ ਝੂਠੀ, ਅਵਨਾਸ਼ ਨੇ ਆਪ ਬਣਾਈ ਐ ਜਾਂ ਕਿਤੋਂ ਪੜ੍ਹ ਕੇ ਲਿਖੀ ਐ, ਪਰ ਜਦੋਂ ਕਹਾਣੀ ਮੁੱਕੀ ਮੇਰੀਆਂ ਅੱਖਾਂ ਪਾਣੀ ਨਾਲ ਭਰੀਆਂ ਹੋਈਆਂ ਸਨ। ਤੇ ਅੱਜ ਬਹੁਤ ਸਾਲ ਲੰਘ ਜਾਣ ਉਪਰੰਤ ਵੀ ਉਹ ਬੰਸਰੀ ਵਜਾਉਂਦਾ ਰਾਜਕੁਮਾਰ ਚਿੱਟੇ ਤੋਂ ਲਾਲ ਹੋਇਆ ਗੁਲਾਬ ਦਾ ਫੁੱਲ ਤੇ ਮਰੀ ਹੋਈ ਬੁਲਬੁਲ ਮੇਰੇ ਜ਼ਿਹਨ ਵਿਚ ਜੀਉਂ ਰਹੇ ਨੇ।

"ਤੂੰ ਕੀ ਲਿਖ ਕੇ ਲਿਆਂਦੇ ?" ਗੁਰਬਖਸ਼ ਭੈਣ ਜੀ ਨੇ ਮੈਨੂੰ ਪੁੱਛਿਆ।

"ਮੈਨੂੰ ਤਾਂ ਕੁਝ ਨਹੀਂ ਲਿਖਣਾ ਆਉਂਦਾ" ਮੈਂ ਈਮਾਨਦਾਰੀ ਨਾਲ ਆਖਿਆ।

"ਪਰ ਮੈਂ ਲਿਖਣ ਲਈ ਆਖਿਆ ਸੀ ?"

"ਜਦੋਂ ਮੈਂ ਵੱਡੀ ਹੋ ਗਈ ਮੈਂ ਤੁਹਾਡੇ ਉੱਤੇ ਇਕ ਕਹਾਣੀ ਲਿਖਾਂਗੀ ਗੁਰਬਖਸ਼ ਭੈਣਜੀ" ਸ਼ਾਇਦ ਮੈਂ ਇਹ ਸੋਚ ਕੇ ਆਖ ਦਿੱਤਾ ਸੀ ਪਰੀਆਂ ਦੀਆਂ ਕਹਾਣੀਆਂ ਹੁੰਦੀਆਂ ਨੇ ਤੇ ਗੁਰਬਖਸ਼ ਭੈਣ ਜੀ ਪਰੀਆਂ ਵਰਗੀ ਹੀ ਤਾਂ ਸੀ। ਪਰ ਉਦੋਂ ਮੈਨੂੰ ਇਹ ਨਹੀਂ ਸੀ ਪਤਾ ਇਹ ਧਰਤੀ ਪਰੀਆਂ ਨੂੰ ਰਾਸ ਨਹੀਂ ਆਉਂਦੀ ਤੇ ਕੁਝ ਵਰ੍ਹੇ ਹੋਏ ਪਰੀਆਂ ਵਰਗੀ ਉਹ ਗੁਰਬਖਸ਼ ਭੈਣ ਜੀ ਭਾਖੜਾ ਨਹਿਰ 'ਚ ਡੁੱਬ ਕੇ ਮਰ ਗਈ ਹੈ।

ਉਹਨੀਂ ਦਿਨੀਂ ਸਾਡੇ ਸਕੂਲ ਦੇ ਨਾਲ ਐਫ. ਏ. ਤੱਕ ਦਾ ਕਾਲਜ ਵੀ ਬਣ



Scanned by CamScanner

ਗਿਆ ਸੀ। ਕੁਝ ਪ੍ਰੋਫੈਸਰਨੀਆਂ ਰੱਖ ਲਈਆਂ ਤੇ ਦੋ ਪ੍ਰੋਫ਼ੈਸਰ ਮਹਿੰਦਰਾ ਕਾਲਜ ਵਿਚੋਂ ਪੜ੍ਹਾਉਣ ਆਉਂਦੇ। ਉਹ ਸਕੂਲ ਦੀਆਂ ਜਮਾਤਾਂ ਨੂੰ ਵੀ ਪੜ੍ਹਾਉਂਦੇ ਸਨ। ਪ੍ਰੋਫੈਸਰ ਬਲਵੰਤ ਸਿੰਘ ਹਿਸਟਰੀ ਪੜ੍ਹਾਉਂਦੇ ਨਾਲ ਗੱਲਾਂ ਵੀ ਸੁਣਾਉਂਦੇ ਮਜ਼ਾਕ ਵੀ ਕਰਦੇ।

ਇਕ ਦਿਨ ਕਿਸੇ ਨੇ ਦੱਸਿਆ ਪ੍ਰੋਫੈਸਰ ਬਲਵੰਤ ਸਿੰਘ ਹੋਰਾਂ ਨੇ ਤੀਜੀ ਐਮ. ਏ. ਦਾ ਇਮਤਿਹਾਨ ਦਿੱਤਾ ਹੈ ਤੇ ਫਸਟ ਆਏ ਨੇ।

ਪਤਾ ਨਹੀਂ ਕੀ ਸੁਝੀ ਮੈਂ ਇਕ ਕਾਗਜ਼ ਉਪਰ ਲਿਖ ਦਿੱਤਾ, "ਸਰ ਵੀ ਆਰ ਪਰਾਊਡ ਆਫ਼ ਯੂ" ਤੇ ਕਾਗਜ਼ ਉਹਨਾਂ ਦੇ ਜਮਾਤ ਵਿਚ ਆਉਣੋਂ ਪਹਿਲਾਂ ਮੇਜ਼ ਉਪਰ ਰੱਖ ਦਿੱਤਾ।

ਉਹ ਜਮਾਤ ਵਿਚ ਆਏ। ਚੁੱਕ ਕੇ ਕਾਗਜ਼ ਪੜ੍ਹਿਆ। ਸਾਰੀ ਜਮਾਤ ਉਪਰ ਨਿਗ੍ਹਾ ਮਾਰੀ। ਫਿਰ ਮੇਰੇ ਵੱਲ ਉਂਗਲ ਕਰਕੇ ਆਖਣ ਲੱਗੇ, "ਆਪ ਨੇ ਲਿਖਾ ਹੈ ਯੇ?"

ਮੈਂ ਜਵਾਬ ਦੇਣ ਲਈ ਖੜ੍ਹੀ ਹੋਈ ਬਹੁਤ ਡਰ ਰਹੀ ਸੀ ਪਰ ਝੂਠ ਵੀ ਨਾ ਬੋਲਿਆ ਗਿਆ ਤੇ ਆਖਿਆ, "ਹਾਂ ਜੀ।"

"ਆਈ ਆਲਸੋ ਵਾਂਟ ਟੂ ਬੀ ਪਰਾਊਡ ਆਫ਼ ਯੂ" ਪ੍ਰੋ. ਸਾਹਿਬ ਨੇ ਆਖਿਆ ਤੇ ਇਕ ਪਲ ਮੇਰੇ ਵੱਲ ਦੇਖਦੇ ਰਹੇ।

"ਬੈਠ ਜਾਓ" ਉਹਨਾਂ ਆਖਿਆ ਤੇ ਜਮਾਤ ਨੂੰ ਪੜ੍ਹਾਉਣ ਲੱਗ ਪਏ।

ਬਹੁਤ ਸਾਲ ਲੰਘ ਗਏ। ਗੱਲ ਭੁੱਲ ਭੁਲਾ ਗਈ। ਪਰ ਜਦੋਂ 1972 ਵਿਚ ਮੇਰੇ ਨਾਵਲ "ਏਹੁ ਹਮਾਰਾ ਜੀਵਣਾ" ਨੂੰ ਸਾਹਿਤ ਅਕੈਡਮੀ ਦਾ ਐਵਾਰਡ ਮਿਲਿਆ ਤਾਂ ਬਹੁਤ ਸਾਰੀਆਂ ਵਧਾਈਆਂ ਦੀਆਂ ਤਾਰਾਂ ਤੇ ਚਿੱਠੀਆਂ ਵਿਚ ਇਕ ਪੋਸਟ ਕਾਰਡ ਵੀ ਸੀ। ਇਹ ਪ੍ਰੋਫ਼ੈਸਰ ਬਲਵੰਤ ਸਿੰਘ ਹੋਰਾਂ ਵਲੋਂ ਸੀ ਜਿਸ ਉੱਤੇ ਸਿਰਫ਼ ਏਨਾ ਹੀ ਲਿਖਿਆ ਹੋਇਆ ਸੀ, "ਆਈ ਐਮ ਪਰਾਊਡ ਆਫ਼ ਯੂ।"

## 15

ਸੁੱਖਾਂ ਸੁਖਦਿਆਂ ਵੀਰੇ ਦਾ ਜਨਮ ਹੋਇਆ। ਵੀਰਵਾਰ ਨੂੰ ਜੰਮਿਆ ਸੀ ਇਸੇ ਲਈ ਉਹਦਾ ਨਉਂ ਬੀਰਇੰਦਰ ਰੱਖ ਲਿਆ ਗਿਆ ਤਾਂ ਜੋ ਉਹ ਵੀਰਵਾਰ ਦੇ ਗਰ੍ਹ ਤੋਂ ਬਚਿਆ ਰਹੇ। ਜਨਮ ਦਾ ਟਾਈਮ ਦੇਖ ਕੇ ਬਿਸ਼ਨੇ ਪਰੋਹਤ ਨੇ ਉਹਦੀ ਜਨਮ ਪੱਤਰੀ ਬਣਾਈ।

"ਉਮਰ ਵਾਲਾ, ਕਿਸਮਤ ਵਾਲਾ, ਤੇਜ ਪਰਤਾਪ ਵਾਲਾ, ਭਾਗਵਾਨ ਪੁੱਤਰ ਐ ਜਜਮਾਨਣੀ" ਜਦੋਂ ਬਿਸ਼ਨੇ ਪਰੋਹਤ ਨੇ ਆਖਿਆ ਸੀ ਤਾਂ ਦਾਦੀ ਮਾਂ ਨੇ ਸੁਣ ਕੇ ਪੁੱਛਿਆ ਸੀ, "ਪਰੋਹਤ ਜੀ ਕਿਸਮਤ 'ਚ ਵਿੱਦਿਆ ਵੀ ਐ ਕਿ ਨਹੀਂ? ਸਰਕਾਰੇ ਦਰਬਾਰੇ ਕੋਈ ਨੌਕਰੀ ਕਰੂ ਕਿ....." ਉਹਦਾ ਮਤਲਬ ਸੀ ਕਿਧਰੇ ਵਿਹਲਾ ਰਹਿ ਕੇ ਆਪਣੇ ਪਿਓ ਵਾਂਗੂੰ ਸ਼ਰਾਬ ਹੀ ਤਾਂ ਨਹੀਂ ਪੀਇਆ ਕਰੂ।

"ਰਾਸ਼ੀ ਨਾਨਕਿਆਂ ਤੇ ਗਈ ਐ, ਵਿੱਦਿਆ ਤਾਂ ਕਮਾਈ ਲੱਗਦੀਐ, ਊਂ ਭਾਗ ਵਾਲਾ ਪੁੱਤਰ ਹੋਊ ਘਰ ਨੂੰ ਪਿਛਾਂਹ ਨਹੀਂ ਅਗਾਂਹ ਲਜਾਣ ਵਾਲਾ ਹੋਊ" ਜਦੋਂ ਬਿਸ਼ਨੇ ਪੁਰੋਹਿਤ ਨੇ ਆਖਿਆ ਸੀ ਤਾਂ ਦਾਦੀ ਮਾਂ ਚਿੰਤਾਤੁਰ ਜਿਹੀ ਹੋ ਗਈ ਸੀ।



Scanned by CamScanner

"ਪੁਰੋਹਤ ਜੀ ਤੁਸੀਂ ਤਾਂ ਧਰਮਾਤਮਾ ਬੰਦੇ ਓ, ਭਜਨ ਪਾਠ ਕਰਨ ਵਾਲੇ ਓ, ਅਖੇ ਭਗਤ ਦੀ ਤਾਂ ਭਗਵਾਨ ਵੀ ਨਹੀਂ ਮੋੜਦਾ। ਕੋਈ ਉਪਾਅ ਕਰੋ ਮੇਰਾ ਪੁੱਤ ਠੈਕ ਹੋਵੇ" ਬੀਬੀ ਨੇ ਘੁੰਡ ਵਿਚੋਂ ਹੀ ਆਖਿਆ। ਜਾਣੀ ਤਰਲਾ ਕੀਤਾ ਸੀ।

ਬਾਪੂ ਜੀ ਨੇ ਉਸ ਮੌਕੇ ਤੇ ਲੋਕਾਂ ਨੂੰ ਬਹੁਤ ਹੀ ਸ਼ਰਾਬ ਪਿਲਾਈ ਸੀ, ਅਖੇ "ਕੀ ਯਾਦ ਰੱਖੋਗੇ ਸਰਦਾਰ ਕਾਕਾ ਸਿੰਘ ਦੇ ਘਰ ਮੁੰਡਾ ਹੋਇਐ। ਓਸ ਦਿਨ ਬਹੁਤ ਪੀ ਕੇ ਉਹਨਾਂ ਨੇ ਸ਼ਰੀਕੇ ਵਾਲਿਆਂ ਨੂੰ ਲਲਕਾਰਿਆ ਸੀ ਅਖੇ ਆਜੋ ਜੀਹਨੇ ਆਉਣੈ ਵੱਡੇ ਸੂਰਮੇ ਨੇ, ਹੁਣ ਨੀ ਮੈਂ ਮਰਨ ਤੋਂ ਡਰਦਾ, ਜੰਮ ਪਿਆ ਮੇਰੇ ਮਗਰ ਖੜੋਣ ਵਾਲਾ, ਥੰਡਾ ਪਤੰਦਰ।"

ਦਾਦੀ ਮਾਂ ਨੇ ਕਣਕ ਗੁੜ ਦੀਆਂ ਬੋਰੀਆਂ ਖੋਲ੍ਹ ਦਿੱਤੀਆਂ ਸੀ, ਗ਼ਰੀਬ ਗੁਰਬੇ ਲਈ। ਲਾਗੀ ਤੱਥੀ ਰੁਪਈਆਂ ਦੇ ਨਾਲ ਨਾਲ ਕੁੜਤੀ ਝੱਗੇ, ਫੁਲਕਾਰੀਆਂ, ਖੇਸ ਤੇ ਮੂੰਹ ਮੰਗੀਆਂ ਚੀਜ਼ਾਂ ਲੈ ਕੇ ਗਏ ਸਨ। ਕਪੂਰੀ ਝਿਓਰ ਬਾਂਦਰਵਾਲ ਬਣਾ ਕੇ ਲਿਆਇਆ ਸੀ। ਰੋਡੂ ਛੀਂਬਾ ਨਿੱਕੇ ਨਿੱਕੇ ਝੱਗੇ। ਸੁਨਿਆਰ ਘੁੰਗਰੂਆਂ ਵਾਲੀ ਤੜਾਗੀ ਦੇਣ ਆਇਆ ਸੀ ਤੇ ਤਖਾਣਾਂ ਦੀ ਬੁੜ੍ਹੀ ਰੰਗੀਨ ਗਡੀਰਾ ਲਈ ਆ ਰਹੀ ਸੀ।

ਦਾਦੀ ਮਾਂ ਬੇਜੀ ਹੋਰਾਂ ਨੂੰ ਪੁੱਛ ਰਹੀ ਸੀ ਤੁਸੀਂ ਕੁੜੀਓ, ਤੁਰਦੀਆਂ ਮੱਝਾਂ ਲਓਗੀਆਂ ਕਿ ਮੱਝਾਂ ਦੇ ਥਉਂ ਪੈਸੇ ਲਓਗੀਆਂ ?

"ਇਹ ਤਾਂ ਸਭ ਚੰਦਕੁਰ ਦੇ ਪਾਠ ਦਾ ਫਲ ਐ, ਰੱਬ ਨੇ ਏਹਦੀ ਸੁਣਲੀ ਨਹੀਂ ਕੋਈ ਟਕਾਣਾ ਸੀ" ਤਾਈ ਰਲੀ ਆਖਦੀ।

ਬਹੁਤ ਪਹਿਲਾਂ ਪਿੰਡ ਵਿੱਚ ਤੀਆਂ ਵਿਚ ਕੁੜੀਆਂ ਤੋਂ ਮੈਂ ਬੋਲੀ ਸੁਣੀ ਸੀ, "ਇਕ ਵੀਰ ਦੇਈਂ ਵੇ ਰੱਬਾ, ਸਹੁੰ ਖਾਣ ਨੂੰ ਬੜਾ ਚਿੱਤ ਕਰਦਾ" ਤੇ ਪਿਛੋਂ ਪਤਾ ਨਹੀਂ ਕਿੰਨੀ ਕੁ ਵਾਰ ਮੈਂ ਰੱਬ ਨੂੰ ਏਹੀ ਆਖਿਆ ਸੀ ਤੇ ਮੈਨੂੰ ਲੱਗਿਆ ਰੱਬ ਨੇ ਮੇਰੀ ਗੱਲ ਮੰਨ ਲਈਐ।

ਦਾਦੀ ਮਾਂ ਨੇ ਅਨੇਕਾਂ ਸੁਖਣਾਂ ਦਿੱਤੀਆਂ ਜਿਹੜੀਆਂ ਉਹ ਹਰ ਵਾਰੀ ਸੁੱਖਦੀ ਰਹੀ ਸੀ, ਪਰ ਪੂਰੀਆਂ ਹੁਣ ਹੋਈਆਂ ਸਨ। ਕਿੰਨੇ ਹੀ ਧਾਗੇ ਤਵੀਤ ਉਹਨੇ ਕਰਵਾ ਕੇ ਵੀਰੇ ਦੇ ਗਲ ਵਿਚ ਪਾ ਦਿੱਤੇ, ਆਖਦੀ ਸੀ ਥੁੜ੍ਹੋਂ ਦੀ ਚੀਜ਼ ਐ। ਮਸਾਂ ਮੇਰੇ ਘਰ ਦੀ ਬੱਤੀ ਨਾਲ ਬੱਤੀ ਲੱਗੀਐ।

ਪਿੰਡ ਵਿਚ ਕਿਸੇ ਨੇ ਉਡਾ ਦਿੱਤਾ ਪਟਿਆਲੇ ਹਸਪਤਾਲ ਵਿਚ ਅਸੀਂ ਕਿਸੇ ਨਾਲ ਕੁੜੀ ਵੱਟੇ ਮੁੰਡਾ ਲਿਐ।

"ਖਬਰਨੀ ਕੀਹਦਾ ਜਾਤ ਕੁਜਾਤ ਲਿਆ ਐ ਨਾਲੇ ਖਬਰੈ ਕਿਹੋ ਜੇ ਮਾਂ ਪਿਓ ਦਾ ਹੋਊ" ਸੰਤਾ ਸਿੰਘ ਤਾਏ ਦੀ ਘਰ ਵਾਲੀ ਬਚਨੀ ਤਾਈ ਲੋਕਾਂ ਨੂੰ ਆਖਦੀ ਸੀ।

"ਲੈ ਹੈ ਕਮਲੇ ਅਸੀਂ ਆਪਣੀ ਧੀ ਭਲਾ ਕਿਸੇ ਨੂੰ ਦਿਆਂਗੇ। ਜੇ ਮੁੰਡਾ ਲੈਣਾ ਵੀ ਹੁੰਦਾ ਅਸੀਂ ਆਖ ਦਿੰਦੇ ਬਈ ਜੌੜੇ ਹੋਏ ਨੇ, ਇਕ ਮੁੰਡਾ ਤੇ ਇਕ ਕੁੜੀ।" ਦਾਦੀ ਮਾਂ ਬਾਰ ਬਾਰ ਆਖਦੀ।

"ਆਪਣੇ ਦਾਦੇ ਦੇ ਜੀਊਂਦਿਆਂ ਹੋ ਜਾਂਦਾ ਕਮਲਿਆ ਤੇਰਾ ਸਭ ਕੁਝ ਓਮੇਂ ਦਾ ਓਮੇਂ ਰਹਿ ਜਾਂਦਾ। ਤੈਨੂੰ ਕੀ ਪਤਾ ਲੱਗੂ ਵੇ ਮੇਰੇ ਸ਼ੇਰ ਪੁੱਤ ਬਈ ਤੂੰ ਕਿੱਡੇ ਦਾਦੇ ਦਾ ਪੋਤਾ ਸੀ। ਅੱਛਾ ਰੱਬ ਦੀਆਂ ਮਰਜ਼ੀਆਂ ਨੇ" ਕਈ ਵਾਰੀ ਦਾਦੀ ਮਾਂ ਅੱਖਾਂ ਭਰ ਕੇ ਆਖਦੀ।



Scanned by CamScanner

"ਕੋਈ ਨੀ ਦਾਦੀ ਮਾਂ ਆਪਾਂ ਬੀਰੇ ਨੂੰ ਬਹੁਤ ਸਾਰਾ ਪੜ੍ਹਾ ਲਵਾਂਗੇ, ਵਲੈਤ ਪਾਸ ਕਰਵਾ ਲਵਾਂਗੇ, ਫੇਰ ਉਹ ਬੜਾ ਵੱਡਾ ਅਫਸਰ ਬਣ ਜਾਊ। ਬਾਕੀ ਘਰ ਜ਼ਮੀਨ ਜਾਇਦਾਦ ਬਥੇਰਾ ਕੁਸ਼ ਐ ਉਸ ਲਈ" ਮੈਂ ਉਹਨੂੰ ਆਖਦੀ।

"ਪਰ ਬਿਸ਼ਨਾ ਪਰੋਹਤ ਤਾਂ ਆਖਦੈ ਇਹਦੀ ਰਾਸ਼ੀ ਨਾਨਕਿਆਂ ਤੇ ਗਈਐ, ਉਹ ਤਾਂ ਸਾਰੇ ਅਨਪੜ੍ਹ ਨੇ, ਏਹਨੇ ਕਿੱਥੇ ਪੜ੍ਹਨਾਐ, ਨਾਲੇ ਕੱਲਾ ਪੁੱਤ ਤਾਂ ਕਿਸੇ ਕਰਮਾਂ ਆਲੇ ਦਾ ਈ ਲੈਕ ਹੁੰਦੈ" ਉਹ ਬੜੇ ਵਿਸ਼ਵਾਸ ਨਾਲ ਆਖਦੀ।

"ਤੂੰ ਫਿਕਰ ਨਾ ਕਰ ਮੈਂ ਆਪ ਉਹਨੂੰ ਨਾਲ ਸਕੂਲ ਲੈ ਜਾਇਆ ਕਰੂੰ" ਮੈਂ ਦਿਲਾਸਾ ਦੇਣਾ ਚਾਹਿਆ।

"ਜਦੋਂ ਨੂੰ ਇਹਨੇ ਵੱਡਾ ਹੋਣਾ ਐ ਮੈਂ ਤਾਂ ਖਬਰਨੀ ਕਿਹੜੇ ਝਾੜ ਓਹਲੇ ਹੋਊਂ ਪਰ ਤੂੰ ਮੇਰੀ ਧੀ ਇਕ ਗੱਲ ਯਾਦ ਰੱਖੀਂ, ਏਸ ਦਾ ਵਿਆਹ ਏਹੋਜੀ ਕੁੜੀ ਨਾਲ ਕਰਿਓ ਜੀਹਨੂੰ ਇਹ ਇਹ ਨਾ ਆਖੇ ਬਈ ਤੂੰ ਮੈਨੂੰ ਪਸਿੰਦ ਨੀ, ਘਰ ਭਾਮੇ ਉਹ ਕਿਸੇ ਦੀ ਹੋਵੇ। ਇਕ ਬਸ ਭਾਈ ਹੋਣ ਅਗਲੀ ਦੇ ਤਿੰਨ ਚਾਰ।"

"ਲੈ ਦਾਦੀ ਮਾਂ ਏਸ ਦੇ ਵੱਡਾ ਹੋਣ ਤੱਕ, ਵਿਆਹ ਹੋਣ ਤੱਕ ਅਸੀਂ ਤੈਨੂੰ ਮਰਨ ਈ ਨੀ ਦੇਣਾ।" ਮੈਂ ਆਖਿਆ ਸੀ।

"ਹੁਣ ਮੈਂ ਜੀਊਂ ਕੇ ਕੀ ਕਰਨੈ ਬਸ ਏਹੀ ਸੰਸਾ ਸੀ ਬਈ ਮੇਰੇ ਪੁੱਤ ਦੀ ਪਿੱਠ ਨੰਗੀਐ। ਹੁਣ ਮੈਂ ਸਖਾਲੀ ਮਰੂੰ, ਰੱਬ ਨੇ ਓਸ ਦੀ ਜੜ੍ਹ ਲਾਤੀ।"

"ਮੇਰਾ ਤੈਨੂੰ ਕੋਈ ਫਿਕਰ ਨੀ ਦਾਦੀ ਮਾਂ ?"

"ਧੀਆਂ ਨੇ ਤਾਂ ਆਪਣੇ ਕਰਮ ਖਾਣੇ ਹੁੰਦੇ ਨੇ, ਮਾਪੇ ਕੁਸ਼ ਨੀ ਕਰ ਸਕਦੇ ਹੁੰਦੇ। ਸੀਤਾ ਏਡੇ ਧਰਮੀ ਰਾਜੇ ਜਨਕ ਦੀ ਧੀ ਸੀ ਫੇਰ ਵੀ ਦੇਖ ਲੈ ਕੀ ਦਸੌਂਟੇ ਕੱਟੇ। ਤੇਰੇ ਜੇਹੋਜੇ ਲੇਖ ਹੋਣਗੇ ਵਰਤਲੀਂ। ਥੋਡੇ ਲੇਖ ਚੰਗੇ ਹੁੰਦੇ, ਪਿਓ ਤੇਰਾ ਕਾਹਨੂੰ ਦਾਰੂ ਪੀਣ ਲਗਦਾ। ਲੋਕਾਂ ਨੇ ਇਹੀ ਆਖਣੈ ਬਈ ਸ਼ਰਾਬੀ ਪਿਓ ਦੀਆਂ ਧੀਆਂ ਨੇ" ਦਾਦੀ ਮਾਂ ਝੁਰਦੀ ਹੋਈ ਮੈਨੂੰ ਦੱਸ ਰਹੀ ਸੀ। ਉਸ ਵੇਲੇ ਇਸ ਗੱਲ ਦੇ ਬਹੁਤੇ ਅਰਥ ਮੈਨੂੰ ਸਮਝ ਨਹੀਂ ਸੀ ਲੱਗੇ ਪਰ ਬੜੇ ਵਰ੍ਹਿਆਂ ਮਗਰੋਂ ਛੋਟੀ ਭੈਣ ਕੰਵਲ ਦਾ ਜਦੋਂ ਕਿਤੇ ਰਿਸ਼ਤਾ ਕੀਤਾ ਇਕ ਦਿਨ ਉਹਦੀ ਸੱਸ ਆਖਣ ਲੱਗੀ, "ਬੀਬਾ ਸਾਨੂੰ ਤਾਂ ਬਥੇਰੇ ਲੋਕ ਆ ਆ ਕੇ ਆਖਦੇ ਸੀ ਬਈ ਸ਼ਰਾਬੀ ਪਿਓ ਦੀ ਧੀਐ, ਨਾਲੇ ਪੰਜ ਭੈਣਾਂ ਨੇ ਕਿਹੜੇ ਉਹ ਵਿਹਾਰ ਤਿਹਾਰ ਕਰ ਦੇਣਗੇ, ਮੈਂ ਆਖਿਆ ਸਾਨੂੰ ਤਾਂ ਲੜਕੀ ਚੰਗੀ ਚਾਹੀਦੀਐ।"

ਬਹੁਤ ਮਨ ਰਗਖਿਆ ਪਰ ਕੰਵਲ ਦੀ ਸੱਸ ਨੂੰ ਮੈਂ ਏਨਾ ਹੀ ਆਖਿਆ "ਆਂਟੀ ਜੀ ਲੋਕਾਂ ਨੂੰ ਰੋਟੀ ਦਾ ਫਿਕਰ ਪਿਆ ਰਹਿੰਦੈ ਜਿਹੜਾ ਬੰਦਾ ਸ਼ਰਾਬ ਪੀਂਦਾ ਪਿਆਉਂਦੈ ਉਹਦਾ ਏਨਾ ਵਿਤ ਹੋਊਗਾ ਨਾ ? ਬਾਕੀ ਆਪਣੇ ਮੇਚ ਦੇ ਵਿਹਾਰ ਤਿਹਾਰ ਤਾਂ ਅਸੀਂ ਕਰਨੇਈ ਨੇ, ਨਹੀਂ ਤਾਂ ਤੁਸੀਂ ਆਪਣੇ ਮੇਚ ਦੇ ਦੱਸ ਦਿਓ ?"

"ਨਹੀਂ ਬੀਬੀ ਮੈਂ ਤਾਂ ਲੋਕਾਂ ਦੀ ਗੱਲ ਕੀਤੀਐ। ਜੀਹਨੇ ਧੀ ਦੇਤੀ ਬਾਕੀ ਕੀ ਰਹਿ ਗਿਆ" ਉਨ੍ਹਾਂ ਆਖਿਆ ਸੀ।

"ਦਾਦੀ ਮਾਂ ਤੂੰ ਮਰੀਂ ਨਾ, ਨਹੀਂ ਤਾਂ ਮੈਂ ਪਿੰਡ ਕੀਹਦੇ ਕੋਲ ਆਇਆ ਕਰੂੰ ?" ਮੈਂ ਬਹੁਤ ਉਦਾਸ ਹੋ ਕੇ ਦਾਦੀ ਮਾਂ ਨੂੰ ਆਖਿਆ ਸੀ।

"ਨਾ ਮੇਰੀ ਧੀ ਮਾਪੇ ਕੋਈ ਸਦੋਂ ਨੀ ਬੈਠੇ ਰਹਿੰਦੇ ਹੁੰਦੇ। ਗੱਲ ਬਾਹਲੀ ਜੀ ਨੂੰ ਨੀ



Scanned by CamScanner

ਲਾਈਦੀ। ਜਿੱਦਣ ਦੇ ਤੇਰੇ ਬਾਬਾ ਜੀ ਤੁਰਗੇ ਮੇਰਾ ਤਾਂ ਚਿੱਤ ਨੀ ਲੱਗਦਾ ਕਿਧਰੇ। ਭਾਗਾਂ ਵਾਲੀਆਂ ਆਪਣੇ ਆਦਮੀਆਂ ਦੇ ਹੱਥੀਂ ਜਾਂਦੀਆਂ ਨੇ।" ਆਖ ਕੇ ਉਹ ਰੋ ਪਈ।

ਮੈਂ ਵੀ ਰੋ ਪਈ। ਬਾਬਾ ਜੀ ਮੈਨੂੰ ਵੀ ਬਹੁਤ ਯਾਦ ਆਉਂਦੇ ਸੀ। ਫਿਰ ਦਾਦੀ ਮਾਂ ਮੈਨੂੰ ਵਰਾਉਣ ਲੱਗ ਪਈ ਅਖੇ "ਬੁੜ੍ਹਿਆਂ ਨੇ ਸਦੋਈ ਥੋੜੇ ਬੈਠੇ ਰਹਿਣਾ ਹੁੰਦੈ, ਸੁੱਖ ਨਾਲ ਜੀਉਂਦਾ ਰਹੇ ਤੇਰਾ ਬਾਪੂ ਜੀ, ਨਾਲੇ ਜੀਵੇ ਤੇਰਾ ਬੀਰ। ਮਾਪੇ ਤਾਂ ਰੁੱਤ ਰੁੱਤ ਦਾ ਮੇਵਾ ਹੁੰਦੇ ਨੇ। ਸਾਰੀ ਉਮਰ ਦੀ ਸਕੀਰੀ ਤਾਂ ਭਾਈਈ ਹੁੰਦੇ ਨੇ। ਸੁੱਖ ਨਾਲ ਰੱਬ ਨੇ ਤੈਨੂੰ ਵੀਰ ਦੇ ਦਿੱਤੈ।"

ਇਨ੍ਹਾਂ ਦਿਨਾਂ ਵਿਚ ਬਾਪੂ ਜੀ ਹੋਰ ਵਧੇਰੇ ਸ਼ਰਾਬ ਪੀਣ ਲੱਗ ਪਏ ਸਨ, ਜਿਵੇਂ ਹੁਣ ਉਨ੍ਹਾਂ ਨੂੰ ਆਪ ਦਾ ਫਿਕਰ ਹੀ ਨਹੀਂ ਸੀ ਰਹਿ ਗਿਆ। ਹੁਣ ਤਾਂ ਉਨ੍ਹਾਂ ਦੇ ਘਰ ਉਨ੍ਹਾਂ ਦੀ ਕੁਲ ਨੂੰ ਅਗਾਂਹ ਤੋਰਨ ਵਾਲਾ ਪੁੱਤਰ ਜੰਮ ਪਿਆ ਸੀ।

ਇਕ ਦਿਨ ਆਥਣ ਵੇਲੇ ਬਾਪੂ ਜੀ ਚੁਬਾਰੇ 'ਚੋਂ ਹੇਠਾਂ ਉਤਰੇ। ਦਾਦੀ ਮਾਂ ਕੋਲ ਆ ਕੇ ਆਖਣ ਲੱਗੇ, "ਮਾਂ ਆਪਣਾ ਧਰਿਆ ਢਕਿਆ ਦੱਸ ਦੇ, ਦੱਬ ਕੇ ਈ ਨਾ ਮਰਜੀਂ। ਹੁਣ ਥੋੜੇ ਮੈਂ ਗਮਾਊਂਗਾ, ਹੁਣ ਤਾਂ ਮੈਂ ਆਪਣੇ ਪੁੱਤਰ ਖਾਤਿਰ ਰੱਖੂੰਗਾ ਸਭ ਕੁਸ਼।"

"ਮੈਂ ਤੈਥੋਂ ਕੀ ਲਕੋ ਕੇ ਰੱਖਣਾ ਐ, ਸਭ ਕੁਸ਼ ਤੇਰਾਈਐ" ਦਾਦੀ ਮਾਂ ਨੇ ਆਖਿਆ। ਪਰ ਉਹ ਜਿਵੇਂ ਬਹੁਤ ਡਰ ਗਈ ਸੀ।

"ਆਪਣੀਆਂ ਧੀਆਂ ਨੂੰ ਨਾ ਦੇਜੀਂ ਸਭ ਕੁਸ਼, ਹੋਰ ਮੰਗਤਾ ਬਣਾ ਜੇਂ। ਮੈਂ ਗਹਾਂ ਆਪਣੇ ਪੁੱਤ ਨੂੰ ਕੀ ਦੇਊਂਗਾ।"

ਕਿਸੇ ਕੰਮ ਦੇ ਬਹਾਨੇ ਦਾਦੀ ਮਾਂ ਉਠ ਕੇ ਜਾਣ ਲੱਗੀ। ਉਹਨਾਂ ਬਾਂਹ ਤੋਂ ਫੜ ਕੇ ਬੈਠਾ ਲਈ "ਬੈਠ ਜਾ ਮਾਂ ਖਾਂਦਾ ਤਾਂ ਨੀ ਮੈਂ ਤੈਨੂੰ ਭੱਜੀ ਜਾਨੀਐਂ" ਉਹ ਖਿਝ ਕੇ ਬੋਲੇ ਸੀ।

"ਹਾਂ ਦੱਸ, ਮੈਂ ਤਾਂ ਧਾਰ ਕੱਢਣ ਨੂੰ ਉੱਠੀ ਸੀ" ਦਾਦੀ ਮਾਂ ਨੇ ਆਖਿਆ।

"ਧਾਰ ਦੇ ਮਾਰ ਗੋਲੀ, ਮੈਨੂੰ ਇਹ ਦੱਸ ਬਈ ਘਰ ਦਾ ਸਾਰਾ ਕੁਸ਼ ਗਿਆ ਕਿੱਥੇ ?"

"ਸਹੁੰ ਤੇਰੀ ਮੇਰੇ ਕੋਲ ਕੋਸ਼ ਨੀ" ਦਾਦੀ ਮਾਂ ਨੇ ਘਬਰਾ ਕੇ ਆਖਿਆ ਸੀ।

"ਗਿਆ ਕਿਧਰ ਨੂੰ ਫੇਰ ?"

"ਹੋਊ ਕਿਧਰੇ ਆਪੇ ਥਿਆਜੂ ਨਾਲੇ ਮੇਰੇ ਕਿਹੜਾ ਹੋਰ ਦੋ ਚਾਰ ਪੁੱਤ ਨੇ ਬਈ ਓਹਨਾਂ ਨੂੰ ਦੇ ਦੂੰ" ਦਾਦੀ ਮਾਂ ਨੇ ਉਹੀ ਦਲੀਲਾਂ ਦੁਹਰਾਈਆਂ।

"ਮਾਂ ਮੇਰੇ ਨਾਲ ਚਲਾਕੀਆਂ ਨਾ ਕਰ, ਨਹੀਂ ਤਾਂ ਮੈਂ ਤੇਰੇ ਸਾਹਮਣੇ ਖੂਹ 'ਚ ਛਾਲ ਮਾਰਦੂੰ" ਬਾਪੂ ਜੀ ਨੇ ਵੇਹੜੇ 'ਚ ਲੱਗੀ ਖੂਹੀ ਵੱਲ ਹੱਥ ਕਰ ਕੇ ਆਖਿਆ।

"ਨਾ ਵੇ ਪੁੱਤਾ ਹਾੜੇ ਵੇ ਪੁੱਤਾ", ਦਾਦੀ ਮਾਂ ਹੱਥ ਜੋੜ ਰਹੀ ਸੀ, ਨਾਲੇ ਰੋ ਰਹੀ ਸੀ।

"ਜੇ ਚੀਜ਼ਾਂ ਤੈਨੂੰ ਮੇਰੀ ਜਾਨ ਨਾਲੋਂ ਵੀ ਪਿਆਰੀਆਂ ਨੇ ਫੇਰ ਬੇਸ਼ੱਕ ਰੱਖੀ ਰੱਖ" ਬਾਪੂ ਜੀ ਗੁੱਸੇ ਵਿਚ ਆ ਗਏ ਸਨ।

"ਤੂੰ ਜੋ ਕੁਸ਼ ਆਖੇਂਗਾ ਮੈਂ ਜਿਥੋਂ ਮਰਜ਼ੀ ਲਿਆਕੇ ਦਿਆਂ, ਲਿਆ ਕੇ ਦਊਂਗੀ, ਤੂੰ ਇਉਂ ਨਾ ਕਰ।"

"ਲਿਆਕੇ ਦੇਣ ਨੂੰ ਮੈਂ ਕੋਈ ਮਾੜਾ ਮੰਗਤਾਂ ? ਮੈਂ ਆਪ ਦੇ ਪਿਓ ਦਾ ਪੁੱਤ ਆਂ, ਉਹ ਮੈਨੂੰ ਬੇਦਖਲ ਨੀ ਕਰ ਕੇ ਗਿਆ। ਸੋਨੇ ਚਾਂਦੀ ਦੀਆਂ ਬਲਣੀਆਂ ਭਰੀਆਂ ਮੈਂ ਆਪ ਦੇਖੀਆਂ ਨੇ ਛੋਟੇ ਹੁੰਦੇ ਨੇ, ਉਹ ਕਿੱਧਰ ਗਈਆਂ ?"



Scanned by CamScanner

ਦਾਦੀ ਮਾਂ ਗੁੰਮ ਸੁੰਮ ਬੈਠੀ ਸੀ। ਰੋਈ ਜਾ ਰਹੀ ਸੀ।

ਬੀਬੀ ਬਮਲੇ ਓਹਲੇ ਖੜ੍ਹੀ ਹੱਥ ਜੋੜੀ ਰੱਬ ਨੂੰ ਧਿਆ ਰਹੀ ਸੀ, ਬਈ ਤੂੰ ਹੀ ਬਹੁੜ ਏਸ ਵੇਲੇ।

ਮੈਂ ਬਹੁਤ ਚਿਰ ਤੋਂ ਬਾਪੂ ਜੀ ਨਾਲ ਕਦੇ ਕੋਈ ਗੱਲ ਨਹੀਂ ਸੀ ਕੀਤੀ, ਪਰ ਇਸ ਵੇਲੇ ਲੱਗਿਆ ਪਤਾ ਨੀ ਘਰ 'ਚ ਕੀ ਹੋ ਜਾਣੈ, ਮੈਂ ਰਸੋਈ 'ਚੋਂ ਉਠਕੇ ਦਾਦੀ ਮਾਂ ਦੇ ਕੋਲ ਜਾ ਖੜ੍ਹੀ ਹੋਈ।

"ਤੂੰ ਜਾਹ ਮੈਨੂੰ ਗੱਲ ਕਰਨ ਦੇ" ਬਾਪੂ ਜੀ ਨੇ ਮੈਨੂੰ ਕੌੜ ਕੇ ਆਖਿਆ। ਮੈਂ ਫੇਰ ਵੀ ਖੜ੍ਹੀ ਰਹੀ।

"ਸੁਣਿਆ ਨੀ?" ਉਹ ਫੇਰ ਮੇਰੀ ਵੱਲ ਝਾਕੇ।

"ਹੋ ਸਕਦੈ ਬਾਬਾ ਜੀ ਸਭ ਕੁਝ ਕਿਸੇ ਬੈਂਕ ਵਿਚ ਰੱਖ ਗਏ ਹੋਣ, ਉਨ੍ਹਾਂ ਦੇ ਸਾਰੇ ਕਾਗਜ਼ਾਂ ਵਾਲੇ ਟਰੰਕ ਦੇਖ ਲਓ। ਕੀ ਪਤੈ ਦਾਦੀ ਮਾਂ ਨੂੰ ਸੱਚੀਂ ਕਾਸੇ ਦਾ ਪਤਾ ਨਾ ਹੋਵੇ। ਏਨਾ ਆਕੜੋਗੇ, ਦਾਦੀ ਮਾਂ ਨੇ ਹੌਲ ਨਾਲ ਈ ਮਰ ਜਾਣੈ" ਮੈਂ ਹੌਂਸਲਾ ਕਰਕੇ ਆਖ ਦਿੱਤਾ।

ਬਾਪੂ ਜੀ ਮੇਰੇ ਵੱਲ ਇਕ ਪਲ ਝਾਕਦੇ ਰਹੇ। ਫਿਰ ਉਠ ਕੇ ਉਪਰ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਏ, ਸ਼ਾਇਦ ਪੀਣ ਲੱਗੇ ਸਨ।

ਉਸ ਰਾਤ ਦਾਦੀ ਮਾਂ ਬਹੁਤ ਦਹਿਲ ਗਈ ਸੀ। ਉਹਨੂੰ ਲਗਦਾ ਸੀ, ਇਹ ਵੀ ਸੱਚਾ ਐ।

ਰਾਤ ਨੂੰ ਉਹ ਮੈਨੂੰ ਨਾਲ ਲੈ ਕੇ ਪੁਰਾਣੇ ਘਰ ਦੇ ਪਿਛਲੇ ਚੁਬਾਰੇ ਅੰਦਰ ਸੁੱਤੀ ਤਾਂ ਜੋ ਬਾਪੂ ਜੀ ਨੂੰ ਪਤਾ ਨਾ ਲੱਗੇ ਕਿਉਂਕਿ ਇਹ ਚੁਬਾਰਾ ਬਹੁਤਾ ਮੰਜਿਆਂ ਬਿਸਤਰਿਆਂ ਨਾਲ ਹੀ ਭਰਿਆ ਰਹਿੰਦਾ ਸੀ।

ਰਾਤ ਨੂੰ ਹੀ ਉਸ ਨੇ ਸੰਤੇ ਨਾਈ ਨੂੰ ਪਟਿਆਲੇ ਭੇਜ ਦਿੱਤਾ, ਬਈ ਫੁੱਫੜ ਜੀ ਆ ਕੇ ਮਿਲ ਜਾਣ, ਜ਼ਰੂਰੀ ਕੰਮ ਐ।

ਅਗਲੇ ਦਿਨ ਦੁਪਹਿਰ ਤੱਕ ਬਾਪੂ ਜੀ ਸੁੱਤੇ ਈ ਨਹੀਂ ਸੀ ਉਠੇ ਤੇ ਤੀਜੇ ਕੁ ਪਹਿਰ ਭੂਆ ਜੀ ਤੇ ਫੁੱਫੜ ਜੀ ਪਹੁੰਚ ਗਏ।

ਵਾਪਸ ਮੁੜਦੇ ਉਹ ਬਾਪੂ ਜੀ ਨੂੰ ਵੀ ਤੇ ਮੈਨੂੰ ਵੀ ਨਾਲ ਪਟਿਆਲੇ ਲੈ ਆਏ।

ਜਦੋਂ ਅਸੀਂ ਤੁਰਨ ਲੱਗੇ ਤਾਂ ਦਾਦੀ ਮਾਂ ਨੇ ਬੇਜੀ ਨੂੰ ਬਸ ਏਨਾ ਹੀ ਆਖਿਆ। "ਕਾਕੇ ਦਾ ਖਿਆਲ ਰੱਖਿਓ" ਤੇ ਰੋ ਪਈ।

ਪੰਦਰਾਂ ਕੁ ਦਿਨਾਂ ਮਗਰੋਂ ਪਿੰਡੋਂ ਬੰਦਾ ਆਇਆ "ਚੱਲੋ ਮਾਂ ਜੀ ਪੂਰੇ ਹੋਗੇ।"

ਪਲ ਦੇ ਪਲ ਲਈ ਮੈਨੂੰ ਧਰਤੀ ਅਸਮਾਨ ਡੋਲਦੇ ਪਰਤੀਤ ਹੋਏ। ਜਦੋਂ ਕਦੇ ਅਸੀਂ ਪਿੰਡ ਜਾਵਾਂਗੇ ਦਾਦੀ ਮਾਂ ਉਥੇ ਨਹੀਂ ਹੋਵੇਗੀ, ਇਹ ਮੈਂ ਨਹੀਂ ਸੀ ਸੋਚਿਆ। ਅਸੀਂ ਉਦੋਂ ਹੀ ਕਾਰ 'ਚ ਪਿੰਡ ਨੂੰ ਤੁਰ ਪਏ।

ਬਾਪੂ ਜੀ ਅਜੇ ਕੱਲ੍ਹ ਇਥੋਂ ਗਏ ਸਨ। ਪਰ ਉਹ ਪਿੰਡ ਅਜੇ ਨਹੀਂ ਸੀ ਪਹੁੰਚੇ। ਉਥੇ ਬੈਠੇ ਓਪਰੇ ਬੰਦੇ ਨੇ ਦੱਸਿਆ ਮੈਂ ਸਵੇਰੇ ਜਦੋਂ ਪਹੁੰਚਿਆ ਮਾਂ ਜੀ ਦੁੱਧ ਰਿੜਕ ਕੇ ਹਟੇ ਸੀ। ਮੈਨੂੰ ਪੁਛਦੇ ਨੇ ਵੇ ਭਾਈ ਤੂੰ ਕਿਹੜਾ ਐਂ? ਕਿਥੋਂ ਆਇਐਂ? ਮੈਂ ਕਿਹਾ ਮਾਂ ਜੀ ਮੈਂ ਫਲਾਣੇ ਪਿੰਡ ਤੋਂ ਫਲਾਣਾ ਸਿਊਂਆਂ, ਸਰਦਾਰ ਕਾਕਾ ਸਿੰਘ ਹੋਰੀਂ ਕੱਲ੍ਹ ਆਗੇ ਸੀ ਸਾਡੇ ਪਿੰਡ, ਰਾਤ ਉਥੇ ਈ ਰਹਿ ਪੇ, ਅੱਜ ਆਉਣਗੇ।



Scanned by CamScanner

"ਭਾਈ ਚਾਹ ਪੀਏਂਗਾ ਕਿ ਦੁੱਧ" ਮਾਂ ਜੀ ਨੇ ਪੁੱਛਿਆ ਸੀ।

"ਮੈਂ ਕਿਹਾ ਮਾਂ ਜੀ ਚਾਹ ਪੀਲੂੰਗਾ। ਚੁੱਲ੍ਹੇ ਤੇ ਚਾਹ ਧਰਤੀ ਤੇ ਆਪ ਗੋਡਿਆਂ 'ਚ ਸਿਰ ਦੇ ਕੇ ਬੈਠ ਗਏ ਤੇ ਬੈਠੇ ਈ ਲੁੜਕ ਗਏ।"

ਕੋਈ ਆਖਦਾ ਸੀ ਦਿਲ ਫੇਲ੍ਹ ਹੋ ਗਿਆ। ਕੋਈ ਕਹਿੰਦਾ ਸੀ ਜਿਮੇਂ ਕਿਸੇ ਤੁਰੀ ਜਾਂਦੀ ਬਲਾ ਨੇ ਝੱਫ ਲਈ ਮਾਂ ਜੀ। ਪਰ ਗਲੀ ਤਾਈ ਦਸਦੀ ਸੀ "ਭੈਣੇ ਅੰਮਾ ਜੀ ਤਾਂ ਕਈ ਦਿਨਾਂ ਦੀ ਸਭ ਨਾਲ ਲੈਣੇ ਦੇਣੇ ਦੇ ਹਸਾਬ ਕਰਦੀ ਫਿਰਦੀ ਸੀ, ਜਿਮੇਂ ਕਿਤੇ ਵਾਂਢੇ ਜਾਣਾ ਹੋਵੇ।"

ਠੀਕ ਹੀ ਦਾਦੀ ਮਾਂ ਸਾਡੇ ਸਭਨਾਂ ਦੇ ਨਾਲ ਆਪਣੇ ਲੈਣੇ ਦੇਣੇ ਦੇ ਹਿਸਾਬ ਪੂਰੇ ਕਰਕੇ ਤੁਰ ਗਈ ਸੀ।

ਅੱਜ ਵੀ ਜਦੋਂ ਦਾਦੀ ਮਾਂ ਯਾਦ ਆਉਂਦੀਐ ਤਾਂ ਜੀ ਕਰਦੈ, ਕੋਈ ਦੱਸੋ ਕੀ ਸੱਚ ਮੁੱਚ ਕੋਈ ਅਗਲਾ ਜਨਮ ਹੁੰਦੈ ?

## 16

ਦਿਨ ਹੌਲੀ ਹੌਲੀ ਸਰਕਦੇ ਗਏ ਤੇ ਮਹੀਨੇ ਵੀ। ਸੰਸਾਰ ਉਵੇਂ ਤੁਰ ਰਿਹਾ ਸੀ। ਤੇ ਇਕ ਦਿਨ ਫੇਰ ਛੋਟੇ ਭੂਆ ਜੀ ਫੁਫੜ ਜੀ ਨੂੰ ਨਾਲ ਲੈ ਕੇ ਆ ਗਏ। ਜ਼ਾਹਿਰ ਉਨ੍ਹਾਂ ਇਹ ਹੀ ਕੀਤਾ ਕਿ ਉਹ ਉਂਜ ਹੀ ਮਿਲਣ ਆ ਗਏ ਹਨ।

"ਮੈਨੂੰ ਤਾਂ ਦੀਪ ਦੇ ਭੂਆ ਜੀ ਨੇ ਆਖਿਆ ਜ਼ਰੂਰ ਚੱਲਣੈ, ਮੈਂ ਆਖਿਆ ਚਲੋ" ਫੁਫੜ ਜੀ ਆਪਣੀ ਪੋਜ਼ੀਸ਼ਨ ਸਪੱਸ਼ਟ ਕਰ ਰਹੇ ਸਨ।

ਦੁਪਹਿਰੇ ਰੋਟੀ ਖਾਂਦਿਆਂ ਭੂਆ ਜੀ ਨੇ ਬੇਜੀ ਨੂੰ ਫੇਰ ਸਣੌਤ ਸਿੱਟੀ "ਉਂ ਤਾਂ ਤੂੰ ਸਿਆਣੀਐਂ ਬੇਬੇ ਪਰ ਰੂੜੀ ਦਾ ਕੂੜਾ ਤਾਂ ਆਖਿਰ ਰੂੜੀ ਸੁਟਣੈ, ਕੁੜੀਆਂ ਨੂੰ ਕੋਈ ਸਾਰੀ ਉਮਰ ਥੋੜ੍ਹੇ ਈ ਘਰ ਬਠਾ ਛੱਡਣੈ। ਨਾਲੇ ਹੁਣ ਚੰਗਾ ਭਲਾ ਥਉਂ ਹੱਥ 'ਚ ਐ। ਬਾਕੀ ਹੋਰ ਵੀ ਜਿੱਥੇ ਕਿਤੇ ਰਿਸ਼ਤਾ ਕਰਨ ਜਾਓਗੇ, ਅਗਲਿਆਂ ਕਹਿਣੈ ਪਹਿਲੇ ਥਉਂ ਤੋਂ ਸਾਕ ਛੁੱਟਿਆ ਹੋਇਐ, ਖਬਰਨੀ ਵਿਚੋਂ ਕੀ ਗੱਲ ਹੋਣੀ ਐ।"

"ਜਾਣ ਦੇ ਨੀ ਬੀਬੀ ਬਲਦੇਵ ਕੁਰੇ, ਨਾਤਾ ਛੁੱਟਿਐ ਕੋਈ ਖ਼ੂਧ ਖ਼ੂਨ ਤਾਂ ਨੀ ਹੋ ਗਿਆ। ਧੀਆਂ ਆਲੇ ਸੌ ਥਾਈਂ ਦੇਖਦੇ ਨੇ। ਨਾਲੇ ਜਿੱਥੇ ਲਿਖਿਆ ਹੋਊ, ਗੱਲ ਓਥੇ ਈ ਸਿਰੇ ਚੜ੍ਹੂ। ਭੌਂਕੀ ਜਾਣ ਦੇ ਦੁਨੀਆਂ ਨੂੰ। ਦੁਨੀਆਂ ਦਾ ਕੀ ਮੂੰਹ ਫੜ ਲੈਣਾ ਐ। ਬਾਕੀ ਕੋਈ ਨੀ, ਆਪਣੀ ਧੀ ਬਾਰੇ ਅਸੀਂ ਆਪ ਤਾਂ ਜਾਣਦੇਆਂ" ਬੇਜੀ ਖਿਝ ਕੇ ਪਏ ਸਨ।

"ਘਰ 'ਚ ਈ ਕਰ ਦਿੰਨੇਆਂ ਕਿਸੇ ਨਾਲ" ਤਾਏ ਜੈਮਲ ਨੇ ਸ਼ਾਇਦ ਰਿਸ਼ਤੇਦਾਰਾਂ ਵਿਚੋਂ ਕਿਸੇ ਬਾਰੇ ਸੋਚ ਕੇ ਆਖਿਆ।

"ਮੈਂ ਵੀ ਤਾਂ ਘਰ 'ਚ ਈ ਕਰ ਦੇਣ ਨੂੰ ਆਖਦੀਆਂ। ਮੇਰੀ ਸਕੀ ਨਨਾਣ ਦਾ ਪੁੱਤ ਐ, ਤੇ ਉਂ ਵੀ ਰਾਜਾ ਘਰ ਐ, ਬਈ ਹੋਰ ਕੀ ਤੁਸੀਂ ਅਸਮਾਨੋਂ ਉਤਰਿਆ ਟੋਲੋਗੇ" ਭੂਆ ਜੀ ਨੂੰ ਗੁੱਸਾ ਚੜ੍ਹਨਾ ਸ਼ੁਰੂ ਹੋ ਗਿਆ ਸੀ।

ਮੈਂ ਰੋਟੀ ਅੱਧ ਵਿਚਕਾਰ ਹੀ ਛੱਡ ਕੇ ਉਥੋਂ ਉੱਠ ਕੇ ਆ ਗਈ। ਗੱਲਾਂ ਦੀ ਗਹਮਾ ਗਹਮੀ 'ਚ ਕਿਸੇ ਨੂੰ ਖਿਆਲ ਹੀ ਨਹੀਂ ਆਇਆ ਕਿ ਮੈਂ ਵਿਚਕਾਰੋਂ ਉੱਠ ਗਈ ਹਾਂ।



Scanned by CamScanner

ਇਸ ਵਾਰੀ ਚਾਰ ਦਿਨ ਰਹਿ ਕੇ ਮੈਥੋਂ ਚੋਰੀਓਂ ਭੂਆ ਜੀ ਨੇ ਆਪਣੀ ਗੱਲ ਮਨਵਾ ਲਈ ਲਗਦੀ ਸੀ। ਹੁਣ ਉਨ੍ਹਾਂ ਦਾ ਮੇਰੇ ਨਾਲ ਗੱਲ ਕਰਨ ਦਾ ਢੰਗ ਬੜਾ ਪਿਆਰ ਵਾਲਾ ਹੋ ਗਿਆ ਸੀ। ਪਰ ਮੈਂ ਖਿਝ ਗਈ ਸੀ। ਆਪਣੇ ਕਮਰੇ ਦਾ ਬਾਰ ਅੜਾ ਕੇ ਅੰਦਰ ਬੈਠੀ ਰਹਿੰਦੀ।

ਭੂਆ ਜੀ ਚਲੇ ਗਏ, ਮੈਂ ਜਿਵੇਂ ਸ਼ੁਕਰ ਕੀਤਾ। ਪਰ ਦੂਸਰੇ ਤੀਸਰੇ ਦਿਨ ਉਹ ਫੇਰ ਪਰਤ ਆਏ। ਮੈਂ ਸੋਚਿਆ ਜਿੰਨਾ ਚਿਰ ਭੂਆ ਜੀ ਏਥੇ ਰਹਿਣਗੇ ਮੈਂ ਪਿੰਡ ਚਲੀ ਜਾਵਾਂਗੀ। ਪਰ ਪਿੰਡ....ਨਾ ਉਥੇ ਬਾਬਾ ਜੀ ਸਨ ਤੇ ਨਾ ਦਾਦੀ ਮਾਂ ਸੀ.....ਜੀ ਉਦਾਸ ਹੋ ਗਿਆ ਸੋਚ ਕੇ।

ਆਥਣੇ ਜਿਹੇ ਭੂਆ ਜੀ ਨੇ ਮੇਰੇ ਕਮਰੇ ਦਾ ਦਰਵਾਜ਼ਾ ਖੜਕਾਇਆ।

"ਕੌਣ ?" ਮੈਂ ਅੰਦਰੋਂ ਹੀ ਪੁੱਛਿਆ।

"ਮੈਂ ਆਂ ਦੀਪ ਬਾਰ ਤਾਂ ਖੋਲ੍ਹ" ਉਨ੍ਹਾਂ ਆਖਿਆ।

"ਦੱਸੋ ?" ਮੈਂ ਬਾਰ ਖੋਲ੍ਹ ਬਾਰ ਦੇ ਵਿਚ ਹੀ ਖੜੋਤਿਆਂ ਪੁੱਛਿਆ।

"ਲੈ ਤਸਵੀਰ ਦੇਖ ਲੈ" ਉਨ੍ਹਾਂ ਇਕ ਤਸਵੀਰ ਮੇਰੇ ਵੱਲ ਵਧਾਈ। ਜਦੋਂ ਮੈਂ ਹੱਥ ਅੱਗੇ ਨਾ ਕੀਤਾ ਉਹ ਤਸਵੀਰ ਮੇਜ਼ ਤੇ ਰੱਖ ਕੇ ਚਲੇ ਗਏ। ਉੱਡਦੀ ਨਜ਼ਰੇ ਮੈਂ ਤਸਵੀਰ ਦੇਖੀ ਤੇ ਪੁੱਠੀ ਕਰਕੇ ਮੇਜ਼ ਤੇ ਰੱਖ ਦਿੱਤੀ। ਇੰਨੀ ਦੇਰ ਨੂੰ ਭੂਆ ਜੀ ਪਰਤ ਆਏ। ਨਾਲ ਉਨ੍ਹਾਂ ਦੇ ਬੇਜੀ ਵੀ ਸਨ। ਭੂਆ ਜੀ ਨੇ ਲਾਲ ਰੰਗ ਦੀ ਰੇਸ਼ਮੀ ਗੁਥਲੀ ਵਿਚ ਨਿੱਕ-ਸੁੱਕ, ਗਹਿਣਿਆਂ ਦਾ ਇਕ ਡੱਬਾ, ਇਕ ਖੀਨਖਾਬ ਦਾ ਸੂਟ ਤੇ ਗੋਟੇ ਵਾਲੀ ਲਾਲ ਚੁੰਨੀ ਚੁੱਕੀ ਹੋਈ ਸੀ।

"ਸੂਟ ਪਾ ਕੇ ਦੇਖ ਲੈ" ਭੂਆ ਜੀ ਨੇ ਗਹਿਣਿਆਂ ਦਾ ਡੱਬਾ ਖੋਲ੍ਹਦਿਆਂ ਬੜੀ ਸ਼ਾਨ ਨਾਲ ਆਖਿਆ।

"ਮੈਂ ਨੀ ਪਾਉਣਾ" ਮੈਂ ਕਿਹਾ।

"ਲੈ ਫੇਰ ਲਾਲ ਚੁੰਨੀ ਉੱਤੇ ਲੈ ਕੇ ਚੂੜੀਆਂ ਪਵਾ ਲੈ" ਉਨ੍ਹਾਂ ਚੁੰਨੀ ਖੋਲ੍ਹਦਿਆਂ ਆਖਿਆ।

"ਰਹਿਣ ਦਿਉ" ਮੈਂ ਖਿਝ ਕੇ ਕਿਹਾ।

"ਹੈ ਅੰਮਾ ਵਰਗੀ ਬਦਸ਼ਗਨੀ ਕੀ ਕਰਦੀਐ। ਧੀ ਪੁੱਤ ਨੂੰ ਕੋਈ ਅਕਲ ਵੀ ਚਾਹੀਦੀਐ। ਅਗਲਿਆਂ ਨੇ ਏਡੇ ਚਉ ਨਾਲ ਚੀਜ਼ਾਂ ਭੇਜੀਆਂ ਨੇ ਤੇ ਏਸ ਦੇ ਨਖਰੇ ਹੇਠ ਈ ਨੀ" ਭੂਆ ਜੀ ਬਹੁਤ ਗੁੱਸੇ ਹੋ ਰਹੇ ਸਨ। ਮੈਂ ਰੋਣ ਲੱਗ ਪਈ। ਭੂਆ ਜੀ ਨੂੰ ਹੋਰ ਗੁੱਸਾ ਚੜ੍ਹ ਗਿਆ, ਬੋਲੇ "ਦੁਨੀਆਂ ਦੀਆਂ ਧੀਆਂ ਦੇ ਕਿਤੇ ਵਿਆਹ ਨੀ ਹੁੰਦੇ। ਤੂੰ ਕਿਤੇ ਬਹੁਤੀ ਅਵਤਾਰ ਉਤਰੀ ਹੋਈ ਏਂ। ਦੇਖ ਤਾਂ ਕਿਮੇਂ ਜੁਲਕਦੀਐ। ਤੂੰ ਸ਼ੁਕਰ ਕਰ ਬਈ ਖਬਰਨੀ ਕੀਹਦੇ ਮੂੰਹ ਨੂੰ ਏਡੇ ਘਰ ਆਲਿਆਂ ਹੱਥ ਕੱਢਿਐ" ਭੂਆ ਜੀ ਮੈਨੂੰ ਝਿੜਕ ਰਹੇ ਸਨ।

"ਜਾਣ ਦੇ ਬੀਬੀ ਬਲਦੇਵ ਕੁਰੇ ਇਹ ਤਾਂ ਨਿਆਣੀਐ ਤੂੰ ਕਾਹਨੂੰ ਐਮੇ ਗੁੱਸੇ ਹੁੰਨੀਐਂ" ਆਖ ਬੇਜੀ ਨੇ ਭੂਆ ਜੀ ਨੂੰ ਮੇਰੇ ਕਮਰੇ ਵਿਚੋਂ ਬਾਹਰ ਚਲਣ ਲਈ ਆਖਿਆ।

"ਨਿਆਣੀ ਨੂੰ ਕੀ ਹੋਰ ਏਸ ਦੇ ਬਣ ਵਧਣੇ ਨੇ। ਤੁਸੀਂ ਵਾਧੂ ਸਿਰ ਚੜ੍ਹਾ ਰੱਖੀਐ। ਜੱਗ ਦੀਆਂ ਕਿਤੇ ਧੀਆਂ ਨੀਂ ? ਅਸੀਂ ਕਿਸੇ ਦੀਆਂ ਧੀਆਂ ਨੀ ਸੀ ?" ਭੂਆ ਜੀ ਅਜੇ ਵੀ ਗੁੱਸੇ ਹੋ ਰਹੇ ਸਨ। ਉਸ ਦਿਨ ਪਹਿਲੀ ਵਾਰੀ ਸਾਰੀ ਰਾਤ ਮੈਨੂੰ ਨੀਂਦ ਨਹੀਂ ਸੀ



Scanned by CamScanner

ਆਈ। ਦਾਦੀ ਮਾਂ ਜਦੋਂ ਕਦੇ ਆਖਦੀ ਹੁੰਦੀ ਸੀ "ਰਾਤ ਤਾਂ ਮੈਨੂੰ ਛਮਕ ਭਰ ਨੀਂਦ ਨਹੀਂ ਆਈ, ਸਾਰੀ ਰਾਤ ਗਿਣਤੀਆਂ ਗਿਣਦੀ ਨੂੰ ਲੰਘ ਗਈ", ਤਾਂ ਮੈਨੂੰ ਬੜਾ ਅਜੀਬ ਲੱਗਦਾ ਹੁੰਦਾ ਸੀ। ਇਹ ਕਿਵੇਂ ਹੋ ਸਕਦਾ ਸੀ ਕਿਸੇ ਨੂੰ ਸਾਰੀ ਰਾਤ ਨੀਂਦ ਨਾ ਆਵੇ? ਪਰ ਅੱਜ ਅਜਿਹੀ ਹੀ ਰਾਤ ਮੇਰੀਆਂ ਅੱਖਾਂ ਵਿਚ ਦੀ ਲੰਘੀ ਸੀ।

ਅਗਲੇ ਦਿਨ ਭੂਆ ਜੀ ਜਦੋਂ ਚਲੇ ਗਏ ਤੇ ਦਫ਼ਤਰੋਂ ਆ ਕੇ ਦੁਪਹਿਰੇ ਜਦੋਂ ਫੁੱਫੜ ਜੀ ਖਾਣਾ ਖਾ ਰਹੇ ਸਨ, ਮੈਂ ਉਹਨਾਂ ਦੇ ਕੋਲ ਜਾ ਕੇ ਬੈਠ ਗਈ। "ਕਿਉਂ ਬੇਟਾ ਕੀ ਗੱਲ ਐ?" ਰੋਟੀ ਮੁਕਾ ਕੇ ਹੱਥ ਧੋਕੇ ਤੌਲੀਏ ਨਾਲ ਪੂੰਝਦਿਆਂ ਉਨ੍ਹਾਂ ਪੁੱਛਿਆ। ਮੈਂ ਰੋ ਪਈ।

"ਗੱਲ ਤਾਂ ਦੱਸ?" ਉਨ੍ਹਾਂ ਆਖਿਆ।

"ਮੈਂ ਵਿਆਹ ਨਹੀਂ ਕਰਨਾ" ਮੈਂ ਰੋਂਦੀ ਰੋਂਦੀ ਨੇ ਆਖਿਆ।

"ਕਿਉਂ?" ਉਨ੍ਹਾਂ ਹੈਰਾਨ ਹੋ ਕੇ ਪੁੱਛਿਆ।

ਹੋਰ ਕੋਈ ਜਵਾਬ ਮੈਨੂੰ ਨਾ ਅਹੁੜਿਆ ਏਨਾ ਹੀ ਆਖਿਆ "ਮੈਂ ਤੇ ਪੜ੍ਹਨਾ ਏ ਅਜੇ।"

"ਹੋ ਮੇਰਾ ਕਮਲਾ ਬੇਟਾ, ਤੈਨੂੰ ਕੌਣ ਆਖਦੈ ਬਈ ਨਾ ਪੜ੍ਹੀਂ।"

"ਪਰ ਮੈਂ ਵਿਆਹ ਨਹੀਂ ਕਰਨਾ" ਮੈਂ ਫਿਰ ਆਖਿਆ।

"ਦੇਖ ਬੇਟਾ ਤੈਨੂੰ ਪਤੈ ਜਿੱਥੇ ਤੇਰਾ ਪਸੀਨਾ ਡੁੱਲ੍ਹੇ ਅਸੀਂ ਆਪਣਾ ਖ਼ੂਨ ਡੋਲ੍ਹਣ ਨੂੰ ਤਿਆਰ ਹਾਂ। ਅਸੀਂ ਜੋ ਕਰਾਂਗੇ ਤੇਰੀ ਬੇਹਤਰੀ ਲਈ ਕਰਾਂਗੇ। ਤੂੰ ਕਿਉਂ ਪਰੇਸ਼ਾਨ ਹੁੰਨੀਐਂ, ਜੇ ਨਹੀਂ ਆਖੇਂਗੀ ਨਹੀਂ ਕਰਾਂਗੇ ਵਿਆਹ" ਉਨ੍ਹਾਂ ਆਖਿਆ।

ਮੈਂ ਅੱਖਾਂ ਪੂੰਝ ਲਈਆਂ। ਮਣਾਂ ਮੂੰਹੀ ਭਾਰ ਜਿਵੇਂ ਮੇਰੇ ਸਿਰ ਤੋਂ ਲਹਿ ਗਿਆ ਸੀ।

"ਆਪਣੀ ਬੇਜੀ ਨੂੰ ਬੁਲਾ" ਉਨ੍ਹਾਂ ਆਖਿਆ। ਮੈਂ ਸੋਚਿਆ ਇਹ ਬੇਜੀ ਨੂੰ ਵੀ ਆਖ ਦੇਣਗੇ ਬਈ ਆਪਾਂ ਦੀਪ ਦਾ ਵਿਆਹ ਨਹੀਂ ਕਰਦੇ। ਮੈਂ ਜਾ ਕੇ ਘੀ ਤੱਤਾ ਕਰ ਰਹੇ ਬੇਜੀ ਨੂੰ ਸੱਦ ਲਿਆਈ।

"ਛੋਟਿਓ ਅੱਜ ਦਫ਼ਤਰ ਵਿਚ ਉਸ ਲੜਕੇ ਦਾ ਫ਼ੋਨ ਆਇਆ ਸੀ" ਉਨ੍ਹਾਂ ਬੇਜੀ ਨੂੰ ਦੱਸਿਆ।

"ਕਿਹੜੇ ਲੜਕੇ ਦਾ? ਅੱਛਾ ਉਸੇ ਦਾ?" ਬੇਜੀ ਨੇ ਕਾਹਲੇ ਪੈ ਕੇ ਪੁੱਛਿਆ।

"ਹਾਂ"

"ਕੀ ਆਖਦਾ ਸੀ?"

"ਆਖਦਾ ਸੀ ਮੇਰੇ ਮਾਂ ਬਾਪ ਨੇ ਜੋ ਕੀਤਾ ਉਸ ਦੀ ਮੈਂ ਮੁਆਫ਼ੀ ਮੰਗਦਾਂ, ਸ਼ਾਦੀ ਮੈਂ ਤੁਹਾਡੇ ਘਰ ਹੀ ਕਰਾਂਗਾ।"

"ਫੇਰ ਤੁਸੀਂ ਕੀ ਆਖਿਆ?"

"ਮੈਂ ਆਖਿਆ ਅਸੀਂ ਗੱਲ ਹੋਰ ਥਾਂ ਪੱਕੀ ਕਰ ਲਈਐ ਹੁਣ ਮੁਸ਼ਕਲ ਐ।"

"ਫੇਰ?"

ਫੇਰ ਆਖਣ ਲੱਗਿਆ "ਮੈਂ ਤੁਹਾਡੀ ਮਿੰਨਤ ਕਰਦਾਂ, ਮੇਰੇ ਮਾਂ ਬਾਪ ਜਿੱਥੇ ਮਰਜ਼ੀ ਰਹਿਣ, ਤੁਸੀਂ ਜਿਸ ਦਿਨ ਆਖੋਗੇ ਮੈਂ ਇਕੱਲਾ ਆ ਕੇ ਵਿਆਹ ਕੇ ਲੈ ਜਾਵਾਂਗਾ।"

"ਲੈ ਹੈਂ ਇਹ ਕੋਈ ਗੁੱਡੇ ਗੁੱਡੀ ਦੀ ਖੇਡ ਐ, ਕਦੇ ਜੀ ਪੈ ਚਿੜੀਏ, ਕਦੇ ਮਰਜਾ ਚਿੜੀਏ। ਤੁਸੀਂ ਉਸਨੂੰ ਸਾਫ਼ ਜਵਾਬ ਦੇ ਦੇਣਾ ਸੀ" ਬੇਜੀ ਗੁੱਸੇ ਨਾਲ ਆਖ ਰਹੇ ਸਨ।



Scanned by CamScanner

"ਕਿਉਂ ਬੇਟਾ ਤੇਰਾ ਕੀ ਖਿਆਲ ਐ ?" ਫੁੱਫੜ ਜੀ ਨੇ ਮੈਨੂੰ ਪੁੱਛਿਆ।

ਮੈਂ ਮਨ ਵਿਚ ਉਸ ਬੰਦੇ ਨੂੰ ਚਿਤਵਣਾ ਚਾਹਿਆ ਪਰ ਉਸ ਦੀ ਤਸਵੀਰ ਹੁਣ ਤੱਕ ਬਦਰੰਗ ਹੋ ਚੁੱਕੀ ਸੀ। "ਮੈਂ ਤੇ ਕਿਤੇ ਵੀ ਵਿਆਹ ਨਹੀਂ ਕਰਵਾਣਾ" ਮੈਂ ਆਖਿਆ।

"ਤੁਸੀਂ ਛੱਡੋ ਜੀ ਇਹ ਗੱਲ, ਕੁੜੀਆਂ ਤਾਂ ਇਉਂ ਆਖਦੀਆਂ ਈ ਹੁੰਦੀਆਂ ਨੇ। ਧੀਆਂ ਤਾਂ ਰਾਜੇ ਰਾਣਿਆਂ ਤੋਂ ਘਰ ਨੀ ਰੱਖੀਆਂ ਗਈਆਂ। ਧੀ ਤਾਂ ਆਪਣੀ ਇੱਜ਼ਤ ਲੈ ਕੇ ਜਿੰਨੀ ਛੇਤੀ ਆਪਣੇ ਘਰ ਜਾਵੇ ਓਨਾ ਈ ਚੰਗਾ ਹੁੰਦੈ" ਬੇਜੀ ਆਖ ਰਹੇ ਸਨ।

"ਤੁਸੀਂ ਜੋ ਮਰਜ਼ੀ ਆਖੋ ਸਾਨੂੰ ਤਾਂ ਜਿਮੇਂ ਸਾਡੀ ਬੇਟੀ ਆਖੂ ਓਮੇਂ ਕਰਾਂਗੇ" ਆਖ ਫੁਫੜ ਜੀ ਨੇ ਗੱਲ ਮੁਕਾ ਦਿੱਤੀ।

"ਇਹ ਤਾਂ ਭਲਕੇ ਆਖੂ ਮੈਂ ਖੂਹ 'ਚ ਛਾਲ ਮਾਰਨੀਐ, ਤੁਸੀਂ ਇਹ ਥੋੜੇ ਆਖੋਗੇ, ਬਈ ਮਾਰਦੇ, ਇਹ ਤਾਂ ਕਮਲੀਐ, ਨਿਆਣੀਐਂ, ਏਸ ਨੂੰ ਅਜੇ ਭਲੇ ਬੁਰੇ ਦਾ ਕੀ ਪਤੈ। ਨਾਲੇ ਕੁੜੀਆਂ ਨੂੰ ਏਹੋ ਜੀਆਂ ਗੱਲਾਂ 'ਚ ਥੋੜੇ ਪੁੱਛੀਦੈ" ਬੇਜੀ ਦਲੀਲਾਂ ਦੇ ਰਹੇ ਸਨ।

"ਖੂਹ 'ਚ ਛਾਲ ਮਾਰਨ ਲਈ ਨਹੀਂ, ਸਾਡਾ ਬੇਟਾ ਆਖਦੈ ਮੈਂ ਅੱਗੇ ਪੜ੍ਹਨੈ" ਫੁੱਫੜ ਜੀ ਨੇ ਬੇਜੀ ਨੂੰ ਦੱਸਿਆ।

"ਪੜ੍ਹਨੈ ? ਕਦੇ ਕੁ ਤਾਂ ਇਹ ਆਖਦੀ ਸੀ ਮੈਂ ਪੜ੍ਹਨਾ ਈ ਨੀ....ਤੇ ਅੱਗੇ ਪੜ੍ਹਕੇ ਏਸ ਨੇ ਕੀ ਕਰਨੈ ?" ਬੇਜੀ ਨੇ ਤਿਉੜੀਆਂ ਪਾ ਕੇ ਪੁੱਛਿਆ।

"ਫੇਰ ਮੈਂ ਨੌਕਰੀ ਕਰ ਲਵਾਂਗੀ" ਬਿਨਾਂ ਸੋਚੇ ਸਮਝੇ ਮੈਂ ਆਖ ਦਿੱਤਾ।

"ਆਹੋ ਇਉਂ ਈ ਕਰੀਂ ਪਿਓ ਦਾਦੇ ਦਾ ਨਉਂ ਉੱਚਾ। ਲੋਕ ਜਾਣਨ ਤਾਂ ਸਹੀ ਬਈ ਸਰਦਾਰ ਹਜ਼ੂਰਾ ਸਿਉਂ ਦੀ ਪੋਤੀ ਨੌਕਰੀ ਕਰਦੀਐ। ਮਾਪਿਆਂ ਨੂੰ ਕਮਾ ਕੇ ਖੁਆਉਂਦੀਐ" ਬੇਜੀ ਨੇ ਖਿਝ ਕੇ ਆਖਿਆ।

ਇਨ੍ਹਾਂ ਦਿਨਾਂ ਵਿਚ ਸਕੂਲ ਵਿਚ ਵੀ ਮੇਰਾ ਜੀ ਉਖੜਿਆ ਉਖੜਿਆ ਰਹਿੰਦਾ। ਪੜ੍ਹਾਈ 'ਚ, ਖੇਡਾਂ 'ਚ, ਡੀਬੇਟਾਂ 'ਚ, ਡਰਾਮਿਆਂ 'ਚ ਸਭ ਤੋਂ ਅੱਗੇ ਰਹਿਣ ਵਾਲੀ ਤੇ ਪੱਲਾ ਭਰਕੇ ਇਨਾਮਾਂ ਦੇ ਲੈ ਕੇ ਜਾਣ ਵਾਲੀ ਮੈਂ ਓਦਰੀ ਜੀ ਤੁਰੀ ਫਿਰਦੀ ਰਹਿੰਦੀ। ਇਕ ਦਿਨ ਅਵਤਾਰ ਨੂੰ ਆਖਿਆ "ਅਵਤਾਰ ਸੁਣਿਐ, ਤੇਰੇ ਭਰਾ ਨੂੰ ਹੱਥ ਦੇਖਣਾ ਆਉਂਦੈ, ਮੇਰਾ ਹੱਥ ਦੇਖ ਕੇ ਤਾਂ ਦੱਸੇ ਮੈਂ ਹੋਰ ਕਿੰਨਾ ਕੁ ਪੜ੍ਹਾਂਗੀ" ਵਿਚੋਂ ਮੇਰਾ ਮਤਲਬ ਸੀ ਪਤਾ ਲੱਗੇ ਮੈਨੂੰ ਹਟਾ ਕੇ ਕਿਤੇ ਵਿਆਹ ਤਾਂ ਨੀ ਕਰ ਦੇਣਗੇ।

ਉਹ ਮੇਰੇ ਦੋਵੇਂ ਹੱਥਾਂ ਨੂੰ ਸਿਆਹੀ ਲਗਾ ਕੇ ਕਾਗਜ਼ ਤੇ ਛਪਾਕੇ ਲੈ ਗਈ। ਅਗਲੇ ਦਿਨ ਜੋ ਕੁੱਝ ਹਸਤ ਰੇਖਾਵਾਂ ਦੇਖ ਕੇ ਭਰਾ ਨੇ ਦੱਸਿਆ ਕਾਗਜ਼ ਤੇ ਲਿਖ ਲਿਆਈ। ਲਿਖਿਆ ਸੀ "ਉੱਚੀ ਵਿਦਿਆ ਪ੍ਰਾਪਤ ਕਰੇਂਗੀ। ਪ੍ਰਸਿੱਧੀ ਪ੍ਰਾਪਤ ਕਰੇਂਗੀ ਤੇ ਹੋਰ ਕਿੰਨਾ ਹੀ ਕੁਝ।"

"ਤੇਰਾ ਭਰਾ ਤਾਂ ਪਾਗਲੈ ਮੈਂ ਤਾਂ ਦਸਵੀਂ ਤੋਂ ਵੱਧ ਪੜ੍ਹਨਾ ਈ ਨੀ" ਮੈਂ ਅਵਤਾਰ ਨੂੰ ਦੱਸਿਆ।

"ਪਰ ਉਹਨੇ ਤਾਂ ਤੇਰੇ ਹੱਥਾਂ ਦੀਆਂ ਲਕੀਰਾਂ ਦੇਖ ਕੇ ਦੱਸਿਐ" ਉਹ ਬੋਲੀ।

"ਹੱਥਾਂ ਦੀਆਂ ਲਕੀਰਾਂ ਮਿਟ ਵੀ ਤਾਂ ਜਾਂਦੀਆਂ ਹੋਣਗੀਆਂ ਤੇ ਬਦਲ ਵੀ ਤਾਂ ਜਾਂਦੀਆਂ ਹੋਣਗੀਆਂ ?" ਮੈਂ ਪੁੱਛਿਆ।

"ਹਾਂ ਮਿਟ ਵੀ ਜਾਂਦੀਆਂ ਨੇ ਤੇ ਬਦਲ ਵੀ ਜਾਂਦੀਆਂ ਨੇ ਪਰ ਤੇਰੀਆਂ ਨਹੀਂ



Scanned by CamScanner

ਬਦਲਣ ਲੱਗੀਆਂ, ਜਾ ਮਿਟਣ ਲੱਗੀਆਂ। ਗੁਰਪਰਤਾਪ ਆਖਦਾ ਸੀ ਬੜੀਆਂ ਗੂੜ੍ਹੀਆਂ ਲਾਈਨਾਂ ਨੇ" ਤੇ ਸ਼ਾਇਦ ਇਨ੍ਹਾਂ ਗੂੜ੍ਹੀਆਂ ਲਾਈਨਾਂ ਸਦਕਾ ਹੀ ਸੀ ਕਿ ਜਦੋਂ ਕਈ ਸਾਲ ਮਗਰੋਂ ਮੇਰਾ ਐਮ. ਏ. ਦਾ ਰਿਜ਼ਲਟ ਨਿਕਲਿਆ ਮੈਂ ਪ੍ਰੋਫੈਸਰ ਪ੍ਰੀਤਮ ਸਿੰਘ ਹੋਰਾਂ ਤੋਂ ਕਰੈਕਟਰ ਸਰਟੀਫੀਕੇਟ ਲੈਣ ਗਈ। ਪ੍ਰੋਫੈਸਰ ਪ੍ਰੀਤਮ ਸਿੰਘ ਹੋਰਾਂ ਦੀ ਲਿਆਕਤ ਤੇ ਦਾਨਾਈ ਨੇ ਮੈਨੂੰ ਹਮੇਸ਼ਾ ਹੀ ਪ੍ਰਭਾਵਤ ਕੀਤਾ ਹੈ ਤੇ ਸੋਚਿਆ ਅੱਜ ਪ੍ਰੋਫੈਸਰ ਪ੍ਰੀਤਮ ਸਿੰਘ ਵੀ ਪਰਭਾਵਤ ਹੋਣਗੇ ਕਿਉਂਕਿ ਮੈਂ ਯੂਨੀਵਰਸਿਟੀ ਵਿਚੋਂ ਅੱਵਲ ਰਹੀ ਸੀ। ਉਨ੍ਹਾਂ ਨੇ ਚੰਗਾ ਸਰਟੀਫਿਕੇਟ ਲਿਖ ਦਿੱਤਾ ਪਰ ਸਭ ਤੋਂ ਹੇਠਾਂ ਅਖੀਰਲੇ ਫ਼ਿਕਰੇ ਵਿਚ ਲਿਖ ਦਿੱਤਾ She can do much more in life than getting mere destinctions.....ਸ਼ੀ ਕੈਨ ਡੂ ਮੱਚ ਮੋਰ ਇਨ ਲਾਈਫ ਦੈਨ ਗੈਟਿੰਗ ਮਿਅਰ ਡਿਸਟਿੰਕਸ਼ਨਜ਼....ਮੈਂ ਜਦੋਂ ਪੜ੍ਹਿਆ, ਹੈਰਾਨ ਹੋ ਕੇ ਉਨ੍ਹਾਂ ਦੇ ਮੂੰਹ ਵਲ ਝਾਕੀ ਕਿ ਇਨ੍ਹਾਂ ਨੇ ਮੈਨੂੰ ਇਹ ਵਰ ਦਿੱਤਾ ਏ ਕਿ ਸਰਾਪ?

## 17

ਗਰਮੀ ਦਾ ਮੌਸਮ ਸੀ। ਮੈਂ ਸਕੂਲੋਂ ਆਈ ਤਾਂ ਅੱਗੇ ਛੋਟੀ ਭੂਆ ਜੀ ਆਏ ਬੈਠੇ ਸਨ। ਮੇਰਾ ਦੇਖ ਕੇ ਜਿਵੇਂ ਤ੍ਰਾਹ ਨਿਕਲ ਗਿਆ। ਸਤਿ ਸ੍ਰੀ ਅਕਾਲ ਵੀ ਬੁਲਾਉਣੀ ਯਾਦ ਨਾ ਰਹੀ। ਸਿੱਧੀ ਆਪਣੇ ਕਮਰੇ ਵਿਚ ਚਲੀ ਗਈ।

ਭੂਆ ਜੀ ਉਠ ਕੇ ਮਗਰ ਆ ਗਏ।

"ਕੀ ਗੱਲ ਅਸੀਂ ਤੇਰੇ ਦੁਸ਼ਮਣ ਆਂ? ਕੀ ਜਾਂ ਅੰਮਾ ਨੇ ਸਖਾਤੀ? ਸਾਸਰੀਕਾਲ ਦਾ ਵੀ ਭਾ ਨੀ ਰਿਹਾ।"

ਮੈਂ ਕੋਈ ਉੱਤਰ ਨਹੀਂ ਦਿੱਤਾ।

"ਮੈਂ ਤਾਂ ਮੇਚ ਲੈਣ ਆਈਆਂ ਅਗਲਿਆਂ ਕੱਪੜੇ ਸੁਆਉਣੇ ਨੇ....."

"ਪਰ ਬੀਬੀ ਏਸ ਨੇ ਤਾਂ ਹਾਲੇ ਵਧਣਾ ਐ, ਉਮਰ ਈ ਕੀਐ, ਆਖ ਪੱਕੇ ਮੇਚੇ ਦੇ ਸੁਆ ਲੈਣ ਜਾ ਅਣਸੀਤੇ ਈ ਰਹਿਣ ਦੇਣ" ਪਿੱਛੋਂ ਆ ਗਏ ਬੇਜੀ ਨੇ ਮੇਰੀ ਥਾਂ ਉੱਤਰ ਦਿੱਤਾ।

ਭੂਆ ਜੀ ਮੇਰੇ ਕਮਰੇ ਵਿਚ ਕੁਰਸੀ ਉਤੇ ਬੈਠ ਗਏ। ਸ਼ਾਇਦ ਕੁਝ ਹੋਰ ਆਖਣਾ ਚਾਹੁੰਦੇ ਸੀ। ਮੈਂ ਤੌਲੀਆ ਲੈ ਕੇ ਗੁਸਲਖਾਨੇ ਵੱਲ ਨੂੰ ਤੁਰ ਗਈ। ਬਾਰ ਬੰਦ ਕਰਕੇ ਨਲਕਾ ਛੱਡ ਕੇ ਮੈਂ ਗੋਡਿਆਂ 'ਚ ਸਿਰ ਦੇਈ ਬੈਠੀ ਰੋਂਦੀ ਰਹੀ। ਮੈਂ ਕਿਉਂ ਰੋ ਰਹੀ ਸੀ, ਬਸ ਰੋਣਾ ਆ ਰਿਹਾ ਸੀ। ਕਿੰਨੇ ਚਿਰ ਮਗਰੋਂ ਮੂੰਹ ਮਾਂਹ ਧੋ ਕੇ ਮੈਂ ਬਾਹਰ ਆਈ, ਭੂਆ ਜੀ ਬੜੀਆਂ ਕੋਰੀਆਂ ਅੱਖਾਂ ਨਾਲ ਮੇਰੇ ਵੱਲ ਤੱਕ ਰਹੇ ਸਨ।

ਭੂਆ ਜੀ ਅਗਲੇ ਦਿਨ ਚਲੇ ਗਏ ਪਰ ਘਰ ਦਾ ਜਿਵੇਂ ਅਮਨ ਚੈਨ ਭੰਗ ਹੋ ਗਿਆ ਸੀ। ਹੁਣ ਘਰ ਵਿਚ ਇਕ ਹਫੜਾ ਦਫੜੀ ਮੱਚੀ ਰਹਿੰਦੀ। ਸ਼ਾਲ ਬਣਵਾਣ ਲਈ ਘਰ ਪਸ਼ਮੀਨਾ ਕਤਵਾਇਆ ਜਾ ਰਿਹਾ ਸੀ। ਸਿਲਮੇ ਸਿਤਾਰੇ ਵਾਲੀਆਂ ਜੁੱਤੀਆਂ ਕੱਢੀਆਂ ਜਾ ਰਹੀਆਂ ਸਨ। ਦਰਜ਼ੀ ਰੇਸ਼ਮੀ ਰਜਾਈਆਂ ਗਦੇਲੇ ਸੀਣ ਬੈਠ ਗਿਆ ਸੀ। ਸੀਧੇ ਪੱਤੇ ਦੀਆਂ ਬੋਰੀਆਂ ਆ ਰਹੀਆਂ ਸਨ। ਕੱਪੜੇ ਖ਼ਰੀਦੇ ਜਾ ਰਹੇ ਸਨ, ਗਹਿਣੇ ਪਸੰਦ ਕੀਤੇ ਜਾ ਰਹੇ ਸਨ। ਮਰਾਸਣਾਂ ਨੂੰ ਫੁਲਕਾਰੀਆਂ ਕੱਢਣੀਆਂ ਦੇ ਦਿੱਤੀਆਂ ਸਨ। ਕਿੰਨੀਆਂ ਹੀ



Scanned by CamScanner

ਕੁੜੀਆਂ ਚਿੜੀਆਂ ਸਿਲਾਈ ਕਢਾਈ ਦੇ ਕੰਮ ਕਰ ਰਹੀਆਂ ਸਨ। ਭਾਬੀ ਬਲਵੰਤ ਸੁਆਰ ਸੁਆਰ ਕੇ ਰੇਸ਼ਮੀ ਚੁੰਨੀਆਂ ਨੂੰ ਗੋਟੇ ਲਾ ਰਹੀ ਸੀ। ਇਸ ਸਾਰੇ ਰਾਮ ਰੌਲੇ ਵਿਚ ਮੈਂ ਚੁੱਪ ਚਾਪ ਸਕੂਲ ਜਾਂਦੀ, ਸਕੂਲੋਂ ਆ ਜਾਂਦੀ, ਜਿਵੇਂ ਇਸ ਸਭ ਕਾਸੇ ਦਾ ਮੇਰੇ ਨਾਲ ਕੋਈ ਵਾਸਤਾ ਨਹੀਂ ਸੀ।

ਕੁਝ ਹੀ ਦਿਨਾਂ ਵਿਚ ਨਵੀਆਂ ਪੇਟੀਆਂ ਬਣ ਗਈਆਂ। ਸਮਾਨ ਨਾਲ ਘਰ ਭਰ ਗਿਆ। ਬਕਸਿਆਂ ਦੀਆਂ ਲਾਈਨਾਂ ਲੱਗ ਗਈਆਂ। ਇਕ ਬਕਸੇ ਵਿਚ ਬੂਟ ਸੈਂਡਲ ਤੇ ਕੱਢਵੀਆਂ ਪੱਕੇ ਮੇਚੇ ਦੀਆਂ ਜੁੱਤੀਆਂ ਸਨ। ਇਕ ਵਿਚ ਕੱਢੀਆਂ ਹੋਈਆਂ ਰੇਸ਼ਮੀ ਚਾਦਰਾਂ, ਬੈਡਕਵਰ, ਮੇਜ਼ਪੋਸ਼, ਸਿਰਹਾਣੇ, ਗੱਦੀਆਂ, ਮੋਤੀਆਂ ਵਾਲੇ ਗਲਾਸਾਂ ਤੇ ਜੱਗ ਦੇ ਕਵਰ, ਟੀਕੋਜੀਆ ਆਦਿ ਸਨ। ਇਕ ਬਕਸਾ ਚਾਂਦੀ ਦੇ ਭਾਂਡਿਆ ਦਾ ਭਰਿਆ ਹੋਇਆ ਸੀ। ਦੂਸਰਾ ਸਟੀਲ ਦਿਆਂ ਦਾ। ਇਕ ਪੇਟੀ ਵਿਚ ਰਜਾਈਆਂ ਗਦੈਲੇ ਸਨ ਦੂਸਰੀ ਵਿਚ ਦਰੀਆਂ ਖੇਸ, ਚਤਹੀਆਂ, ਸਰਹਾਣੇ, ਪਰਦੇ। ਇਕ ਬਕਸੇ ਵਿਚ ਪੱਕੇ ਮੇਚੇ ਦੇ ਸੂਟ ਸਾੜ੍ਹੀਆਂ ਤੇ ਇਕ ਬਕਸੇ ਵਿਚ ਗਹਿਣਿਆਂ ਦੇ ਡੱਬੇ ਸਨ। ਬੇਜੀ ਚਾਈਂ ਚਾਈਂ ਸਾਰੀਆਂ ਚੀਜ਼ਾਂ ਸਭ ਨੂੰ ਵਿਖਾਉਂਦੇ ਸਨ।

ਗੁਰੂ ਮਹਾਰਾਜ ਪ੍ਰਕਾਸ਼ ਹੋ ਗਿਆ। ਕਾਰਡ ਛਪ ਗਏ ਸਨ। ਨਾ ਕੁਝ ਮੇਰੇ ਕੋਲੋਂ ਪੁੱਛਿਆ ਜਾਂਦਾ ਸੀ ਤੇ ਨਾ ਹੀ ਕੁਝ ਮੈਨੂੰ ਦੱਸਿਆ ਜਾਂਦਾ ਸੀ। ਮੇਲੇ ਜਿਹੇ 'ਚ ਮੈਂ ਗਵਾਚਿਆਂ ਵਾਂਗ ਫਿਰਦੀ ਰਹਿੰਦੀ। ਮੈਂ ਉਸੇ ਤਰ੍ਹਾਂ ਸਕੂਲ ਜਾਂਦੀ, ਸਕੂਲੋਂ ਆ ਕੇ ਆਪਣੇ ਕਮਰੇ 'ਚ ਬੈਠ ਕੇ ਕੋਈ ਨਾਵਲ ਪੜ੍ਹਨ ਲੱਗ ਜਾਂਦੀ। ਨਾਵਲ ਦੇ ਸੰਸਾਰ ਵਿਚ ਵਿਚਰਦੀ ਮੈਂ ਆਲੇ ਦੁਆਲੇ ਦੇ ਸੰਸਾਰ ਨੂੰ ਉੱਕਾ ਭੁੱਲ ਜਾਂਦੀ। ਘਰ ਵਿਚ ਜੋ ਕੁਝ ਹੋ ਰਿਹਾ ਸੀ ਉਸ ਨਾਲ ਜਿਵੇਂ ਮੇਰਾ ਕੋਈ ਵਾਸਤਾ ਨਹੀਂ ਸੀ।

ਫਿਰ ਵਿਆਹ ਦਾ ਦਿਨ ਵੀ ਆ ਗਿਆ। ਸਹੇਲੀਆਂ ਨੂੰ ਦੇਣ ਲਈ ਦਿੱਤੇ ਕਾਰਡ ਉਸੇ ਤਰ੍ਹਾਂ ਮੇਰੇ ਮੇਜ਼ ਤੇ ਪਏ ਸਨ। ਐਤਵਾਰ ਨੂੰ ਵਿਆਹ ਸੀ ਤੇ ਸ਼ਨਿਚਰਵਾਰ ਵੀ ਮੈਂ ਸਕੂਲ ਗਈ ਸੀ। ਸਕੂਲ ਵਿਚ ਕਿਸੇ ਨੂੰ ਕੁਝ ਪਤਾ ਨਹੀਂ ਸੀ।

ਸ਼ਨਿਚਰਵਾਰ ਘਰ ਵਿਚ ਬਹੁਤ ਸ਼ੋਰ ਸ਼ਰਾਬਾ ਸੀ: ਤੇ ਮੇਰਾ ਸਿਰ ਦੁਖਣ ਲੱਗ ਪਿਆ ਸੀ। ਐਸਪਰੋ ਦੀਆਂ ਦੋ ਗੋਲੀਆਂ ਲੈ ਕੇ ਮੈਂ ਸਮਾਨ ਵਾਲੇ ਅੰਦਰ ਜਾ ਕੇ ਚਾਰੇ ਪਾਸਿਆਂ ਤੋਂ ਕਮਰਾ ਬੰਦ ਕਮਰੇ ਪੱਖਾ ਲਾ ਕੇ ਪੈ ਗਈ ਸੀ। ਮੈਂ ਕੁਝ ਸੋਚਣ ਦੀ ਕੋਸ਼ਿਸ਼ ਵੀ ਕੀਤੀ, ਪਰ ਜਿਵੇਂ ਹੰਭ ਗਈ ਸੀ। ਕੁਝ ਵੀ ਸੋਚਿਆ ਨਹੀਂ ਸੀ ਜਾ ਰਿਹਾ। ਮੇਲਣਾਂ ਗੋਲਣਾਂ, ਕੁੜੀਆਂ ਚਿੜੀਆਂ ਨੇ ਮੈਨੂੰ ਲੱਭਣਾ ਚਾਹਿਆ, ਪਰ ਬੇਜੀ ਨੇ ਆਖ ਦਿੱਤਾ ਓਸ ਦਾ ਤਾਂ ਸਿਰ ਦੁਖਦੈ। ਪਰ ਬਲਵੰਤ ਭਾਬੀ ਬਾਰ ਖੜਕਾ ਕੇ ਅੰਦਰ ਲੰਘ ਗਈ।

"ਕਿਉਂ ਬੀਬੀ ਜੀ ਕੀ ਗੱਲ ਐ ?" ਉਸ ਨੇ ਹੱਸ ਕੇ ਪੁੱਛਿਆ।

"ਗੱਲ ਤਾਂ ਭਾਬੀ ਜੀ ਕੋਈ ਨਹੀਂ।"

"ਫਿਰ ਅੰਦਰ ਕਿਉਂ ਪੈਗੇ ਚੁੱਪ ਕਰਕੇ ?"

"ਸਿਰ ਦੁਖਦੈ।"

"ਪਰ ਸਿਰ ਕਿਉਂ ਦੁਖਦੈ ?"

"ਪਤਾ ਨੀ।"

"ਪਰ ਬੀਬੀ ਜੀ ਮੈਂ ਥੋਨੂੰ ਦੱਸਾਂ ਥੋਡੇ ਭਰਾ ਜੀ ਤਾਂ ਬਲਾਈ ਗੁੱਸੇ ਹੁੰਦੇ ਸੀ ਅਖੇ



Scanned by CamScanner

ਬੇਬੇ ਜੀ ਹੋਰਾਂ ਨੇ ਨਾ ਕਿਸੇ ਨੂੰ ਪੁੱਛਿਆ, ਨਾ ਦੱਸਿਆ, ਚੁੱਪ ਕਰਕੇ ਆਪੇ ਈ ਸਾਕ ਕਰਤਾ। ਕੁਸ਼ ਦੇਖਦੇ ਭਾਲਦੇ ਤਾਂ ਸਹੀ। ਜਦੋਂ ਦਾ ਪਤਾ ਲੱਗਿਐ ਸੱਚੀ ਗੱਲ ਐ ਸਾਨੂੰ ਤਾਂ ਰੋਟੀ ਕਿਹੜਾ ਸੁਆਦ ਲੱਗੀਐ। ਚਰਨੀ ਦਸਦਾ ਸੀ, ਗਿਆ ਹੋਣੈ ਸ਼ਗਨ ਪਉਣ ਨਾਲ, ਅਖੇ ਬਹੁਤ ਗਲਤ ਕਰ ਰਹੇ ਨੇ ਸਾਰੇ ਜਣੇ" ਭਾਬੀ ਪਤਾ ਨਹੀਂ ਕੀ ਕੁਝ ਆਖੀ ਜਾ ਰਹੀ ਸੀ।

"ਕੀ ਹੋ ਗਿਆ ?" ਮੈਂ ਬੇਹਿਸ ਜੇਹੀ ਆਵਾਜ਼ 'ਚ ਪੁੱਛਿਆ।

"ਭਾਮੇਂ ਕੁਸ਼ ਨਾ ਹੋਇਆ ਹੋਵੇ ਦੇਖੋ ਨਾ ਬੀਬੀ ਜੀ ਰਿਸ਼ਤਾ ਕਰਨ ਵੇਲੇ ਆਪਾਂ ਸੌ ਪੁੱਛ ਪੜਤਾਲ ਕਰਦੇਆਂ, ਇਹ ਕੋਈ ਛੋਟੀ ਜੀ ਗੱਲ ਤਾਂ ਹੁੰਦੀ ਨੀ।" ਭਾਬੀ ਪਤਾ ਨਹੀਂ ਕੀ ਉੱਘ ਦੀਆਂ ਪਤਾਲ ਮਾਰੀ ਜਾਂਦੀ ਸੀ, ਮੈਨੂੰ ਕੱਖ ਸਮਝ ਨਹੀਂ ਸੀ ਆ ਰਹੀ। ਬਾਰ ਖੁੱਲ੍ਹਾ ਦੇਖ ਮਾਮੀ ਵੀ ਅੰਦਰ ਆ ਗਈ। "ਰਾਜੀ ਐਂ ਦਲੀਪਕੁਰੇ ? ਢਿੱਲੀ ਜੀ ਦਿਸਦੀਐਂ ? ਰੱਬ ਤੈਨੂੰ ਘਰ ਦੇ ਭਾਗ ਲਾਵੇ। ਘਰ ਤਾਂ ਆਖਦੇ ਨੇ ਬਥੇਰਾ ਤਕੜਾ ਐ। ਤਕੜਾ ਘਰ ਤਾਂ ਏਨ੍ਹਾ ਨੇ ਫੇਰ ਦੇਖਣਾਈ ਸੀ। ਨਾਲੇ ਏਡੇ ਘਰ ਦੀ ਧੀ ਨੂੰ ਕਿਤੇ ਮਾੜੇ ਮੋਟੇ ਥਊਂ ਥੋੜ੍ਹੇਈ ਦੇਣ ਲੱਗੇ ਸੀ। ਤੇਰੀ ਬੀਬੀ ਬੁਸ ਬੁਸ ਕਰਦੀ ਸੀ ਬਈ ਸਾਨੂੰ ਕਿਸੇ ਨੂੰ ਪੁੱਛਿਆ ਦੱਸਿਆ ਈ ਨੀ। ਨਾਲੇ ਨਾਨਕਿਆਂ ਦਾ ਤਾਂ ਪੂਰਾ ਪੂਰਾ ਹੱਕ ਹੁੰਦੈ ਜਾਨਣ ਭਾਲਣ ਦਾ। ਪਰ ਪੜ੍ਹੇ ਲਿਖੇ ਨੇ ਸਾਨੂੰ ਪੇਂਡੂਆਂ ਨੂੰ ਪਤਾ ਵੀ ਕੀਐ। ਸਾਨੂੰ ਤਾਂ ਕਾਰਟ ਤੋਂ ਈ ਪਤਾ ਲੱਗਿਆ। ਚਲ ਉਹ ਜਾਣੇ ਸਿਰੋਂ ਭਾਰ ਲਹੂ। ਜ਼ਮੀਨ ਜਾਇਦਾਦ ਬਥੇਰੀ ਦਸਦੇ ਨੇ।"

ਮੈਨੂੰ ਕਿਸੇ ਦੀ ਵੀ ਗੱਲ ਵਿਚ ਕੋਈ ਦਿਲਚਸਪੀ ਨਹੀਂ ਸੀ। ਲੱਗਦਾ ਸੀ ਪਤਾ ਨਹੀਂ ਇਹ ਕਾਹਦੀਆਂ ਗੱਲਾਂ ਕਰੀ ਜਾਂਦੀਆਂ ਨੇ। ਚਰਨੀ ਸਾਡੇ ਨੌਕਰ ਨੂੰ ਪਤਾ ਨਹੀਂ ਕੀਹਨੇ ਕੀ ਆਖਿਆ ਸੀ ਤੇ ਉਹਨੇ ਆ ਕੇ ਪਤਾ ਨਹੀਂ ਕੀਹਨੂੰ ਕੀ, ਸਾਰੇ ਧੁਰ ਅੰਦਰ ਕਿਤੇ ਨਾ ਕਿਤੇ ਬੇਚੈਨ ਜਿਹੇ ਦਿਸਦੇ ਸਨ ਪਰ ਮੈਨੂੰ ਕਿਸੇ ਨੇ ਕੁਝ ਨਹੀਂ ਸੀ ਦੱਸਿਆ। ਦਾਦੀ ਮਾਂ ਇਕ ਦੋ ਵਾਰੀ ਬੌਂਦਲੀ ਜਿਹੀ ਅੰਦਰ ਆਈ ਬਿਨਾਂ ਕੁਝ ਆਖੇ ਸੁਣੇ ਪਰਤ ਗਈ।

"ਲਓ ਸੁਣ ਲੌ ਕੁੜੀ ਦਾ ਪਿਓ ਕਿਤੇ ਥਿਆਉਂਦਾ ਈ ਨੀ, ਪੀਈ ਪਿਆ ਹੋਣੈ ਕਿਤੇ" ਬੇਜੀ ਉੱਚੀ ਸਾਰੀ ਕਿਸੇ ਨੂੰ ਆਖ ਰਹੇ ਸਨ।

"ਤੁਸੀਂ ਸਾਰੇ ਹੈਗੇ ਓਸਦੀ ਥਊਂ ਓਸ ਨੂੰ ਕਾਹਦਾ ਫਿਕਰ ਐ" ਦਾਦੀ ਮਾਂ ਨੇ ਜਵਾਬ ਦਿੱਤਾ ਸੀ।

"ਉਹ ਤਾਂ ਮੱਚੀਓ ਸ਼ਰਾਬ ਪੀਈ ਗੁੱਟ ਹੋਏ ਪ੍ਰੇਮ ਸਿਉਂ ਦੇ ਕੋਠੇ 'ਚ ਖ਼ੂਹ ਤੇ ਪਏ ਨੇ। ਮੈਂ ਬਥੇਰਾ ਉਹਨਾਲ ਹਟਿਆ, ਆਖਿਆ ਘਰ ਬੀਬਾ ਦੀ ਬਰਾਤ ਆਉਣ ਵਾਲੀ ਐ, ਸਗੋਂ ਮੈਨੂੰ ਝਿੜਕ ਕੇ ਪਏ ਅਖੇ ਸਾਲਿਆ ਮੈਨੀ ਕਿਸੇ ਨੂੰ ਜਾਣਦਾ ਮੇਰੀ ਨੀ ਕੋਈ ਧੀ" ਬਚਨ ਉੱਚੀ ਉੱਚੀ ਹੱਸ ਕੇ ਦੱਸ ਗਿਆ ਸੀ।

"ਭਾਬੀ ਜੀ ਮੇਰਾ ਦਿਲ ਜਿਹਾ ਘਟ ਰਿਹੈ" ਮੈਂ ਬਲਵੰਤ ਭਾਬੀ ਨੂੰ ਆਖਿਆ ਸੀ।

"ਤੁਸੀਂ ਉਪਰ ਚੱਲ ਕੇ ਸਾਡੇ ਵਾਲੇ ਚੁਬਾਰੇ 'ਚ ਪੈਜੋ ਪੱਖਾ ਲਾ ਕੇ, ਚਲੋ ਮੈਂ ਨਾਲ ਚੱਲਦੀ ਆਂ, ਇਥੇ ਤਾਂ ਰੌਲਾ ਗੌਲਾ ਬੜਾ ਐ" ਭਾਬੀ ਨੇ ਕਿਹਾ।

ਮੈਂ ਉਪਰ ਚੁਬਾਰੇ 'ਚ ਜਾ ਕੇ ਪੈ ਗਈ। ਤੇ ਫਿਰ ਪਤਾ ਨਹੀਂ ਕਦੋਂ ਨੀਂਦ ਆ ਗਈ।



Scanned by CamScanner

ਅੱਧੀ ਕੁ ਰਾਤ ਤੇਜਾ ਸਿੰਘ (ਫੁਫੜ ਜੀ ਦੇ ਭਰਾ ਦੇ ਲੜਕੇ) ਭਰਾ ਜੀ ਦੀ ਵਹੁਟੀ ਹਰਨਾਮਕੁਰ ਨੇ ਮੇਰੀ ਬਾਂਹ ਫੜ ਕੇ ਹਲੂਣੀ ਤੇ ਆਖਿਆ "ਬੀਬਾ ਜੀ ਉਠੋ ਬਰਾਤ ਰੋਟੀ ਖਾ ਰਹੀ ਐ, ਲੜਕਾ ਤਾਂ ਦੇਖਲੋਂ ਬਲਾਈ ਸੁਹਣੈ" ਮੈਂ ਬੇਸੁਰਤੀ ਜਿਹੀ ਵਿਚ ਭਾਬੀ ਵੱਲ ਝਾਕੀ ਤੇ ਆਖਿਆ "ਨਹੀਂ ਭਾਬੀ ਜੀ ਮੇਰਾ ਸਿਰ ਦੁਖਦੈ।"

"ਮੈਂ ਘੁੱਟ ਦਿਆਂ ? ਬਾਮ ਲਾ ਦਿਆਂ ? ਕੋਈ ਗੋਲੀ ਪਤਾ ਕਰਾਂ ?" ਭਾਬੀ ਮੇਰੇ ਕੋਲ ਹੀ ਬੈਠ ਕੇ ਪੁੱਛ ਰਹੀ ਸੀ। ਮੇਰੀਆਂ ਅੱਖਾਂ ਭਰ ਆਈਆਂ।

ਮਾਂ ਵਰਗੀ ਭਾਬੀ ਨੇ ਮੈਨੂੰ ਬੁੱਕਲ ਵਿਚ ਲੈ ਲਿਆ ਤੇ ਬੋਲੀ "ਸਾਨੂੰ ਤਾਂ ਤੁਸੀਂ ਆਪਣੀ ਬੀਬਾ ਜਗਿੰਦਰ ਵਰਗੇਓ, ਇਹ ਨਾ ਸੋਚਿਓ ਬਈ ਮਾਮਾ ਜੀ ਸ਼ਰਾਬ ਪੀਂਦੇ, ਸਾਡੇ ਲਈ ਤਾਂ ਤੁਸੀਂ ਬਾਬਾ ਜੀ ਦੀ ਧੀਓ। ਅਸੀਂ ਤਾਂ ਧੰਨੀ ਭਾਵੇਂ ਉਹ ਪਤਾ ਨਹੀਂ ਕੌਣ ਸੀ ਬਸ ਬਾਬਾ ਜੀ ਹੋਰਾਂ ਕਰਕੇ ਅਸੀਂ ਓਸ ਨੂੰ ਬਾਬਾ ਜੀ ਦੀ ਧੀ ਹੀ ਮੰਨਿਆਂ।"

ਧੰਨੀ ਦੀ ਵੀ ਅਜੀਬ ਕਹਾਣੀ ਸੀ। ਕਹਿੰਦੇ ਨੇ ਜਦੋਂ ਫੁੱਫੜ ਜੀ ਕੋਤਵਾਲ ਸਨ ਇਕ ਜਨਾਨੀ ਨੇ ਰਿਪੋਰਟ ਕੀਤੀ ਕਿ ਉਹਦਾ ਆਦਮੀ ਕਿਸੇ ਦੀ ਕੁੜੀ ਚੁੱਕ ਲਿਆਇਆ ਹੈ। ਆਦਮੀ ਫੜ ਲਿਆ ਤੇ ਉਹ ਲੜਕੀ ਵੀ ਕੋਤਵਾਲੀ ਲੈ ਆਂਦੀ। ਪਤਾ ਲੱਗਿਆ ਕਿਸੇ ਪਹਾੜ ਤੇ ਉਹਦਾ ਘਰ ਸੀ, ਉਹਦੀ ਦਾਦੀ ਮਾਂ ਮਰ ਗਈ ਸੀ ਤੇ ਉਹਦੀ ਮਤਰੇਈ ਮਾਂ ਨੇ ਉਹਨੂੰ ਕਿਸੇ ਕੋਲ ਵੇਚ ਦਿੱਤਾ ਸੀ। ਉਸ ਆਦਮੀ ਨੇ ਅੱਗੋਂ ਕਿਸੇ ਹੋਰ ਨੂੰ ਵੇਚ ਦਿੱਤੀ ਸੀ। ਸਿਰੇ ਤੱਕ ਪਤਾ ਕੀਤਾ। ਹੁਣ ਤੱਕ ਉਹਦਾ ਪਿਓ ਵੀ ਮਰ ਗਿਆ ਹੋਇਆ ਸੀ, ਮਤ੍ਰੇਈ ਉਹਨੂੰ ਲੈਣ ਨੂੰ ਤਿਆਰ ਨਹੀਂ ਸੀ। ਜਿਸ ਆਦਮੀ ਨੇ ਖਰੀਦੀ ਸੀ ਉਹਦੀ ਘਰ ਵਾਲੀ ਫਸਾਦ ਖੜ੍ਹਾ ਕਰੀ ਬੈਠੀ ਸੀ। ਕੋਤਵਾਲੀ ਵਿਚ ਬੈਠੀ ਨੂੰ ਉਹਨੂੰ ਦਿਨ ਢਲ ਗਿਆ ਰਾਤ ਉਤਰ ਆਈ। ਛੇਆਂ ਸੱਤਾਂ ਵਰ੍ਹਿਆਂ ਦੀ ਉਹ ਬਾਲੜੀ ਅਜਨਬੀ ਲੋਕਾਂ ਦੇ ਮੂੰਹਾਂ ਵਲ ਵੇਖ ਰਹੀ ਸੀ। ਕੁਮਲਾਇਆ ਮੂੰਹ ਦੇਖ ਫੁੱਫੜ ਜੀ ਨੇ ਉਹਨੂੰ ਪੁੱਛਿਆ ਸੀ "ਭੁੱਖ ਲੱਗੀ ਐ?" ਉਸ ਨੇ 'ਹਾਂ' ਵਿਚ ਸਿਰ ਹਿਲਾਇਆ। ਫੁਫੜ ਜੀ ਨੇ ਇਕ ਸਿਪਾਹੀ ਨੂੰ ਆਖਿਆ "ਜਾਹ ਉਪਰ ਇਹਦੀ ਬੇਜੀ ਕੋਲ ਛੱਡ ਆ" ਉਹ ਉਪਰ ਬੇਜੀ ਕੋਲ ਛੱਡ ਗਿਆ। ਰੋਟੀ ਖਾ ਕੇ ਉਸ ਨੇ ਬੇਜੀ ਨੂੰ ਪੁਛਿਆ "ਤੁਸੀਂ ਮੇਰੇ ਬੇਜੀ ਓ"

"ਹਾਂ" ਬੇਜੀ ਨੇ ਆਖਿਆ ਤੇ ਨਾਲ ਹੀ ਦੱਸਿਆ ਦੂਜੇ ਤੇਰੇ ਵੱਡੇ ਬੇਜੀ ਨੇ। "ਤੇ ਹੇਠਾਂ ਤੇਰੇ ਬਾਪੂ ਜੀ ਨੇ ?" ਉਸ ਨੇ ਅਗਲੀ ਗੱਲ ਪੁੱਛੀ। ਬੇਜੀ ਨੇ ਮਜ਼ਾਕ ਨਾਲ ਆਖ ਦਿੱਤਾ ਹਾਂ ਉਹ ਤੇਰੇ ਬਾਪੂ ਜੀ ਨੇ ਪਰ ਉਸ ਅਭੋਲ ਯਤੀਮ ਪਹਾੜਨ ਕੁੜੀ ਨੂੰ ਮਜ਼ਾਕ ਨਹੀਂ ਇਹ ਸੱਚ ਲੱਗਿਆ ਸੀ ਤੇ ਫਿਰ ਉਹ ਬੇਜੀ, ਬੇਜੀ, ਬਾਪੂ ਜੀ ਬਾਪੂ ਜੀ ਕਰਦੀ ਉਸ ਘਰ ਨੂੰ ਆਪਣਾ ਸਮਝ ਮੇਰਾਂ ਕਰਨ ਲੱਗ ਪਈ। ਇਸ ਰਿਸ਼ਤੇ ਤੋਂ ਇਨਕਾਰੀ ਹੋ ਕੇ ਸੱਚ ਆਖ ਦੇਣ ਦਾ ਜਿਵੇਂ ਕਿਸੇ ਨੂੰ ਹੌਂਸਲਾ ਨਹੀਂ ਸੀ ਪੈਂਦਾ ਤੇ ਫਿਰ ਇਹੀ ਸੱਚ ਬਣ ਗਿਆ ਕਿ ਉਹ ਇਸ ਘਰ ਦੀ ਧੀ ਸੀ। ਇਸ ਘਰ ਦੀ ਧੀ ਵਾਂਗ ਹੀ ਬੜੇ ਤਕੜੇ ਘਰ ਪੁਲਿਸ ਸੁਪਰਡੰਟ ਧਾਲੀਵਾਲ ਦੇ ਸਾਲੇ ਨਾਲ ਉਸ ਦਾ ਵਿਆਹ ਹੋਇਆ।

ਤੇ ਫਿਰ ਆਖਦੇ ਨੇ ਉਹਦੇ ਸਹੁਰਿਆਂ ਨੇ, ਉਹਦੇ ਘਰ ਵਾਲੇ ਨੇ ਉਹਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਕਦੇ ਇਹ ਲਿਆ, ਕਦੇ ਔਹ ਲਿਆ ਅਖੇ ਉਹਨਾਂ ਹੋਰ ਕੀਹਨੂੰ ਦੇਣਾ ਐ। ਕੁਝ ਚਿਰ ਉਹ ਚੀਜ਼ਾਂ ਮੰਗ ਮੰਗ ਕੇ ਲੈ ਜਾਂਦੀ ਰਹੀ ਤੇ ਫੇਰ ਪਤਾ ਨਹੀਂ ਉਹਨੂੰ ਕੀ ਹੋ ਗਿਆ ਆਖਣ ਲੱਗੀ "ਮੈਂ ਆਪਣੇ ਮਾਪਿਆਂ ਦਾ ਘਰ ਢੋ ਢੋ ਕੇ ਉਹਨਾਂ ਦੇ ਘਰ



Scanned by CamScanner

ਕਿਉਂ ਸਿਟ ਦਿਆਂ ਜਿੱਥੇ ਮੈਂ ਰਹਿਣਾ ਈ ਨੀ" ਪਰ ਓਥੇ ਨੀ ਰਹੇਂਗੀ ਤਾਂ ਹੋਰ ਕਿੱਥੇ ਰਹੇਂਗੀ? ਬੇਜੀ ਨੇ ਖਿਝ ਕੇ ਆਖਿਆ ਸੀ। "ਮੈਂ ਓਥੇ ਰਹੂੰਗੀ ਨਾ ਏਥੇ ਰਹੂੰਗੀ? ਮੈਂ ਤਾਂ ਕਿਤੇ ਵੀ ਨੀ ਰਹਿਣਾ" ਬੇਜੀ ਦਸਦੇ ਸਨ ਪਤਾ ਨਹੀਂ ਕਿਹੜੀ ਚੰਦਰੀ ਘੜੀ ਮੂੰਹੋਂ ਕੱਢਿਆ, ਥਰੀਕੀ ਤਾਪ ਨਾਲ ਅਜਿਹੀ ਮੰਜੇ ਤੇ ਪਈ ਮੁੜ ਨੀ ਉਠੀ। ਤੇ ਇਉਂ ਧੰਨੀ ਇਸ ਘਰ 'ਚੋਂ ਆਪਣੀ ਕਹਾਣੀ ਮੁਕਾ ਗਈ ਸੀ ਜਿਸ ਨੂੰ ਯਾਦ ਕਰਕੇ ਅਜੇ ਤੱਕ ਬੇਜੀ ਰੋ ਪੈਂਦੇ ਨੇ। ਉਸੇ ਧੰਨੀ ਬਾਰੇ ਹਰਨਾਮਕੁਰ ਭਾਬੀ ਆਖ ਰਹੀ ਸੀ।

ਫਿਰ ਪਤਾ ਨਹੀਂ ਕਦੋਂ ਮੈਨੂੰ ਨੀਂਦ ਆ ਗਈ।

ਸਵੇਰੇ ਸਵੇਰੇ ਬੇਜੀ ਨੇ ਜਗਾਇਆ ਉਠ ਕੇ ਨਹਾ ਲੈ। ਨਹਾਉਣ ਲਈ ਜਦੋਂ ਗੁਸਲਖਾਨੇ ਵਿਚ ਜਾਣ ਲੱਗੀ ਤਾਂ ਬੇਜੀ ਨੇ ਪਿਆਜ਼ੀ ਰੰਗ ਦਾ ਸੂਟ ਨਾਲ ਗੋਟੇ ਵਾਲੀ ਚੁੰਨੀ ਫੜਾਉਂਦਿਆਂ ਆਖਿਆ "ਇਹ ਪਾ ਲੈ।"

"ਇਹ ਤਾਂ ਮੇਰੇ ਬਹੁਤ ਵੱਡਾ ਹੋਊ" ਸਲਵਾਰ ਆਪਣੇ ਲਾਕੇ ਬੇਜੀ ਨੂੰ ਵਿਖਾਉਂਦਿਆਂ ਮੈਂ ਆਖਿਆ।

ਹਾਂ ਵੱਡਾ ਸੀ ਸੂਟ। ਕੱਪੜੇ ਤਾਂ ਸਾਰੇ ਪੱਕੇ ਮੇਚੇ ਦੇ ਬਣੇ ਸਨ ਕਿਉਂਕਿ ਮੈਂ ਅਜੇ ਵਧਣਾ ਸੀ। "ਲਿਆ ਸਲਵਾਰ ਉੱਚੀ ਕਰ ਦਿਆਂ" ਬੇਜੀ ਨੇ ਸੂਟ ਵਾਪਸ ਫੜਦਿਆਂ ਆਖਿਆ।

"ਆਪਣੇ ਬਕਸ 'ਚੋਂ ਕੋਈ ਪਾ ਲੈਨੀ ਆਂ" ਆਖ ਮੈਂ ਆਪਣੇ ਸੂਟਾਂ ਵਿਚੋਂ ਇਕ ਜਾਮਨੀ ਰੰਗ ਦਾ ਸੂਟ ਕੱਢ ਕੇ ਨਹਾਉਣ ਚਲੀ ਗਈ।

ਨਹਾ ਕੇ ਆਈ ਸ਼ੀਸ਼ੇ ਅੱਗੇ ਵਾਲ ਵਾਹੁਣ ਲੱਗੀ। ਭੂਆ ਜੀ ਨੇ ਕੁਝ ਗਹਿਣਿਆਂ ਦੇ ਡੱਬੇ ਕੋਲ ਲਿਆ ਕੇ ਰੱਖ ਦਿੱਤੇ। "ਤੂੰ ਪਵਾ ਦੇ" ਬਲਵੰਤ ਭਾਬੀ ਨੂੰ ਇਹ ਆਖ ਕੇ ਉਹ ਆਪ ਬਾਹਰ ਚਲੇ ਗਏ।

"ਪਉਣੇ ਨੇ ਬੀਬਾ?" ਭਾਬੀ ਨੇ ਪੁੱਛਿਆ। ਮੈਂ ਨਾਂਹ ਵਿਚ ਸਿਰ ਹਿਲਾ ਦਿੱਤਾ। "ਚੂੜੀਆਂ ਤਾਂ ਪਾ ਹੀ ਲਓ" ਭਾਬੀ ਨੇ ਚੂੜੀਆਂ ਡੱਬੇ ਵਿਚੋਂ ਕੱਢਦਿਆਂ ਆਖਿਆ।

ਫਿਰ ਭਾਬੀ ਨੇ ਮੇਰਾ ਹੱਥ ਫੜ ਚੂੜੀਆਂ ਪਾ ਦਿੱਤੀਆਂ। ਪਰ ਇਹ ਚੂੜੀਆਂ ਵੀ ਪੱਕੇ ਮੇਰੇ ਦੀਆਂ ਬਣੀਆਂ ਹੋਈਆਂ ਸਨ, ਮੇਰੀ ਕੂਹਣੀ ਤੋਂ ਵੀ ਉਪਰ ਤੱਕ ਚਲੀਆਂ ਗਈਆਂ। ਦੋ ਕੁ ਵਾਰੀ ਹੇਠਾਂ ਉਪਰ ਛਣਕਾ ਕੇ ਮੈਂ ਭਾਬੀ ਨੂੰ ਆਖਿਆ "ਮੇਰੇ ਮੇਚ ਦੀ ਕੋਈ ਚੀਜ਼ ਨਹੀਂ।" ਤੇ ਚੂੜੀਆਂ ਲਾਹ ਕੇ ਭਾਬੀ ਨੂੰ ਫੜਾ ਦਿੱਤੀਆਂ। ਉਸ ਨੇ ਉਸੇ ਡੱਬੇ ਵਿਚ ਰੱਖ ਦਿੱਤੀਆਂ ਜਿੱਥੋਂ ਕੱਢੀਆਂ ਸਨ।

ਬਲਵੰਤ ਭਾਬੀ ਕਿੰਨਾ ਚਿਰ ਮੇਰੇ ਲੱਕ ਤੋਂ ਥੱਲੇ ਤੱਕ ਪੈਂਦੇ ਭਾਰੇ ਵਾਲ ਵਾਹੁੰਦੀ ਰਹੀ ਤੇ ਨਾਲੇ ਅੱਖਾਂ 'ਚੋਂ ਹੰਝੂ ਕੇਰਦੀ ਰਹੀ।

"ਕੀ ਗੱਲ ਭਾਬੀ ਜੀ?" ਮੈਂ ਪੁੱਛਿਆ ਸੀ।

"ਕੋਈ ਗੱਲ ਨਹੀਂ" ਉਸ ਨੇ ਅੱਖਾਂ ਪੂੰਝ ਕੇ ਆਖਿਆ ਸੀ।

"ਰਘਬੀਰ ਭਰਾ ਜੀ ਕਿਥੇ ਨੇ?" ਮੈਂ ਪੁਛਿਆ। ਰਘਬੀਰ ਭਰਾ ਜੀ, ਵੱਡੇ ਬੇਜੀ ਦਾ ਭਾਣਜਾ ਸੀ, ਗਹਿਰ ਗੰਭੀਰ ਸਾਊ ਤੇ ਲੈਕ ਬੰਦਾ। ਨਾ ਸ਼ਰਾਬ ਪੀਂਦਾ ਸੀ, ਨਾ ਵਹੁਟੀ ਨਾਲ ਲੜਦਾ ਸੀ, ਨਾ ਮਾਂ ਬਾਪ ਦੇ ਕਹਿਣੇ ਤੋਂ ਬਾਹਰ ਸੀ। ਪੜ੍ਹ ਲਿਖ ਕੇ ਨੌਕਰੀ ਕਰ ਰਿਹਾ ਸੀ ਤੇ ਔਖੇ ਸੌਖੇ ਵੇਲੇ ਸਭ ਦੇ ਕੰਮ ਆਉਣ ਵਾਲਾ ਬੰਦਾ ਸੀ। ਮੈਨੂੰ ਔਖੇ ਤੋਂ ਔਖੇ ਸਵਾਲ



Scanned by CamScanner

ਰਘਬੀਰ ਭਰਾ ਜੀ ਸਮਝਾ ਦਿੰਦੇ ਸਨ। ਮਨ ਹੋਇਆ ਕੁਝ ਪੁੱਛਾਂ ਪਰ ਇਹ ਸਭ ਮੈਨੂੰ ਆਪ ਨੂੰ ਹੀ ਸਮਝ ਨਹੀਂ ਸੀ ਲੱਗ ਰਿਹਾ।

"ਉਹ ਤਾਂ ਪਿੰਡ ਗਿਐ। ਤਾਰ ਆਗੀ ਸੀ। ਸ਼ਾਇਦ ਉਹਦੀ ਵਹੁਟੀ ਬਿਮਾਰ ਐ। ਤਾਹੀਂ ਤਾਂ ਵਿਆਹ ਤੇ ਨੀ ਆਈ।"

"ਵਹੁਟੀ ਨੂੰ ਏਥੇ ਕੋਲ ਕਿਉਂ ਨੀ ਰਖਦੇ ਉਹ ?"

"ਉਹਦੀ ਭੈਣ ਐ ਨਾ ਬੀਬੀ ਪਿਰਤੋ, ਉਹ ਰੰਡੀ ਹੋਗੀ। ਨਿੱਕੇ ਨਿੱਕੇ ਜੁਆਕ ਨੇ, ਉਹਨਾਂ ਕੋਲ ਰਹਿੰਦੀ ਐ ਇਹਦੀ ਵਹੁਟੀ, ਤਾਂ ਹੀ ਤਾਂ ਹਰੇਕ ਵਾਰ ਐਤਵਾਰ ਉੱਥੇ ਜਾਂਦੈ। ਭਣੋਈਏ ਨੂੰ ਵੀ ਬਿਮਾਰ ਨੂੰ ਬਚਾਰਾ ਸੌ ਥਾਈਂ ਲਈ ਫਿਰਿਆ ਪਰ ਬਚਿਆ ਨਾ। ਹੁਣ ਭੈਣ ਲਈ ਦੇਖ ਲੈ ਏਨਾ ਕਰਦੈ।"

"ਤੇ ਭਾਬੀ ਜੀ ਥੋਡਾ ਭਰਾ ?"

"ਹੁਣ ਤਾਂ ਵੱਡਾ ਹੋ ਗਿਆ ਹੋਊ ਕੁਸ਼, ਪਰ ਤੁਹਾਡੇ ਭਰਾ ਜੀ ਮਿਲਣ ਨਹੀਂ ਨਾ ਦਿੰਦੇ" ਆਖਦੀ ਭਾਬੀ ਨੇ ਫੇਰ ਅੱਖਾਂ ਭਰ ਲਈਆਂ।

ਇੰਨੇ ਨੂੰ ਹਰਭਜਨ ਭਰਾ ਜੀ ਅੰਦਰ ਆਏ ਭਾਬੀ ਨੂੰ ਆਖਣ ਲੱਗੇ "ਆਜੋ ਬਾਹਰ ਬੀਬੀ ਨੂੰ ਵੀ ਲੈ ਆਓ।" ਬਾਹਰ ਅਜੇ ਮੂੰਹ ਹਨੇਰਾ ਸੀ। ਥੋੜ੍ਹੇ ਜਿਹੇ ਲੋਕ ਜਿਨ੍ਹਾਂ ਰਾਤ ਘੱਟ ਸ਼ਰਾਬ ਪੀਤੀ ਸੀ ਤੇ ਸਵੇਰੇ ਉਠ ਸਕੇ ਸਨ, ਵੇਹੜੇ ਵਿਚ ਸ਼ਾਮਿਆਨੇ ਹੇਠਾਂ ਗੁਰੂ ਮਹਾਰਾਜ ਅੱਗੇ ਬੈਠੇ ਸਨ।

ਭਾਬੀ ਮੇਰੀ ਬਾਂਹ ਫੜਕੇ ਉਥੋਂ ਤੱਕ ਲੈ ਗਈ। ਮੈਨੂੰ ਅੱਗੇ ਬੈਠਾ ਕੇ ਆਪ ਜ਼ਰਾ ਪਿੱਛੇ ਹੋ ਕੇ ਬੈਠ ਗਈ। ਸੱਜੇ ਪਾਸੇ ਮੇਰੇ ਬਰਾਬਰ ਕੌਣ ਬੈਠਾ ਸੀ ਮੈਂ ਉਧਰ ਝਾਕੀ ਨਹੀਂ। ਛੇਤੀ ਛੇਤੀ ਭਾਈ ਜੀ ਨੇ ਬੈਠਿਆਂ ਤੋਂ ਹੀ ਚਾਰ ਲਾਵਾਂ ਪੜ੍ਹ ਦਿੱਤੀਆਂ। ਉਸੇ ਤਰ੍ਹਾਂ ਬਾਂਹ ਤੋਂ ਫੜ ਕੇ ਭਾਬੀ ਮੈਨੂੰ ਉਠਾਲ ਕੇ ਅੰਦਰ ਲੈ ਆਈ।

"ਵਿਆਹ ਹੋਇਆ ਮੇਰੇ ਬਾਬਲਾ" ਰਾਗੀਆਂ ਨੇ ਜਦੋਂ ਉਚਾਰਿਆ ਮੈਨੂੰ ਅਜੀਬ ਜਿਹਾ ਲੱਗਿਆ। ਕੁੜੀਆਂ ਚਿੜੀਆਂ ਦਾ ਝੁਰਮਟ ਮੇਰੇ ਵੱਲ ਉਲਰਿਆ। ਪਰ ਮੈਂ ਨੀਵੀਂ ਪਾ ਕੇ ਉਹਨਾਂ ਦੇ ਕੋਲ ਦੀ ਲੰਘ ਕੇ ਆਪਣੇ ਕਮਰੇ ਵਿਚ ਆ ਗਈ।

ਚਾਹ ਦੇ ਦੋ ਕੱਪ ਭਾਬੀ ਲੈਣ ਚਲੀ ਗਈ। ਜਦੋਂ ਉਹ ਆਈ ਮੈਂ ਪਤਾ ਨਹੀਂ ਕਿਸ ਗੱਲੋਂ ਗੋਡਿਆਂ 'ਚ ਸਿਰ ਦੇਈ ਹੁਬਕੀਂ ਹੁਬਕੀਂ ਰੋ ਰਹੀ ਸੀ।

ਇਸ ਤੋਂ ਮਗਰੋਂ ਭਾਬੀ ਨੇ ਬਾਰ ਅੰਦਰੋਂ ਬੰਦ ਕਰ ਦਿੱਤਾ ਤੇ ਇੱਧਰ ਉੱਧਰ ਦੀਆਂ ਗੱਲਾਂ ਕਰਕੇ ਮੈਨੂੰ ਵਰਚਾਉਣ ਲੱਗੀ। ਕੁੱਝ ਚਿਰ ਮਗਰੋਂ ਮੈਂ ਭੁੱਲ ਹੀ ਗਈ ਕਿ ਮੈਂ ਰੋ ਰਹੀ ਸੀ ਜਾਂ ਕਿਉਂ ਰੋ ਰਹੀ ਸੀ।

ਕੁਝ ਚਿਰ ਮਗਰੋਂ ਭਾਬੀ ਜਦੋਂ ਮੇਰੇ ਬਿਸਤਰੇ ਤੇ ਪਈ ਸੌਂ ਗਈ ਤਾਂ ਮੈਂ ਉਠ ਕੇ ਸਕੂਲ ਦਾ ਕੰਮ ਕਰਨ ਲੱਗ ਪਈ।

ਦੁਪਹਿਰੇ ਭਾਬੀ ਕਮਰੇ ਵਿਚ ਹੀ ਮੇਰੀ ਤੇ ਆਪਣੀ ਰੋਟੀ ਲੈ ਆਈ। ਤੀਜੇ ਕੁ ਪਹਿਰ ਭੂਆ ਜੀ ਨੇ ਦਰਵਾਜ਼ਾ ਆ ਖੜਕਾਇਆ। "ਦੱਸੋ ?" ਮੈਂ ਬਾਰ ਖੋਲ੍ਹ ਕੇ ਕਿਹਾ।

"ਲੈ ਹੈ ਆਖੀਦੀਐ ਦੱਸੋ। ਉਧਰ ਤੁਰਨ ਦਾ ਵੇਲਾ ਹੋਇਆ ਪਿਐ।"

"ਕੋਈ ਨੀ ਬੀਬੀ ਸਭ ਕੁਸ਼ ਤਿਆਰ ਐ ਤੂੰ ਤੱਤੀ ਕਾਹਨੂੰ ਹੁੰਨੀ ਐਂ। ਏਹਨੇ ਕੀ ਕਰਨਾ ਸੀ" ਬੇਜੀ ਨੇ ਪਿੱਛਿਓਂ ਆ ਕੇ ਆਖਿਆ।



Scanned by CamScanner

ਘੰਟੇ ਕੁ ਮਗਰੋਂ ਬੇਜੀ ਭਾਬੀ ਤੇ ਘਰ ਦੇ ਬਾਕੀ ਸਾਰੇ ਜੀਅ ਭੂਆ ਜੀ ਦੇ ਨਾਲ ਮੈਨੂੰ ਫੁੱਲਾਂ ਨਾਲ ਲੱਦੀ ਕਾਰ ਵਿਚ ਬੈਠਾ ਗਏ। ਅਗਲੀ ਸੀਟ ਤੇ ਫੁਫੜ ਜੀ ਤੇ ਡਰਾਈਵਰ ਸਨ ਜਿਸ ਕਰਕੇ ਚੁੰਨੀ ਸਿਰ ਤੇ ਸੰਵਾਰ ਕੇ ਲੈਣ ਦੀ ਕੋਈ ਲੋੜ ਨਹੀਂ ਸੀ। ਇਕ ਪਾਸੇ ਮੇਰੀਆਂ ਚੀਜ਼ਾਂ ਸੰਭਾਲਦੀ ਸਿਆਮੋ ਨੈਣ ਆ ਬੈਠੀ।

"ਕਾਕੇ ਨੂੰ ਸੱਦੋ ?" ਵਿਚੋਂ ਕਿਸੇ ਨੇ ਕਿਹਾ।

"ਉਹ ਤਾਂ ਆਪਣੇ ਦੋਸਤਾਂ ਨਾਲ ਚਲਿਆ ਗਿਆ" ਕਿਸੇ ਨੇ ਆ ਕੇ ਦੱਸਿਆ।

"ਹੁਣ ਕੀ ਡਰ ਐ ਹੁਣ ਤਾਂ ਵਿਆਹ ਹੋ ਗਿਆ" ਵਿਚੋਂ ਕਿਸੇ ਨੇ ਮਜ਼ਾਕ ਕੀਤਾ।

"ਆਹੋ ਬਈ ਆਪੇ ਮਾਮੀ ਲੈ ਕੇ ਆਊ, ਬਚੋਲਣ ਜੋ ਹੋਈ, ਚੱਲ ਲੈਣ ਦੇ ਘਰ ਪੁੱਛਦੀਆਂ" ਭੂਆ ਜੀ ਆਖ ਰਹੇ ਸਨ।

ਕਾਰ ਜਦੋਂ ਤੁਰ ਗਈ, ਕਹਿੰਦੇ ਨੇ ਬਾਪੂ ਜੀ ਪੁੱਛਦੇ ਫਿਰਦੇ ਸਨ ਮੇਰੀ ਧੀ ਚਲੀ ਗਈ ? ਮੈਂ ਤਾਂ ਜਾਂਦੀ ਨੂੰ ਪਿਆਰ ਵੀ ਨਹੀਂ ਦਿੱਤਾ।

## 18

ਚੋਖੀ ਰਾਤ ਗਈ ਕਾਰ ਉਨ੍ਹਾਂ ਦੇ ਪਿੰਡ ਪਹੁੰਚੀ। ਇਕ ਹਵੇਲੀ ਦੇ ਵੇਹੜੇ 'ਚ ਜਾ ਰੁਕੀ। ਅੰਦਰ ਸੁਨੇਹਾ ਭੇਜ ਕੇ ਭੂਆ ਜੀ ਉਡੀਕਦੇ ਰਹੇ ਕੋਈ ਲੈਣ ਆਵੇਗਾ। ਕੁਝ ਚਿਰ ਮਗਰੋਂ ਇਕ ਉਦਾਸ ਜਿਹੀ ਅਧਖੜ ਜਨਾਨੀ ਤੇ ਨਾਲ ਪਮਾਲ ਵਾਲੀ ਉਹਦੀ ਨਣਦ ਤੇ ਇਕ ਦੋ ਲਾਗਣਾਂ ਤਖਣਾਂ ਆਈਆਂ।

"ਭਾਬੀ ਅੰਦਰਲੇ ਦਰਵਾਜ਼ੇ ਵਿਚੀਂ ਆ ਜੋ ਬਾਹਰਲੇ ਪਾਸੇ ਤਾਂ ਉਹ ਸਾਰੇ ਬੈਠੇ ਪੀਂਦੇ ਨੇ" ਭੂਆ ਜੀ ਦੀ ਨਣਦ ਦੀ ਥਾਂ ਵਿਆਹੀ, ਉਹ ਔਰਤ ਭੂਆ ਜੀ ਨੂੰ ਆਖ ਰਹੀ ਸੀ।

ਪਿਛਲੇ ਦਰਵਾਜ਼ੇ ਵਿਚੀਂ ਲੰਘਾ ਕੇ ਉਹ ਸਾਨੂੰ ਪਿਛਲੀਆਂ ਪੌੜੀਆਂ ਵਿਚੀਂ ਉਪਰ ਲੈ ਗਈਆਂ। ਸਜਿਆ ਹੋਇਆ ਕਮਰਾ ਸੀ। ਚੀਜ਼ਾਂ ਵਸਤਾਂ ਤੋਂ ਘਰ ਚੰਗਾ ਅਮੀਰ ਲਗਦਾ ਸੀ। ਘਰ ਦੀ ਮਾਲਕਣ ਰਸਮੀ ਹਾਲ ਚਾਲ ਪੁੱਛ ਕੇ ਹੇਠਾਂ ਉੱਤਰ ਗਈ ਤੇ ਜਾ ਕੇ ਮਠਿਆਈ ਦੀ ਪਲੇਟ ਤੇ ਚਾਹ ਭੇਜੀ।

"ਦੇਖ ਲੈ ਸਿਆਮੋ ਹੈ ਨੀ ਰਾਜ ਘਰ ?" ਭੂਆ ਜੀ ਚੀਜ਼ਾਂ ਵੱਲ ਹੱਥ ਕਰਕੇ ਸਿਆਮੋ ਨੈਣ ਦਾ ਧਿਆਲ ਦਵਾ ਰਹੇ ਸਨ ਤਾਂ ਜੋ ਉਹ ਵਾਪਸ ਜਾ ਕੇ ਦੱਸਣ ਵੇਲੇ ਖ਼ਿਆਲ ਰੱਖੇ।

"ਕੋਈ ਅੰਤ ਐ। ਬੜੇ ਦਾਦੇ ਦੀ ਪੋਤੀਐ ਭਾਈ ਰਾਜਾ ਘਰ ਤਾਂ ਹੋਣਾ ਈ ਤੀ" ਸਿਆਮੋ ਨੇ ਆਖਿਆ ਸੀ।

ਪਮਾਲ ਵਾਲੇ ਭੂਆ ਜੀ ਨੇ ਨੌਕਰਾਣੀ ਨੂੰ ਸੱਦ ਕੇ ਕਮਰੇ ਦੇ ਨਾਲ ਲੱਗਦੇ ਗੁਸਲਖਾਨੇ ਵਿਚ ਸਾਬਣ ਤੌਲੀਆ ਰਖਾ ਕੇ ਮੈਨੂੰ ਪੁੱਛਿਆ ਸੀ "ਹੱਥ ਮੂੰਹ ਧੋਣੈ ?" ਖਿਆਲ ਆਇਆ ਮੇਰਾ ਪਤਲਾ ਵਾਇਲ ਦਾ ਨਾਈਟ ਸੂਟ ਪਤਾ ਨੀ ਕਿਸੇ ਨੇ ਲਿਆਂਦੈ ਜਾਂ ਨਹੀਂ।

ਸਿਆਮੋ ਨੇ ਦੱਸਿਆ, ਰਾਤ ਨੂੰ ਪੌਣ ਵਾਲਾ ਪਤਲਾ ਸੂਟ ਬੇਜੀ ਨੇ ਮੇਕਅਪ ਵਾਲੇ ਸੂਟਕੇਸ ਵਿਚ ਪਾ ਦਿੱਤਾ ਸੀ, ਆਖਦੇ ਸੀ ਪਤਲੇ ਸੂਟ ਬਿਨਾਂ ਇਹਨੂੰ ਨੀਂਦ ਨਹੀਂ



Scanned by CamScanner

ਆਉਣੀ। ਪਰ ਸਮਾਨ ਦਾ ਤਾਂ ਕਮਰਾ ਭਰਿਆ ਪਿਆ ਸੀ। ਹੇਠਾਂ ਜਾ ਕੇ ਸਾਰੇ ਸਮਾਨ ਵਿਚੋਂ ਮੇਕਅਪ ਵਾਲਾ ਸੂਟਕੇਸ ਲੱਭਣਾ ਕਿਹੜਾ ਸੁਖਾਲਾ ਸੀ। ਫੇਰ ਵੀ ਪਮਾਲ ਵਾਲੇ ਭੂਆ ਜੀ ਸਿਆਮੋ ਨੂੰ ਹੇਠਾਂ ਲੈ ਗਏ।

ਚੋਖੀ ਦੇਰ ਮਗਰੋਂ ਉਹ ਬੈਗ ਲੱਭ ਕੇ ਉਪਰ ਲਿਆਈ "ਆਪਣੇ ਸਮਾਨ ਨਾਲ ਈ ਕਮਰਾ ਭਰ ਗਿਆ" ਉਹ ਭੂਆ ਜੀ ਨੂੰ ਆਖ ਰਹੀ ਸੀ।

"ਅਜੇ ਤਾਂ ਉਹ ਸਮਾਨ ਨੀ ਦੇਖਿਆ ਜਿਹੜਾ ਮੇਰੇ ਸਹੁਰੇ ਨੇ ਸਾਡੀ ਬੀਬੀ ਨੂੰ ਦਿੱਤਾ ਸੀ" ਭੂਆ ਜੀ ਨੇ ਸ਼ਾਨ ਨਾਲ ਆਖਿਆ ਤੇ ਫਿਰ ਉਦਾਸ ਜਿਹੇ ਹੋ ਕੇ ਆਖਣ ਲੱਗੇ, "ਬੀਬੀ ਸਾਡੀ ਬਚਾਰੀ ਨੂੰ ਵਰਤਣ ਦਾ ਹੁਕਮ ਨੀ ਸੀ। ਅੱਜ ਜੇ ਕਿਤੇ ਜਿਉਂਦੀ ਹੁੰਦੀ ਧਰਤੀ ਤੇ ਪੈਰ ਕਿਹੜਾ ਲੱਗਦਾ।"

ਮੂੰਹ ਹੱਥ ਧੋ ਕੇ ਮੈਂ ਵਾਇਲ ਦਾ ਸੂਟ ਪਾ ਲਿਆ। ਸ਼ੀਸ਼ੇ ਅੱਗੇ ਖੜੋਕੇ ਵਾਲ ਵਾਹੁੰਦੀ ਨੂੰ ਦੇਖ ਕੇ ਪਮਾਲ ਵਾਲੇ ਭੂਆ ਜੀ ਨੇ ਆਖਿਆ, "ਕਾਸ ਨਾਲ ਨਮ੍ਹਾਉਂਦੀ ਸੀ ਕੇਸੀਂ ਤੇਰੀ ਬੇਜੀ, ਬੜੇ ਲੰਮੇ ਨੇ ਵਾਲ ?" ਤੇ ਉਸੇ ਪਲ ਸ਼ੀਸ਼ੇ 'ਚ ਕਿਸੇ ਦੀ ਸ਼ਕਲ ਦਾ ਝਉਲਾ ਪਿਆ ਤੇ ਲੰਘ ਗਿਆ।

"ਬੀਬੀ ਜੀ ਬਾਪੂ ਜੀ ਸੀ ਕਾਕੇ ਦੇ, ਖਬਰਨੀ ਥੋਨੂੰ ਦੇਖਦੇ ਫਿਰਦੇ ਨੇ" ਭੂਆ ਜੀ ਨੇ ਪਮਾਲ ਵਾਲੇ ਭੂਆ ਜੀ ਨੂੰ ਆਖਿਆ।

ਪਮਾਲ ਵਾਲੇ ਭੂਆ ਜੀ ਜਿਵੇਂ ਤ੍ਰਭਕੇ, ਉਠੇ ਤੇ ਦਰਵਾਜ਼ਾ ਭੇੜ ਕੇ ਬਾਹਰ ਚਲੇ ਗਏ।

ਝੱਟ ਹੀ ਮਗਰੋਂ ਰੋਟੀ ਆ ਗਈ। ਮੈਨੂੰ ਭੁੱਖ ਨਹੀਂ ਸੀ। ਭੂਆ ਜੀ ਤੇ ਸਿਆਮੋ ਨੇ ਖਾ ਲਈ। ਫਿਰ ਦੁੱਧ ਦੇ ਗਿਲਾਸ ਆ ਗਏ। ਨੌਕਰਾਣੀ ਦੁੱਧ ਦੇ ਗਿਲਾਸ ਲਈ ਹੀ ਖੜ੍ਹੀ ਸੀ ਜਦੋਂ ਦਗੜ-ਦਗੜ ਕਰਦੇ ਬਾਹਰਲੀਆਂ ਪੌੜੀਆਂ ਤੋਂ ਕੁਝ ਬੰਦੇ ਕੋਠੇ ਤੇ ਚੜ੍ਹੇ ਤੇ ਨਾਲ ਵਾਲੇ ਚੁਬਾਰੇ ਵਿਚ ਸ਼ੋਰ ਜਿਹਾ ਹੋਇਆ।

"ਭਾਬੀ ਅੰਦਰੋਂ ਬਾਰ ਅੜਾ ਲਓ ਤੇ ਖੋਲ੍ਹਿਓ ਨਾ ਕਿਸੇ ਨੂੰ" ਆਖ ਪਮਾਲ ਵਾਲੇ ਭੂਆ ਜੀ ਬਾਹਰ ਚਲੇ ਗਏ।

ਬਾਹਰ ਬੜਾ ਘਮਸਾਣ ਪੈ ਰਿਹਾ ਸੀ। ਸ਼ਰਾਬ ਪੀਣ ਵਾਲਿਆਂ ਦੇ ਘਰਾਂ 'ਚ ਇਹੋ ਜੀਆਂ ਗੱਲਾਂ ਆਮ ਹੀ ਹੁੰਦੀਆਂ ਰਹਿੰਦੀਆਂ ਨੇ ਇਸ ਲਈ ਮੈਨੂੰ ਕੋਈ ਘਬਰਾਹਟ ਨਹੀਂ ਸੀ ਹੋ ਰਹੀ।

ਪਰ ਕੁਝ ਚਿਰ ਮਗਰੋਂ ਪਮਾਲ ਵਾਲੇ ਭੂਆ ਜੀ ਦੀ ਆਵਾਜ਼ ਸੁਣੀ "ਨਿੱਜ ਹੋਇਆ ਕੁੜੀ ਸੁਣ ਲੂਗੀ ਕੀ ਦੱਸੂ ਮਾਪਿਆਂ ਨੂੰ ਜਾ ਕੇ। ਮੇਰੇ ਧੌਲਿਆਂ ਦੀ ਤਾਂ ਲਾਜ ਰੱਖ ਮੈਂ ਤੇਰੇ ਮੂਹਰੇ ਹੱਥ ਬੰਨ੍ਹਦੀਆਂ।"

ਛੋਟੀ ਭੂਆ ਜੀ ਮੰਜੇ ਤੋਂ ਉਠ ਕੇ ਬੰਦ ਦਰਵਾਜ਼ੇ ਨਾਲ ਕੰਨ ਲਾ ਕੇ ਬਾਹਰਲੀਆਂ ਗੱਲਾਂ ਸੁਣਨ ਲੱਗੇ। ਪਰ ਕੰਨ ਲਾ ਕੇ ਗੱਲਾਂ ਸੁਣਨ ਦੀ ਲੋੜ ਹੀ ਨਹੀਂ ਸੀ ਗੱਲਾਂ ਤਾਂ ਮੈਨੂੰ ਵੀ ਸੁਣ ਰਹੀਆਂ ਸਨ। ਕੋਈ ਉੱਚੀ ਉੱਚੀ ਆਖ ਰਿਹਾ ਸੀ "ਮੈਂ ਨੀ ਕਿਸੇ ਸਾਲੇ ਤੋਂ ਡਰਦਾ। ਮੈਂ ਆਖਦਾਂ ਲੜਕੀ ਮੈਨੂੰ ਸਾਸਰੀਕਾਲ ਕਰਨ ਕਿਉਂ ਨਹੀਂ ਆਈ। ਜਦ ਮੈਂ ਆਖਦਾਂ ਓਹਨੂੰ ਭੇਜੋ, ਨਹੀਂ ਤਾਂ ਮੈਂ ਗੋਲੀ ਨਾਲ ਉਡਾ ਦੇਊਂ ਸਭ ਨੂੰ। ਸਿੱਟੋ ਸਾਰਾ ਸਾਮਾਨ ਬੀਹੀ 'ਚ ਸਾਨੂੰ ਨੀ ਕੁਸ਼ ਚਾਹੀਦਾ। ਨਹੀਂ ਤਾਂ ਹੁਣੇ ਮੇਰੇ ਘਰ 'ਚੋਂ ਬਾਹਰ ਨਿਕਲੋ ਸਭ।" ਤੇ ਫੇਰ ਬਾਹਰ ਦੋ ਤਿੰਨ ਬੰਦੂਕ ਦੇ ਫ਼ਾਇਰ ਹੋਏ।



Scanned by CamScanner

"ਇਹ ਤਾਂ ਸ਼ਰਾਬੀ ਲੜ ਰਹੇ ਨੇ ਆਪਸ ਵਿਚ" ਭੂਆ ਜੀ ਨੇ ਸਿਆਮੋ ਨੂੰ ਸੁਣਾ ਕੇ ਆਖਿਆ। ਉਸ ਘੜੀ ਮੈਨੂੰ ਯਾਦ ਆਇਆ ਬਾਪੂ ਜੀ ਨੇ ਮੈਨੂੰ ਪਸਤੌਲ ਚਲਾਣਾ ਵੀ ਸਿਖਾਇਆ ਹੋਇਐ ਤੇ ਬੰਦੂਕ ਚਲਾਣੀ ਵੀ, ਤੇ ਕਮਰੇ ਵਿਚ ਖੂੰਟੀ ਤੇ ਕਿਸੇ ਦਾ ਪਸਤੌਲ ਤੇ ਕਾਰਤੂਸਾਂ ਵਾਲੀ ਪੇਟੀ ਲਟਕ ਰਹੇ ਸਨ। ਉਸੇ ਵੇਲੇ ਮੈਨੂੰ ਇਹ ਵੀ ਯਾਦ ਆਇਆ ਮੈਂ ਬਿਨਾਂ ਕਾਠੀ ਤੋਂ ਘੋੜੇ ਤੇ ਬੈਠ ਕੇ ਵੀ ਉਹਨੂੰ ਸਰਪੱਟ ਦੌੜਾ ਸਕਦੀ ਹਾਂ।

"ਸਾਡਾ ਕਾਕਾ ਸਿਉਂ ਵੀ ਸ਼ਰਾਬ ਪੀ ਕੇ ਇਉਂ ਈ ਕਰਦੈ" ਭੂਆ ਜੀ ਨੇ ਗੱਲ ਰੋਲ ਦੇਣ ਲਈ ਸਿਆਮੋ ਨੂੰ ਆਖਿਆ।

"ਨਾ ਬੀਬੀ ਬਲਦੇਵ ਕੁਰੇ ਰੱਬ ਨੂੰ ਜਾਨ ਦੇਣੀ ਐ, ਦਲੀਪ ਕੁਰ ਦੇ ਬਾਪੂ ਜੀ ਨੇ ਕਦੇ ਏਹੋ ਜਾ ਕੁਸ਼ ਨੀ ਕੀਤਾ। ਸਤਿਆਮਾਨ ਸ਼ਰਾਬ ਜ਼ਰੂਰ ਪੀਂਦੇ, ਹੋਰ ਓਸ 'ਚ ਕੋਈ ਖੋਟ ਨੀ। ਧੀ ਭੈਣ ਦੀ ਇੱਜ਼ਤ ਦਾ ਸਾਂਝੀ, ਮਜਾਲ ਐ ਕੋਈ ਹੋਰ ਵੀ ਉੱਚੀ ਅੱਖ ਕਰਕੇ ਝਾਕਜੇ ਉਸ ਦੇ ਹੁੰਦਿਆਂ। ਓਹ ਤਾਂ ਦੇਵਤਾ ਬੰਦੈ, ਇਹ ਸ਼ਰਾਬ ਦਾ ਈ ਖਬਰਨੀ ਪਿਛਲੇ ਜਨਮ ਦਾ ਕਿੱਥੋਂ ਵੱਟਾ ਲਾਗਿਆ। ਓਸ ਦੀ ਕੀ ਰੀਸ ਕਰਲੂ ਕੋਈ। ਦਲਿਤਾਂ ਦੀ ਬੁੜ੍ਹੀ ਨੂੰ ਵੀ ਮਿਲੂ ਤਾਂ ਆਖੂ ਅੰਮਾ ਮੱਥਾ ਟੇਕਦਾਂ, ਹੋਰ ਗਰੀਬ ਗੁਰਬੇ ਦਾ ਐਨਾ ਖਿਆਲ ਰੱਖਦੈ ਮਾਰਕੇ...." ਸਿਆਮੋ ਆਖ ਰਹੀ ਸੀ।

ਕੁਝ ਚਿਰ ਮਗਰੋਂ ਟਿਕ ਟਿਕਾ ਹੋਏ ਤੋਂ ਘਰ ਦੀ ਮਾਲਕਣ ਸਰਦਾਰਨੀ ਤੇ ਪਮਾਲ ਵਾਲੇ ਭੂਆ ਜੀ ਮੱਲਕ ਮੱਲਕ ਉਪਰ ਆਏ। ਹੌਲੀ ਦੇ ਕੇ ਬਾਰ ਖੁਲ੍ਹਵਾਇਆ।

"ਦੀਪ ਜਾਗਦੀਐਂ ?" ਪਮਾਲ ਵਾਲੇ ਭੂਆ ਜੀ ਨੇ ਮੈਨੂੰ ਪਰਲੇ ਪਾਸੇ ਮੂੰਹ ਕਰੀ ਪਈ ਨੂੰ ਦੇਖ ਕੇ ਪੁੱਛਿਆ।

"ਕਾਕਾ ਜੀ ਕਿੱਥੇ ਨੇ ?" ਸਿਆਮੋ ਨੇ ਬੇਧਿਆਨੇ ਹੀ ਪੁੱਛ ਲਿਆ।

"ਉਹ ਤਾਂ ਪੈ ਗਿਆ ਹੋਊ ਕਿਸੇ ਦੇ ਘਰ ਜਾ ਕੇ। ਉਸ ਦਾ ਤਾਂ ਬਾਹਲਾਈ ਦਿਲ ਪਤਲਾ ਐ। ਜਦੋਂ ਉਸ ਦੇ ਬਾਪੂ ਜੀ ਲੜਦੇ ਝਗੜਦੇ ਨੇ ਕਿਸੇ ਨਾਲ, ਉਹ ਅੱਖ ਬਚਾ ਕੇ ਟਿੱਭ ਜਾਂਦੈ। ਹੁਣ ਤਾਂ ਕੱਲ੍ਹ ਨੂੰ ਈ ਥਿਆਊ ਉਹ ਕਿਤੇ" ਸਰਦਾਰਨੀ ਨੇ ਦੱਸਿਆ।

"ਹੈਂ, ਹੁਣ ਤਾਂ ਉਹ ਸੁੱਖ ਨਾਲ ਜੁਆਨ ਐ, ਅੱਗੋਂ ਰੋਕਿਆ ਕਰੇ ਆਪਣੇ ਬਾਪੂ ਜੀ ਨੂੰ ਥੋਨੂੰ ਵੀ ਸਗੋਂ ਤਪਾਉਂਦੈ" ਭੂਆ ਜੀ ਨੇ ਆਖਿਆ।

"ਰੋਕਣਾ ਕੀ ਐ ਓਸ ਦਾ ਤਾਂ ਜਮਾਈ ਕੁੜੀਆਂ ਵਰਗਾ ਜੀਐ। ਮੈਂ ਰੋਊਂ ਕਦੇ ਤਾਂ ਮੇਰੇ ਨਾਲ ਈ ਰੋਣ ਬੈਠਜੂ। ਛੋਟਾ ਹਾਲੇ ਤੇਜ ਐ। ਪਿਛੇਜੇ ਲੜ ਕੇ ਕਿਤੇ ਛੋਟੇ ਨੇ ਹਾਕੀ ਮਾਰੀ ਸਿਰ 'ਚ, ਕੰਘੇ ਦੇ ਦੋ ਦੰਦੇ ਟੁੱਟਗੇ ਸਿਰ ਦੇ ਵਿਚ ਈ, ਓਸ ਨੂੰ ਨੀ ਕੁਸ਼ ਆਖਿਆ ਗਿਆ, ਪਿਓ ਨੂੰ ਤਾਂ ਕੀ ਆਖੂ। ਸਤਿਆਮਾਨ ਬਹੁਤਾ ਈ ਸਾਊ ਐ" ਸਰਦਾਰਨੀ ਨੇ ਜਵਾਬ ਦਿੱਤਾ।

"ਐਊਂ ਕਰੋ ਹੇਠਲੇ ਕਮਰੇ 'ਚ ਚੱਲ ਰਹੋ। ਏਥੇ ਰਾਤ ਨੂੰ ਫੇਰ ਨਾ ਘਸਮਾਣ ਪਾਉਂਦੇ ਫਿਰਨ ਸ਼ਰਾਬੀਆਂ ਅੰਨ੍ਹਿਆਂ ਹੋਇਆ ਦਾ ਕੀ ਪਤਾ ਲਗਦੈ" ਪਮਾਲ ਵਾਲੇ ਭੂਆ ਜੀ ਨੇ ਆਖਿਆ।

"ਥੋਡਾ ਬੀਬੀ ਜੀ ਏਨਾ ਵੀ ਡਰ ਨੀ ?" ਭੂਆ ਜੀ ਨੇ ਪਮਾਲ ਵਾਲੇ ਭੂਆ ਜੀ ਨੂੰ ਕਿਹਾ।



Scanned by CamScanner

"ਸ਼ਰਾਬੀ ਹੋਇਆਂ ਨੂੰ ਹੁਣ ਕੀ ਪਤਾ ਲਗਦੈ। ਕੱਲ੍ਹ ਨੂੰ ਕਿਸੇ ਨੂੰ ਚਿੱਤ ਚੇਤੇ ਵੀ ਨੀ ਹੋਣਾ ਬਈ ਰਾਤ ਕੀ ਭੌਂਕੂ ਪਾਉਂਦੇ ਸੀ। ਹੇਠਾਂ ਈ ਚੱਲ ਰਹੋ।"

ਹੇਠਾਂ ਕਮਰੇ ਵਿਚ ਬਿਸਤਰੇ ਲੱਗੇ ਹੋਏ ਸਨ। ਵਕਤ ਇਕ ਤੋਂ ਉਤੇ ਟੱਪ ਗਿਆ ਸੀ। ਕੁਝ ਚਿਰ ਬੈਠ ਕੇ ਸਰਦਾਰਨੀ ਆਪਣੇ ਕਮਰੇ ਵਿਚ ਚਲੀ ਗਈ। ਸਿਆਮੋ ਸ਼ਾਇਦ ਇੰਨੀ ਦੇਰ ਤੱਕ ਜਾਗੀ ਨਹੀਂ ਸੀ ਕਦੇ ਉਹ ਝੱਟ ਹੀ ਸੌਂ ਗਈ। ਮੈਂ ਫਿਰ ਮੂੰਹ ਦੂਜੇ ਪਾਸੇ ਕੰਧ ਵੱਲ ਕਰਕੇ ਪੈ ਗਈ। ਪਮਾਲ ਵਾਲੇ ਭੂਆ ਜੀ ਇਕ ਵਾਰੀ ਉਠ ਕੇ ਬਾਹਰ ਫਿਰ ਤੁਰਕੇ ਦੇਖਕੇ ਆਏ। ਇੰਨੇ ਨੂੰ ਉਨ੍ਹਾਂ ਸਮਝਿਆ ਮੈਂ ਸੌਂ ਗਈ ਆਂ ਉਹ ਦਰਵਾਜ਼ਾ ਅੰਦਰੋਂ ਬੰਦ ਕਰਕੇ ਭੂਆ ਜੀ ਦੇ ਕੋਲ ਉਨ੍ਹਾਂ ਦੇ ਮੰਜੇ ਤੇ ਆ ਕੇ ਬੈਠ ਗਏ।

"ਬੀਬੀ ਜੀ ਜੇ ਦੀਪ ਦੇ ਪਿਓ ਨੂੰ ਤੇ ਫੁਫੜ ਨੂੰ ਸਾਰੀਆਂ ਗੱਲਾਂ ਦਾ ਪਤਾ ਲੱਗਿਆ ਮੈਨੂੰ ਤਾਂ ਜੀਊਂਦੀ ਨੀ ਛੱਡਣਾ" ਭੂਆ ਜੀ ਨੇ ਦਬਵੀਂ ਆਵਾਜ਼ ਵਿਚ ਪਮਾਲ ਵਾਲੇ ਭੂਆ ਜੀ ਨੂੰ ਆਖਿਆ।

"ਭਾਬੀ ਮੈਂ ਤੇਰੇ ਮੂਹਰੇ ਹੱਥ ਬੰਨ੍ਹਦੀਆਂ ਏਸ ਗੱਲ ਦੀ ਗਹਾਂ ਭਾਫ ਨਾ ਨਿਕਲੇ, ਤੂੰ ਕਹੇਂ ਤਾਂ ਮੈਂ ਤੇਰੇ ਪੈਰੀਂ ਝੋਨਾ ਧਰ ਦਿੰਨੀਆਂ। ਨਾਲੇ ਉਹ ਤਾਂ ਸ਼ਰਾਬੀ ਹੋਇਆ ਊਈਂ ਬਕਦਾ ਸੀ, ਉਸ ਨੂੰ ਕਿਹੜੀ ਸੁਰਤ ਸੀ।"

"ਲੈ ਜਾਣ ਦਿਓ ਬੀਬੀ ਜੀ ਕੌਣ ਕਹਿੰਦੈ ਸ਼ਰਾਬੀਆਂ ਨੂੰ ਸੁਰਤ ਹੀ ਨੀ ਹੁੰਦੀ। ਜੇ ਸੁਰਤ ਨੀ ਹੁੰਦੀ ਫੇਰ ਉਹ ਮਾਂ ਭੈਣ ਨੂੰ ਕਿਉਂ ਨੀ ਕੁਸ਼ ਆਖ ਦਿੰਦੇ?" ਥੋੜਾ ਖਿਆਲ ਐ ਉਹ ਇਹੀ ਭੁੱਲ ਗਏ ਬਈ ਵਿਆਹ ਉਨ੍ਹਾਂ ਦਾ ਹੋਇਐ ਜਾਂ ਉਨ੍ਹਾਂ ਦੇ ਮੁੰਡੇ ਦਾ?

"ਪਰ ਹੁਣ ਤਾਂ ਏਸ ਗੱਲ ਤੇ ਮਿੱਟੀ ਪਾਈਓ ਠੀਕਐ।"

"ਹੁਣ ਤਾਂ ਮਿੱਟੀ ਪੈਜੂ ਪਰ ਕੱਲ੍ਹ ਨੂੰ ਕੁੜੀ ਨੇ ਇਥੇ ਨੀ ਰਹਿਣਾ ਫੇਰ ਕਿਮੇ ਗੁਜ਼ਾਰਾ ਹੋਊ?" ਭੂਆ ਜੀ ਪੁੱਛ ਰਹੇ ਸਨ।

"ਅਜੇ ਸਾਲ ਦੋ ਸਾਲ ਨਹੀਂ ਲਿਆਮਾਂਗੇ। ਹੈ ਵੀ ਅਜੇ ਨਿਆਣੀ। ਏਨੇ ਨੂੰ ਕਰਾਂਗੇ ਕੋਈ ਹੀਲਾ। ਨਹੀਂ ਤਾਂ ਮੈਂ ਲੁਦੇਹਾਣੇ ਆਪਣੀ ਕੋਠੀ 'ਚ ਆਪਣੇ ਕੋਲ ਲੈਜੂੰ ਦੋਨਾਂ ਨੂੰ, ਛੱਡਦੀਓ ਨੀ ਏਥੇ।"

"ਪਰ ਇਉਂ ਬੀਬੀ ਜੀ ਤੁਸੀਂ ਕਦੋਂ ਕੁ ਤਾਈਂ ਰਾਖੀ ਬੈਠੇ ਰਹੋਗੇ। ਇਹ ਤਾਂ ਗੱਲ ਕਸੂਤੀਓ ਹੋਗੀ। ਉਹਨਾਂ ਨੂੰ ਪਤਾ ਲੱਗੂ ਤਾਂ ਮੇਰੇ ਝਾਟੇ ਨੂੰ ਚਿੰਬੜਨਗੇ।" ਭੂਆ ਜੀ ਬੋਲੇ।

"ਤੂੰ ਭਾਬੀ ਫ਼ਿਕਰ ਨਾ ਕਰ ਮੇਰਾ ਹੋਰ ਕੌਣ ਐ, ਨਾ ਧੀ ਨਾ ਪੁੱਤ, ਮੈਂ ਏਹਨਾਂ ਨੂੰ ਕੋਠੀਓ ਜਿਥੇ ਆਖਣਗੇ ਅੱਡ ਪਾਦੂੰ। ਘਰ ਦੀਆਂ ਬੱਸਾਂ ਨੇ ਏਸ ਬਹਾਨੇ ਕਾਕੇ ਨੂੰ ਕੰਮ ਤੇ ਲਾਦਾਂਗੇ। ਏਥੇ ਰਹਿਣਗੇ ਈ ਨੀ ਫੇਰ ਕਾਹਨੂੰ। ਮੈਂ ਤਾਂ ਬਥੇਰਾ ਆਖ ਹਟੀ ਬਈ ਗਹਾਂ ਪੜ੍ਹ ਲੈ, ਗਹਾਂ ਪੜ੍ਹ ਲੈ, ਪਰ ਛੋਟੇ ਨੇ ਤਾਂ ਬਾਰਮੀਂ ਪਾਸ ਕਰਲੀ, ਇਹ ਤਾਂ ਦਸਮੀਂ ਕਰਕੇ ਈ ਹਟ ਗਿਆ। ਨਾਲੇ ਮਾਵਾਂ ਤੋਂ ਬਾਹਰੇ ਬੱਚਿਆਂ ਦਾ ਕੌਣ ਏਨਾ ਖ਼ਿਆਲ ਕਰਦੈ। ਹੁੰਦੀ ਨਾ ਅੱਜ ਮਾਂ ਜੀਊਂਦੀ...."

ਗੱਲਾਂ ਹੋ ਰਹੀਆਂ ਸਨ, ਪਰ ਮੈਨੂੰ ਕੋਈ ਦਿਲਚਸਪੀ ਨਹੀਂ ਸੀ। ਪਤਾ ਨਹੀਂ ਕਦੋਂ ਨੀਂਦ ਆ ਗਈ।

ਸਵੇਰੇ ਭੂਆ ਜੀ ਨੇ ਜਗਾਇਆ, ਨੌਕਰ ਚਾਹ ਲਈ ਖੜ੍ਹਾ ਸੀ। ਨਹਾ ਕੇ ਕੱਲ੍ਹ ਵਾਲੇ ਹੀ ਕੱਪੜੇ ਮੈਂ ਫੇਰ ਪਾ ਲਏ। ਹੋਰ ਸਭ ਕੱਪੜੇ ਪੱਕੇ ਮੇਚੇ ਦੇ ਹੋਣ ਕਰਕੇ ਕੋਈ ਮੇਰੇ ਮੇਚ ਦਾ ਨਹੀਂ ਸੀ।



Scanned by CamScanner

ਭੂਆ ਜੀ ਚਾਹੁੰਦੇ ਸਨ ਇਨ੍ਹਾਂ ਨੂੰ ਪਤਾ ਲੱਗੇ ਕਿ ਰਾਤ ਵਾਲੀਆਂ ਗੱਲਾਂ ਦਾ ਉਨ੍ਹਾਂ ਬੁਰਾ ਮਨਾਇਆ ਹੈ ਇਸ ਲਈ ਉਨ੍ਹਾਂ ਨੇ ਫੁਫੜ ਜੀ ਨੂੰ ਬੁਲਾ ਕੇ ਆਖਿਆ ਛੇਤੀ ਵਾਪਸ ਚਲਣਾ ਐ। ਸਮਾਨ ਵਿਚੋਂ ਕੁਝ ਵੀ ਲੈ ਕੇ ਜਾਣ ਦੀ ਲੋੜ ਨਹੀਂ ਸੀ। ਸਿਰਫ਼ ਕੱਪੜਿਆਂ ਵਾਲਾ ਬਕਸ ਲੈ ਜਾਂਦਾ ਜਾ ਸਕਦਾ ਸੀ, ਪਰ ਉਹ ਵੀ ਕੀ ਕਰਨਾ ਸੀ, ਕੱਪੜੇ ਕਿਹੜਾ ਮੇਰੇ ਮੇਚ ਦੇ ਸਨ। ਤੁਰਨ ਤੋਂ ਪਹਿਲਾਂ ਭੂਆ ਜੀ ਨੇ ਸਾਰੀਆਂ ਚਾਬੀਆਂ ਦਾ ਗੁੱਛਾ ਸਿਆਮੋ ਤੋਂ ਲੈ ਕੇ ਪਮਾਲ ਵਾਲੇ ਭੂਆ ਜੀ ਨੂੰ ਇਹ ਆਖ ਕੇ ਫੜਾ ਦਿੱਤਾ ਕਿ ਨਾਲ ਲੈ ਜਾ ਕੇ ਕੀ ਕਰਨੈ ਵਾਧੂ ਭਾਰ। ਪਰ ਪਿਛੋਂ ਉਹਨਾਂ ਮੈਨੂੰ ਦੱਸਿਆ ਚਾਬੀਆਂ ਅਗਲਿਆਂ ਕੋਲ ਹੋਣਗੀਆਂ ਤਾਂ ਅਗਲਿਆਂ ਦੀ ਜ਼ਿੰਮੇਵਾਰੀ ਹੋਊ।

ਦੁਪਹਿਰ ਤੋਂ ਪਹਿਲਾਂ ਅਸੀਂ ਪਟਿਆਲੇ ਨੂੰ ਮੁੜ ਪਏ। ਕਾਰ ਵਿਚ ਉਸੇ ਤਰ੍ਹਾਂ ਪਿਛਲੀ ਸੀਟ ਉਤੇ ਮੈਂ, ਭੂਆ ਜੀ ਤੇ ਸਿਆਮੋ ਸੀ। ਅਗਲੀ ਸੀਟ ਉਤੇ ਫੁਫੜ ਜੀ ਤੇ ਡਰਾਈਵਰ।

## 19

ਸੋਮਵਾਰ ਨੂੰ ਇਕ ਦਿਨ ਗ਼ੈਰ-ਹਾਜ਼ਰ ਰਹਿਣ ਮਗਰੋਂ ਮੰਗਲਵਾਰ ਨੂੰ ਮੈਂ ਜਦੋਂ ਸਕੂਲ ਗਈ ਤਾਂ ਰਣਜੀਤ ਨਾਰਾਜ਼ ਸੀ ਅਖੇ "ਆਪਾਂ ਬਾਸਕਟਬਾਲ ਦੇ ਮੈਚ ਦੀ ਪਰੈਕਟਸ ਕਰਨੀ ਸੀ ਕੱਲ੍ਹ ਆਈ ਕਿਉਂ ਨਾ? ਐਸ ਵਾਰੀ ਆਪਾਂ ਗੁਰਬਖਸ਼ ਭੈਣ ਜੀ ਦੀ ਟੀਮ ਨੂੰ ਹਰਾ ਦੇਣੈ" ਮੈਂ ਜਦੋਂ ਕੋਈ ਉੱਤਰ ਨਾ ਦਿੱਤਾ ਤਾਂ ਆਪ ਹੀ ਮੇਰੇ ਮੂੰਹ ਵੱਲ ਤੱਕ ਕੇ ਬੋਲੀ "ਬਿਮਾਰ ਸੀ?" ਮੈਂ ਜਦੋਂ ਫਿਰ ਵੀ ਕੋਈ ਉੱਤਰ ਨਾ ਦਿੱਤਾ ਤਾਂ ਪੁੱਛਣ ਲੱਗੀ "ਨਾਰਾਜ਼ ਐਂ?"

ਇੰਨੇ ਨੂੰ ਸਾਹਮਣਿਓਂ ਕਸ਼ਮੀਰ ਆਉਂਦੀ ਦਿਸੀ। ਕੋਲ ਆ ਕੇ ਆਖਣ ਲੱਗੀ "ਤੁਹਾਡੇ ਘਰ ਕਿਸੇ ਦਾ ਵਿਆਹ ਸੀ? ਬੜੀਆਂ ਰੌਣਕਾਂ ਸੀ, ਅਸੀਂ ਭਦੌੜੀਆਂ ਵੱਲ ਗਏ ਸੀ ਰਾਹ 'ਚ ਦੇਖਿਆ ਬੜੇ ਸ਼ਮਿਆਨੇ ਸ਼ਮਿਊਨੇ ਲੱਗੇ ਹੋਏ ਸੀ ਥੋਡੀ ਕੋਠੀ ਮੂਹਰੇ?"

ਗੱਲ ਸੁਣ ਕੇ ਮੇਰਾ ਦਿਲ ਧੱਕ ਧੱਕ ਕਰਨ ਲੱਗ ਪਿਆ। ਮੂੰਹ ਸੁਕਦਾ ਪਰਤੀਤ ਹੋਇਆ। ਜਾ ਕੇ ਨਲਕੇ ਤੇ ਪਾਣੀ ਪੀਣ ਲੱਗ ਪਈ।

"ਮੈਂ ਸੋਚਿਆ ਕਿਤੇ ਤੇਰਾ ਈ ਵਿਆਹ ਹੋ ਰਿਹੈ?" ਹਰਬਖਸ਼ ਨੇ ਗੱਲ ਅਗਾਂਹ ਤੋਰੀ।

ਰਣਜੀਤ ਇਕ ਵਾਰੀ ਮੇਰੀ ਵਲ ਝਾਕੀ ਤੇ ਫਿਰ ਹਰਬਖਸ਼ ਨੂੰ ਖਿਝ ਕੇ ਪਈ "ਤੈਨੂੰ ਸਾਰਾ ਦਿਨ ਵਿਆਹਾਂ ਦੇ ਈ ਸੁਪਨੇ ਆਉਂਦੇ ਰਹਿੰਦੇ ਨੇ। ਇਹ ਤਾਂ ਬਿਮਾਰ ਸੀ। ਦਿਸਦਾ ਨੀ ਮੂੰਹ ਪੀਲਾ ਹੋਇਆ ਪਿਆ। ਵਿਆਹ ਨਾਲੇ ਕੋਈ ਐਉਂ ਈ ਹੋ ਜਾਂਦੇ ਨੇ।"

ਉਸ ਵੇਲੇ ਮੇਰਾ ਮਨ ਕਰੇ ਜੇ ਕਿਧਰੇ ਧਰਤੀ ਵਿਹਲ ਦੇ ਦੇਵੇ ਮੈਂ ਵਿਚੇ ਨਿਘਰ ਜਾਵਾਂ। ਨਾ ਮੈਂ ਹਰਬਖਸ਼ ਦੀ ਗੱਲ ਦਾ ਕੋਈ ਜਵਾਬ ਦੇ ਰਹੀ ਸੀ ਤੇ ਨਾ ਹੀ ਰਣਜੀਤ ਦੀ ਗੱਲ ਦਾ। ਮੈਂ ਸਿਰਫ਼ ਆਪਣੇ ਆਪ ਨੂੰ ਪੁੱਛ ਰਹੀ ਸੀ ਇਹ ਵਿਆਹ ਕੀ ਹੁੰਦੈ?

ਘਰ ਦੇ ਮਾਹੌਲ ਵਿਚ ਜਿਹੜਾ ਇਕ ਭੁਚਾਲ ਜਿਹਾ ਆਇਆ ਸੀ ਲੰਘ ਗਿਆ। ਘਰ ਦੀ ਜ਼ਿੰਦਗੀ ਫਿਰ ਉਸੇ ਰਊਂ, ਉਸੇ ਰਫ਼ਤਾਰ ਤੁਰਨ ਲੱਗੀ। ਬਸ ਜਿਵੇਂ ਕਿਸੇ ਨੇ



Scanned by CamScanner

ਤਲਾਬ ਦੇ ਖੜ੍ਹੇ ਪਾਣੀ ਵਿਚ ਪੱਥਰ ਵਗਾਹ ਮਾਰਿਆ ਹੋਵੇ। ਪਾਣੀ ਹਿੱਲਿਆ ਕੰਬਿਆ ਲਹਿਰਾਂ ਉਠੀਆਂ, ਕੰਢਿਆਂ ਨਾਲ ਟਕਰਾ ਕੇ ਸਹਿਜੇ ਸਹਿਜੇ ਪਰਤ ਗਈਆਂ। ਪਾਣੀ ਦੀ ਸਤ੍ਹਾ ਫਿਰ ਸਹਿਜ ਅਡੋਲ ਹੋ ਗਈ। ਪਰ ਧੁਰ ਥੱਲੇ ਤਹਿ ਵਿਚ ਪਿਆ ਪੱਥਰ ਇਕ ਹਕੀਕਤ ਸੀ ਤੇ ਮੇਰੇ ਮਨ ਨਾਲ ਹਰਤੇ ਕਰਤੇ ਟਕਰਾ ਜਾਂਦਾ। ਇਸ ਟਕਰਾਉਣ ਨਾਲ ਪਤਾ ਨਹੀਂ ਕੀ ਟੁੱਟ ਭੱਜ ਜਾਂਦਾ ਕਿ ਟੁੱਟੀਆਂ ਕੀਚਰਾਂ ਵੇਲੇ ਕੁਵੇਲੇ ਲਹੂ ਲੁਹਾਨ ਕਰ ਜਾਂਦੀਆਂ। ਪਰ ਇਹ ਸਭ ਕੁਝ ਨਾ ਕਿਸੇ ਨੂੰ ਦਿਸਦਾ ਸੀ ਨਾ ਸੁਣਦਾ ਸੀ।

ਬੜੇ ਦਿਨਾਂ ਮਗਰੋਂ ਗੁਰਬਖਸ਼ ਭੈਣ ਜੀ ਨੇ ਅੱਧੀ ਛੁਟੀ ਵੇਲੇ ਮੈਨੂੰ ਕੋਠੇ ਤੇ ਸੱਦਿਆ। ਜਦੋਂ ਮੈਂ ਗਈ ਉਨ੍ਹਾਂ ਨਾਵਲ ਪਰ੍ਹਾਂ ਰੱਖ ਕੇ ਮੈਨੂੰ ਕੋਲ ਬੈਠ ਜਾਣ ਨੂੰ ਆਖਿਆ। ਮੇਰਾ ਫੇਰ ਦਿਲ ਧੜਕਣ ਲੱਗ ਪਿਆ ਕਿ ਕਿਧਰੇ ਇਨ੍ਹਾਂ ਨੂੰ ਪਤਾ ਤਾਂ ਨਹੀਂ ਲੱਗ ਗਿਆ.....।

"ਤੇਰੀ ਤਬੀਅਤ ਤਾਂ ਠੀਕ ਐ ?" ਉਨ੍ਹਾਂ ਪੁੱਛਿਆ। ਪਤਾ ਨਹੀਂ ਉਨ੍ਹਾਂ ਦੇ ਇਹ ਪੁੱਛਣ ਤੇ ਮੈਨੂੰ ਰੋਣਾ ਕਿਉਂ ਆ ਗਿਆ। "ਤੂੰ ਤਾਂ ਬਹੁਤ ਅੱਛੀ ਲੜਕੀਐਂ। ਗੱਲ ਕੀ ਹੋ ਗਈ ?" ਉਨ੍ਹਾਂ ਮੇਰੇ ਮੋਢੇ ਤੇ ਹੱਥ ਰੱਖ ਕੇ ਪੁੱਛਿਆ। ਮੇਰੀਆਂ ਅੱਖਾਂ 'ਚੋਂ ਚੁਪ ਚਾਪ ਹੰਝੂ ਕਿਰਦੇ ਰਹੇ।

"ਤੇਰੀ ਸ਼ਾਦੀ ਹੋ ਗਈ ਨਾ ?"

ਮੈਂ ਹਾਂ ਵਿਚ ਸਿਰ ਹਿਲਾਇਆ।

"ਤਾਂ ਕੀ ਹੋ ਗਿਆ ਫੇਰ। ਸ਼ਾਦੀ ਤਾਂ ਸਾਰੀਆਂ ਲੜਕੀਆਂ ਦੀ ਈ ਹੋਣੀ ਹੁੰਦੀਐ। ਇਸ ਵਿਚ ਘਬਰਾਣ ਵਾਲੀ ਕਿਹੜੀ ਗੱਲ ਐ ?"

"ਮੈਂ ਤਾਂ ਪੜ੍ਹਨਾ ਸੀ" ਰੋਣ ਦਾ ਹੋਰ ਕੋਈ ਕਾਰਨ ਲੱਭਦਾ ਨਾ ਦੇਖ ਮੈਂ ਆਖਿਆ।

"ਠੀਕ ਐ, ਦਸਵੀਂ ਤੋਂ ਪਹਿਲਾਂ ਤਾਂ ਨੀ ਤੇਰੇ ਘਰਦੇ ਹਟਾਉਣ ਲੱਗੇ, ਏਸ ਦਾ ਮਤਲਬ ਐ ਦੋ ਸਾਲ ਤਾਂ ਤੂੰ ਹੋਰ ਪੜ੍ਹੇਂਗੀ ਈ ?"

"ਪਤਾ ਨੀ" ਮੈਂ ਆਖਿਆ।

"ਹੋਰ ਏਡੀ ਛੋਟੀ ਜੀ ਨੂੰ ਈ ਥੋੜ੍ਹੇ ਭੇਜ ਦੇਣਗੇ ਸਹੁਰੇ।"

"ਪਰ ਤੁਸੀਂ ਇਹ ਗੱਲ ਕੁੜੀਆਂ ਨੂੰ ਨਾ ਦੱਸਣਾ" ਮੈਂ ਜਿਵੇਂ ਤਰਲੇ ਵਾਂਗ ਆਖਿਆ।

"ਕੁੜੀਆਂ ਨੂੰ ਸਭ ਨੂੰ ਪਤੈ। ਪਰ ਇਸ ਵਿਚ ਘਬਰਾਣ ਵਾਲੀ ਕਿਹੜੀ ਗੱਲ ਐ ? ਤੂੰ ਏਡੀ ਡਰਦੀ ਕਿਉਂ ਐ ? ਤੂੰ ਏਡੀ ਉਦਾਸ ਜੀ ਕਿਉਂ ਤੁਰੀ ਫਿਰਦੀ ਰਹਿੰਦੀ ਐਂ ? ਹੌਲੀ ਹੌਲੀ ਸਭ ਦੇ ਵਿਆਹ ਹੋ ਜਾਣੇ ਨੇ ਤੇ ਸਰਦੀਆਂ 'ਚ ਨੀਰਾ ਦੇ ਭਰਾ ਨਾਲ ਮੇਰਾ ਵਿਆਹ ਹੋਣ ਵਾਲਾ ਐ" ਗੁਰਬਖਸ਼ ਭੈਣ ਜੀ ਨੇ ਸਮਝਾਇਆ।

ਵਾਪਸ ਆ ਕੇ ਮੈਂ ਸੁਖਦੇਵ, ਕਸ਼ਮੀਰ, ਹਰਬਖਸ਼, ਅਵਨਾਸ਼, ਸ਼ੀਲ, ਸਵਿੰਦਰਜੀਤ, ਰਣਜੀਤ ਸਭ ਦੇ ਮੂੰਹਾਂ ਵੱਲ ਤੱਕਦੀ ਰਹੀ ਤੇ ਮੈਨੂੰ ਲੱਗਿਆ ਇਨ੍ਹਾਂ ਨੂੰ ਸਭ ਨੂੰ ਪਤੈ ਤੇ ਮੇਰੀ ਖਾਤਿਰ ਉਨ੍ਹਾਂ ਨੇ ਕਦੇ ਇਸ ਗੱਲ ਨੂੰ ਚਿਤਾਰਿਆ ਨਹੀਂ। ਉਨ੍ਹਾਂ ਨੇ ਮੈਨੂੰ ਜੋ ਮੈਂ ਹਾਂ ਪਰਵਾਨ ਕਰ ਲਿਆ ਹੋਇਆ ਹੈ। ਉਨ੍ਹਾਂ ਸਿੱਧੇ ਜਾਂ ਟੇਢੇ ਢੰਗ ਨਾਲ ਕਦੇ ਉਸ ਗੱਲ ਵੱਲ ਸੰਕੇਤ ਨਾ ਕੀਤਾ ਜਿਸ ਗੱਲ ਨੂੰ ਮੈਂ ਇਕ ਭੈੜੇ ਸੁਪਨੇ ਵਾਂਗ ਭੁਲਾ ਦਿੱਤਾ ਹੋਇਆ ਸੀ।

ਭੂਆ ਜੀ ਨੇ ਵਾਪਸ ਆ ਕੇ ਪਤਾ ਨਹੀਂ ਕੀ ਕੁਝ ਦੱਸਿਆ ਸੀ ਤੇ ਕੀ ਕੁਝ ਨਹੀਂ ਸੀ ਦੱਸਿਆ ਕਿ ਕੋਈ ਇਸ ਬਾਰੇ ਗੱਲ ਨਹੀਂ ਸੀ ਕਰਦਾ।



Scanned by CamScanner

ਦਿਨ ਮਹੀਨੇ ਤੇ ਵਰ੍ਹੇ ਲੰਘਣ ਲੱਗੇ। ਮੈਂ ਦਸਵੀਂ ਵੀ ਪਾਸ ਕਰ ਲਈ ਸੀ। "ਮਿਸ ਟਿਵਾਣਾ ਆਗੇ ਪੜ੍ਹੋਗੀ ਕਾਲੇਜ ਮੇਂ?" ਮਿਸ ਸੇਨ ਭੈਣ ਜੀ ਨੇ ਜਦੋਂ ਆਖਿਆ ਤਾਂ ਮੈਨੂੰ ਜਿਵੇਂ ਇਕ ਤ੍ਰੇਲੀ ਜਿਹੀ ਆ ਗਈ। ਮੈਂ ਆਖਣਾ ਚਾਹੁੰਦੀ ਸੀ ਮਿਸ ਸੇਨ ਭੈਣ ਜੀ ਹੁਣ ਮੈਂ ਮਿਸ ਟਿਵਾਣਾ ਨਹੀਂ। ਤੇ ਹੋਰ ਮੈਂ ਕੌਣ ਆਂ? ਮੈਂ ਕਿੰਨੀ ਵਾਰੀ ਆਪਣੇ ਆਪ ਕੋਲੋਂ ਪੁੱਛਣ ਦੀ ਕੋਸ਼ਿਸ਼ ਕੀਤੀ। ਪਰ ਹਰ ਵਾਰੀ ਮੈਨੂੰ ਲੱਗਿਆ ਮੈਂ ਕੋਈ ਨਹੀਂ।

ਮੈਂ ਕੋਈ ਨਹੀਂ। ਇਸੇ ਕਾਰਨ ਜਦੋਂ ਕੋਈ ਮੈਨੂੰ ਮਿਸ ਟਿਵਾਣਾ ਆਖਦਾ ਤਾਂ ਮੈਨੂੰ ਲੱਗਦਾ ਮੈਂ ਝੂਠ ਜੀਊਂ ਰਹੀ ਹਾਂ। ਆਪਣੇ ਆਪ ਤੋਂ ਪਾਰ ਲੰਘ ਕੇ ਜੀਊਣ ਦਾ ਇਸ ਵੇਲੇ ਮੈਨੂੰ ਬੱਸ ਇਕੋ ਤਰੀਕਾ ਪਤਾ ਸੀ। ਉਹ ਸੀ ਕਿਤਾਬ ਪੜ੍ਹਦਿਆਂ ਕਿਤਾਬ ਦੇ ਪਾਤਰਾਂ 'ਚ ਗੁੰਮ ਹੋ ਜਾਣਾ। ਆਪਣਾ ਆਪ ਭੁੱਲ ਕੇ ਕਿਸੇ ਪਾਤਰ ਦੀ ਜ਼ਿੰਦਗੀ ਜੀਊਣ ਲੱਗ ਜਾਣਾ। ਤੇ ਹੌਲੀ ਹੌਲੀ ਮੈਂ ਆਪਣੇ ਆਪ ਤੋਂ ਪਾਰ ਖੜ੍ਹੋਕੇ ਆਪਣੇ ਆਪ ਨੂੰ ਤੁਰੀ ਫਿਰ ਰਹੀ ਵੀ ਦੇਖ ਸਕਦੀ ਸੀ।

ਇਨ੍ਹਾਂ ਦਿਨਾਂ ਵਿਚ ਯਥਾਰਥ ਤੇ ਕਲਪਨਾ ਵਿਚਲੀ ਲਕੀਰ ਬਹੁਤ ਧੁੰਦਲੀ ਹੋ ਗਈ ਸੀ ਇਸੇ ਕਾਰਨ ਮੈਂ ਮਰ ਚੁੱਕੇ ਬਾਬਾ ਜੀ ਨੂੰ ਖ਼ਤ ਲਿਖਿਆ ਤੇ ਉਲਾਂਭਾ ਵੀ ਦਿੱਤਾ ਕਿ ਉਨ੍ਹਾਂ ਨੇ ਮੈਨੂੰ ਸੱਚ ਸੱਚ ਕਿਉਂ ਨਹੀਂ ਸੀ ਦੱਸਿਆ ਕਿ ਮੈਨੂੰ ਉਨ੍ਹਾਂ ਨੇ ਕਿਸਤੋਂ ਲਿਆ ਸੀ। ਗੱਡੀਆਂ ਵਾਲੀ ਤੋਂ ਦੋ ਸੇਰ ਦਾਣਿਆਂ ਵੱਟੇ? ਤੇ ਮੈਂ ਇਹ ਵੀ ਲਿਖਿਆ ਮੈਂ ਆਪਣੇ ਗੱਡੀਆਂ ਵਾਲੇ ਮਾਪਿਆਂ ਕੋਲ ਜਾਣਾ ਚਾਹੁੰਦੀਆਂ ਤੇ ਮੈਨੂੰ ਲਿਖ ਭੇਜੋ ਉਹ ਕਿਧਰ ਗਏ ਨੇ। ਜੇ ਉਹ ਮੈਨੂੰ ਮਿਲ ਜਾਣ ਤਾਂ ਮੈਂ ਉਨ੍ਹਾਂ ਨੂੰ ਆਪਣੀ ਕੀ ਨਿਸ਼ਾਨੀ ਦੱਸਾਂ ਕਿ ਉਹ ਮੈਨੂੰ ਪਹਿਚਾਣ ਲੈਣ?

ਖ਼ਤ ਲਿਖ ਲਿਆ। ਲਫਾਫੇ ਵਿਚ ਬੰਦ ਕਰ ਲਿਆ। ਪਰ ਸਮਝ ਨਾ ਲੱਗੇ ਭੇਜਾਂ ਕਿਸ ਪਤੇ ਉਤੇ। ਫਿਰ ਬਾਬਾ ਜੀ ਦਾ ਸਿਰਫ਼ ਨਾਂ ਲਿਖ ਕੇ ਉਹ ਖ਼ਤ ਡਾਕਖਾਨੇ ਪਾ ਦਿੱਤਾ ਕਿ ਜਿਥੇ ਕਿਤੇ ਵੀ ਹੋਏ ਖ਼ਤ ਪਹੁੰਚ ਜਾਵੇਗਾ ਉਨ੍ਹਾਂ ਨੂੰ ਤਾਂ ਸਾਰੇ ਜਾਣਦੇ ਨੇ। ਤੇ ਬੇਅਰਥ ਹੀ ਮੈਂ ਉਸ ਖ਼ਤ ਦਾ ਜਵਾਬ ਉਡੀਕਦੀ ਰਹੀ।

ਦਸਵੀਂ ਦਾ ਰਿਜ਼ਲਟ ਨਿਕਲਿਆ ਤਾਂ ਗੁਰਜਾਪ ਨੇ ਦੱਸਿਆ ਉਹਨੂੰ ਤੇ ਹਰਜਾਪ ਨੂੰ ਪਾਪਾ ਜੀ ਲੇਡੀ ਇਰਵਨ ਕਾਲਜ ਦਿੱਲੀ ਪੜ੍ਹਨ ਭੇਜ ਰਹੇ ਨੇ। ਉਥੇ ਕੁੜੀਆਂ ਨੂੰ ਪੜ੍ਹਨ ਦੇ ਨਾਲ ਘਰ ਦੇ ਕੰਮ ਵੀ ਸਿਖਾਏ ਜਾਂਦੇ ਨੇ।

ਸ਼ਵਿੰਦਰ ਜੇ. ਬੀ. ਟੀ. ਕਰਨ ਦੀ ਸੋਚ ਰਹੀ ਸੀ। ਹਰਬਖ਼ਸ਼ ਦੀ ਬੀਬੀ ਨੇ ਉਹਦੇ ਲਈ ਲੜਕਾ ਲੱਭ ਲਿਆ ਸੀ। ਬਾਕੀਆਂ ਨੇ ਕਾਲਜ ਦਾਖ਼ਲ ਹੋਣਾ ਸੀ। ਤੇ ਮੈਂ?

ਇਹ ਸਵਾਲ ਸ਼ਾਇਦ ਬੇਜੀ ਦੇ ਮਨ ਵਿਚ ਵੀ ਆਇਆ ਸੀ। ਉਨ੍ਹਾਂ ਨੇ ਸਭ ਤੋਂ ਚੋਰੀਓਂ ਅਗਲਿਆਂ ਨੂੰ ਇਕ ਚਿੱਠੀ ਪਵਾ ਦਿੱਤੀ। "ਕਾਕਾ ਜੀ ਆ ਕੇ ਮਿਲ ਜਾਣ ਤੇ ਨਾਲ ਕੁਝ ਦਿਨਾਂ ਲਈ ਬੀਬਾ ਨੂੰ ਲੈ ਜਾਣ।"

ਚਿੱਠੀ ਮਿਲਣ ਤੇ ਕਾਕਾ ਜੀ ਦੀ ਥਾਂ ਕਾਕਾ ਜੀ ਦੇ ਧਮਾਲ ਵਾਲੇ ਭੂਆ ਜੀ ਆਏ। ਦੱਸਿਆ "ਉਹ ਤਾਂ ਬੰਬਈ ਇਲਾਜ ਲਈ ਗਿਆ ਹੋਇਐ। ਜਦੋਂ ਵਾਪਸ ਆਇਆ ਮਿਲਣ ਆਜੂ। ਮੈਂ ਲੁਦੇਹਾਣੇ ਆਪਣਾ ਘਰ ਠੀਕ ਠਾਕ ਕਰਵਾ ਰਹੀਆਂ ਫੇਰ ਉਥੇ ਰਖਲੂੰ ਦੋਹਾਂ ਨੂੰ।"

"ਕੀ ਦੁਖਦੈ?" ਬੇਜੀ ਨੇ ਚਿੰਤਾਤੁਰ ਹੋ ਕੇ ਪੁੱਛਿਆ।



Scanned by CamScanner

"ਮੈਥੋਂ ਤਾਂ ਸੰਗਦਾ ਐ ਦਸਦਾ ਨੀ। ਮੈਂ ਆਖਿਆ ਮੈਂ ਤਾਂ ਤੇਰੀ ਮਾਂ ਵਰਗੀਆਂ ਬਸ ਪਾਕੇ ਜੇ ਹੋ ਜਾਂਦੇ ਨੇ। ਏਸ ਦੇ ਪਿਓ ਨੂੰ ਵੀ ਸੀ ਇਹ ਬਮਾਰੀ। ਉਸ ਦੀ ਤਾਂ ਹੋਰ ਗੱਲ ਸੀ ਇਹ ਤਾਂ ਅਜੇ ਕੋਈ ਏਹੋ ਜੇ ਕੰਮਾਂ 'ਚ ਨੀ ਪਿਆ। ਊਂ ਡਾਕਟਰ ਆਖਦਾ ਸੀ ਫ਼ਿਕਰ ਆਲੀ ਕੋਈ ਗੱਲ ਨੀ।"

ਚਿੱਠੀ ਬਾਰੇ ਪਤਾ ਲੱਗਣ ਤੇ ਮੈਂ ਬੇਜੀ ਨੂੰ ਬਹੁਤ ਹਰਖ ਕੇ ਪਈ ਸੀ। ਬੇਜੀ ਪਰੇਸ਼ਾਨ ਜਹੇ ਹੋ ਗਏ। "ਏਸ ਘਰ ਦੀਆਂ ਧੀਆਂ ਦੀ ਕਿਸਮਤ 'ਚ ਸੁਖ ਨੀ, ਖਬਰਨੀ ਕੀ ਸਾਧ ਸਰਾਪ ਐ" ਆਖ ਕੇ ਬੇਜੀ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਮੈਂ ਵਿਚੋਂ ਸਭ ਸਮਝਦੀਆਂ। ਇਹ ਵੀ ਕਦੇ ਹੋਇਐ ਕਿ ਬਗਾਨੀ ਧੀ ਨੂੰ ਵਿਆਹ ਕੇ ਅਗਲੇ ਬਾਤ ਈ ਨਾ ਪੁੱਛਣ ਮੁੜ ਕੇ।

ਬਾਕੀ ਕੁੜੀਆਂ ਦੇ ਨਾਲ ਮੈਂ ਵੀ ਫਾਰਮ ਭਰ ਦਿੱਤਾ ਤੇ ਸਕੂਲ ਦੇ ਵਿਚ ਹੀ ਬਣੇ ਕਾਲਜ ਵਿਚ ਦਾਖ਼ਲ ਹੋ ਗਈ।

ਇਨ੍ਹਾਂ ਹੀ ਦਿਨਾਂ ਵਿਚ ਘਰ ਵਿਚ ਚਰਚਾ ਛਿੜੀ ਰਘਬੀਰ ਭਰਾ ਜੀ ਦਾ ਦੂਜਾ ਵਿਆਹ ਹੋਣਾ ਐ। ਪਤਾ ਲੱਗਿਆ ਜਦੋਂ ਦੀ ਉਨ੍ਹਾਂ ਦੀ ਅੰਬਾਲੇ ਦੀ ਬਦਲੀ ਹੋਈਐ ਉਹ ਅੰਬਾਲੇ ਇਕ ਹੋਟਲ 'ਚ ਰਹਿੰਦੇ ਨੇ। ਹਰ ਰੋਜ਼ ਗੱਡੀ ਚੜ੍ਹਕੇ ਅੰਬਾਲੇ ਛੌਣੀ ਦਫ਼ਤਰ ਜਾਂਦੇ ਨੇ। ਉਹੀ ਗੱਡੀ ਫੜ ਕੇ ਇਕ ਲੜਕੀ ਅੰਬਾਲੇ ਸ਼ਹਿਰ ਤੋਂ ਅੰਬਾਲੇ ਛਾਉਣੀ ਕਾਲਜ ਪੜ੍ਹਨ ਜਾਂਦੀਐ ਤੇ ਭਰਾ ਜੀ ਉਸ ਨਾਲ ਵਿਆਹ ਕਰਨਾ ਚਾਹੁੰਦੇ ਨੇ। ਉਨ੍ਹਾਂ ਦੀ ਵਹੁਟੀ ਤੇ ਧੀ? ਉਹ ਪਿੰਡ ਉਨ੍ਹਾਂ ਦੀ ਮਾਂ ਕੋਲ ਰਹਿਣਗੀਆਂ। ਭਰਾ ਜੀ ਦੇ ਸਾਊ ਸ਼ਰੀਫ਼ ਮੂੰਹ ਵੱਲ ਦੇਖ ਕੇ ਲੱਗਿਆ ਲੋਕੀਂ ਐਮੀਂ ਆਖਦੇ ਨੇ। ਪਰ ਇਕ ਦਿਨ ਬੇਜੀ ਦੇ ਕਮਰੇ 'ਚ ਪਈ ਉਨ੍ਹਾਂ ਦੀ ਕਿਤਾਬ ਮੈਂ ਪੜ੍ਹਨ ਨੂੰ ਚੁੱਕੀ ਤਾਂ ਉਸ ਵਿਚ ਉਸ ਲੜਕੀ ਵਲ ਭਰਾ ਜੀ ਦੀ ਲਿਖੀ ਚਿੱਠੀ ਪਈ ਸੀ ਜਿਹੜੀ ਉਨ੍ਹਾਂ ਸਟੇਸ਼ਨ ਤੇ ਬੈਠਕੇ ਹੀ ਲਿਖੀ ਸੀ ਤੇ ਡਾਕ ਵਿਚ ਪਾਉਣ ਦੀ ਥਾਂ ਕਿਤਾਬ ਵਿਚ ਰੱਖ ਕੇ ਭੁੱਲ ਗਏ ਸੀ।

ਬਹੁਤ ਦਿਨ ਮੈਂ ਇਸ ਚਿੱਠੀ ਬਾਰੇ ਤੇ ਜਿਸਨੂੰ ਇਹ ਲਿਖੀ ਗਈ ਸੀ ਉਸ ਬਾਰੇ ਸੋਚਦੀ ਰਹੀ। ਫਿਰ ਇਕ ਦਿਨ ਵੇਹੜੇ 'ਚ ਇਕੱਲੇ ਬੈਠੇ ਭਰਾ ਜੀ ਦੇ ਕੋਲ ਮੈਂ ਉਹੀ ਕਿਤਾਬ ਲੈ ਕੇ ਜਾ ਬੈਠੀ। ਪਰ ਭਰਾ ਜੀ ਨੂੰ ਚਿੱਠੀ ਦਾ ਚਿੱਤ ਚੇਤਾ ਵੀ ਨਹੀਂ ਸੀ। ਚਿੱਠੀ ਕਿਤਾਬ ਵਿਚੋਂ ਕੱਢ ਕੇ ਉਨ੍ਹਾਂ ਨੂੰ ਵਿਖਾਂਦਿਆਂ ਮੈਂ ਪੁੱਛਿਆ ਭਰਾ ਜੀ ਇਹ ਤੁਹਾਡੀ ਚਿੱਠੀਐ?

ਉਹ ਜਿਵੇਂ ਘਬਰਾ ਜਿਹੇ ਗਏ। ਪਰ ਮੁਕਰਨ ਦੀ ਕੋਈ ਗੁੰਜਾਇਸ਼ ਨਹੀਂ ਸੀ।

"ਤੂੰ ਮੇਰੀਆਂ ਕਿਤਾਬਾਂ ਨਾ ਛੇੜਿਆ ਕਰ" ਉਨ੍ਹਾਂ ਜ਼ਰਾ ਕੁ ਗ਼ੁੱਸੇ ਨਾਲ ਆਖਿਆ।

"ਕਿਹੋ ਜਿਹੀਐ ਇਹ ਕੁੜੀ, ਜਿਸ ਨਾਲ ਤੁਸੀਂ ਵਿਆਹ ਕਰਨਾ ਚਾਹੁੰਦੇ ਓ?"

"ਬਹੁਤ ਅੱਛੀਐ। ਬੀ. ਏ. 'ਚ ਪੜ੍ਹਦੀਐ। ਬਹੁਤ ਸਾਊ ਐ।" ਭਰਾ ਜੀ ਨੇ ਦੱਸਿਆ।

"ਸੁਹਣੀ ਵੀਐ?" ਮੈਂ ਪੁੱਛਿਆ।

"ਬਹੁਤ....." ਭਰਾ ਜੀ ਨੇ ਕਿਹਾ।

"ਤੁਸੀਂ ਉਹਨੂੰ ਦੱਸ ਦਿੱਤਾ ਹੈ ਕਿ ਤੁਹਾਡੀ ਸ਼ਾਦੀ ਹੋਈ ਹੋਈਐ ਤੇ ਤੁਹਾਡੇ ਧੀ ਵੀ ਐ?"

"ਉਸ ਔਰਤ ਨਾਲ ਤਾਂ ਮੇਰੀ ਬਣਦੀ ਨਹੀਂ।"



Scanned by CamScanner

"ਕਿਉਂ ?"

"ਮੈਂ ਤਾਂ ਅਜੇ ਦਸਵੀਂ 'ਚ ਈ ਪੜ੍ਹਦਾ ਸੀ ਜਦੋਂ ਬਾਪੂ ਜੀ ਹੋਰਾਂ ਨੇ ਵਿਆਹ ਮੰਗਣਾ ਕਰ ਦਿੱਤਾ, ਮੇਰੇ ਕੋਲੋਂ ਕਿਹੜਾ ਕਿਸੇ ਨੇ ਪੁੱਛਿਆ ਸੀ।"

"ਕਸੂਰ ਬਾਪੂ ਜੀ ਹੋਰਾਂ ਦਾ ਐ ਨਾ ਕਿ ਤੁਹਾਡੀ ਵਹੁਟੀ ਦਾ ?"

"ਕਸੂਰ ਕਿਸੇ ਦਾ ਵੀ ਹੋਵੇ ਪਰ ਸਜ਼ਾ ਮੈਂ ਕਿਉਂ ਭੁਗਤਾਂ ?"

"ਕੱਲ੍ਹ ਨੂੰ ਤੁਹਾਡੀਆਂ ਭੈਣਾਂ ਉਪਰ ਦੀ ਜਾਂ ਆਖੋ ਮੇਰੇ ਉਪਰ ਦੀ ਅਗਲਾ ਦੂਜਾ ਵਿਆਹ ਕਰਵਾਵੇ, ਤੁਹਾਨੂੰ ਕਿਹੋ ਜਿਹਾ ਲੱਗੂਗਾ ?" ਮੈਂ ਪੁੱਛਿਆ ਸੀ।

ਭਰਾ ਜੀ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ। ਸ਼ਾਇਦ ਉਨ੍ਹਾਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਕਦੇ ਉਨ੍ਹਾਂ ਨੂੰ ਅਜਿਹਾ ਸਵਾਲ ਵੀ ਕਰਾਂਗੀ। ਉਹ ਤਾਂ ਮੈਨੂੰ ਅਜੇ ਬਹੁਤ ਛੋਟੀ ਹੀ ਸਮਝ ਰਹੇ ਸਨ। ਉਹਨਾਂ ਨੂੰ ਪਤਾ ਹੀ ਨਹੀਂ ਸੀ ਲੱਗਿਆ, ਫਰਾਕ ਪਾਈ ਉਹਨਾਂ ਦੀ ਕੁਰਸੀ ਦੇ ਮਗਰ ਝੂਟਦੀ, ਉਨ੍ਹਾਂ ਨੂੰ ਪੜ੍ਹਦਿਆਂ ਨੂੰ ਡਿਸਟਰਬ ਕਰਨ ਵਾਲੀ ਬਾਲੜੀ, ਮਨ ਹੀ ਮਨ ਤੁਰਦੀ ਕਿਤੇ ਦੀ ਕਿਤੇ ਪਹੁੰਚ ਗਈ ਸੀ। ਤੇ ਅੱਜ ਔਰਤ ਦੇ ਹੱਕਾਂ ਬਾਰੇ ਇਕ ਸਵਾਲੀਆ ਫਿਕਰਾ ਬਣੀ ਉਹਨਾਂ ਦੇ ਸਾਹਮਣੇ ਖੜ੍ਹੀ ਸੀ। ਪਹਿਲੀ ਵਾਰੀ ਉਹ ਮੇਰੀ ਵੱਲ ਸੰਵਾਰ ਕੇ ਝਾਕੇ ਤੇ ਹੱਸ ਕੇ ਆਖਣ ਲੱਗੇ "ਤੂੰ ਆਖੇਂਗੀ ਤਾਂ ਨਹੀਂ ਕਰਾਂਗੇ ਵਿਆਹ ਉਸ ਲੜਕੀ ਨਾਲ, ਪਰ ਹੈ ਉਹ ਬਹੁਤ ਅੱਛੀ।"

ਭਰਾ ਜੀ ਨੇ ਉਸ ਲੜਕੀ ਨਾਲ ਵਿਆਹ ਨਹੀਂ ਕੀਤਾ ਪਰ ਇਕ ਰਾਜ਼ ਸਾਂਝਾ ਹੋਣ ਕਰਕੇ ਮੇਰੀ ਤੇ ਭਰਾ ਜੀ ਦੀ ਸਾਂਝ ਵਧ ਗਈ।

ਨੁਮੈਸ਼ ਵਿਚ ਇਕ ਨਿੱਕੀ ਜਿਹੀ ਕੁੜੀ ਨੇ ਭਰਾ ਜੀ ਦਾ ਹੱਥ ਆ ਫੜਿਆ ਤੇ ਗਿਲੇ ਕਰਨ ਲੱਗੀ "ਹੁਣ ਤੁਸੀਂ ਸਾਡੇ ਘਰ ਆਉਂਦੇ ਨੀ ? ਦੀਦੀ ਯਾਦ ਕਰਦੀ ਸੀ। ਮੈਂ ਨੀ ਬੋਲਦੀ ਤੁਹਾਡੇ ਨਾਲ।"

"ਕੌਣ ਐ ਭਰਾ ਜੀ ?" ਮੈਂ ਅਨਜਾਣ ਬਣਦਿਆਂ ਪੁੱਛਿਆ।

"ਉਸੇ ਦੀ ਛੋਟੀ ਭੈਣ ਸੀ। ਉਨ੍ਹਾਂ ਦੇ ਪਟਿਆਲੇ ਰਿਸ਼ਤੇਦਾਰ ਨੇ। ਸਾਰੇ ਨੁਮੈਸ਼ ਦੇਖਣ ਆਏ ਹੋਏ ਨੇ।"

"ਉਹ ਵੀ ?"

"ਹਾਂ।"

"ਮਿਲੇ ਸੀ ?"

ਭਰਾ ਜੀ ਹੱਸ ਕੇ ਚੁੱਪ ਕਰ ਰਹੇ।

ਕਈ ਸਾਲ ਮਗਰੋਂ ਅਸੀਂ ਸਾਰੇ ਕਿਤੇ ਜਾ ਰਹੇ ਸੀ। ਅੰਬਾਲੇ ਛਾਉਣੀ ਗੱਡੀ ਬਦਲਣੀ ਸੀ। ਸਾਨੂੰ ਸਾਰਿਆਂ ਨੂੰ ਵੇਟਿੰਗ ਰੂਪ ਵਿਚ ਬੈਠਾ ਕੇ "ਹੁਣੇ ਆਉਨਾਂ" ਆਖ ਭਰਾ ਜੀ ਬਾਹਰ ਚਲੇ ਗਏ। ਚੋਖੇ ਚਿਰ ਮਗਰੋਂ ਜਦੋਂ ਉਹ ਮੁੜੇ, ਉਨ੍ਹਾਂ ਦੀਆਂ ਅੱਖਾਂ ਵਿਚ ਸਿਲ੍ਹ ਸੀ, ਸ਼ਾਇਦ ਉਨ੍ਹਾਂ ਥਾਵਾਂ ਤੋਂ ਹੋ ਕੇ ਆਏ ਸੀ ਜਿੱਥੇ ਉਹ ਉਹਨੂੰ ਗੱਡੀ ਚੜ੍ਹਦੀ ਨੂੰ, ਗੱਡੀਓਂ ਉੱਤਰਦੀ ਨੂੰ ਮਿਲਦੇ ਹੁੰਦੇ ਸੀ।

ਉਦੋਂ ਤਾਂ ਮੈਂ ਕੁਝ ਨਾ ਆਖਿਆ ਪਰ ਪਿਛੋਂ ਕਈ ਵਾਰੀ ਉਨ੍ਹਾਂ ਨੂੰ ਇਸ ਗੱਲ ਬਾਰੇ ਮਜ਼ਾਕ ਕੀਤਾ। ਪਰ ਭਰਾ ਜੀ ਹਰ ਵਾਰੀ ਮਜ਼ਾਕ ਤੇ ਵੀ ਸੰਜੀਦਾ ਹੋ ਜਾਂਦੇ ਸਨ। ਕੁੱਝ ਸਾਲਾਂ ਮਗਰੋਂ ਉਨ੍ਹਾਂ ਦੱਸਿਆ ਉਹ ਲੜਕੀ ਬੰਬਈ ਜਾ ਕੇ ਐਕਟਰੈਸ ਬਣ ਗਈਐ। ਪਰ



Scanned by CamScanner

ਭਰਾ ਜੀ ਨੇ ਉਸ ਦਾ ਨਾਉਂ ਨਾ ਦੱਸਿਆ ਜਿਸ ਕਰਕੇ ਜਦੋਂ ਵੀ ਕਿਸੇ ਨਵੀਂ ਫਿਲਮ ਵਿਚ ਕਿਸੇ ਨਵੀਂ ਐਕਟਰੇਸ ਨੂੰ ਵੇਖਦੇ ਮੈਨੂੰ ਲਗਦਾ ਖਬਰੈ ਇਹੀ ਉਹ ਕੁੜੀਐ।

ਪਰ ਕੁਝ ਸਾਲਾਂ ਮਗਰੋਂ ਭਰਾ ਜੀ ਉੱਕਾ ਹੀ ਮੁਕਰ ਗਏ ਕਿ ਉਥੇ ਅੰਬਾਲੇ ਕੋਈ ਕੁੜੀ ਵੀ ਸੀ। ਹੁਣ ਤੱਕ ਸ਼ਾਇਦ ਉਨ੍ਹਾਂ ਦੇ ਮਨ ਵਿਚੋਂ ਉਸ ਕੁੜੀ ਦੀ ਹੋਂਦ ਹੀ ਮਿਟ ਗਈ ਸੀ। ਹੁਣ ਉਹ ਗਹਿਰ ਗੰਭੀਰ, ਦਾਨੇ ਸਿਆਣੇ, ਧੀਆਂ ਪੁੱਤਾਂ ਵਾਲੇ ਕਬੀਲਦਾਰ ਬੰਦੇ ਸਨ।

ਕਦੇ ਕਦੇ ਭਰਾ ਜੀ ਆਖਦੇ "ਮੈਂ ਤੇਰਾ ਪਿਛਲੇ ਜਨਮ ਦਾ ਕੋਈ ਕਰਜ਼ਾ ਦੇਣੈ ਨਹੀਂ ਇਸ ਜਨਮ 'ਚ ਤਾਂ ਤੂੰ ਮੇਰਾ ਕੀ ਕਰਦੀਐਂ ?"

"ਖਬਰੇ ਤੁਸੀਂ ਅਗਲੇ ਜਨਮ ਲਈ ਕਰਜ਼ਾ ਚੜ੍ਹਾ ਰਹੇ ਹੋਵੋ" ਮੈਂ ਜਦੋਂ ਆਖਦੀ ਉਹ ਕਹਿੰਦੇ "ਅਗਲੇ ਜਨਮ ਲਈ ਤੇਰੇ ਨਾਲ ਕੋਈ ਹਿਸਾਬ ਕਿਤਾਬ ਨਹੀਂ ਰੱਖਣਾ।"

"ਕਦੇ ਕਦੇ ਉਸਤੋਂ ਬਿਨਾਂ ਜੀਊਣਾ ਬੜਾ ਔਖਾ ਲਗਦੈ" ਇਕ ਦਿਨ ਭਰਾ ਜੀ ਨੇ ਮੇਰੀ ਵੱਲ ਤੱਕਕੇ ਆਖਿਆ।

"ਜੇ ਉਹਦੀ ਖਾਤਿਰ ਸਾਰਿਆਂ ਨੂੰ ਛੱਡ ਸਕਦੇਓ ਤਾਂ ਛੱਡਕੇ ਉਹਦੇ ਨਾਲ ਕਿਸੇ ਹੋਰ ਮੁਲਕ ਚਲੇ ਜਾਓ। ਜੇ ਨਹੀਂ ਛੱਡ ਸਕਦੇ, ਤਾਂ ਉਸ ਦੀ ਜ਼ਿੰਦਗੀ ਵਿਚ ਦਖਲ ਨਾ ਦਿਓ" ਮੈਂ ਦੋ ਟੁੱਕ ਫੈਸਲਾ ਕਰ ਦਿੱਤਾ ਸੀ।

ਭਰਾ ਜੀ ਮੇਰੀ ਇਸ ਸੋਚ ਤੋਂ ਜਿਵੇਂ ਘਬਰਾ ਗਏ, ਬੋਲੇ "ਇਹ ਕਿਵੇਂ ਹੋ ਸਕਦੈ।"

"ਤੁਸੀਂ ਕਾਇਰ ਹੋ ਤੇ ਹਰ ਕਾਇਰ ਬੰਦਾ ਸ਼ਰੀਫ਼ ਹੁੰਦੈ ਜਾਂ ਇਉਂ ਆਖੋ ਹਰ ਸ਼ਰੀਫ ਬੰਦਾ ਕਾਇਰ ਹੁੰਦੈ" ਆਖ ਮੈਂ ਉੱਚੀ ਉੱਚੀ ਹੱਸ ਪਈ। ਭਰਾ ਜੀ ਹੈਰਾਨ ਹੋ ਕੇ ਮੇਰੇ ਵੱਲ ਵੇਖਦੇ ਰਹੇ ਕਿ ਮੈਂ ਤਾਂ ਉਨ੍ਹਾਂ ਦੀ ਦਾਦੀ ਬਣੀ ਗੱਲਾਂ ਕਰ ਰਹੀ ਸੀ।

## 20

ਐਫ. ਏ. ਸਕੂਲ ਵਾਲੇ ਹੀ ਕਾਲਜ ਵਿਚ ਪਾਸ ਕਰਕੇ ਬੀ. ਏ. ਆਨਰਜ਼ ਕਰਨ ਲਈ ਮਹਿੰਦਰਾ ਕਾਲਿਜ ਵਿਚ ਦਾਖ਼ਲ ਹੋਣਾ ਪੈਣਾ ਸੀ ਤੇ ਮਹਿੰਦਰਾ ਕਾਲਜ ਮੁੰਡਿਆਂ ਦਾ ਕਾਲਿਜ ਸੀ।

"ਫੁੱਫੜ ਜੀ ਮੈਨੂੰ ਕਾਲਜ ਦਾਖ਼ਲ ਕਰਵਾ ਆਓ" ਜਿਸ ਦਿਨ ਮੈਂ ਆਖਿਆ ਉਹ ਹੈਰਾਨ ਹੋਕੇ ਮੇਰੇ ਵੱਲ ਝਾਕੇ ਸੀ।

"ਕੁੜੀਆਂ ਦਾ ਕਾਲਜ ਨੀ ਠੀਕ ?" ਉਹਨਾਂ ਪੁੱਛਿਆ।

"ਉਥੇ ਆਨਰਜ਼ ਨਹੀਂ ਤੇ ਨਾਲੇ ਐਮ. ਏ. ਕਰਨ ਵੇਲੇ ਵੀ ਤਾਂ ਮਹਿੰਦਰਾ ਕਾਲਜ ਜਾਵਾਂਗੀ ਹੀ....." ਮੈਂ ਦੱਸਿਆ।

ਫੁੱਫੜ ਜੀ ਨੇ ਬੇਜੀ ਹੋਰਾਂ ਨਾਲ ਸਲਾਹ ਕੀਤੀ। ਬੇਜੀ ਤਾਂ ਆਖ ਰਹੇ ਸਨ "ਬਥੇਰਾ ਪੜ੍ਹ ਲਿਆ, ਹੋਰ ਅੱਗੋਂ ਪੜ੍ਹਕੇ ਕੀ ਕਰਨੈ; ਨਾਲੇ ਅਗਲਿਆਂ ਦਾ ਮੁੰਡਾ ਤਾਂ ਪੜ੍ਹਨੋਂ ਹਟ ਗਿਐ ਏਸ ਨੂੰ ਬਹੁਤਾ ਪੜ੍ਹਾ ਕੇ ਕੀ ਕਰੋਗੇ ?" ਫਿਰ ਵੀ ਫੁੱਫੜ ਜੀ ਮਹਿੰਦਰਾ ਕਾਲਜ ਗਏ, ਪ੍ਰਿੰਸੀਪਲ ਨੂੰ ਮਿਲਕੇ ਆਏ। ਕਿੰਨੀਆਂ ਤੇ ਕੀਹਦੀਆਂ ਕੀਹਦੀਆਂ ਕੁੜੀਆਂ ਪੜ੍ਹਦੀਆਂ ਨੇ, ਕਿਹੜੇ ਕਿਹੜੇ ਪਰੋਫ਼ੈਸਰ ਪੜ੍ਹਾਉਂਦੇ ਨੇ, ਕਿੰਨੇ ਵਜੇ ਕਾਲਜ ਲਗਦੈ, ਕਿੰਨੇ ਵਜੇ ਛੁੱਟੀ ਹੁੰਦੀ ਐ, ਸਭ ਗੱਲਾਂ ਪਤਾ ਕਰਕੇ ਆਏ।



Scanned by CamScanner

ਵਿਦਵਾਨ ਬਜ਼ੁਰਗ ਪ੍ਰਿੰਸੀਪਲ ਨੇ ਫੁੱਫੜ ਜੀ ਨੂੰ ਤਸੱਲੀ ਦਿੱਤੀ ਤੇ ਮਨਾ ਲਿਆ ਕਿ ਆਪਣੀ ਧੀ ਨੂੰ ਦਾਖ਼ਲ ਕਰਵਾ ਦਿਓ। ਪ੍ਰੋਫ਼ੈਸਰ ਬਲਵੰਤ ਸਿੰਘ ਜੋ ਕੁੜੀਆਂ ਵਾਲੇ ਕਾਲਜ ਵਿਚ ਵੀ ਸਾਨੂੰ ਪੜ੍ਹਾਉਂਦੇ ਸੀ, ਉਹਨਾਂ ਆਖਿਆ ਸੀ ਹਿਸਟਰੀ, ਪੋਲਿਟੀਕਲ ਸਾਇੰਸ ਲੈ ਲਈਂ, ਅੰਗਰੇਜ਼ੀ ਤਾਂ ਹੋਵੇਗੀ ਹੀ। ਹਿਸਟਰੀ ਪੋਲਿਟੀਕਲ ਸਾਇੰਸ ਤੇ ਅੰਗਰੇਜ਼ੀ ਮਜ਼ਮੂਨ ਮੈਂ ਭਰ ਦਿੱਤੇ ਤੇ ਪ੍ਰਿੰਸੀਪਲ ਦੇ ਆਖਣ ਉਤੇ ਪੰਜਾਬੀ ਦਾ ਮਜ਼ਮੂਨ ਫੁੱਫੜ ਜੀ ਨੇ ਭਰ ਦਿੱਤਾ।

ਹੁਣ ਤਿੰਨ ਦੀ ਥਾਂ ਮੈਂ ਚਾਰ ਮਜ਼ਮੂਨ ਪੜ੍ਹਦੀ ਸੀ। ਅੱਧਾ ਕੁ ਸਾਲ ਲੰਘ ਜਾਣ ਮਗਰੋਂ ਪ੍ਰੋਫ਼ੈਸਰ ਬਲਵੰਤ ਸਿੰਘ ਹੋਰਾਂ ਨੇ ਆਖਿਆ, "ਜੇ ਅੱਗੋਂ ਕਿਸੇ ਕੰਪੀਟੀਸ਼ਨ 'ਚ ਬੈਠਣਾ ਐ ਤਾਂ ਪੰਜਾਬੀ ਛੱਡਦੇ ਇਹ ਤੇਰੇ ਕਿਸੇ ਕੰਮ ਨੀ ਆਉਣੀ। ਬਾਕੀ ਮਜ਼ਮੂਨ ਚੰਗੀ ਤਰ੍ਹਾਂ ਤਿਆਰ ਕਰ, ਖਾਸ ਕਰ ਹਿਸਟਰੀ ਜਿਸ ਦੀ ਤੂੰ ਆਨਰਜ਼ ਵੀ ਲਈ ਹੋਈ ਐ।"

"ਇਹ ਮਜ਼ਮੂਨ ਪ੍ਰਿੰਸੀਪਲ ਸਾਹਿਬ ਨੇ ਆਪ ਆਖ ਕੇ ਲੈਕੇ ਦਿੱਤੇ" ਮੈਂ ਦੱਸਿਆ। "ਨਾਲੇ ਪ੍ਰੋਫੈਸਰ ਪ੍ਰੀਤਮ ਸਿੰਘ ਹੋਰਾਂ ਨੂੰ ਕੀ ਆਖਾਂਗੀ" ਉਹ ਉਦੋਂ ਬੀ ਏ ਨੂੰ ਪੰਜਾਬੀ ਪੜ੍ਹਾਉਂਦੇ ਸੀ।

"ਐਉਂ ਕਰ ਗਿਆਨੀ ਦਾ ਇਮਤਿਹਾਨ ਦੇ ਦੇ ਤੇ ਫੇਰ ਪੰਜਾਬੀ ਛੱਡ ਦੇਈਂ।"

ਮੈਂ ਗੱਲ ਮੰਨ ਕੇ ਗਿਆਨੀ ਦਾ ਸਿਲੇਬਸ ਕੌਮੀ ਕਾਲਜ ਦੇ ਪ੍ਰਿੰਸੀਪਲ ਤੋਂ ਪੁੱਛਣ ਗਈ। ਨਾਲ ਫੁੱਫੜ ਜੀ ਵੀ ਸਨ। ਕੌਮੀ ਕਾਲਜ ਦੇ ਪ੍ਰਿੰਸੀਪਲ ਨੇ ਦੱਸਿਆ, "ਹੁਣ ਤਾਂ ਦਾਖਲੇ ਵੀ ਜਾ ਚੁੱਕੇ ਨੇ, ਪੌਣੇ ਦੋ ਮਹੀਨੇ ਸਾਰੇ ਰਹਿ ਗਏ। ਚਲੋ ਐਉਂ ਕਰੋ ਫੀਸ ਲੇਟ ਫੀਸ ਨਾਲ ਭੇਜ ਦਿਓ ਇਸ ਵਾਰੀ ਇਮਤਿਹਾਨ ਦੀ ਪਰੈਕਟਸ ਹੋਜੂ ਅਗਲੀ ਵਾਰੀ ਪਾਸ ਹੋਜੂ। ਸ਼ਾਮ ਨੂੰ ਕਲਾਸ ਲਾ ਲਿਆ ਕਰੇ ਏਥੇ ਮੇਰੇ ਕੋਲ ਆਕੇ।"

ਮੈਂ ਮੰਨ ਗਈ। ਮਹੀਨਾ ਕੁ ਭਰ ਜਮਾਤ ਵਿਚ ਵੀ ਜਾਂਦੀ ਰਹੀ। ਲੇਟ ਫੀਸ ਨਾਲ ਫੀਸ ਭਰ ਕੇ ਇਮਤਿਹਾਨ ਵੀ ਦੇ ਦਿੱਤਾ। ਜਦੋਂ ਰਿਜ਼ਲਟ ਨਿਕਲਿਆ, ਕੌਮੀ ਕਾਲਜ ਦੇ ਪ੍ਰਿੰਸੀਪਲ, ਗਿਆਨੀ ਜੀ, ਨੱਠੇ ਆਏ ਸਾਡੇ ਘਰ ਤੇ ਹੈਰਾਨ ਹੋ ਕੇ ਦੱਸਿਆ "ਬੀਬੀ ਪੰਜਾਬ ਵਿਚੋਂ ਫਸਟ ਰਹੀ ਐ। ਤਮਗ਼ਾ ਮਿਲੇਗਾ।"

ਪੰਜਾਬੀ ਛੱਡਣ ਲਈ ਮੈਂ ਇਹ ਇਮਤਿਹਾਨ ਦਿੱਤਾ ਸੀ। ਪਤਾ ਲੱਗਣ ਤੇ ਪ੍ਰੋਫੈਸਰ ਪ੍ਰੀਤਮ ਸਿੰਘ ਹੋਰਾਂ ਆਖਿਆ ਪੰਜਾਬੀ ਨਹੀਂ ਛੱਡਣੀ ਤੇ ਨਾਲੇ ਹੁਣ ਤੱਕ ਪ੍ਰੋਫੈਸਰ ਬਲਵੰਤ ਸਿੰਘ ਦੀ ਇੱਥੋਂ ਬਦਲੀ ਹੋ ਗਈ ਸੀ। ਇਨ੍ਹਾਂ ਦਿਨਾਂ ਵਿਚ ਪ੍ਰਿੰਸੀਪਲ ਤੇਜਾ ਸਿੰਘ ਨੇ ਇਕ ਦੋ ਵਾਰੀ ਚਪੜਾਸੀ ਭੇਜ ਕੇ ਮੈਨੂੰ ਆਪਣੇ ਦਫ਼ਤਰ ਸੱਦਿਆ। "ਕੋਈ ਤਕਲੀਫ਼ ਤਾਂ ਨੀ? ਹੋਰ ਸਭ ਠੀਕ ਐ? ਪੜ੍ਹਾਈ ਦਾ ਕੀ ਹਾਲ ਐ? ਸਰਦਾਰ ਸਾਹਿਬ ਨੂੰ ਆਖੀਂ ਮੈਂ ਕਿਸੇ ਦਿਨ ਆਵਾਂਗਾ। ਕੋਈ ਕਿਤਾਬ ਪੜ੍ਹਦੀ ਹੁੰਨੀ ਐਂ?" ਆਦਿ ਗੱਲਾਂ ਪੁੱਛਦੇ ਰਹੇ।

ਫਿਰ ਇਕ ਦਿਨ ਉਚੇਚਾ ਉਹਨਾਂ ਸੱਦਿਆ। "ਤੂੰ ਦੱਸਿਆ ਸੀ ਨਾ ਕਿ ਗੁਰਬਖਸ਼ ਸਿੰਘ, ਨਾਨਕ ਸਿੰਘ, ਬਲਵੰਤ ਗਾਰਗੀ, ਮੋਹਨ ਸਿੰਘ, ਦੇਵਿੰਦਰ ਸਤਿਆਰਥੀ ਦੀਆਂ ਕਿਤਾਬਾਂ ਤੂੰ ਪੜ੍ਹੀਆਂ ਨੇ, ਇਹ ਸਭ ਮੇਰੇ ਘਰ ਆਏ ਹੋਏ ਨੇ। ਭਾਸ਼ਾ ਵਿਭਾਗ ਨੇ ਸੱਦੇ ਨੇ ਉਂ ਤਾਂ। ਜੇ ਤੂੰ ਮਿਲਣੈ ਛੁੱਟੀ ਹੋਣ ਤੋਂ ਮਗਰੋਂ ਕੋਠੀ ਆ ਜੀਂ। ਉਥੇ ਮੇਰੀਆਂ ਲੜਕੀਆਂ ਤੇ ਤੇਰੇ ਬੀਜੀ ਸਭ ਹੋਣਗੇ।"

ਪ੍ਰਿੰਸੀਪਲ ਦੀ ਕੋਠੀ ਕਾਲਜ ਦੇ ਨਾਲ ਹੀ ਹੈ। ਉੱਥੇ ਜਾਣ ਤੋਂ ਪਹਿਲਾਂ ਇਹਨਾਂ



Scanned by CamScanner

ਲੇਖਕਾਂ ਦੀਆਂ ਲਿਖਤਾਂ ਪੜ੍ਹਦਿਆਂ ਜਿਹੜੀਆਂ ਤਸਵੀਰਾਂ ਮਨ ਵਿਚ ਬਣਾਈਆਂ ਸਨ ਉਨ੍ਹਾਂ ਨੂੰ ਯਾਦ ਕਰਦੀ ਰਹੀ।

ਛੁੱਟੀ ਹੋਣ ਉਪਰ ਆਪਣੇ ਟਾਂਗੇ ਵਾਲੇ ਨੂੰ ਕਾਲਜ ਵਿਚ ਹੀ ਖੜ੍ਹੇ ਰਹਿਣ ਲਈ ਆਖ ਕੇ ਆਪਣੀ ਸਹੇਲੀ ਹਰਦਿਆਲ ਦੇ ਨਾਲ ਪ੍ਰਿੰਸੀਪਲ ਦੀ ਕੋਠੀ ਗਈ। ਇਹ ਨੇ ਗੁਰਬਖਸ਼ ਸਿੰਘ, ਨਾਨਕ ਸਿੰਘ, ਬਲਵੰਤ ਗਾਰਗੀ, ਮੋਹਣ ਸਿੰਘ, ਦੇਵਿੰਦਰ ਸਤਿਆਰਥੀ ਪ੍ਰਿੰਸੀਪਲ ਨੇ ਹੱਥ ਕਰ ਕਰ ਕੇ ਦੱਸੇ। ਪਰ ਮੈਨੂੰ ਲੱਗਿਆ ਇਹ ਉਹ ਨਹੀਂ। ਇਹ ਤਾਂ ਆਮ ਜਿਹੇ ਹੀ ਲੋਕ ਨੇ। ਪ੍ਰਿੰਸੀਪਲ ਨੇ ਮੇਰੇ ਬਾਰੇ ਦੱਸਿਆ ਇਹ ਜਰਨੈਲ ਤਾਰਾ ਸਿੰਘ ਦੀ ਧੀਐ, ਮਿਸ ਟਿਵਾਣਾ, ਦਲੀਪ ਟਿਵਾਣਾ।

"ਕੁਝ ਲਿਖਦੇ ਹੁੰਦੇ ਹੋ?" ਦੇਵਿੰਦਰ ਸਤਿਆਰਥੀ ਨੇ ਪੁੱਛਿਆ।

"ਜੇ ਸਾਰੇ ਈ ਲੋਕ ਲਿਖਣ ਲੱਗ ਪੈਣ ਫਿਰ ਤੁਹਾਨੂੰ ਲੋਕਾਂ ਨੂੰ ਪੜ੍ਹਿਆ ਕੌਣ ਕਰੇਗਾ?" ਮੇਰੀ ਥਾਂ ਬਲਵੰਤ ਗਾਰਗੀ ਨੇ ਜਵਾਬ ਦਿੱਤਾ।

"ਅਗਰ ਸਾਨੂੰ ਪਤਾ ਹੋਵੇ ਅਜਿਹੀਆਂ ਲੜਕੀਆਂ ਸਾਨੂੰ ਪੜ੍ਹਦੀਆਂ ਨੇ ਅਸੀਂ ਤੇ ਦੁੱਗਣਾ ਚੌਗਣਾ ਲਿਖਣ ਲੱਗ ਜਾਈਏ" ਦੇਵਿੰਦਰ ਸਤਿਆਰਥੀ ਨੇ ਆਪਣੀ ਟੈਗੋਰ ਨੁਮਾ ਦਾੜ੍ਹੀ ਤੇ ਹੱਥ ਫੇਰ ਜਦੋਂ ਆਖਿਆ ਤਾਂ ਪ੍ਰਿੰਸੀਪਲ ਸਾਹਿਬ ਦੇ ਲੜਕੇ ਨੇ ਯਾਦ ਕਰਵਾਇਆ ਤੁਸੀਂ ਜੋ ਕੁਝ ਬੋਲ ਰਹੇਓ ਟੇਪ ਹੋ ਰਿਹੈ।

"ਤੁਸੀਂ ਵੀ ਲਿਖਿਆ ਕਰੋ। ਲੜਕੀਆਂ ਨੂੰ ਵੀ ਲਿਖਣਾ ਚਾਹੀਦੈ। ਅਮਰੀਕਾ ਵਿਚ ਤਾਂ ਲੜਕੀਆਂ ਹਰ ਕੰਮ ਵਿਚ ਅੱਗੇ ਆ ਰਹੀਆਂ ਨੇ" ਗੁਰਬਖਸ਼ ਸਿੰਘ ਹੋਰਾਂ ਨੇ ਸਲਾਹ ਦਿੱਤੀ।

ਰੋਟੀ ਖਾ ਚੁਕਣ ਮਗਰੋਂ ਆਦਤਨ ਮੈਂ ਆਪਣੇ ਪਰਸ ਵਿਚੋਂ ਛੋਟੀ ਇਲਾਇਚੀ ਕੱਢ ਕੇ ਮੂੰਹ ਵਿਚ ਪਾ ਲਈ। ਦੇਵਿੰਦਰ ਸਤਿਆਰਥੀ ਹੋਰੀਂ ਮੇਰੀ ਵੱਲ ਝਾਕ ਰਹੇ ਸਨ। ਮੈਨੂੰ ਮਾੜਾ ਲੱਗਿਆ ਕਿ ਮੈਂ ਦੂਸਰਿਆਂ ਨੂੰ ਬਿਨਾਂ ਪੁੱਛੇ ਆਪ ਇਲਾਇਚੀ ਖਾ ਲਈ ਸੀ। ਪਰਸ ਵਿਚੋਂ ਹੋਰ ਇਲਾਇਚੀਆਂ ਕੱਢ ਕੇ ਮੈਂ ਪਲੇਟ ਵਿਚ ਰੱਖੀਆਂ, ਤੇ ਬਾਕੀਆਂ ਨੂੰ ਵੀ ਦਿੱਤੀਆਂ। ਇਸੇ ਘਟਨਾ ਨੂੰ ਲੈ ਕੇ ਪਿੱਛੋਂ ਦੇਵਿੰਦਰ ਸਤਿਆਰਥੀ ਨੇ ਇਕ ਕਹਾਣੀ ਲਿਖ ਦਿੱਤੀ "ਇਲਾਇਚੀ ਦੇ ਦਾਣੇ" ਜਿਸ ਨੂੰ ਪੜ੍ਹਕੇ ਮੈਨੂੰ ਲੱਗਿਆ ਸੀ ਇਹ ਲੇਖਕ ਲੋਕ ਵੀ ਕਿੰਨੇ ਫਜ਼ੂਲ ਹੁੰਦੇ ਨੇ।

ਗੁਰਬਖਸ਼ ਸਿੰਘ ਦੀ ਕਿਤਾਬ "ਅਨੋਖੇ ਤੇ ਇਕੱਲੇ" ਦਾ ਮੈਂ ਉਸ ਦਿਨ ਜ਼ਿਕਰ ਸੁਣਿਆ ਸੀ ਤੇ ਉਸੇ ਦਿਨ ਬਾਜ਼ਾਰੋਂ ਮੰਗਵਾ ਲਈ। ਰਾਤ ਰਾਤ ਪੜ੍ਹ ਵੀ ਲਈ। ਪਰ ਪਤਾ ਨਹੀਂ ਕਿਉਂ ਪੜ੍ਹਨ ਪਿਛੋਂ ਮੈਂ ਬੜੀ ਘਬਰਾਹਟ ਮਹਿਸੂਸ ਕੀਤੀ ਕਿ ਇਸ ਕਿਤਾਬ ਨੂੰ ਕਿੱਥੇ ਛੁਪਾ ਕੇ ਰੱਖਾਂ। ਜੇ ਕਿਸੇ ਮੇਰੇ ਕੋਲ ਇਹ ਕਿਤਾਬ ਦੇਖ ਲਈ ਤਾਂ ਕੀ ਸੋਚਣਗੇ ਕਿ ਮੈਂ ਕਿਹੋ ਜੀਆਂ ਕਿਤਾਬਾਂ ਪੜ੍ਹਦੀ ਹਾਂ। ਪਹਿਲੇ ਸਿਰਹਾਣੇ ਹੇਠ ਲਕੋਈ, ਫਿਰ ਕੱਢ ਕੇ ਕੱਪੜਿਆਂ ਵਾਲੇ ਟਰੰਕ ਵਿਚ ਰੱਖੀ ਤੇ ਜਦੋਂ ਫੇਰ ਤਸੱਲੀ ਨਾ ਹੋਈ ਮੈਂ ਉਸ ਨੂੰ ਬਗੀਚੀ ਵਿਚਾਲੇ ਖੂਹ ਵਿਚ ਸੁੱਟ ਆਈ। ਪਰ ਅਜੇ ਵੀ ਡਰ ਲੱਗ ਰਿਹਾ ਸੀ ਜੇ ਕਿਤਾਬ ਵਿਚ ਨਾ ਡੁੱਬੀ? ਜੇ ਟਿੰਡਾਂ ਵਿਚੀਂ ਬਾਹਰ ਆ ਗਈ? ਪਰ ਹੁਣ ਮੈਨੂੰ ਆਪਣੀ ਏਸ ਗੱਲ ਤੇ ਹਾਸਾ ਆ ਜਾਂਦੈ।

ਪ੍ਰਿੰਸੀਪਲ ਤੇਜਾ ਸਿੰਘ ਹੋਰਾਂ ਨੇ ਫੇਰ ਇਕ ਦਿਨ ਚਪੜਾਸੀ ਭੇਜ ਕੇ ਆਪਣੇ ਦਫ਼ਤਰ ਸੱਦ ਭੇਜਿਆ।



Scanned by CamScanner

"ਸਰ ਅੰਦਰ ਆ ਜਾਵਾਂ" ਮੈਂ ਚਿਕ ਚੁੱਕ ਕੇ ਪੁੱਛਿਆ।

"ਹਾਂ ਹਾਂ ਆ ਜਾਓ, ਪਰ ਸਰ ਨਹੀਂ, ਤੂੰ ਮੈਨੂੰ ਪਾਪਾ ਜੀ ਆਖਿਆ ਕਰ। ਮੇਰੀ ਇਕ ਧੀ ਸੀ ਮਨਜੀਤ ਉਹ ਇਕ ਡਰਾਮੇ ਵਿਚ ਦੀਪ ਬਣੀ ਸੀ। ਉਹ ਮਰ ਗਈਐ। ਤੇ ਮੈਨੂੰ ਲੱਗਦੈ ਤੂੰ ਉਹੋਈਐਂ। ਆਪਣੀ ਉਸ ਧੀ ਤੋਂ ਬਿਨਾਂ ਮੈਂ ਵੀ ਮਰ ਜਾਣਾ ਸੀ ਪਰ ਹੁਣ ਨਹੀਂ ਮਰਾਂਗਾ, ਹੁਣ ਤੂੰ ਜੋ ਹੈਂ। ਤੈਨੂੰ ਮੈਂ ਜੀਨੀ ਆਖਿਆ ਕਰਾਂਗਾ, ਜੀਨੀ ਜ਼ਿੰਦਗੀ ਦੇਣ ਵਾਲੀ" ਪ੍ਰਿੰਸੀਪਲ ਸਾਹਿਬ ਆਖ ਵੀ ਰਹੇ ਸਨ ਤੇ ਰੋ ਵੀ ਰਹੇ ਸਨ। ਮੈਂ ਚੁੱਪ ਚਾਪ ਸੁਣਦੀ ਰਹੀ।

"ਤੂੰ ਕੁਝ ਪੜ੍ਹਨਾ ਹੋਵੇ, ਪੁੱਛਣਾ ਹੋਵੇ, ਜਦੋਂ ਜੀ ਕਰੇ ਆ ਜਾਇਆ ਕਰ। ਤੂੰ ਕੁਝ ਲਿਖਦੀ ਹੁੰਨੀ ਐਂ?" ਉਹ ਮੈਨੂੰ ਪੁੱਛ ਰਹੇ ਸਨ।

"ਨਹੀਂ" ਮੈਂ ਆਖਿਆ।

ਬੋਲੇ "ਮੈਂ ਨਹੀਂ ਮੰਨਦਾ। ਤੇਰੇ ਹੱਥ ਤਾਂ ਇਕ ਕਲਾਕਾਰ ਦੇ ਹੱਥ ਨੇ। ਤੇਰੀਆਂ ਤਾਂ ਉਂਗਲਾਂ ਵਿਚ ਸੰਗੀਤ ਐ। ਤੇਰੀਆਂ ਅੱਖਾਂ....."

ਮੈਂ ਘਬਰਾ ਜਿਹੀ ਗਈ। ਇਹ ਬਜ਼ੁਰਗ ਪ੍ਰਿੰਸੀਪਲ ਕੀ ਆਖ ਰਿਹਾ ਸੀ ਤੇ ਆਖਿਆ "ਮੈਂ ਸੱਚ ਆਖਦੀਆਂ ਮੈਂ ਕਦੇ ਕੁਝ ਨਹੀਂ ਲਿਖਿਆ।"

ਘਰ ਆ ਕੇ ਮੈਂ ਆਪਣੇ ਹੱਥਾਂ, ਆਪਣੀਆਂ ਉਂਗਲਾਂ ਵੱਲ ਦੇਖਦੀ ਰਹੀ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਹੱਥ ਕਲਾਕਾਰ ਦੇ ਹੱਥ ਕਿਵੇਂ ਨੇ? ਫਿਰ ਮੈਂ ਸੋਚਦੀ ਮੈਂ ਤੇ ਕਦੇ ਵੀ ਕੁਝ ਨਹੀਂ ਲਿਖਿਆ ਫੇਰ ਇਹ ਮੇਰੇ ਹੱਥ ਕਲਾਕਾਰ ਦੇ ਹੱਥ ਕਿਵੇਂ ਹੋ ਸਕਦੇ ਨੇ?

ਇਉਂ ਦੋ ਵਰ੍ਹੇ ਲੰਘ ਗਏ। ਮੈਂ ਬੀ. ਏ ਪਾਸ ਕਰ ਲਈ।

"ਹੁਣ?" ਪ੍ਰਸ਼ਨ ਚਿੰਨ੍ਹ ਫੇਰ ਮੇਰੇ ਅੱਗੇ ਲਟਕ ਗਿਆ।

"ਆਈ. ਏ. ਐਸ. ਦਾ ਇਮਤਿਹਾਨ ਜੇ ਦੇਣੈ ਤਾਂ ਦਿੱਲੀ ਜਾ ਕੇ ਐਮ. ਏ. ਹਿਸਟਰੀ ਤੇ ਨਾਲ ਐਲ. ਐਲ. ਬੀ. ਦਾ ਇਕੱਠਾ ਕੋਰਸ ਕਰ ਲੈ" ਪਰੋਫ਼ੈਸਰ ਬਲਵੰਤ ਸਿੰਘ ਇਕ ਦਿਨ ਘਰ ਆਏ ਦੱਸ ਗਏ ਸਨ।

ਪਰਦੇ ਵਾਲੇ ਟਾਂਗੇ ਵਿਚ ਸਕੂਲ ਜਾਣ ਵਾਲੀ ਲੜਕੀ ਮੁੰਡਿਆਂ ਦੇ ਕਾਲਜ ਵਿਚੋਂ ਬੀ. ਏ. ਕਰਕੇ ਹੁਣ ਆਈ. ਏ. ਐਸ. ਦਾ ਕੰਪੀਟੀਸ਼ਨ ਦੇਣ ਬਾਰੇ ਆਖ ਰਹੀ ਸੀ। ਭੂਫੜ ਜੀ ਨੂੰ ਔਖ ਵੀ ਲਗਦੀ ਸੀ ਪਰ ਖ਼ੁਸ਼ੀ ਵੀ ਹੁੰਦੀ ਸੀ।

ਬੇਜੀ ਨੇ ਫੇਰ ਇਤਰਾਜ਼ ਕੀਤਾ। "ਦਿੱਲੀ ਫੇਰ ਹੋਸਟਲ 'ਚ ਰਹੂਗੀ? ਨਹੀਂ ਜੀ ਰਹਿਣ ਦਿਓ।"

ਕੋਲੋਂ ਅਹਿਮਦ ਆਖ ਰਿਹਾ ਸੀ "ਮੈਂ ਜੀ ਥੋਨੂੰ ਦੱਸਿਆ ਨੀ ਇਕ ਦਿਨ ਮੈਂ ਜ਼ਰਾ ਸੰਦੇਹਾਂ ਬਗ ਗਿਆ ਸੀ ਟਾਂਗਾ ਲੈ ਕੇ। ਟਾਂਗਾ ਇਕ ਪਾਸੇ ਖੜ੍ਹਾ ਕਰਕੇ ਸੋਚਿਆ ਦੇਖਾਂ ਆਪਣੀ ਬੀਬਾ ਕਿੱਥੇ ਪੜ੍ਹਦੀਐ। ਅੰਦਰ ਜੀ ਚੰਗਾ ਭਲਾ ਧੌਲੀ ਦਾੜ੍ਹੀ ਆਲਾ ਬੰਦਾ ਸੀ, ਹੀਰ ਦੀਆਂ ਗੱਲਾਂ ਕਰੇ। ਸੋਚਿਆ ਥੋਨੂੰ ਆਖੂੰਗਾ ਬਈ ਆਪਣੀ ਬੀਬਾ ਨੂੰ ਤਾਂ ਓਥੋਂ ਪੜ੍ਹਨੋਂ ਹਟਾਲੋ। ਫੇਰ ਸੋਚਿਆ ਇਹ ਲੜੂਗੀ ਮੇਰੇ ਨਾਲ। ਪਰ ਜੀ ਦਿੱਲੀ ਤਾਂ ਉਕਾਈ ਨੀ ਭੇਜਣੀ, ਓਥੇ ਕੌਣ ਏਸ ਦਾ ਖ਼ਿਆਲ ਰੱਖੂ।"

ਬੇਜੀ ਨੂੰ ਵੀ ਆਖਣ ਦਾ ਮੌਕਾ ਮਿਲ ਗਿਆ, "ਜੀ ਓਦਣ ਦੇਖ ਤਾਂ ਕਿਮੇ ਤੁਸੀਂ



Scanned by CamScanner

ਧਰਤੀ ਪਟਦੇ ਸੀ ਜਿੱਦਣ ਮਾੜਾ ਜਾ ਨ੍ਹੇਰਾ ਹੋ ਗਿਆ ਸੀ ਏਸ ਨੂੰ, ਨਾਲੇ ਦੱਸ ਕੇ ਗਈ ਸੀ ਬਈ ਅੱਜ ਕੁਸ਼ ਹੈਗਾ ਕਾਲਜ 'ਚ ਦੇਰ ਨਾਲ ਆਊਂਗੀ।"

ਦਿੱਲੀ ਜਾ ਕੇ ਪੜ੍ਹਨ ਵਾਲੀ ਗੱਲ ਫੁੱਫੜ ਜੀ ਨੂੰ ਵੀ ਪਸੰਦ ਨਹੀਂ ਸੀ।

ਪਰ ਉਨ੍ਹਾਂ ਦੇ ਨਾ ਮੰਨਣ ਤੇ ਜਦੋਂ ਮੈਂ ਰੋ ਪਈ ਉਹ ਮੰਨ ਗਏ ਤੇ ਆਖਣ ਲੱਗੇ, "ਠੀਕ ਐ ਭੇਜ ਦਿਆਂਗੇ ਦਿੱਲੀ।" ਦਿੱਲੀ ਜਾ ਕੇ ਮੈਂ ਹਿਸਟਰੀ ਦੀ ਐਮ. ਏ. ਤੇ ਨਾਲ ਐਲ. ਐਲ. ਬੀ. ਦੀਆਂ ਕਲਾਸਾਂ ਜੁਆਇਨ ਕਰ ਲਈਆਂ ਤੇ ਮੈਰੰਡਾ ਹਾਊਸ ਦੇ ਹੋਸਟਲ ਵਿਚ ਰਹਿਣ ਲੱਗੀ। ਦਿੱਲੀ ਦੀਆਂ ਵਾਲ ਕੱਟਿਆਂ ਵਾਲੀਆਂ, ਫਰ ਫਰ ਅੰਗਰੇਜ਼ੀ ਬੋਲਦੀਆਂ, ਪੈਂਟਾਂ ਪਾ ਕੇ, ਮੇਕਅੱਪ ਕਰਕੇ ਮੋਮਾਂ ਬਣੀਆਂ, ਮੁੰਡਿਆਂ ਨਾਲ ਸੈਰ, ਸਿਨੇਮਾ ਨੂੰ ਜਾਂਦੀਆਂ ਕੁੜੀਆਂ ਨੂੰ ਦੇਖ ਕੇ ਮੈਨੂੰ ਇਉਂ ਲੱਗਿਆ ਜਿਵੇਂ ਮੈਂ ਕਿਸੇ ਪਿੰਡ ਵਿਚੋਂ ਆਈ ਹਾਂ। ਆਥਣ ਵੇਲੇ ਸਜ ਧਜ ਕੇ ਬਾਹਰ ਲੱਾਨ ਵਿਚ ਟਹਿਲਦੀਆਂ, ਵਾਕਫ਼ ਮੁੰਡਿਆਂ ਦੇ ਮਿਲਣ ਆਉਣ ਨੂੰ ਉਡੀਕਦੀਆਂ ਤੇ ਖਾਣ ਪੀਣ ਦੀਆਂ ਰੇਹੜੀਆਂ ਦੁਆਲੇ ਇਕੱਠੀਆਂ ਹੋਈਆਂ ਉਹ ਕੁੜੀਆਂ ਮੈਨੂੰ ਅਜੀਬ ਲਗਦੀਆਂ। ਉਹ ਉੱਚੀ ਉੱਚੀ ਹੱਸਦੀਆਂ, ਖੱਪਾਂ ਪਾਉਂਦੀਆਂ, ਮਜ਼ਾਕ ਕਰਦੀਆਂ, ਲਤੀਫ਼ੇ ਸੁਣਾਉਂਦੀਆਂ, ਕਈ ਸੱਚੀਆਂ ਰੰਗੀਨ ਆਪ-ਬੀਤੀਆਂ ਵੀ ਜਦੋਂ ਦੱਸਦੀਆਂ ਮੈਨੂੰ ਲੱਗਦਾ ਇਹ ਐਮੀ ਝੂਠ ਬੋਲਦੀਆਂ ਨੇ।

"ਤੇਰਾ ਕੋਈ ਬੁਆਏ ਫ਼ਰੈਂਡ ਕਦੇ ਮਿਲਣ ਨਹੀਂ ਆਇਆ ?" ਮੇਰੇ ਨਾਲ ਵਾਲੇ ਕਮਰੇ ਵਾਲੀ ਲੜਕੀ ਨੇ ਇਕ ਦਿਨ ਪੁੱਛਿਆ।

"ਹੈ ਈ ਨੀ ਮੇਰਾ ਕੋਈ ਬੁਆਏ ਫ਼ਰੈਂਡ" ਮੈਂ ਦੱਸਿਆ।

"ਨਹੀਂ ਹੈ ਤਾਂ ਬਣਾ ਲੈ, ਤੂੰ ਤਾਂ ਸ਼ਾਮ ਨੂੰ ਐਲ. ਐਲ. ਬੀ. ਦੀਆਂ ਕਲਾਸਾਂ ਲਾਉਣ ਵੀ ਜਾਨੀਐਂ ਓਥੇ ਬਥੇਰੇ ਲੜਕੇ ਨੇ।"

"ਕਿਵੇਂ ਬਣਾਈਦੈ ?" ਮੈਂ ਜਦੋਂ ਆਖਿਆ ਉਹ ਉੱਚੀ ਉੱਚੀ ਹੱਸ ਪਈ। ਇਹ ਗੱਲ ਉਹਨੇ ਬਾਕੀ ਕੁੜੀਆਂ ਨੂੰ ਵੀ ਦੱਸੀ।

ਅਜੇ ਮਹੀਨਾ ਕੁ ਹੋਇਆ ਸੀ ਮੈਨੂੰ ਇੱਥੇ ਆਈ ਨੂੰ। ਅੰਗਰੇਜ਼ੀ ਬੋਲਣ ਦਾ ਮਸਾਂ ਝਾਕਾ ਹੀ ਖੁੱਲ੍ਹਿਆ ਸੀ। ਮਾੜੀ ਮੋਟੀ ਦੋਸਤੀ ਦੋ ਚਾਰ ਕੁੜੀਆਂ ਨਾਲ ਵੀ ਹੋ ਗਈ ਸੀ। ਜਦੋਂ ਫੁਫੜ ਜੀ ਦੀ ਚਿੱਠੀ ਆਈ "ਤੇਰੇ ਪ੍ਰਿੰਸੀਪਲ ਸਾਹਿਬ ਮਿਲੇ ਸੀ, ਆਖਦੇ ਸੀ ਡਬਲ ਕੋਰਸ ਦਿਵਾ ਦਿੱਤਾ, ਕੁੜੀ ਮਾਰਨੀਐ ਤੁਸੀਂ ਆਪਣੀ ? ਉਹ ਤਾਂ ਅੱਗੇ ਈ ਕਮਜ਼ੋਰ ਜਿਹੀਐ।" ਮੈਂ ਅਜੇ ਇਸ ਚਿੱਠੀ ਦਾ ਜਵਾਬ ਵੀ ਨਹੀਂ ਸੀ ਦਿੱਤਾ ਕਿ ਇਕ ਚਿੱਠੀ ਹੋਰ ਆ ਗਈ "ਸੁਣਿਐ ਹੋਸਟਲ ਵਿਚ ਤਾਂ ਰੋਟੀ ਵੀ ਚੰਗੀ ਨਹੀਂ ਮਿਲਦੀ। ਫਰੂਟ ਫਰਾਟ ਚਪੜਾਸੀ ਤੋਂ ਬਾਹਰੋਂ ਮੰਗਵਾ ਲਿਆ ਕਰ" ਤੇ ਇਸ ਤੋਂ ਮਗਰੋਂ ਲਗਾਤਾਰ ਉਨ੍ਹਾਂ ਦੀਆਂ ਫ਼ਿਕਰ ਦੀਆਂ ਚਿੱਠੀਆਂ ਆਉਂਦੀਆਂ ਰਹੀਆਂ। ਸਭ ਤੋਂ ਅਖ਼ੀਰਲੀ ਚਿੱਠੀ ਵਿਚ ਉਨ੍ਹਾਂ ਲਿਖਿਆ, "ਮੈਂ ਪਤਾ ਨੀ ਦੋ ਚਾਰ ਸਾਲ ਹੋਰ ਜੀਊਣਾਐ ਪਤਾ ਨੀ ਨਹੀਂ, ਤੂੰ ਪਹਿਲਾਂ ਈ ਸਾਨੂੰ ਛੱਡ ਕੇ ਚਲੀ ਗਈਐਂ। ਮੈਂ ਕਹਿਨਾਂ ਕੀ ਕਰਨੈ ਤੂੰ ਬਹੁਤਾ ਪੜ੍ਹਕੇ, ਤੈਂ ਕਿਹੜਾ ਨੌਕਰੀ ਕਰਨੀਐ।"

"ਮੈਂ ਪਤਾ ਨੀ ਦੋ ਚਾਰ ਸਾਲ ਹੋਰ ਜੀਊਣਾਐ ਪਤਾ ਨੀ ਨਹੀਂ" ਗੱਲ ਨੇ ਮੈਨੂੰ ਬਹੁਤ ਬੇਆਰਾਮ ਕਰ ਦਿੱਤਾ। ਅਗਲੇ ਦਿਨ ਆਪਣਾ ਸਾਮਾਨ ਲੈ ਕੇ ਮੈਂ ਵਾਪਸ ਪਟਿਆਲੇ ਆ ਗਈ। ਸਾਰੇ ਘਰ ਦੇ ਬਹੁਤ ਖੁਸ਼ ਹੋਏ।



Scanned by CamScanner

"ਏਥੇ ਈ ਕਾਲਜ 'ਚ ਐਮ. ਏ. ਕਰ ਲੈ" ਫੁਫੜ ਜੀ ਨੇ ਮੈਨੂੰ ਕਈ ਦਿਨ ਮਗਰੋਂ ਉਦਾਸ ਜੇਹੀ ਤੁਰੀ ਫਿਰਦੀ ਦੇਖ ਕੇ ਆਖਿਆ।

"ਕਰ ਲੈਨੀ ਆਂ" ਮੈਂ ਇਉਂ ਆਖਿਆ ਜਿਸ ਤੋਂ ਉਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਠੀਕ ਐ ਜੋ ਆਖੋਗੇ ਕਰ ਲਵਾਂਗੀ ਮੇਰਾ ਕੀਐ।

ਫੁਫੜ ਜੀ ਫੇਰ ਪ੍ਰਿੰਸੀਪਲ ਸਾਹਿਬ ਨੂੰ ਮਿਲਣ ਗਏ। ਮਤਲਬ ਐ ਪੁੱਛਣ ਗਏ ਸਭ ਤੋਂ ਸੌਖੀ ਐਮ. ਏ. ਕੇਹੜੇ ਮਜ਼ਮੂਨ ਦੀਐ ? ਉਨ੍ਹਾਂ ਦੱਸਿਆ ਪੰਜਾਬੀ ਦੀ ਕਰਵਾ ਦਿਓ ਨਾਲੇ ਜੋ ਕੁਝ ਨਹੀਂ ਆਇਆ ਕਰੇਗਾ ਮੈਂ ਆਪ ਕਰਵਾ ਦਿਆ ਕਰਾਂਗਾ। ਫੁੱਫੜ ਜੀ ਨੇ ਮੈਨੂੰ ਪੰਜਾਬੀ ਐਮ. ਏ. ਵਿਚ ਦਾਖ਼ਲ ਕਰਵਾ ਦਿੱਤਾ। ਦਾਖ਼ਲ ਤਾਂ ਮੈਂ ਹੋ ਗਈ, ਪਰ ਨਾ ਕਿਤਾਬਾਂ ਖ਼ਰੀਦੀਆਂ, ਨਾ ਲਾਇਬਰੇਰੀ ਜਾਂਦੀ ਤੇ ਨਾ ਹੀ ਚੱਜ ਨਾਲ ਪੀਰੀਅਡ ਲਗਾਉਂਦੀ। ਪ੍ਰੋਫ਼ੈਸਰ ਪ੍ਰੀਤਮ ਸਿੰਘ ਹੋਰਾਂ ਨੇ ਇਕ ਵਾਰੀ ਕਲਾਸ ਟੈਸਟ ਲਿਆ ਸਭ ਤੋਂ ਘੱਟ ਦਸਾਂ ਵਿਚੋਂ ਦੋ ਮੇਰੇ ਨੰਬਰ ਸਨ।

ਮਜ਼ਾਕ ਕਰਨ ਲੱਗੇ ਕਿ ਉਲਟੇ ਪਾਸਿਓਂ ਜਿਹੜਾ ਨੰਬਰ ਇਕ ਐ ਉਸਦਾ ਪੇਪਰ ਪੜ੍ਹ ਕੇ ਸੁਣਾਉਨਾਂ। ਗ਼ਲਤ ਲਿਖਿਆ, ਗ਼ਲਤੀਆਂ ਵਾਲਾ, ਸਫ਼ਾ ਕੁ ਪੜ੍ਹ ਕੇ ਜਿਸ ਵਿਚ ਸਸੇ ਤੇ ਸ਼ਸ਼ੇ ਦੀ ਵੀ ਗ਼ਲਤ ਵਰਤੋਂ ਕੀਤੀ ਹੋਈ ਸੀ ਉਹ ਮੈਨੂੰ ਪੁੱਛਣ ਲੱਗੇ ਕਿ ਇਹ ਵਿਦਿਆਰਥੀ ਸਾਲਾਨੇ ਇਮਤਿਹਾਨ ਵਿਚ ਸੈਕੰਡ ਡਵੀਜ਼ਨ ਲੈ ਜਾਵੇਗਾ ? ਸੈਕੰਡ ਡਵੀਜ਼ਨ ਲੈਣੀ ਉਦੋਂ ਖ਼ਾਸੀ ਵੱਡੀ ਗੱਲ ਸਮਝੀ ਜਾਂਦੀ ਸੀ ਕਿਉਂਕਿ ਸੈਕੰਡ ਡਵੀਜ਼ਨ ਲੈ ਕੇ ਅਗਲਾ ਪ੍ਰੋਫ਼ੈਸਰ ਜਾ ਲੱਗਦਾ ਸੀ।

"ਮੇਰਾ ਤਾਂ ਖ਼ਿਆਲ ਐ ਫਸਟ ਡਵੀਜ਼ਨ ਲੈ ਜਾਵੇਗਾ" ਮੈਂ ਵੀ ਮਜ਼ਾਕ ਵਿਚ ਹੀ ਜਵਾਬ ਦਿੱਤਾ।

"ਬੱਲੇ ਬੱਲੇ ਬਈ ਏਹਨੂੰ ਆਖਦੇ ਨੇ ਮੂੰਹ-ਜ਼ਬਾਨੀ ਦਾ ਮਾਰਕਾ ਮਾਰਨਾ" ਜਦੋਂ ਉਨ੍ਹਾਂ ਆਖਿਆ ਉਨ੍ਹਾਂ ਦੇ ਨਾਲ ਸਾਰੇ ਮੁੰਡੇ ਕੁੜੀਆਂ ਵੀ ਮੇਰੀ ਵੱਲ ਵੇਖ ਕੇ ਹੱਸ ਪਏ।

## 21

ਦਸੰਬਰ ਦਾ ਮਹੀਨਾ। ਭਿਜਿਆ ਜਿਹਾ ਬਦਲਵਾਈ ਦਾ ਦਿਨ। ਉਦਾਸ ਜਿਹੀ ਸ਼ਾਮ। ਮੈਂ ਆਪਣੇ ਕਮਰੇ ਵਿਚ ਬੈਠੀ ਸਵੈਟਰ ਬੁਣ ਰਹੀ ਸੀ। ਜੀਅ ਜਿਹਾ ਘਟਿਆ, ਉਠ ਕੇ ਬਾਹਰ ਜਾ ਕੇ ਠੰਡੇ ਪਾਣੀ ਦਾ ਗਿਲਾਸ ਪੀਤਾ। ਪਰ ਜੀਅ ਅਜੇ ਵੀ ਘਬਰਾ ਰਿਹਾ ਸੀ। ਆ ਕੇ ਬਿਸਤਰੇ ਵਿਚ ਪੈ ਗਈ।

"ਕੀ ਗੱਲ ?" ਬੇਜੀ ਨੇ ਪੁੱਛਿਆ।

"ਜੀ ਜਿਹਾ ਘਬਰਾਉਂਦੈ" ਮੈਂ ਜਦੋਂ ਆਖਿਆ, ਪਾਣੀ ਨਾਲ ਮੇਰੀਆਂ ਅੱਖਾਂ ਭਰ ਆਈਆਂ।

"ਮੈਂ ਵੀਹ ਵਾਰੀ ਆਖਿਐ ਕਿਤਾਬਾਂ ਨਾਲ ਏਨਾ ਮੱਥਾ ਨਾ ਮਾਰਿਆ ਕਰ। ਜੀਅ ਤਾਂ ਘਬਰਾਊਗਾ ਈ, ਬਈ ਤੈਂ ਪੜ੍ਹ ਕੇ ਕੀ ਕਰਨੈ, ਕਿਹੜਾ ਕੋਈ ਨੌਕਰੀ ਕਰਨੀਐ।" ਬੇਜੀ ਸਗੋਂ ਡਾਂਟ ਰਹੇ ਸੀ। ਉਨ੍ਹਾਂ ਮੇਰੀ ਬਾਂਹ ਟੋਹੀ ਮੱਥੇ ਤੇ ਹੱਥ ਲਾਇਆ ਤੇ ਬਾਹਰ ਆ ਕੇ ਡਾਕਟਰ ਨੂੰ ਟੈਲੀਫ਼ੋਨ ਕਰ ਦਿੱਤਾ।



Scanned by CamScanner

ਜੇਲ੍ਹ ਤੋਂ ਡਾਕਟਰ ਆ ਗਿਆ। ਦੇਖ ਦਾਖ ਕੇ ਆਖਿਆ ਕੋਈ ਗੱਲ ਨੀ ਘਬਰਾਣ ਵਾਲੀ। ਬਾਜ਼ਾਰੋਂ ਮੰਗਵਾ ਕੇ ਕੋਰਾਮਿਨ ਦਾ ਉਹਨੇ ਮੇਰੇ ਟੀਕਾ ਲਗਾਇਆ ਤੇ ਕੋਰਾਮਿਨ ਦੀ ਇਕ ਸ਼ੀਸ਼ੀ ਮੰਗਵਾ ਕੇ ਰੱਖ ਗਿਆ ਕਿ ਜੇ ਕਦੇ ਫੇਰ ਇਉਂ ਮਹਿਸੂਸ ਹੋਵੇ ਤਾਂ ਦਸ ਬਾਰਾਂ ਬੂੰਦਾਂ ਕੋਰਾਮਿਨ ਦੀਆਂ ਪਾਣੀ 'ਚ ਪਾ ਕੇ ਪੀ ਲਵਾਂ। ਇਕ ਗੋਲੀ ਉਹ ਮੈਨੂੰ ਨੀਂਦ ਦੀ ਦੇ ਗਿਆ।

ਰਾਤ ਨੂੰ ਰੋਟੀ ਖਾਣ ਨੂੰ ਮੇਰਾ ਦਿਲ ਨਹੀਂ ਕੀਤਾ। ਨਿੱਤ ਵਾਂਗ ਖਸਖਸ ਤੇ ਬਦਾਮਾਂ ਵਾਲਾ ਦੁੱਧ ਬੇਜੀ ਨੇ ਜ਼ਬਰਦਸਤੀ ਪਿਲਾ ਦਿੱਤਾ। ਨੀਂਦ ਵਾਲੀ ਗੋਲੀ ਖਾ ਕੇ ਮੈਂ ਜਲਦੀ ਸੌਂ ਗਈ। ਆਪ ਸੌਣ ਤੋਂ ਪਹਿਲਾਂ ਰਾਤ ਦੇ ਗਿਆਰਾਂ ਕੁ ਵਜੇ ਫੁੱਫੜ ਜੀ ਨੇ ਮੈਨੂੰ ਜਗਾ ਕੇ ਪੁੱਛਿਆ ਕਿ ਮੇਰੀ ਤਬੀਅਤ ਤਾਂ ਠੀਕ ਐ?

"ਹਾਂ ਠੀਕ ਐ" ਆਖ ਮੈਂ ਫੇਰ ਸੌਂ ਗਈ।

ਸਵੇਰੇ ਸਵੇਰੇ ਸੁਪਨਾ ਆਇਆ ਜਿਵੇਂ ਫੁਫੜ ਜੀ ਮਰ ਗਏ ਹਨ। ਸੁਪਨੇ ਵਿਚ ਹੀ ਮੈਂ ਬਹੁਤ ਰੋਈ ਤੇ ਰੋਂਦਿਆਂ ਰੋਂਦਿਆਂ ਮੇਰੀ ਜਾਗ ਖੁੱਲ੍ਹ ਗਈ। ਲਾਈਟ ਜਗਾਈ ਟਾਈਮ ਦੇਖਿਆ ਚਾਰ ਵੱਜੇ ਸਨ। ਰੋਣ ਕਰਕੇ ਮੇਰੀਆਂ ਅੱਖਾਂ ਅਜੇ ਵੀ ਪਾਣੀ ਨਾਲ ਭਰੀਆਂ ਪਈਆਂ ਸਨ। ਖ਼ਿਆਲ ਆਇਆ ਸੁਪਨੇ 'ਚ ਜਿਸ ਦੀ ਮੌਤ ਹੋਵੇ ਆਖਦੇ ਨੇ ਅਸਲ 'ਚ ਉਸ ਦੀ ਉਮਰ ਵਧਦੀਐ। ਇਹ ਸੋਚ ਕੇ ਮਨ ਸ਼ਾਂਤ ਹੋ ਗਿਆ। ਸ਼ੁਕਰ ਕੀਤਾ ਇਹ ਸੁਪਨਾ ਹੀ ਸੀ ਤੇ ਲਾਈਟ ਬੁਝਾ ਕੇ ਮੈਂ ਫੇਰ ਸੌਂ ਗਈ। ਦਿਨ ਚੜ੍ਹੇ ਮੈਂ ਦੇਰ ਨਾਲ ਜਾਗੀ। ਫੁੱਫੜ ਜੀ ਨੇ ਹਰੇਕ ਐਤਵਾਰ ਵਾਂਗ ਮਾਲਸ਼ ਕਰਾਈ, ਸਿਰ ਨਾਹਤੇ ਤੇ ਬਰੇਕਫ਼ਾਸਟ ਲੈ ਕੇ ਵੇਹੜੇ 'ਚ ਬੈਠ ਕੇ ਅਖਬਾਰ ਪੜ੍ਹਨ ਲੱਗ ਪਏ। ਮੈਂ ਚਾਹ ਪੀ ਕੇ ਉਨ੍ਹਾਂ ਦੇ ਕੋਲ ਬੈਠ ਕੇ ਸਵੈਟਰ ਬੁਣਨ ਲੱਗ ਪਈ। ਰਾਤ ਵਾਲਾ ਸੁਪਨਾ ਮੈਨੂੰ ਯਾਦ ਸੀ ਤੇ ਮੈਂ ਇਕ ਬੇਚੈਨੀ ਜਿਹੀ ਮਹਿਸੂਸ ਕੀਤੀ।

"ਇਹ ਸਵੈਟਰ ਕੀਹਦਾ ਐ ਬੇਟਾ?" ਫੁੱਫੜ ਜੀ ਨੇ ਪੁੱਛਿਆ।

"ਤੁਹਾਡਾ" ਮੈਂ ਕਿਹਾ।

"ਮੇਰੇ ਕੋਲ ਤਾਂ ਕਈ ਸੁਆਟਰ ਹੈਗੇ ਨੇ।"

"ਪਰਸੋਂ ਨੂੰ ਗੁਰਬਚਨ ਭਰਾ ਜੀ ਦੇ ਲੜਕੇ ਦਾ ਵਿਆਹਐ ਨਾ, ਉਸ ਲਈ ਤੁਹਾਨੂੰ ਨਵਾਂ ਸੁਆਟਰ ਬਣਾ ਕੇ ਦੇਵਾਂਗੀ" ਮੈਂ ਦੱਸਿਆ।

ਅਖ਼ਬਾਰ ਮੁਕਾ ਕੇ ਫੁੱਫੜ ਜੀ ਨੇ ਵਾਲ ਵਾਹੇ, ਪਗੜੀ ਬੰਨ੍ਹੀ, ਕੱਪੜੇ ਬਦਲੇ ਤੇ ਬੇਜੀ ਨੂੰ ਆਖਣ ਲੱਗੇ "ਕਈ ਦਿਨ ਤੋਂ ਮੇਰਾ ਪੇਟ ਜ਼ਰਾ ਭਾਰਾ ਭਾਰਾ ਲਗਦੈ, ਡਾਕਟਰ ਜਗਦੀਸ਼ ਨੂੰ ਦਿਖਾਈ ਆਉਨਾਂ ਨਾਲੇ ਮਿਲ ਆਊਂ, ਅੱਜ ਐਤਵਾਰ ਐ ਘਰੇਈ ਹੋਵੇਗਾ।"

"ਚਲੋ ਮੈਂ ਵੀ ਚਲਦੀਆਂ" ਆਖ ਬੇਜੀ ਵੀ ਤਿਆਰ ਹੋਣ ਲੱਗ ਪਏ।

ਜਾਣ ਤੋਂ ਪਹਿਲਾਂ ਉਨ੍ਹਾਂ ਪੁੱਛਿਆ "ਬੀਬੀ ਕਿਥੇ ਐ?" ਬੇਜੀ ਨੇ ਦੱਸਿਆ "ਉੱਪਰ ਨੂੰ ਗਈ ਐ, ਕੁਸ਼ ਆਖਣੈ?" ਬੋਲੇ, ਨਹੀਂ।

ਕੋਠੀ ਤੋਂ ਬਾਹਰ ਆ ਕੇ ਪਹਿਲਾਂ ਉਨ੍ਹਾਂ ਡਰਾਈਵਰ ਨੂੰ ਕਾਰ ਕੱਢਣ ਨੂੰ ਆਖਿਆ। ਫੇਰ ਆਖਣ ਲੱਗੇ ਕਾਰ ਰਹਿਣ ਦੇ ਤੂੰ ਜੰਗ ਸਿਆਂ ਟਾਂਗਾ ਈ ਜੋੜ ਲਿਆ। ਪਰ ਇਸ ਤੋਂ ਪਹਿਲਾਂ ਕਿ ਜੰਗ ਟਾਂਗਾ ਜੋੜ ਕੇ ਲਿਆਉਂਦਾ ਇਹ ਆਖ ਕੇ ਤੁਰ ਪਏ ਕਿ ਰਹਿਣ ਦੇ ਪੈਦਲ ਈ ਜਾ ਆਉਨਾਂ ਨਾਲੇ ਥੋੜੀ ਜਹੀ ਸੈਰ ਹੋ ਜਾਊ।

ਆਖਦੇ ਨੇ ਡਾਕਟਰ ਦੇ ਘਰ ਗਏ। ਉਹਨੇ ਆਖਿਆ ਚਲੋ ਹਸਪਤਾਲ ਚਲਦੇਆਂ



Scanned by CamScanner

ਉਥੇ ਜਾ ਕੇ ਦੇਖਦੇਆਂ ਕੀ ਗੱਲ ਐ। ਹਸਪਤਾਲ ਜਾ ਕੇ ਡਾਕਟਰ ਨੇ ਉਨ੍ਹਾਂ ਨੂੰ ਬੈੱਡ ਤੇ ਪਾਇਆ। ਦੇਖਣ ਹੀ ਲੱਗਿਆ ਸੀ ਕਿ ਉਨ੍ਹਾਂ ਨੂੰ ਸਖਤ ਦਿਲ ਦਾ ਦੌਰ ਪਿਆ। ਤੇ ਪੂਰੇ ਹੋ ਗਏ।

ਕੁਝ ਚਿਰ ਮੁਕਾਣਾਂ ਆਉਂਦੀਆਂ ਰਹੀਆਂ, ਹਊਕਲਾਪ ਹੁੰਦਾ ਰਿਹਾ ਤੇ ਆਏ ਗਏ ਲੋਕਾਂ ਨਾਲ ਘਰ ਭਰਿਆ ਰਹਿੰਦਾ, ਪਰ ਭੋਗ ਪੈ ਜਾਣ ਮਗਰੋਂ ਘਰ ਦੇ ਸਾਰੇ ਜੀਅ ਜਿਵੇਂ ਆਪਣੀ ਆਪਣੀ ਥਾਂ ਇਕੱਲੇ ਹੋ ਗਏ ਸੀ। ਜਿਵੇਂ ਕਿਸੇ ਦਾ ਵੀ ਦੁਨੀਆਂ ਉਤੇ ਕੋਈ ਨਹੀਂ ਸੀ ਰਹਿ ਗਿਆ।

ਵੱਡੇ ਬੇਜੀ ਨੂੰ ਲੋਕਾਂ ਨੇ, ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਸਿਖਾਇਆ, "ਤੂੰ ਸਭ ਕਾਸੇ 'ਚੋਂ ਆਪਣਾ ਅੱਧ ਵੰਡਾ ਕੇ ਪਾਸੇ ਹੋਜਾ, ਜੀਹਨੂੰ ਮਰਜ਼ੀ ਦੇਹ, ਜੀਹਨੂੰ ਮਰਜ਼ੀ ਨਾ ਦੇ।" ਪਰ ਉਨ੍ਹਾਂ ਆਖਿਆ "ਮੇਰੇ ਬਿਨਾਂ ਛੋਟੀ ਦਾ ਕੌਣ ਐ। ਉਹ ਜੇ ਰੁਲ਼ੂਗੀ ਮੇਰੇ ਆਦਮੀ ਦਾ ਨਉਂ ਰੁਲ਼ੂਗਾ। ਅਸੀਂ ਤਾਂ ਦੁਖ ਸੁਖ ਰਲ਼ ਕੇ ਈ ਕੱਟਾਂਗੀਆਂ।"

ਛੋਟੇ ਬੇਜੀ ਨੂੰ ਵੀ ਬਥੇਰਿਆਂ ਨੇ ਆਖਿਆ, "ਸਾਰੀ ਉਮਰ ਤੂੰ ਵੱਡੀ ਦੀਆਂ ਜੁੱਤੀਆਂ ਖਾਧੀਆਂ ਨੇ, ਹੁਣ ਤੈਂ ਉਸ ਤੋਂ ਕੀ ਲੈਣਾ ਐ।" ਪਰ ਉਨ੍ਹਾਂ ਨੇ ਵੀ ਏਹੀ ਆਖਿਆ "ਸਰਦਾਰ ਸਾਹਬ ਹੁੰਦੇ ਗੱਲ ਹੋਰ ਸੀ ਪਰ ਹੁਣ ਮੇਰੇ ਬਿਨਾ ਉਹਦਾ ਵੀ ਕੌਣ ਐ।"

ਬਾਪੂ ਜੀ ਫੁੱਫੜ ਜੀ ਦੇ ਮਰਨ ਤੇ ਬਹੁਤ ਰੋਏ ਤੇ ਇਹ ਵੀ ਆਖਿਆ "ਏਦੂੰ ਤਾਂ ਮੈਂ ਮਰ ਜਾਂਦਾ ਸਰਦਾਰ ਦੇ ਮਰਨ ਨਾਲ ਤਾਂ ਉਹਦਾ ਨਉਂ ਈ ਮੁਕ ਗਿਐ।"

ਵੀਰੇ ਨੂੰ ਤੇ ਛੋਟੀ ਭੈਣ ਨੂੰ ਉਹ ਸਾਡੇ ਕੋਲ ਛੱਡ ਗਏ। ਇਕ ਭੈਣ ਲੁਧਿਆਣੇ ਹੋਸਟਲ ਵਿਚ ਪੜ੍ਹਦੀ ਸੀ ਤੇ ਇਕ ਖੰਨੇ। ਉਹ ਆਪ ਕਦੇ ਇੱਥੇ ਸਾਡੇ ਕੋਲ ਆ ਜਾਂਦੇ ਤੇ ਕਦੇ ਪਿੰਡ ਚਲੇ ਜਾਦੇ।

ਫੁੱਫੜ ਜੀ ਦੇ ਮਰਨ ਤੋਂ ਪਹਿਲਾਂ ਉਨ੍ਹਾਂ ਦੇ ਪਿੰਡ ਦੇ ਇਕ ਸਾਊ ਲਫਟੈਣ ਨਾਲ ਮੇਰੇ ਤੋਂ ਛੋਟੀ ਸੁਰਜੀਤ ਦਾ ਵਿਆਹ ਕਰ ਦਿੱਤਾ ਗਿਆ ਸੀ ਤਾਂ ਜੋ ਫੁੱਫੜ ਜੀ ਤੋਂ ਪਿਛੋਂ ਵੀ ਉਸ ਨਗਰ ਖੇੜੇ ਨਾਲ ਸਾਡਾ ਸੰਬੰਧ ਬਣਿਆ ਰਹੇ।

ਫੁੱਫੜ ਜੀ ਦੀ ਮੌਤ ਤੋਂ ਮਗਰੋਂ ਅਸੀਂ ਲੋਕਾਂ ਦੇ ਰੰਗ ਬਦਲਦੇ ਦੇਖੇ।

"ਅਖੇ ਨਵਾਬ ਦੀ ਕੁੱਤੀ ਮਰਗੀ ਸਾਰਾ ਪਿੰਡ ਮੁਕਾਣੇ ਆਇਆ, ਨਵਾਬ ਮਰ ਗਿਆ ਕੋਈ ਨਾ ਆਇਆ" ਵੱਡੇ ਬੇਜੀ ਸਿਆਣਿਆਂ ਦੀ ਕਥੀ ਗੱਲ ਚਿਤਾਰਦੇ।

ਜਿਸ ਘਰ ਵਿਚ ਆਏ ਗਇਆਂ ਦਾ, ਅਫ਼ਸਰਾਂ ਵਜ਼ੀਰਾਂ ਦਾ, ਕੰਮ ਕਰਵਾਉਣ ਵਾਲੇ ਲੋਕਾਂ ਦਾ ਮੇਲਾ ਲੱਗਿਆ ਰਹਿੰਦਾ ਸੀ ਉਸ ਘਰ ਵਿਚ ਕਉਂ ਪੈਣ ਲੱਗੇ।

ਜਿਹੜੀ ਭਾਬੀ ਹਰਨਾਮਕੁਰ ਮੈਨੂੰ ਫੁੱਫੜ ਜੀ ਦੇ ਜੀਉਂਦਿਆਂ ਆਪਣੀ ਧੀ ਜੁਗਿੰਦਰ ਦੇ ਬਰਾਬਰ ਮੰਨਦੀ ਸੀ ਉਸੇ ਦੇ ਘਰੋਂ ਸਕੂਲ ਵਾਲੀ ਮਾਈ ਭਾਵ ਬੀਬੀ ਪਰੋਹਤਣੀ ਦੇ ਹੱਥ ਸੁਨੇਹਾ ਆਇਆ, "ਸਰਦਾਰ ਤਾਂ ਹੁਣ ਮਰ ਗਿਆ, ਕੁੜੀਆਂ ਨੂੰ ਜੇ ਕੋਠੀ 'ਚੋਂ ਕਬੂਤਰਾਂ ਵਾਂਗੂੰ ਨਾ ਉਡਾ ਦਿੱਤਾ।" ਵਿਚੋਂ ਮੈਂ ਸਹਿਮ ਕੇ ਉਪਰੋਂ ਗਰਜ ਕੇ ਮਾਈ ਨੂੰ ਆਖਿਆ ਉਹਨਾਂ ਨੂੰ ਆਖ ਦੇਈਂ ਜਾ ਕੇ ਬਈ ਬੀਬੀ ਦੀਪ ਆਖਦੀ ਸੀ ਮੈਂ ਤਾਂ ਮਰੀ ਜੀਊਂਦੀ ਇਕ ਬਰਾਬਰ ਆਂ, ਪਰ ਕਿਸੇ ਵੀ ਕੁੜੀ ਜਾਂ ਬੁੜ੍ਹੀ ਵੱਲ ਉਂਗਲ ਕਰਨ ਤੋਂ ਪਹਿਲਾਂ ਉਹ ਆਪਣੇ ਤਿੰਨਾਂ ਪੁੱਤਾਂ ਦੀ ਖ਼ੈਰ ਮਨਾ ਲੈਣ। ਉਹਨਾਂ ਨੂੰ ਪਤੈ ਮੈਨੂੰ ਪਸਤੌਲ ਚਲਾਉਣਾ ਆਉਂਦੇ ਤੇ ਬੰਦੂਕ ਵੀ, ਉਨ੍ਹਾਂ ਤੇ ਤਿੰਨਾਂ ਪੁੱਤਰਾਂ ਨੂੰ ਮਾਰ ਕੇ ਆਪ ਮਰਜੂੰ ਏਸ ਗੱਲ ਨੂੰ ਯਾਦ ਰੱਖਣ।"



Scanned by CamScanner

ਮਾਈ ਬਚਾਰੀ ਜਿਵੇਂ ਹੁਕਮ ਦੀ ਬੱਧੀ ਸੁਨੇਹਾ ਲਿਆਈ ਸੀ, ਉਸੇ ਤਰ੍ਹਾਂ ਹੁਕਮ ਦੀ ਬੱਧੀ ਸੁਨੇਹਾ ਲੈ ਵੀ ਗਈ। ਅਗਲੇ ਦਿਨ ਹੀ ਤੇਜਾ ਸਿੰਘ ਭਰਾ ਜੀ ਜੋ ਡੀ. ਐਸ. ਪੀ. ਸਨ। ਤੇ ਜਿਨ੍ਹਾਂ ਆਪਣੀ ਧੀ ਕਿਸੇ ਰਾਜੇ ਦੇ ਰਿਸ਼ਤੇਦਾਰ ਨੂੰ ਵਿਆਹੀ ਸੀ ਆਪਣੀ ਵਹੁਟੀ ਭਾਬੀ ਹਰਨਾਮਕੁਰ ਨਾਲ ਸਾਡੀ ਕੋਠੀ ਆਏ। ਲੱਗੇ ਪੋਚੇ ਮਾਰਨ ਅਖੇ ਬੀਬਾ ਤੁਸੀਂ ਗ਼ਲਤ ਸਮਝ ਗਏ ਅਸੀਂ ਕਦੇ ਇਉਂ ਕਹਿ ਸਕਦੇਆਂ, ਮਾਈ ਕਿਸੇ ਹੋਰ ਦੇ ਭੁਲੇਖੇ ਆਖ ਗਈ। ਉਸ ਨੂੰ ਗੱਲ ਸਮਝ ਨੀ ਲੱਗੀ ਹੋਣੀ।

"ਮਾਈ ਨੂੰ ਬੁਲਾਵਾਂ ?" ਮੈਂ ਆਖਿਆ।

"ਤੁਸੀਂ ਕੀ ਬੁਲਾਓਗੇ ਮੈਂ ਆਪ ਸੱਦਕੇ ਝਾੜੂੰਗੀ ਉਸ ਨੂੰ। ਹੈ ਕਮਲੀ ਤੂੰ ਬੀਬਾ ਨੂੰ ਕੀ ਆਖਤਾ ਜਾ ਕੇ, ਸਾਨੂੰ ਤਾਂ ਤੁਸੀਂ ਜੁਗਿੰਦਰ ਵਰਗੇ ਓ" ਹਰਨਾਮਕੁਰ ਭਾਬੀ ਆਖ ਰਹੀ ਸੀ।

"ਹਰਨਾਮਕੁਰੇ ਰੱਬ ਤੋਂ ਸੌ ਵੇਲੇ ਡਰੀਏ, ਰੱਬ ਮਾੜਾ ਵੇਲਾ ਨਾ ਲਿਆਵੇ ਕਿਸੇ ਤੇ, ਮੇਰੀ ਜੀਊਂਦੀ ਝਾਕਜੇ ਖਾਂ ਕੋਈ ਏਸ ਘਰ ਕੰਨੀਂ ਜੇ ਕਾਲਜਾ ਨਾ ਖਾ ਜਾਂ ਕੱਢ ਕੇ" ਵੱਡੇ ਬੇਜੀ ਨੇ ਰੋਹ ਨਾਲ ਦਬਕਾ ਮਾਰਿਆ। ਤੇ ਹਰਨਾਮਕੁਰ ਭਾਬੀ ਪੁੱਤਾਂ ਦੇ ਨੇਮ ਕਰਕੇ ਗਈ, ਬਈ ਜੇ ਅਸੀਂ ਦਿਲ 'ਚ ਕੋਈ ਮੈਲ ਰੱਖੀਏ।

ਓਦੋਂ ਆਦਮੀ ਮਰੇ ਤੋਂ ਉਸ ਦੀਆਂ ਔਰਤਾਂ ਨੂੰ। ਕੋਈ ਪੈਨਸ਼ਨ ਨਹੀਂ ਸੀ ਮਿਲਦੀ। ਪਿੰਡੋਂ ਠੇਕਾ ਛੀਈਂ ਮਹੀਨੀਂ ਆਉਂਦਾ ਸੀ। ਬੈਂਕ ਵਿਚ ਜੋ ਧਰਿਆ ਢਕਿਆ ਸੀ ਉਹ ਕਿੰਨਾ ਕੁ ਚਿਰ ਕੱਢ-ਕੱਢ ਖਾਈ ਜਾਣਾ ਸੀ ਇਸ ਲਈ ਹਰ ਪਾਸੇ ਸੰਕੋਚ ਕਰਨ ਦੀ ਲੋੜ ਸੀ। ਕਾਰ ਵਰਾਂਡੇ ਵਿਚ ਖੜ੍ਹੀ ਕਰ ਦਿੱਤੀ। ਡਰਾਈਵਰ ਹਟਾ ਦਿੱਤਾ। ਮੱਝਾਂ ਗਾਵਾਂ ਵੇਚ ਦਿੱਤੀਆਂ। ਨੌਕਰ ਚਾਕਰ ਹਟਾ ਦਿੱਤੇ। ਫਲਾਂ ਦੀਆਂ, ਮਠਿਆਈ ਦੀਆਂ, ਡਰਾਈ ਫਰੂਟਾਂ ਦੀਆਂ ਟੋਕਰੀਆਂ ਆਉਣੋਂ ਬੰਦ ਹੋ ਗਈਆਂ। ਤਾਏ ਜੈਮਲ ਨੂੰ ਕੋਠੀ ਦੇ ਮਗਰਲੇ ਕਮਰੇ ਦੇ ਦਿੱਤੇ ਬਈ ਹੁਣ ਆਪਣਾ ਤੇ ਆਪਣੇ ਟੱਬਰ ਦਾ ਗੁਜ਼ਾਰਾ ਆਪ ਕਰੋ। ਬਲਵੰਤ ਭਾਬੀ ਹੋਰਾਂ ਦੀ ਵੀ ਜਦੋਂ ਮੁੜ ਕੇ ਪਟਿਆਲੇ ਦੀ ਬਦਲੀ ਹੋਈ ਤਾਂ ਅੱਡ ਘਰ ਲੈਕੇ ਰਹੇ। ਰਘਬੀਰ ਭਰਾ ਜੀ ਦੀ ਬਦਲੀ ਜਲੰਧਰ ਦੀ ਹੋ ਗਈ। ਫੇਰ ਵੀ ਵੱਡੇ ਬੇਜੀ ਚਿੰਤਾਤੁਰ ਹੋ ਕੇ ਆਖਦੇ ਸਰਦਾਰ ਦੇ ਹੁੰਦਿਆਂ ਕਦੇ ਪਤਾ ਈ ਨੀ ਸੀ ਬਈ ਇਹ ਦਿਨ ਵੀ ਆ ਜਾਣਗੇ।

ਫੇਰ ਇਕ ਦਿਨ ਸ਼ਾਇਦ ਕੋਈ ਚੀਜ਼ ਚਾਹੀਦੀ ਸੀ, ਲਾਕਰ ਖੋਲ੍ਹਣ ਬੈਂਕ ਗਈ ਤਾਂ ਅੱਗੋਂ ਬੈਂਕ ਵਾਲਿਆਂ ਮੈਨੂੰ ਲਾਕਰ ਖੋਲ੍ਹਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ। ਲਾਕਰ ਮੇਰੇ ਤੇ ਫੁਫੜ ਜੀ ਦੇ ਨਾਉਂ ਉਪਰ ਸੀ ਪਰ ਕਿਸੇ ਨੇ ਅਰਜ਼ੀ ਦੇ ਦਿੱਤੀ ਸੀ ਕਿ ਮੈਂ ਉਨ੍ਹਾਂ ਦੇ ਜੀਊਂਦਿਆਂ ਭਾਵੇਂ ਲਾਕਰ ਖੋਲ੍ਹ ਸਕਦੀ ਸੀ ਪਰ ਉਨ੍ਹਾਂ ਦੇ ਮਰਨ ਪਿੱਛੋਂ ਨਹੀਂ ਕਿਉਂਕਿ ਮੈਂ ਉਨ੍ਹਾਂ ਦੀ ਵਾਰਸ ਨਹੀਂ ਸੀ ਤੇ ਉਨ੍ਹਾਂ ਦੀ ਵਸੀਅਤ ਅਜੇ ਖੋਲ੍ਹੀ ਜਾਣੀ ਸੀ।

ਮੈਂ ਬੇਜੀ ਹੋਰਾਂ ਨੂੰ ਆ ਕੇ ਦੱਸਿਆ। ਉਹ ਬੜੇ ਫਿਕਰਮੰਦ ਹੋ ਗਏ ਕਿਉਂਕਿ ਉਨ੍ਹਾਂ ਨੂੰ ਫੁਫੜ ਜੀ ਦੀ ਕਿਸੇ ਵਸੀਅਤ ਦਾ ਪਤਾ ਨਹੀਂ ਸੀ। ਉਨ੍ਹਾਂ ਨੂੰ ਲੱਗਿਆ ਕੀ ਪਤੈ ਉਨ੍ਹਾਂ ਤੋਂ ਕੀਹਨੇ ਕਿਹੜੇ ਵੇਲੇ ਕਿਹੋ ਜੇ ਕਿਸੇ ਕਾਗਜ਼ ਤੇ ਦਸਖ਼ਤ ਕਰਾ ਲਏ ਹੋਣ। ਪਰ ਵਸੀਅਤ ਡੀ. ਸੀ. ਦੇ ਦਫ਼ਤਰ ਪਈ ਸੀ। ਕਢਵਾਈ ਗਈ। ਪੜ੍ਹਾਈ ਗਈ। ਉਨ੍ਹਾਂ ਲਿਖਿਆ ਸੀ ਮੇਰੀ ਜਾਇਦਾਦ ਤੇ ਮੇਰੇ ਹੋਰ ਸਭ ਕਾਸੇ ਦੀਆਂ ਮਾਲਕ ਮੇਰੀਆਂ ਦੋਵੇਂ ਬੀਵੀਆਂ ਹਨ।



Scanned by CamScanner

ਤੌਂਖ਼ਲਾ ਮਿਟ ਗਿਆ। ਪਰ ਮੈਂ ਲਾਕਰ ਨਹੀਂ ਸੀ ਖੋਲ੍ਹ ਸਕਦੀ। ਲਾਕਰ ਮੇਰੇ ਨਾਂ ਸੀ ਕੋਈ ਹੋਰ ਵੀ ਉਸ ਨੂੰ ਨਹੀਂ ਸੀ ਖੋਲ੍ਹ ਸਕਦਾ। ਅਖੀਰ ਮਾਮਲਾ ਕੋਰਟ ਵਿਚ ਗਿਆ। ਫ਼ੈਸਲਾ ਇਹ ਹੋਇਆ ਲਾਕਰ ਖੋਲ੍ਹ ਕੇ, ਸਾਰੀਆਂ ਚੀਜ਼ਾਂ ਭਾਵ ਸਾਰੇ ਗਹਿਣਿਆਂ ਦਾ ਵਜ਼ਨ ਕਰਕੇ ਮੁੱਲ ਜਾਣ ਕੇ, ਓਨੇ ਮੁੱਲ ਦੀਆਂ ਦੋ ਜ਼ਮਾਨਤਾਂ ਲੈ ਕੇ ਉਹ ਗਹਿਣੇ ਸਰਦਾਰ ਦੀਆਂ ਦੋਵੇਂ ਘਰ ਵਾਲੀਆਂ ਵਿਚ ਅੱਧੇ ਅੱਧੇ ਵੰਡ ਦਿੱਤੇ ਜਾਣ।

ਪਤਾ ਲੱਗਣ ਤੇ ਫੇਰ ਕੁਝ ਲੋਕਾਂ ਨੇ ਵੱਡੇ ਬੇਜੀ ਨੂੰ ਆਖਿਆ, "ਤੁਹਾਡੇ ਹਨ ਚਾਹੇ ਨਹੀਂ ਚੁੱਪ ਕਰਕੇ ਅੱਧੇ ਗਹਿਣੇ ਪੱਲੇ ਪਵਾ ਲਿਓ।" ਪਰ ਉਨ੍ਹਾਂ ਆਖਿਆ ਮੈਂ ਅੰਤ ਨੂੰ ਰੱਸੇ ਵੱਟਣੇ ਨੇ ਝੂਠ ਬੋਲ ਕੇ ? ਪੁੱਤ ਨਾ ਧੀ ਮੈਂ ਕੀਹਨੂੰ ਦੇਣਾ ਐ ਸਾਰਾ ਕੁਝ।" ਤੇ ਉਨ੍ਹਾਂ ਛੋਟੇ ਬੇਜੀ ਦੇ ਨਾਲ ਹੀ ਲਿਖ ਕੇ ਦੇ ਦਿੱਤਾ ਕਿ ਲਾਕਰ ਖੋਲ੍ਹਣ ਦੀ ਮੈਨੂੰ ਇਜਾਜ਼ਤ ਦੇ ਦਿੱਤੀ ਜਾਵੇ।

ਫੁਫੜ ਜੀ ਦੇ ਮਰਨ ਨਾਲ ਮੌਤ ਨੂੰ ਜਿਵੇਂ ਮੈਂ ਨੇੜਿਓਂ ਹੋ ਕੇ ਦੇਖਿਆ। ਉਦਾਸ ਘੜੀਆਂ ਵਿਚ ਮੈਂ ਮੌਤ ਨੂੰ ਕਈ ਵਾਰੀ ਚਿਤਵਿਆ। ਮੌਤ ਦੇ ਪਾਰ ਜਿਵੇਂ ਦਾਦੀ ਮਾਂ ਸੀ ਬਾਬਾ ਜੀ ਸਨ ਤੇ ਹੁਣ ਫੁਫੜ ਜੀ ਵੀ ਚਲੇ ਗਏ ਸਨ। ਜ਼ਿੰਦਗੀ ਵਿਚ ਕੁਝ ਉਦਰੇਵੇਂ ਸਨ। ਕੁਝ ਸ਼ੰਕੇ ਤੇ ਕੁਝ ਸਹਿਮ। ਹੌਲੀ-ਹੌਲੀ ਮੌਤ ਇਕ ਪਨਾਹ ਲਗਣ ਲੱਗ ਪਈ। ਤੇ ਵੇਲੇ ਕੁਵੇਲੇ ਇਹ ਪਨਾਹ ਯਾਦ ਆਉਣ ਲੱਗੀ। ਸ਼ਾਇਦ ਮੈਂ ਇਸ ਪਾਸੇ ਬਹੁਤ ਦੂਰ ਤੱਕ ਤੁਰ ਆਈ ਸੀ ਕਿ ਇਕ ਰਾਤ ਮੈਨੂੰ ਸੁਪਨਾ ਆਇਆ ਜਿਵੇਂ ਮੈਂ ਮਰ ਗਈ ਹਾਂ। ਮਰ ਕੇ ਚਿੱਟਾ ਧੂੰਆਂ ਬਣ ਗਈ ਹਾਂ। ਆਪਣੇ ਘਰ ਹਾਂ। ਡਰਾਇੰਗ ਰੂਮ ਵਿਚ ਸਾਰੇ ਬੈਠੇ ਗੱਲਾਂ ਕਰ ਰਹੇ ਸਨ। ਮੈਂ ਕੋਈ ਗੱਲ ਕਰਦੀ ਹਾਂ, ਕੋਈ ਧਿਆਨ ਹੀ ਨਹੀਂ ਦਿੰਦਾ। ਇਸ ਲਈ ਕਿ ਮੈਂ ਕਿਹੜਾ ਕਿਸੇ ਨੂੰ ਦਿਸਦੀ ਹਾਂ ਤੇ ਮੇਰੀ ਆਵਾਜ਼ ਕਿਹੜਾ ਕਿਸੇ ਨੂੰ ਸੁਣਾਈ ਦਿੰਦੀ ਹੈ। ਮੈਂ ਬੇਜੀ ਨੂੰ ਆਖਦੀ ਹਾਂ "ਬੇਜੀ ਮੈਨੂੰ ਪਿਆਸ ਲੱਗੀ ਹੈ।" ਉਹ ਨਾ ਮੇਰੀ ਗੱਲ ਸੁਣਦੇ ਹਨ ਤੇ ਨਾ ਮੇਰੀ ਵੱਲ ਤੱਕਦੇ ਹਨ। ਮੈਂ ਉਨ੍ਹਾਂ ਦੀ ਬਾਂਹ ਫੜ ਕੇ ਹਲੂਣਦੀ ਹਾਂ ਤੇ ਬਹੁਤ ਔਖੀ ਹੋ ਕੇ ਆਖਦੀ ਹਾਂ "ਬੇਜੀ ਮੈਨੂੰ ਪਿਆਸ ਲੱਗੀ ਹੈ।" ਪਰ ਮੈਂ ਤਾਂ ਨਿਰਾ ਧੂੰਆਂ ਸੀ। ਅੱਧਾ ਧੂੰਆਂ ਬੇਜੀ ਦੇ ਇਕ ਪਾਸੇ ਦੀ ਨਿੱਕਲ ਗਿਆ ਤੇ ਅੱਧਾ ਦੂਜੇ ਪਾਸੇ ਦੀ ਉਨ੍ਹਾਂ ਨੂੰ ਕੁਝ ਪਤਾ ਹੀ ਨਹੀਂ ਸੀ ਲੱਗਿਆ। ਇਸ ਤਰ੍ਹਾਂ ਮਨ ਦੇ ਪਿੱਛੇ ਲੱਗ ਕੇ ਦੇਹ ਨੂੰ ਗੁਆ ਦੇਣ ਦਾ ਹਸ਼ਰ ਮੈਨੂੰ ਇਸ ਸੁਪਨੇ ਨੇ ਆਪਣੇ ਵਿਚੀਂ ਲੰਘਾ ਕੇ ਸਮਝਾਇਆ। ਲੱਗਿਆ ਜਿਸ ਮੌਤ ਨੂੰ ਮੈਂ ਪਨਾਹ ਸਮਝ ਲਿਆ ਸੀ ਉਹ ਤਾਂ ਬਹੁਤ ਵੱਡਾ ਸੰਤਾਪ ਹੈ। ਤੁਸੀਂ ਜੀ ਰਹੇ ਹੁੰਦੇ ਓ ਤੇ ਤੁਹਾਡਾ ਜਿਸਮ ਮਰ ਚੁਕਿਆ ਹੁੰਦਾ ਹੈ। ਸ਼ਾਇਦ ਇਸੇ ਨੂੰ ਪ੍ਰੇਤ ਜੂਨ ਆਖਦੇ ਹਨ। ਇਉਂ ਇਸ ਸੁਪਨੇ ਨੇ ਜੀਵਨ ਤੋਂ ਪਾਰਲੀ ਕਿਸੇ ਸੁਖ ਸ਼ਾਂਤੀ ਦੀ ਆਸ ਨੂੰ ਵੀ ਖੋਹ ਲਿਆ ਸੀ। ਹੁਣ ਜਦੋਂ ਵੀ ਦਿਲ ਨੂੰ ਡੋਬ ਪੈਂਦਾ ਮੈਂ ਕੋਰਾਮਿਨ ਦੀ ਸ਼ੀਸ਼ੀ ਵਿਚੋਂ ਕੁਝ ਤੁਪਕੇ ਪਾਣੀ ਵਿਚ ਪਾਕੇ ਪੀਂਦੀ ਤੇ ਮਰਨ ਬਾਰੇ ਨਹੀਂ ਸੀ ਸੋਚਦੀ।

ਪਰ ਕਦੇ ਕਦੇ ਬਹੁਤ ਜੀ ਘਬਰਾਉਂਦਾ। ਠੰਡੀਆਂ ਤ੍ਰੇਲੀਆਂ ਆ ਜਾਂਦੀਆਂ ਤਾਂ ਘਬਰਾ ਕੇ ਰਘਬੀਰ ਭਰਾ ਜੀ ਡਾਕਟਰ ਵਾਹੀ ਨੂੰ ਸੱਦ ਲਿਆਉਂਦੇ। ਡਾਕਟਰ ਵਾਹੀ ਬੜਾ ਲਾਇਕ ਡਾਕਟਰ ਸੀ ਤੇ ਭਰਾ ਜੀ ਦਾ ਦੋਸਤ ਸੀ। ਹਰ ਵਾਰੀ ਮੇਰੇ ਨਾਲ ਲੜਦਾ ਕਿ ਮੈਨੂੰ ਕੁਝ ਨਹੀਂ ਹੋਇਆ ਤੇ ਨਾਲ ਹੀ ਦਵਾਈਆਂ ਲਿਖ ਦਿੰਦਾ।

ਫੁੱਫੜ ਜੀ ਦੀ ਮੌਤ ਤੋਂ ਮਗਰੋਂ ਇਕ ਦੋ ਵਾਰੀ ਪ੍ਰਿੰਸੀਪਲ ਤੇਜਾ ਸਿੰਘ ਘਰ



Scanned by CamScanner

ਆਏ। ਦੁੱਖ ਸੁਖ ਪੁੱਛ ਕੇ ਚਲੇ ਗਏ। ਪਰ ਇਕ ਵਾਰੀ ਜਦੋਂ ਆਏ ਆਖਣ ਲੱਗੇ "ਸਰਦਾਰ ਸਾਹਬ ਦੀ ਬੜੀ ਇੱਛਾ ਸੀ ਮੇਰੀ ਲੜਕੀ ਪੰਜਾਬੀ ਦੀ ਐਮ. ਏ. ਕਰੇ। ਜੇਲ੍ਹਾਂ ਦੇ ਜਰਨੈਲ, ਨਾਲ ਹੀ ਐਮ. ਐਲ. ਏ. ਖਾਲਸਾ ਕਾਲਿਜ ਅੰਮ੍ਰਿਤਸਰ ਦੀ ਅਗਜ਼ੈਕਟਿਵ ਕਮੇਟੀ ਦੇ ਪਰਮਾਨੈਂਟ ਮੈਂਬਰ, ਰਾਜੇ ਦੇ ਭਾਈਚਾਰੇ 'ਚੋਂ, ਪੰਜਾਬ ਦੇ ਸਿਰ-ਕੱਢ ਬੰਦੇ, ਉਨ੍ਹਾਂ ਤਾਂ ਸਭ ਨੂੰ ਦੱਸਣਾ ਸੀ ਬਈ ਅੰਗਰੇਜ਼ੀ ਨਹੀਂ ਮੇਰੀ ਧੀ ਨੇ ਪੰਜਾਬੀ ਦੀ ਐਮ. ਏ. ਕੀਤੀਐ ਪਰ ਤੂੰ ਤਾਂ ਪਤਾ ਲੱਗਿਐ ਬਹੁਤ ਦਿਨ ਤੋਂ ਕਾਲਜ ਹੀ ਨਹੀਂ ਜਾ ਰਹੀ। ਇਕ ਗੱਲ ਹੋਰ ਬੀ. ਏ. 'ਚੋਂ ਤੇਰੇ ਸਭ ਤੋਂ ਵੱਧ ਨੰਬਰ ਆਏ ਨੇ ਜਿਸ ਕਰਕੇ ਤੇਰਾ ਮੈਰਿਟ ਸਕਾਲਰਸ਼ਿਪ ਆਇਐ। ਸਰਦਾਰ ਸਾਹਿਬ ਜੀਊਂਦੇ ਹੁੰਦੇ ਉਨ੍ਹਾਂ ਨੇ ਕਿੰਨੇ ਖੁਸ਼ ਹੋਣਾ ਸੀ। ਕੱਲ੍ਹ ਨੂੰ ਕਾਲਜ ਆਏਂਗੀ ਨਾ ?"

ਅਗਲੇ ਦਿਨ ਮੈਂ ਕਾਲਜ ਚਲੀ ਗਈ। ਪ੍ਰੋਫੈਸਰ ਪ੍ਰੀਤਮ ਸਿੰਘ ਹੋਰਾਂ ਪੁਛਿਆ, ਏਨੇ ਦਿਨ ਆਈ ਨਹੀਂ ? ਕੁਝ ਨਹੀਂ ਆਖਿਆ ਗਿਆ, ਬੱਸ ਰੋ ਹੀ ਪਈ।

## 22

ਜਮਾਤ ਸਾਡੀ ਕਾਲਜ ਦੇ ਵਕਤ ਤੋਂ ਪਹਿਲਾਂ ਲੱਗਦੀ ਸੀ ਕਿਉਂਕਿ ਜਮਾਤ ਵਿਚ ਕੁਝ ਉਹ ਲੋਕ ਵੀ ਪੜ੍ਹਦੇ ਸਨ ਜਿਹੜੇ ਨੌਕਰੀਆਂ ਕਰਦੇ ਸਨ। ਸਵੇਰੇ ਛੇ ਵਜੇ ਤੋਂ ਸ਼ੁਰੂ ਹੋ ਕੇ ਸਾਢੇ ਨੌਂ ਵਜੇ ਨੂੰ ਸਾਨੂੰ ਛੁੱਟੀ ਵੀ ਹੋ ਜਾਂਦੀ ਸੀ ਤੇ ਮੈਂ ਘਰ ਨੂੰ ਪਰਤ ਆਉਂਦੀ ਸੀ।

"ਮੈਂ ਵੀ ਤੇਰੇ ਨਾਲ ਤੇਰੇ ਘਰ ਚੱਲਿਆ ਕਰਾਂ ਇਕੱਠੇ ਪੜ੍ਹਿਆ ਕਰਾਂਗੇ" ਇਕ ਦਿਨ ਮੇਰੀ ਜਮਾਤਣ ਸੁਰਜੀਤ ਨੇ ਮੈਥੋਂ ਪੁੱਛਿਆ ਸੀ।

"ਠੀਕ ਐ" ਮੈਂ ਆਖਿਆ।

ਕਾਲਜ ਤੋਂ ਮਗਰੋਂ ਹੁਣ ਸੁਰਜੀਤ ਸਾਰਾ ਦਿਨ ਮੇਰੇ ਨਾਲ ਹੁੰਦੀ ਸੀ ਜਿਸ ਕਰਕੇ ਮੈਂ 'ਮੈਂ' ਤੱਕ ਪਹੁੰਚਣੋਂ ਜਿਵੇਂ ਬਚੀ ਰਹਿੰਦੀ। ਸੁਰਜੀਤ ਏਨੀ ਸੁਹਿਰਦ ਮਨ ਲੜਕੀ ਸੀ ਕਿ ਉਸ ਨੇ ਸਾਰਾ ਸਾਰਾ ਦਿਨ ਕੋਲ ਰਹਿ ਕੇ ਵੀ ਕਦੇ ਨਿੱਜੀ ਸਵਾਲ ਨਹੀਂ ਸੀ ਪੁੱਛਿਆ ਤੇ ਹੌਲੀ ਹੌਲੀ ਮੈਂ ਉਸ ਨਿੱਜ ਤੋਂ ਪਾਰ ਲੰਘਦੀ ਜਾ ਰਹੀ ਸੀ ਜਿਸਦੇ ਕੋਈ ਨਿੱਜੀ ਸਵਾਲ ਸਨ। ਸੁਰਜੀਤ ਨਾਲ ਹਾਸਾ ਮਜ਼ਾਕ ਕਰਦੀ ਹੌਲੀ ਹੌਲੀ ਮੈਂ ਆਪਣੇ ਆਪ ਨੂੰ ਵੀ ਮਜ਼ਾਕ ਕਰਨ ਜੋਗੀ ਹੋ ਗਈ। ਤੇ ਫੇਰ ਜਿਵੇਂ ਮੈਂ ਆਪਣੇ ਆਪ ਤੋਂ ਪਾਰ ਲੰਘ ਆਈ। ਹਰੇਕ ਨੂੰ ਟਿੱਚ ਜਾਣਨਾ, ਹਰੇਕ ਨੂੰ ਮਸ਼ਕਰੀ ਕਰਨੀ, ਗੱਪਾਂ ਮਾਰਨੀਆਂ, ਖੱਪਾਂ ਪਾਣੀਆਂ, ਆਪ ਹੀ ਗੱਲ ਕਰਨੀ ਤੇ ਆਪ ਹੀ ਹੱਸ ਪੈਣਾ। ਇਥੋਂ ਤੱਕ ਕਿ ਬੇਜੀ ਨੂੰ ਵੀ ਸਭ ਕੁੱਝ ਭੁੱਲ ਭੁਲਾ ਕੇ ਹੱਸਣ ਲਾ ਦਿੱਤਾ।

ਕਾਲਜ ਤੋਂ ਘਰ ਨੂੰ ਆਉਣ ਲਈ ਟਾਂਗੇ ਵੱਲ ਜਾਂਦੀ ਨੂੰ ਇਕ ਦਿਨ ਕਾਲਜ ਦੇ ਦੋ ਤਿੰਨ ਲੜਕਿਆਂ ਨੇ ਗੱਲ ਕਰਨ ਲਈ ਰੋਕਿਆ।

"ਦੱਸੋ ?" ਮੈਂ ਉਸੇ ਤਰ੍ਹਾਂ ਉਨ੍ਹਾਂ ਨੂੰ ਟਿੱਚ ਸਮਝਦਿਆਂ ਮੁਸਕਰਾ ਕੇ ਪੁੱਛਿਆ।

"ਸਾਨੂੰ ਕਾਲਜ ਦੇ ਮੈਗਜ਼ੀਨ ਲਈ ਕੋਈ ਕਵਿਤਾ ਕਹਾਣੀ ਚਾਹੀਦੀਐ" ਉਨ੍ਹਾਂ ਵਿਚੋਂ ਇਕ ਚੁਸਤ ਜਿਹੇ ਲੜਕੇ ਨੇ ਆਖਿਆ।



Scanned by CamScanner

"ਮੈਂ ਤਾਂ ਕਵਿਤਾ ਕਹਾਣੀ ਕਦੇ ਲਿਖੀ ਨਹੀਂ "ਮੈਂ ਦੱਸਿਆ।

"ਲਿਖੀ ਨਹੀਂ ਤਾਂ ਲਿਖ ਲਿਓ। ਦੇਖੋਂ ਨਾ ਕਾਲਜ ਦਾ ਮੈਗਜ਼ੀਨ ਐ ਤੇ ਕਿਸੇ ਲੜਕੀ ਦੀ....."

"ਠੀਕ ਐ ਲਿਖ ਦਿਆਂਗੀ" ਮੈਂ ਉਥੋਂ ਤੁਰਨ ਦੀ ਕਾਹਲੀ ਨਾਲ ਵਿਚੋਂ ਹੀ ਗੱਲ ਟੋਕ ਕੇ ਆਖਿਆ।

"ਕਦੋਂ ਪਤਾ ਕਰੀਏ ?" ਉਨ੍ਹਾਂ ਵਿਚੋਂ ਇਕ ਨੇ ਪੁੱਛਿਆ।

ਮੈਂ ਕੋਈ ਜਵਾਬ ਨਾ ਦਿੱਤਾ ਤੇ ਟਾਂਗੇ ਵਲ ਤੁਰਦੀ ਗਈ।

ਦੂਸਰੇ ਤੀਸਰੇ ਦਿਨ ਉਹੀ ਲੜਕੇ ਫੇਰ ਕਵਿਤਾ ਕਹਾਣੀ ਪੁੱਛਣ ਆ ਗਏ। ਸ਼ਾਇਦ ਕੁੜੀਆਂ ਨਾਲ ਗੱਲ ਕਰਨ ਦਾ ਉਹਨਾਂ ਨੂੰ ਵਧੀਆ ਬਹਾਨਾ ਲੱਭ ਗਿਆ ਸੀ।

ਘਰ ਜਾ ਕੇ ਮੈਂ ਕਵਿਤਾ ਲਿਖਣ ਦੀ ਕੋਸ਼ਿਸ਼ ਕਰਦੀ ਰਹੀ।

ਚਾਨਣ ਦਾ ਸੀ ਰੁੱਖ ਬੀਜਿਆ।

(ਫੇਰ ?)

ਮਾਏ ਨੀ ਮੇਰਾ ਬੱਦਲਾਂ 'ਚ ਘਰ ਪਾਦੇ।

(ਫੇਰ ?)

ਜਿੰਦ ਮੇਰੀ ਧੂਫ ਵਾਂਗ ਧੁਖ ਗਈ

(ਫੇਰ ?)

ਸੂਰਜਾਂ ਦੀ ਜਿੰਦ ਮੇਰੀ, ਪੌਣਾਂ ਦੀ ਜਿੰਦ ਮੇਰੀ, ਪੰਛੀਆਂ ਦੀ ਜਿੰਦ ਮੇਰੀ।

(ਫੇਰ ?)

ਇਕ ਲਾਈਨ ਤੋਂ ਮਗਰੋਂ ਦੂਜੀ ਲਈ ਮੈਂ ਆਪ ਹੀ ਆਪਣੇ ਕੋਲੋਂ ਪੁੱਛਦੀ ਫੇਰ ? ਤੇ ਕਵਿਤਾ ਨੂੰ ਤੁਰਨ ਲਈ ਅੱਗੋਂ ਜਿਵੇਂ ਕੋਈ ਰਾਹ ਨਾ ਲੱਭਦਾ।

ਪਰ ਉਨ੍ਹਾਂ ਲੜਕਿਆਂ ਨੇ ਤਾਂ ਕਵਿਤਾ ਕਹਾਣੀ ਪੁੱਛਣ ਫੇਰ ਆ ਜਾਣਾ ਸੀ। ਸਾਡੀ ਕੋਠੀ ਦੇ ਮਗਰ ਇਕ ਬੜਾ ਭਾਰੀ ਪਿੱਪਲ ਹੈ ਉਸ ਉਪਰ ਗਿਰਝ ਆ ਬੈਠੀ ਸੀ।

"ਇਹ ਤਾਂ ਚੰਦਰੀ ਮਾੜੀ ਹੁੰਦੀਐ, ਉਡਾਦੇ" ਬੇਜੀ ਨੇ ਆਖਿਆ ਸੀ। ਉਡਾਣ ਦੀ ਥਾਂ ਬਾਪੂ ਜੀ ਨੇ ਉਹ ਗੋਲੀ ਮਾਰਕੇ ਮਾਰ ਦਿੱਤੀ ਸੀ।

"ਕਿਉਂ ਮਾੜੀ ਹੁੰਦੀਐ ਗਿਰਝ ਬੇਜੀ ?" ਮੈਨੂੰ ਸ਼ਾਇਦ ਗਿਰਝ ਦਾ ਇਉਂ ਮਰਨਾ ਚੰਗਾ ਨਹੀਂ ਸੀ ਲੱਗਿਆ, ਇਸ ਲਈ ਪੁੱਛਿਆ।

"ਇਹ ਚੰਦਰੀ ਮੁਰਦਾਰ ਭਾਲਦੀਐ। ਮੌਤ ਦੀ ਨਸ਼ਾਨੀਐ। ਜਿਹੜੇ ਘਰ ਤੇ ਇਹ ਆ ਕੇ ਬਹਿਜੇ ਸੁੱਖ ਨੀ ਰਹਿੰਦੀ। ਸਿਆਣਿਆਂ ਦੀਆਂ ਕਥੀਆਂ ਹੋਈਆਂ ਗੱਲਾਂ ਨੇ" ਬੇਜੀ ਨੇ ਦੱਸਿਆ ਤਾਂ ਮੇਰੇ ਜਿਵੇਂ ਹੌਲ ਪੈ ਗਿਆ। ਲੱਗਿਆ ਜਿਵੇਂ ਸਾਡੇ ਘਰ ਉਤੇ ਫਿਰ ਮੌਤ ਮੰਡਰਾ ਰਹੀਐ। ਪਰ ਗਿਰਝ ਤਾਂ ਬਾਪੂ ਜੀ ਨੇ ਮਾਰ ਦਿੱਤੀ ਸੀ।

ਉਸ ਦਿਨ ਕਾਲਜ ਦੇ ਮੈਗਜ਼ੀਨ ਲਈ ਮੈਂ ਇਕ ਨਿੱਕੀ ਜਿਹੀ ਕਹਾਣੀ ਲਿਖੀ। ਕਹਾਣੀ ਕੀ ਸੀ ਪਿੱਪਲ ਇਕ ਗੱਲ ਸੁਣਾਉਂਦਾ ਹੈ।

ਉਹ ਕਹਾਣੀ ਕਾਲਜ ਦੇ ਮੈਗਜ਼ੀਨ ਵਿਚ ਛਪ ਗਈ। ਕਈ ਜਣਿਆਂ ਨੇ ਉਸ ਕਹਾਣੀ ਦਾ ਮੇਰੇ ਕੋਲ ਜ਼ਿਕਰ ਕੀਤਾ। ਮੈਂ ਅੱਗੋਂ ਹੱਸ ਛੱਡਦੀ।

ਪ੍ਰਿੰਸੀਪਲ ਤੇਜਾ ਸਿੰਘ ਹੋਰਾਂ ਨੇ ਮੈਨੂੰ ਫੇਰ ਸੱਦਿਆ। ਆਖਣ ਲੱਗੇ ਤੂੰ ਉਸ



Scanned by CamScanner

ਦਿਨ ਝੂਠ ਬੋਲਿਆ ਸੀ ਨਾ ਕਿ ਤੂੰ ਕੁਝ ਨਹੀਂ ਲਿਖਦੀ। ਦੇਖ ਕਿੱਡੀ ਸੁਹਣੀ ਕਹਾਣੀ ਲਿਖੀਐ, ਹੋਰ ਜਿਹੜੀਆਂ ਲਿਖੀਆਂ ਨੇ ਉਹ ਵੀ ਲਿਆ ਕੇ ਮੈਨੂੰ ਵਿਖਾਈਂ।

"ਹੋਰ ਤਾਂ ਲਿਖੀਆਂ ਹੀ ਨਹੀਂ" ਮੈਂ ਦੱਸਿਆ।

ਜੇ ਇਹੋ ਜਿਹੀਆਂ ਦਸ ਬਾਰਾਂ ਹੋਰ ਲਿਖਦੇਂ ਕਿਤਾਬ ਬਣ ਸਕਦੀਐ ਤੇ ਮੁਖਬੰਦ ਮੈਂ ਲਿਖ ਦਿਆਂਗਾ। ਮੈਂ ਦਸ ਬਾਰਾਂ ਊਟ-ਪਟਾਂਗ ਜਿਹੀਆਂ ਕਹਾਣੀਆਂ ਲਿਖ ਦਿੱਤੀਆਂ। ਪ੍ਰਿੰਸੀਪਲ ਸਾਹਿਬ ਨੇ ਭੂਮਿਕਾ ਲਿਖ ਦਿੱਤੀ ਤੇ ਵਜ਼ੀਫ਼ੇ ਦੇ ਪੈਸਿਆਂ ਨਾਲ ਕਿਤਾਬ ਛਪ ਗਈ।

ਪ੍ਰਿੰਸੀਪਲ ਤੇਜਾ ਸਿੰਘ ਹੋਰਾਂ ਵਿਚ ਬੰਦੇ ਦੀਆਂ ਪ੍ਰਾਪਤੀਆਂ ਨਹੀਂ ਸਗੋਂ ਸੰਭਾਵਨਾਵਾਂ ਤੱਕ ਦੇਖ ਲੈਣ ਦੀ ਸਮਰੱਥਾ ਸੀ ਸ਼ਾਇਦ ਇਸੇ ਕਾਰਨ ਉਨ੍ਹਾਂ ਨੇ ਜਾਣ ਲਿਆ ਕਿ ਇਸ ਰਾਹ ਤੇ ਇਸ ਨੂੰ ਤੋਰੀ ਰੱਖਣ ਲਈ ਇਸ ਵੇਲੇ ਸਿਰਫ਼ ਸ਼ਾਬਾਸ਼ੇ ਦੀ ਲੋੜ ਹੈ। ਹਰ ਕਹਾਣੀ ਦੀ ਉਹ ਪ੍ਰਸੰਸਾ ਕਰਕੇ ਮੇਰਾ ਆਪਣੇ ਆਪ ਵਿਚ ਭਰੋਸਾ ਜਗਾਉਣ ਦੀ ਕੋਸ਼ਿਸ਼ ਕਰਦੇ ਰਹੇ। ਤੇ ਮੈਂ ਉਸ ਦਾਨਸ਼ਵਰ ਬਜ਼ੁਰਗ ਦੀ ਹਰ ਗੱਲ ਸੱਚ ਸਮਝਕੇ ਪੱਲੇ ਬੰਨ੍ਹਦੀ ਰਹੀ।

ਪਰ ਕੁਝ ਚਿਰ ਮਗਰੋਂ ਉਨ੍ਹਾਂ ਮਹਿਸੂਸ ਕੀਤਾ ਇਹਨੂੰ ਇਹਦੀ ਲਿਖਤ ਬਾਰੇ ਸੱਚ ਦਾ ਵੀ ਪਤਾ ਲੱਗ ਜਾਣਾ ਚਾਹੀਦਾ ਹੈ। ਇਕ ਕਹਾਣੀ ਸੁਣ ਕੇ ਆਖਣ ਲੱਗੇ, "ਇਹ ਕਹਾਣੀ ਤੇਰੀ ਖ਼ਾਸ ਨਹੀਂ" ਪਰ ਮੈਂ ਕਦੋਂ ਇਹ ਮੰਨਣਾ ਸੀ। ਚੰਗੀ ਕਹਾਣੀ ਲਿਖਣਾ ਤਾਂ ਕੀ, ਮੈਂ ਤਾਂ ਸਮਝਦੀ ਸੀ ਮੈਂ ਅਸਮਾਨ ਨੂੰ ਵੀ ਟਾਕੀ ਲਾ ਸਕਦੀ ਹਾਂ।

"ਕਹਾਣੀ ਤਾਂ ਚੰਗੀਐ ਤੁਹਾਨੂੰ ਸਮਝ ਨਹੀਂ ਲੱਗੀ" ਮੈਂ ਜਦੋਂ ਆਖਿਆ ਪ੍ਰਿੰਸੀਪਲ ਤੇਜਾ ਸਿੰਘ ਹੱਸ ਪਏ। ਆਖਣ ਲੱਗੇ ਹੁਣ ਤੂੰ ਸੱਚੀਂ ਮੁੱਚੀਂ ਲੇਖਕਾ ਬਣ ਗਈ।

ਭਾਵੇਂ ਵਕਤ ਆਪਣੀ ਚਾਲੇ ਤੁਰਦਾ ਜਾ ਰਿਹਾ ਸੀ ਪਰ ਮੈਨੂੰ ਕਦੇ ਖੜ੍ਹ ਗਿਆ ਪਰਤੀਤ ਹੁੰਦਾ ਤੇ ਕਦੇ ਨੱਠ ਰਿਹਾ। ਸੁਰਜੀਤ ਆਖਦੀ ਸਾਰੀਆਂ ਕਿਤਾਬਾਂ ਤੈਨੂੰ ਇਕੱਠੀਆਂ ਕਰ ਦਿੱਤੀਆਂ ਨੇ, ਇਨ੍ਹਾਂ ਨੂੰ ਪੜ੍ਹ ਕੇ ਸਵਾਲਾਂ ਦੇ ਜਵਾਬ ਲਿਖਦੇ, ਮੈਂ ਕਾਪੀ ਕਰ ਲਵਾਂਗੀ ਇਮਤਿਹਾਨ ਸਿਰ ਤੇ ਆਉਂਦਾ ਜਾ ਰਿਹੈ। ਸੁਰਜੀਤ ਦਾ ਕਹਿਣਾ ਮੰਨਕੇ ਜਿਹੜੇ ਸਵਾਲ ਦਾ ਜਵਾਬ ਉਹ ਆਖਦੀ ਮੈਂ ਲਿਖ ਦਿੰਦੀ ਤੇ ਇਉਂ ਉਸ ਨੇ ਮੇਰੇ ਕੋਲੋਂ ਕਾਫ਼ੀ ਸਵਾਲਾਂ ਦੇ ਜਵਾਬ ਲਿਖਵਾ ਲਏ ਸਨ। ਇਮਤਿਹਾਨ ਵੇਲੇ ਕਈ ਵਾਰੀ ਆਪਣੀ ਕਾਪੀ ਵਿਖਾ ਕੇ ਮੈਂ ਸੁਰਜੀਤ ਨੂੰ ਪੁੱਛਦੀ ਇਹ ਮੈਂ ਕੀ ਲਿਖਿਆ ਐ ? ਕਿਉਂਕਿ ਲਖਾਈ ਵਧੀਆ ਨਾ ਹੋਣ ਕਰਕੇ ਕਈ ਥਾਂ ਤੋਂ ਸਮਝ ਨਹੀਂ ਸੀ ਲਗਦੀ।

ਇਮਤਿਹਾਨ ਹੋ ਗਿਆ। ਪੇਪਰ ਦੇ ਕੇ ਜਦੋਂ ਮੈਂ ਬਾਹਰ ਆਉਂਦੀ ਸੁਰਜੀਤ ਪੁੱਛਦੀ ਕੀ ਕੀ ਲਿਖ ਕੇ ਆਈਐਂ ? ਮੈਂ ਸੱਚੋ ਸੱਚ ਦੱਸਦੀ ਕਾਪੀ ਵਿਚ ਲਿਖੇ ਪੁਆਇੰਟਸ ਤਾਂ ਮੈਨੂੰ ਭੁੱਲ ਹੀ ਗਏ ਸੀ ਤੇ ਉਸ ਨੂੰ ਦੱਸਣ ਵੇਲੇ ਤੱਕ ਇਹ ਵੀ ਭੁੱਲ ਜਾਂਦਾ ਪੇਪਰ ਵਿਚ ਕੀ ਲਿਖ ਕੇ ਆਈ ਆਂ। ਇਸ ਲਈ ਅੰਦਾਜ਼ਾ ਲਗਾਉਣਾ ਬੜਾ ਮੁਸ਼ਕਲ ਹੋ ਗਿਆ ਕਿ ਮੇਰੇ ਕਿੰਨੇ ਕੁ ਨੰਬਰ ਆਉਣਗੇ।

ਰਿਜ਼ਲਟ ਨਿਕਲਿਆ। ਕਿਸੇ ਨੇ ਦੱਸਿਆ ਮੈਂ ਫਸਟ ਆਈ ਹਾਂ ਤੇ ਨਾਲੇ ਫਸਟ ਕਲਾਸ ਆਈ ਹੈ। "ਹੋਰ ਫਸਟ ਕਲਾਸ ਕੀਹਦੀ ਕੀਹਦੀ ਆਈ ਐ ?" ਮੈਂ ਸੁਰਜੀਤ ਬਾਰੇ ਸੋਚ ਕੇ ਪੁੱਛਿਆ।



Scanned by CamScanner

"ਹੋਰ ਕਿਸੇ ਦੀ ਨਹੀਂ ਆਈ। ਜਿਹੜਾ ਲੜਕਾ ਸੈਕਿੰਡ ਆਇਐ ਉਸ ਦੀ ਵੀ ਸੈਕਿੰਡ ਕਲਾਸ ਹੀ ਹੈ।" ਪਰ ਆਪ ਗਜ਼ਟ ਵਿਚ ਦੇਖ ਲੈਣ ਤੱਕ ਮੈਨੂੰ ਲਗਦਾ ਰਿਹਾ, ਹੋ ਸਕਦੈ ਅਗਲੇ ਨੇ ਨਾਉਂ ਠੀਕ ਨਾ ਪੜ੍ਹਿਆ ਹੋਵੇ।

ਇਕ ਵਾਰੀ ਜਦੋਂ ਬਾਪੂ ਜੀ ਪਿੰਡੋਂ ਆਏ ਤਾਂ ਬੇਜੀ ਨੇ ਬਹੁਤ ਖੁਸ਼ ਹੋ ਕੇ ਬਾਪੂ ਜੀ ਨੂੰ ਦੱਸਿਆ "ਕੁਸ਼ ਖਲਾ ਪਲਾ ਤੇਰੀ ਧੀ ਫਸਟ ਆਈਐ।"

ਬਾਪੂ ਜੀ ਗੰਭੀਰ ਮੂੰਹ ਬਣਾ ਕੇ ਆਖਣ ਲੱਗੇ "ਮੈਂ ਤਾਂ ਯੂਨੀਵਰਸਿਟੀ ਨੂੰ ਚਿੱਠੀ ਲਿਖਦਾਂ ਬਈ ਜ਼ਰੂਰ ਥੋਨੂੰ ਗ਼ਲਤੀ ਲੱਗੀ ਹੋਣੀ ਐ। ਇਸ ਤੋਂ ਇਕ ਜਮਾਤ ਅਜੇ ਪੱਕੀ ਨਹੀਂ ਸੀ ਹੁੰਦੀ ਝੱਟ ਅਗਲੀ 'ਚ ਜਾ ਪਹੁੰਚਦੀ ਸੀ, ਲੈਕ ਇਸ ਨੇ ਕੀ ਸੁਆਹ ਹੋਣੈ। ਮੈਂ ਦੇਖੋ ਨੌਮੀ ਜਮਾਤ ਤਿੰਨ ਸਾਲ ਪਕਾਈ ਤੇ ਦਸਮੀ ਅਜੇ ਥਾਈਂ ਪਕਾ ਰਿਹਾਂ। ਨਾਲੇ ਮੈਂ ਪੁੱਛਦਾਂ ਜੀਹਦੇ ਬਾਪ ਤੋਂ ਦਸਮੀਂ ਪਾਸ ਨੀ ਹੋਈ ਉਹਦੀ ਧੀ ਐਮ. ਏ. 'ਚੋਂ ਫਸਟ ਰਹੇ, ਹੋ ਸਕਦੈ ਕਿਤੇ ? ਅੱਜ ਈ ਲਿਖਦਾਂ ਯੂਨੀਵਰਸਿਟੀ ਨੂੰ ਚਿੱਠੀ ਬਈ ਭੁੱਲ ਦੀ ਸੋਧ ਕਰੋ।"

ਬੇਜੀ ਹੱਸ ਪਏ ਤੇ ਮੈਂ ਵੀ ਹੱਸ ਪਈ।

"ਛੋਟੀ ਭੈਣ ਤੂੰ ਏਨੀਆਂ ਜਮਾਤਾਂ ਕੀ ਕਰਨੀਆਂ ਨੇ ਦੋ ਚਾਰ ਮੈਨੂੰ ਦੇ ਛੱਡ ?" ਬਾਪੂ ਜੀ ਨੇ ਜੇਬ ਵਿਚੋਂ ਸੌ ਸੌ ਦੇ ਨੋਟ ਕੱਢ ਕੇ ਮੈਨੂੰ ਦੇਣ ਲਈ ਗਿਣਦਿਆਂ ਆਖਿਆ।

"ਮੈਂ ਕਾਲਜ 'ਚ ਨੌਕਰੀ ਕਰ ਲੈਣੀਐ" ਮੈਂ ਜਦੋਂ ਆਖਿਆ ਬਾਪੂ ਜੀ ਨੇ ਚੌਂਕ ਕੇ ਮੇਰੀ ਵੱਲ ਦੇਖਿਆ।

"ਕਿੰਨੀ ਤਨਖਾਹ ਮਿਲੂ ?" ਉਹਨਾਂ ਪੁੱਛਿਆ।

"ਪਤਾ ਨੀ ਕੁੱਝ ਸੌ ਤਾਂ ਮਿਲੂਗੀ ਹੀ" ਮੈਂ ਦੱਸਿਆ।

"ਆਹੋ ਘੋੜੇ ਦਾ ਖਰਚ ਤੇ ਟਾਂਗੇ ਵਾਲੇ ਦੀ ਤਨਖਾਹ ਦੇ ਕੇ ਚਾਹ ਜੋਗੇ ਪੈਸੇ ਤਾਂ ਬਚ ਹੀ ਰਿਹਾ ਕਰਨਗੇ" ਉਹਨਾਂ ਨੇ ਮਜ਼ਾਕ ਕੀਤਾ ਕਿ ਏਨਾ ਕੁ ਖਰਚ ਤਾਂ ਉਸ ਘੋੜੇ ਟਾਂਗੇ ਦਾ ਹੈ ਜਿਸ ਉਪਰ ਮੈਂ ਕਾਲਜ ਜਾਂਦੀ ਸੀ ਤੇ ਕਾਲਜ ਤੋਂ ਆਉਂਦੀ ਸੀ।

"ਘਰ ਬੈਠ ਕੇ ਵੀ ਕੀ ਕਰਾਂਗੀ ?" ਮੈਂ ਦਲੀਲ ਦੇਣੀ ਚਾਹੀ।

"ਜਿੰਨੀ ਤੈਨੂੰ ਤਨਖਾਹ ਮਿਲੂ ਚਲ ਓਨੇ ਪੈਸੇ ਤੂੰ ਮੇਰੇ ਕੋਲੋਂ ਲੈ ਲਿਆ ਕਰੀਂ।"

"ਪਰ ਮੈਂ ਘਰ ਵੇਹਲੀ ਬੈਠੀ ਕੀ ਕਰਾਂਗੀ ?" ਮੈਂ ਫੇਰ ਉਹੀ ਗੱਲ ਦੁਹਰਾਈ।"

"ਐਉਂ ਕਰਦੇ ਆਂ ਵੇਹੜੇ 'ਚ ਇਕ ਉਚਾ ਸਾਰਾ ਬਾਂਸ ਗੱਡ ਦਿੰਨੇਆਂ, ਚੜ੍ਹਗੀ ਉਤਰਗੀ, ਚੜ੍ਹਗੀ ਉਤਰਗੀ" ਉਹਨਾਂ ਨੇ ਮਜ਼ਾਕ ਤੇ ਗੁੱਸੇ ਦੇ ਰਲਵੇਂ ਭਾਵ ਨਾਲ ਆਖਿਆ। ਮੈਂ ਅੱਗੋਂ ਫੇਰ ਕੁਝ ਨਾ ਆਖਿਆ।

ਖ਼ਾਲਸਾ ਕਾਲਜ ਦਿੱਲੀ ਵਿਚ ਪੋਸਟ ਨਿਕਲੀ। ਮੈਂ ਦਿੱਲੀ ਰਹਿੰਦੀ ਸੁਰਜੀਤ ਦੀ ਭੈਣ ਦੇ ਘਰ ਰਹਿ ਕੇ ਇੰਟਰਵਿਊ ਦੇ ਆਈ। ਸਿਲੈਕਟ ਹੋ ਗਈ। ਪਰ ਇਹ ਕੱਚੀ ਨੌਕਰੀ ਸਿਰਫ਼ ਤਿੰਨ ਮਹੀਨੇ ਲਈ ਸੀ। ਸੁਰਜੀਤ ਦੀ ਬੜੀ ਚੰਗੀ ਭੈਣ ਨੇ ਕਿਰਾਏ ਤੇ ਘਰ ਲੱਭ ਕੇ ਦਿੱਤਾ। ਨਿੱਕਾ ਜਿਹਾ ਬੀਰਾ ਤੇ ਬੀਬੀ ਮੇਰੇ ਨਾਲ ਗਏ। ਤਿੰਨ ਮਹੀਨੇ ਬੜੇ ਸੰਗੇ ਸਰਫ਼ੇ ਨਾਲ ਅਸੀਂ ਕਟਦੇ ਰਹੇ ਫਿਰ ਵੀ ਮਕਾਨ ਦੇ ਕਿਰਾਏ ਜੋਗੇ ਪੈਸੇ ਘਰੋਂ ਮੰਗਵਾਣੇ ਪੈਂਦੇ ਸਨ।

ਛੁੱਟੀਆਂ ਹੋ ਗਈਆਂ। ਘਰ ਵਾਪਸ ਆ ਗਏ। ਬੀਰੇ ਨੂੰ ਬੇਜੀ ਨੇ ਪੁੱਛਿਆ "ਉਥੇ ਦੁੱਧ ਦੁੱਧ ਚੰਗਾ ਮਿਲ ਜਾਂਦਾ ਸੀ ?"

ਇਥੇ ਘਰ ਦੁੱਧ ਬਾਲਟੀ ਵਿਚ ਹੁੰਦਾ ਸੀ ਉਥੇ ਅਸੀਂ ਗੜਵੀ ਵਿਚ ਲੈਂਦੇ ਸੀ।



Scanned by CamScanner

ਬੀਰੇ ਨੇ ਅੰਦਾਜ਼ਾ ਲਗਾ ਲਿਆ ਸੀ ਅਸੀਂ ਬਹੁਤ ਥੋੜ੍ਹਾ ਦੁੱਧ ਲੈਂਦੇ ਹਾਂ ਤੇ ਆਖਣ ਲੱਗਿਆ "ਬੇਜੀ ਉਥੇ ਅਸੀਂ ਇਕ ਪਾਈਆ ਦੁੱਧ ਲੈਨੇ ਹੁੰਦੇ ਆਂ। ਸਵੇਰੇ ਚਾਹ ਬਣਾ ਲੈਨੇ ਆਂ, ਆਥਣੇ ਚਾਹ ਬਣਾ ਲੈਨੇ ਆਂ ਫੇਰ ਰਾਤ ਨੂੰ ਪੀ ਲੈਨੇ ਆਂ ਤੇ ਬਾਕੀ ਬਚਦੇ ਦਾ ਦਹੀਂ ਜਮਾ ਦਿੰਨੇ ਐਂ।" ਸਾਰੇ ਘਰ ਦਿਆਂ ਨੇ ਮੇਰਾ ਮਜ਼ਾਕ ਬਣਾ ਲਿਆ ਪ੍ਰੋਫੈਸਰਨੀ ਸਾਹਿਬਾ ਇਕ ਪਾਈਆ ਦੁੱਧ ਲੈਂਦੇ ਨੇ।

ਤਿੰਨ ਮਹੀਨੇ ਮਗਰੋਂ ਫੇਰ ਇੰਟਰਵਿਊ ਤੋਂ ਮਗਰੋਂ ਕਾਲਜ ਦੇ ਪੰਜਾਬੀ ਦੇ ਹੈੱਡ, ਪਾਠ ਪੂਜਾ ਕਰਨ ਵਾਲੇ ਧਾਰਮਿਕ ਬੰਦੇ ਨੇ ਬਾਹਰ ਆ ਕੇ ਝੂਠ ਵੀ ਮੈਨੂੰ ਆਖਿਆ ਕਿ ਕਮੇਟੀ ਦੇ ਮੈਂਬਰ ਤੁਹਾਨੂੰ ਰੱਖਣ ਲਈ ਮੰਨੇ ਨਹੀਂ, ਮੈਂ ਤੇ ਬਹੁਤ ਜ਼ੋਰ ਲਗਾਇਆ ਸੀ ਤੇ ਵਿਚੋਂ ਆਪਣਾ ਰਿਸ਼ਤੇਦਾਰ ਰਖਵਾ ਲਿਆ ਜਿਹੜਾ ਪੁਆਇੰਟ ਤੇ ਸੈਕੰਡ ਕਲਾਸ ਸੀ। ਗੱਲ ਭਾਵੇਂ ਆਮ ਜਿਹੀ ਸੀ ਪਰ ਸੱਚ ਪਰਮਾਰਥ ਦੀਆਂ ਗੱਲਾਂ ਕਰਨ ਵਾਲੇ ਝੂਠ ਜੀਉਂਦੇ ਲੋਕਾਂ ਨਾਲ ਇਹ ਮੇਰੀ ਪਹਿਲੀ ਮੁਲਾਕਾਤ ਸੀ ਜਿਸ ਕਰਕੇ ਅੱਜ ਤੱਕ ਵੀ ਯਾਦ ਹੈ।

ਛੁੱਟੀਆਂ ਵਿਚ ਵੱਡੇ ਬੇਜੀ ਪੂਰੇ ਹੋ ਗਏ। ਪੁਰਾਣੀਆਂ ਸਭ ਮੌਤਾਂ ਦੀ ਯਾਦ ਫੇਰ ਤਾਜ਼ਾ ਹੋ ਗਈ। ਅੱਖਾਂ ਸਭ ਦੀਆਂ ਫੇਰ ਭਰ ਭਰ ਡੁੱਲ੍ਹੀਆਂ। ਭੋਗ ਪੈਣ ਤੱਕ ਮੁਕਾਣਾਂ ਆਉਂਦੀਆਂ ਰਹੀਆਂ। ਕੁਝ ਚਿਰ ਪਿੱਛੋਂ ਤੱਕ ਬੁਚੱਕੇ ਆਉਂਦੇ ਰਹੇ ਤੇ ਫੇਰ ਇਉਂ ਲੱਗਣ ਲੱਗ ਪਿਆ ਜਿਵੇਂ ਵੱਡੇ ਬੇਜੀ ਕਦੇ ਹੈਨ ਹੀ ਨਹੀਂ ਸਨ।

"ਔਤ ਪਰੇਤ ਤਾਂ ਜੇਹੇ ਜੱਗ ਤੇ ਆਏ ਜਹੇ ਨਾ ਆਏ ਓਹਨਾਂ ਦਾ ਮੁੜਕੇ ਕੀਹਨੇ ਭੋਗ ਪੌਣਾ ਹੁੰਦੈ। ਆਪਣੇ ਨਾਲ ਈ ਆਪਣੀਆਂ ਪੈੜਾਂ ਮੇਟਗੀ ਵੱਡੀ ਬੇਬੇ" ਬੇਜੀ ਕਦੇ ਕਦੇ ਬਹੁਤ ਉਦਾਸ ਹੋ ਕੇ ਵੱਡੇ ਬੇਜੀ ਦੀਆਂ ਗੱਲਾਂ ਕਰਕੇ ਜਿਵੇਂ ਆਪਣੇ ਆਪ ਦੀਆਂ ਵੀ ਗੱਲਾਂ ਕਰ ਰਹੇ ਹੁੰਦੇ।

## 23

ਅਗਲੇ ਵਰ੍ਹੇ ਮੈਨੂੰ ਗੌਰਮਿੰਟ ਦੀ ਨੌਕਰੀ ਮਿਲ ਗਈ। ਕਾਂਗੜੇ ਕੋਲ ਧਰਮਸ਼ਾਲਾ ਐਪੁਆਇੰਟਮੈਂਟ ਹੋ ਗਈ ਸੀ।

ਇਕ ਦਿਨ ਸਵੇਰੇ ਸਵੇਰੇ ਪਿੰਡੋਂ ਬੰਦਾ ਆਇਆ "ਛੇਤੀ ਚੱਲੋ ਸਰਦਾਰ ਕਾਕਾ ਸਿੰਘ ਹੋਰੀਂ ਪੂਰੇ ਹੋ ਗਏ।"

ਪਰਸੋਂ ਅਜੇ ਉਹ ਇਥੋਂ ਗਏ ਸੀ। ਚੰਗੇ ਭਲੇ ਠੀਕ ਠਾਕ। ਆਉਣ ਵਾਲੇ ਨੇ ਦੱਸਿਆ ਕੱਲ੍ਹ ਨਾਲ ਦੇ ਪਿੰਡ ਲਸੋਈ ਗਏ ਸੀ। ਲਸੋਈ ਸਾਡੀ ਕੁਝ ਜ਼ਮੀਨ ਵੀ ਸੀ। ਉਸ ਪਿੰਡ ਇੱਕ ਘਰ ਵੀ ਸੀ ਤੇ ਲਸੋਈ ਸ਼ਰਾਬ ਦਾ ਠੇਕਾ ਵੀ ਸੀ। ਰਾਤ ਨੂੰ ਦੇਰ ਤੱਕ ਉਥੇ ਹੀ ਚੁਬਾਰੇ ਵਿਚ ਬੈਠੇ ਸ਼ਰਾਬ ਪੀਂਦੇ ਰਹੇ, ਨਾਲ ਸਾਧੂ ਸੀ। ਸਵੇਰੇ ਉਹ ਉਠੇ, ਉਠ ਕੇ ਚੁਬਾਰੇ ਤੋਂ ਹੇਠਾਂ ਉਤਰ ਕੇ ਪਹੇ ਵਿਚ ਪਹੁੰਚੇ ਤੇ ਡਿੱਗ ਪਏ। ਦੋ ਕੁ ਮਿੰਟ ਤੜਫ ਕੇ ਠੰਡੇ ਹੋ ਗਏ। ਆਖਦੇ ਨੇ ਅਖੀਰੀ ਵੇਲੇ ਬਸ ਏਨਾ ਕੁ ਹੀ ਆਖਿਆ "ਮੇਰੀਆਂ ਧੀਆਂ ਦਾ ਕੀ ਬਣੂ, ਮੇਰੀ ਜਾਨ ਖਿਚਦੀ ਜਾਂਦੀਐ।"

ਪਿੰਡ ਵਾਲਿਆਂ ਨੇ ਡਾਕਟਰ ਸੱਦਿਆ ਸੀ। ਉਹ ਆਖ ਗਿਆ ਖ਼ਤਮ ਹੋ ਗਏ। ਉਹਨਾਂ ਉਥੇ ਪਿਆਂ ਉਪਰ ਹੀ ਕੱਪੜਾ ਪਾ ਦਿੱਤਾ, ਕੋਈ ਹੱਥ ਲਾਉਣ ਲਈ ਤਿਆਰ ਨਹੀਂ ਸੀ ਬਈ ਏਡਾ ਵੱਡਾ ਆਦਮੀ ਐ ਖਬਰੈ ਕਿਮੇਂ ਮਰਿਐ, ਹੋਰ ਨਾ ਖੂਨ ਗਲ ਪੈਜੇ, ਬੰਨ੍ਹੀਦੇ ਮਰਜਾਂਗੇ।



Scanned by CamScanner

ਜੀਪ 'ਚ ਜਦੋਂ ਅਸੀਂ ਲਸੋਈ ਪਹੁੰਚੇ ਇਕ ਪਿੰਡ ਦੇ ਚਾਰ ਪਿੰਡ ਇਕੱਠੇ ਹੋਏ ਪਏ ਸਨ। ਠਾਣੇ ਵਾਲੇ ਆ ਗਏ ਸਨ।

ਠਾਣੇ ਵਾਲਿਆਂ ਪੁੱਛਿਆ, "ਤੁਹਾਨੂੰ ਕਿਸੇ ਤੇ ਸ਼ੱਕ ਤਾਂ ਨਹੀਂ? ਕੀ ਲਾਸ਼ ਦਾ ਪੋਸਟਮਾਰਟਮ ਕਰਾਉਣੈ?"

ਬੇਜੀ ਹੋਰਾਂ ਨੇ ਆਖ ਦਿੱਤਾ "ਨਹੀਂ"।

ਰੋਂਦੇ ਧੋਂਦੇ ਬਾਪੂ ਜੀ ਦੀ ਲਾਸ਼ ਨੂੰ ਅਸੀਂ ਗੱਡੇ 'ਚ ਪਾ ਕੇ ਪਿੰਡ ਲੈ ਗਏ ਜਿਥੇ ਉਹਨਾਂ ਦਾ ਸਸਕਾਰ ਕੀਤਾ ਗਿਆ।

ਬੇਜੀ ਹੋਰਾਂ ਦਾ ਕੱਲਾ ਕੱਲਾ ਭਰਾ ਤੁਰ ਗਿਆ ਸੀ ਫੇਰ ਉਸ ਉਮਰੇ ਉਹ ਰੋਂਦੇ ਕੰਧਾਂ ਰੁਆਉਂਦੇ ਸਨ।

ਕਿਸੇ ਨੇ ਆਖਿਆ, "ਜੇਬ ਵਿਚ ਬਹੁਤ ਸਾਰੇ ਰੁਪਈਏ ਸਨ ਸ਼ਰਾਬ 'ਚ ਕੁਸ਼ ਦੇ ਕੇ ਮਾਰਤਾ ਸਾਧ ਨੇ ਤੇ ਰੁਪਈਏ ਕੱਢ ਲਏ ਸਰਦਾਰ ਦੇ।"

ਕਿਸੇ ਨੇ ਦੱਸਿਆ "ਸ਼ਰੀਕਾਂ ਨੇ ਕੁਸ਼ ਖਵਾਤਾ ਬਈ ਸਾਰਾ ਕੁਸ਼ ਸਾਂਭਲਾਂਗੇ, ਭੋਰਾ ਭਰ ਜੁਆਕ ਕੀ ਕਰਲੂ ਮਗਰੋਂ।"

ਕੋਈ ਕਹਿੰਦਾ "ਖਬਰੈ ਦਿਲ ਫੇਲ੍ਹ ਹੋ ਗਿਆ ਹੋਵੇ। ਤੇ ਕੋਈ ਆਖਦਾ ਟਾਈਫਾਈਡ ਹੋ ਕੇ ਹਟਿਆ ਸੀ ਉਤੋਂ ਸ਼ਰਾਬ ਪੀਈ ਗਿਆ, ਅੰਦਰ ਜਾਲਤਾ।"

ਘਰ ਵਿਚ ਬਹੁਤ ਰੋਣਾ ਪਿਟਣਾ ਹੋ ਰਿਹਾ ਸੀ ਪਰ ਬੀਬੀ ਨਾ ਕੁਝ ਖਾਂਦੀ ਸੀ ਨਾ ਪੀਂਦੀ ਬਸ ਗੁਰੂ ਮਹਾਰਾਜ ਦੀ ਤਾਬਿਆ ਬੈਠੀ ਪਾਠ ਕਰਦੀ ਰਹਿੰਦੀ। ਨਹੀਂ ਤਾਂ ਮੂੰਹ ਸਿਰ ਵਲ੍ਹੇਟ ਕੇ ਇਕ ਖੂੰਜੇ ਲੱਗ ਕੇ ਬੈਠ ਜਾਂਦੀ।

ਜਿਹੜੇ ਬਾਪੂ ਜੀ ਤੋਂ ਬੀਬੀ ਹਮੇਸ਼ਾ ਤ੍ਰਹਿੰਦੀ ਰਹੀ ਸੀ ਉਹਨਾਂ ਦੀ ਮੌਤ ਦਾ ਏਨਾ ਗ਼ਮ ਲਾ ਲਿਆ ਕਿ ਭੋਗ ਵਾਲੇ ਦਿਨ ਉਹਦੇ ਗਸ਼ਾਂ ਪੈ ਰਹੀਆਂ ਸਨ, ਨਬਜ਼ਾਂ ਮੁੜ ਰਹੀਆਂ ਸਨ ਤੇ ਲੋਕ ਆਖਦੇ ਸਨ ਇਹ ਵੀ ਹੁਣ ਬਚਦੀ ਨੀ ਦੀਂਹਦੀ।

ਬਾਪੂ ਜੀ ਦੀ ਮੌਤ ਦਾ ਗ਼ਮ ਭੁੱਲ ਕੇ ਅਸੀਂ ਬੀਬੀ ਦੀ ਸੰਭਾਲ ਵਿਚ ਲੱਗ ਗਏ। ਮਾਮਾ ਜੀ ਨਾਲੇ ਰੋਈ ਜਾਂਦੇ ਨਾਲੇ ਆਖਦੇ "ਹਾੜੇ ਓਏ ਰੱਬਾ ਮੇਰੀ ਭੈਣ ਨੂੰ ਕੁਸ਼ ਨਾ ਹੋਵੇ ਮੇਰੀ ਤਾਂ ਮਾਂ ਦੇ ਥਉਂ ਵੀ ਏਹੀਐ।"

ਦਿਨ ਵਿਚ ਕਿੰਨੀ ਕਿੰਨੀ ਵਾਰੀ ਦੰਦਲਾਂ ਪੈ ਜਾਂਦੀਆਂ ਤੇ ਨਬਜ਼ਾਂ ਮੁੜ ਜਾਂਦੀਆਂ। ਦੰਦਲ ਭੰਨਦੇ ਮੂੰਹ 'ਚ ਪਾਣੀ ਪਾਉਂਦੇ, ਹੱਥ ਪੈਰਾਂ ਦੀਆਂ ਤਲੀਆਂ ਝਸਦੇ ਅਸੀਂ ਸਾਰੇ ਇਕ ਦੂਜੇ ਤੋਂ ਓਹਲੇ ਹੋ ਹੋ ਰੋਂਦੇ।

ਪਤਾ ਲੱਗਣ ਤੇ ਗਿਆਨੀ ਨਰੰਜਣ ਸਿੰਘ ਜੋ ਬੀਬੀ ਦੇ ਧਰਮ ਭਾਈ ਬਣੇ ਹੋਏ ਸਨ, ਆਏ। ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਰਹੇ ਕਿ ਸਾਡੇ ਗੁਰੂਆਂ ਤੇ ਕਿੰਨੀਆਂ ਭੀੜਾਂ ਆਈਆਂ ਸਨ ਪਰ ਉਹ ਕਦੇ ਡੋਲੇ ਨਹੀਂ ਸਨ। ਉਹ ਸਾਨੂੰ ਦੱਸ ਗਏ ਨੇ ਸੰਸਾਰ ਦੇ ਸਾਰੇ ਰਿਸ਼ਤੇ ਨਾਤੇ ਝੂਠੇ ਨੇ। ਸੰਸਾਰ ਚਲਾਏਮਾਨ ਐ। ਬਾਣੀ ਪੜ੍ਹਣ ਦਾ ਕੀ ਫਾਇਦਾ ਜੇ ਇਉਂ ਚਿੱਤ ਡੁਲਾਉਣਾਐ" ਪਰ ਬੀਬੀ ਰੋਕੇ ਆਖਦੀ "ਭਰਾ ਜੀ ਬਥੇਰਾ ਚਿੱਤ ਨੂੰ ਸਮਝਾਉਨੀਆਂ ਪਰ ਮੇਰੇ ਵੱਸ ਨੀ।"

ਜਦੋਂ ਹਾਲਤ ਜ਼ਿਆਦਾ ਖ਼ਰਾਬ ਹੋ ਜਾਂਦੀ ਕਈ ਵਾਰੀ ਦਿਨ ਵਿਚ ਦੋ ਦੋ ਤਿੰਨ ਤਿਨ ਵਾਰੀ ਵੀ ਫੀਸ ਦੇ ਕੇ ਡਾਕਟਰ ਨੂੰ ਸੱਦ ਕੇ ਲਿਆਉਂਦੇ। ਲੱਗਦਾ ਸੀ ਇਹਨੂੰ ਵੀ ਕਿਤੇ ਕੁਝ ਨਾ ਹੋ ਜਾਵੇ।



Scanned by CamScanner

ਇਕ ਦਿਨ ਡਾਕਟਰ ਅਮਰਜੀਤ ਨੇ ਸਾਨੂੰ ਸਾਰਿਆਂ ਨੂੰ ਕਮਰੇ ਤੋਂ ਬਾਹਰ ਭੇਜ ਦਿੱਤਾ ਤੇ ਬੀਬੀ ਨੂੰ ਕੁਝ ਸਮਝਾਉਂਦਾ ਰਿਹਾ। ਪਰ ਡਾਕਟਰ ਦੇ ਜਾਣ ਮਗਰੋਂ ਉਹ ਬਹੁਤ ਹੀ ਰੋਈ ਜਾਵੇ ਆਖੇ "ਭਾਮੇਂ ਮੈਂ ਮਰਜਾਂ ਏਸ ਡਾਕਟਰ ਨੂੰ ਮੁੜਕੇ ਨਾ ਸੱਦਿਓ, ਮੈਨੂੰ ਆਖਦੇ ਬੀਬੀ ਤੈਨੂੰ ਕੁਝ ਨੀ ਹੋਇਆ। ਐਮੀ ਵਾਧੂ ਪਖੰਡ ਨਾ ਕਰ ਤੇ ਆਪਣੇ ਬੱਚਿਆਂ ਨੂੰ ਨਾ ਡਰਾ। ਮੈਂ ਕੋਈ ਪਖੰਡ ਕਰਦੀਆਂ ?" ਉਹ ਰੋ ਰੋ ਕੇ ਆਖੇ।

ਸਾਨੂੰ ਪਤਾ ਸੀ ਬੀਬੀ ਪਖੰਡ ਨਹੀਂ ਸੀ ਕਰਦੀ ਪਰ ਡਾਕਟਰ ਦੇ ਇਉਂ ਆਖਣ ਦਾ ਇਹ ਅਸਰ ਹੋਇਆ ਕਿ ਹੁਣ ਜਦੋਂ ਦੌਰਾ ਪੈਣ ਲੱਗਦਾ, ਉਹ ਕੋਸ਼ਿਸ਼ ਕਰਦੀ ਉਹਨੂੰ ਕੁਝ ਨਾ ਹੋਵੇ ਤੇ ਜਦੋਂ ਦੰਦਲ ਖੁਲ੍ਹਦੀ ਆਖਦੀ ਮੈਨੂੰ ਕੁਸ਼ ਨੀ ਹੋਇਆ ਡਾਕਟਰ ਨੂੰ ਨਾ ਸੱਦਣ ਤੁਰ ਜਾਇਓ। ਤੇ ਇਉਂ ਉਹਦੀ ਹਾਲਤ ਵਿਚ ਕੁੱਝ ਫ਼ਰਕ ਆਉਣ ਲੱਗ ਪਿਆ।

ਸਾਰੀ ਉਮਰ ਸਾਨੂੰ ਲੱਗਦਾ ਰਿਹਾ ਸੀ ਕਿ ਬਾਪੂ ਜੀ ਦੀ ਤੇ ਬੀਬੀ ਦੀ ਬਣੀ ਨਹੀਂ, ਪਰ ਬਾਪੂ ਜੀ ਦੇ ਮਰਨ ਪਿੱਛੋਂ ਪਤਾ ਲੱਗਿਆ ਰੱਬ ਤੋਂ ਦੂਜੀ ਥਾਂ ਬੀਬੀ ਲਈ ਬਾਪੂ ਜੀ ਸਨ। ਹੁਣ ਸਾਨੂੰ ਦਿਲਾਸੇ ਦਿੰਦੀ ਉਹ ਆਪ ਖਿਵਦੀ ਜਾਂਦੀ ਸੀ। ਬੀਬੀ ਦੀ ਇਕ ਸਹੇਲੀ ਜਿਸ ਨੂੰ ਹਮੇਸ਼ਾ ਖ਼ਾਕੀ ਕੱਪੜੇ ਪਾਉਣ ਕਰਕੇ ਅਸੀਂ ਖਾਖੀ ਮਾਸੀ ਆਖਦੇ ਬੀਬੀ ਨੂੰ ਝਿੜਕਦੀ ਵੀ ਤੇ ਸਮਝਾਉਂਦੀ ਵੀ ਅਖੇ "ਜਾਣ ਦੇ ਭੈਣ ਜੀ ਆਦਮੀ ਨੂੰ ਰੋਂਦੀ ਤਾਂ ਤੀਮੀ ਉਂਈਂ ਨੀ ਚੰਗੀ ਲੱਗਦੀ। ਬਈ ਜਿੰਨਾ ਕੁ ਸਰਬੰਧ ਪਰਮੇਸ਼ਰ ਨੇ ਲਿਖਤਾ ਠੀਕ ਐ। ਮਰ ਗਿਆਂ ਦੇ ਨਾਲ ਤਾਂ ਮਰਿਆ ਨੀ ਜਾਂਦਾ। ਤੇਰੇ ਸਾਹਮਣੇ ਗੁਰਚਰਨ ਦੇ ਬਾਪੂ ਜੀ ਮਰੇ ਨੂੰ ਕਿੰਨੇ ਵਰ੍ਹੇ ਹੋਗੇ, ਕਦੇ ਮੁੰਡਿਆਂ ਨੂੰ ਚਿੱਤ ਬੁਰਾ ਕਰਕੇ ਨੀ ਦਖਾਇਆ। ਹੁਣ ਤਾਂ ਜੁਆਕਾਂ ਦੇ ਸਿਰ ਤੇ ਸਗੋਂ ਹੱਥ ਧਰ ਸਿਆਣੀ ਬਣ। ਨਾਲੇ ਜੀਊਂਦਾ ਕੀ ਤੇਰਾ ਸਰਦਾਰ ਤੈਨੂੰ ਪੱਟਦੀਆਂ ਝੁਲਾਉਂਦਾ ਸੀ। ਏਹੋ ਦੁਖ ਐ ਬਈ ਆਪਣੀਆਂ ਧੀਆਂ ਨੂੰ ਕਿਓਂਟ ਜਾਂਦਾ। ਜਿੰਨਾ ਚਿਰ ਗਿਣਤੀਆਂ 'ਚ ਜੀ ਡੋਬੂ ਸੋਕੂ ਕਰਦੀਐਂ ਰੱਬ ਦਾ ਨਉਂ ਲਿਆ ਕਰ, ਗਾਹਾਂ ਨੂੰ ਤੈਨੂੰ ਸਹਾਈ ਹੋਵੇ। ਬਹੁਤਾ ਕਰਦੀਐਂ ਇਕ ਮਾਲਾ ਓਸ ਦੇ ਨਉਂ ਦੀ ਫੇਰ ਲਿਆ ਕਰ ਬਈ ਉਸ ਦੀ ਰੂਹ ਨੂੰ ਸ਼ਾਂਤੀ ਮਿਲੇ। ਜੇ ਇਉਂ ਯਾਦ ਕਰ ਕਰ ਕੇ ਰੋਂਦੀ ਰਹੇਂਗੀ ਓਸ ਦੀ ਰੂਹ ਕਿਮੇਂ ਸ਼ਾਨਤੀ 'ਚ ਰਹੂ। ਭਟਕਦੀ ਨਾ ਫਿਰੂ ? ਸਿਆਣੀ ਬਣ ਮੇਰੀ ਭੈਣ ਜੁਆਕਾਂ ਦਾ ਜੀ ਨਾ ਓਦਰਾ" ਤੇ ਬੀਬੀ ਨੇ ਜਿਵੇਂ ਮਾਸੀ ਦੀਆਂ ਸਭ ਗੱਲਾਂ ਪੱਲੇ ਬੰਨ੍ਹ ਲਈਆਂ। ਉਹ ਤੜਕੇ ਹੀ ਉੱਠ ਕੇ ਠੰਢੇ ਪਾਣੀ ਨਾਲ ਨਹਾ ਕੇ ਪਾਠ ਕਰਦੀ। ਦਿਨ ਚੜ੍ਹੇ ਨੰਗੇ ਪੈਰੀਂ ਗੁਰਦਵਾਰੇ ਜਾਂਦੀ। ਦਿਨ ਨੂੰ ਗੁਰੂ ਮਹਾਰਾਜ ਪ੍ਰਗਾਸ ਕਰੀ ਰੱਖਦੀ। ਆਥਣੇ ਘਰ 'ਚ ਧੂਫ ਡੰਗਦੀ, ਮਾਲਾ ਫੇਰਦੀ ਜਿਵੇਂ ਆਪਣੇ ਆਪ ਤੋਂ ਪਰ੍ਹਾਂ ਜਾ ਕੇ ਜੀਊਣ ਦੀ ਕੋਸ਼ਿਸ਼ ਕਰਦੀ ਰਹਿੰਦੀ।

ਕਈ ਵਾਰੀ ਅਸੀਂ ਮਜ਼ਾਕ ਨਾਲ ਆਖਦੇ "ਬੀਬੀ ਏਨਾ ਭਜਨ ਪਾਠ ਕਰਦੀਐਂ ਤੈਨੂੰ ਤਾਂ ਰੱਬ ਲੈਜੂ ਸਵਰਗ 'ਚ ਤੇ ਅਸੀਂ ਸਾਰੇ ਹੋਵਾਂਗੇ ਨਰਕ 'ਚ ਫੇਰ ਪਰਮਿਟ ਲੈ ਕੇ ਮਿਲਣ ਆਉਣਾ ਪਿਆ ਕਰੂ। ਇਕ ਗੱਲ ਹੋਰ, ਸੁਣਿਐ ਸਵਰਗ 'ਚ ਦੁੱਧ ਦੀਆਂ ਨਦੀਆਂ ਵਗਦੀਆਂ ਨੇ ਤੇ ਹਰ ਮੌਸਮ ਵਿਚ ਦਰਖ਼ਤ ਫਲਾਂ ਨਾਲ ਭਰੇ ਰਹਿੰਦੇ ਨੇ, ਇਉਂ ਕਰਿਆ ਕਰੀਂ, ਭਰੀ ਦੁੱਧ ਦੀ ਬਾਲਟੀ ਹੇਠਾਂ ਨਰਕ 'ਚ ਲਟਕਾ ਦਿੱਤੀ ਅੱਗੋਂ ਅਸੀਂ ਫੜ ਲਿਆ ਕਰਾਂਗੇ। ਤੋੜੇ ਫਲ ਹੇਠਾਂ ਨੂੰ ਰੋੜ੍ਹ ਤੇ।"

ਬੀਬੀ ਦਿਲ 'ਚ ਖੁਸ਼ ਹੁੰਦੀ ਪਰ ਉਤੋਂ ਉਤੋਂ ਆਖਦੀ "ਅਗਲਾ ਜਨਮ ਕੀਹਨੇ ਦੇਖਿਐ।"



Scanned by CamScanner

ਇਕ ਦਿਨ ਬੀਬੀ ਮੈਨੂੰ ਆਖ ਰਹੀ ਸੀ, "ਤੇਰੇ ਬਾਪੂ ਜੀ ਸ਼ਰਾਬ ਈ ਬਹੁਤੀ ਪੀਂਦੇ ਸੀ ਊਂ ਉਨ੍ਹਾਂ ਨੇ ਕਿਸੇ ਦਾ ਬੁਰਾ ਤਾਂ ਕੋਈ ਨੀ ਕੀਤਾ।" ਸ਼ਾਇਦ ਉਹ ਅੰਦਾਜ਼ਾ ਲਾ ਰਹੀ ਸੀ ਰੱਬ ਬਾਪੂ ਜੀ ਨੂੰ ਨਰਕ ਵਿਚ ਭੇਜੇਗਾ ਕਿ ਸਵਰਗ ਵਿਚ।

ਬਾਪੂ ਜੀ ਦੇ ਮਰਨ ਪਿਛੋਂ ਲੱਗਿਆ ਜਿਵੇਂ ਸਾਡੇ ਸਿਰ ਤੇ ਛੱਤ ਨਹੀਂ ਰਹਿ ਗਈ। ਤੇ ਲੋਕਾਂ ਨੂੰ ਵੀ ਲੱਗਿਆ ਹੁਣ ਇਨ੍ਹਾਂ ਦੇ ਸਿਰ ਤੇ ਛੱਤ ਨਹੀਂ ਰਹਿ ਗਈ।

ਨਿੱਕੇ ਜਿਹੇ ਬੀਰੇ ਨੂੰ ਅਸੀਂ ਲੁਕੋ ਲੁਕੋ ਰੱਖਦੇ। ਪਿੰਡੋਂ ਕੋਈ ਆਉਂਦਾ ਉਹਦੇ ਸਾਹਮਣੇ ਨਾ ਕਰਦੇ। ਪਿੰਡ ਲੈ ਕੇ ਨਾ ਜਾਂਦੇ ਮਤਾਂ ਪਛਾਣ ਕੇ ਸ਼ਰੀਕ ਚੁਕਵਾ ਨਾ ਦੇਣ, ਮਰਵਾ ਨਾ ਦੇਣ।

ਬੇਜੀ ਨੇ ਆਖਿਆ ਦਿਨ ਛਿਪੇ ਤੋਂ ਮਗਰੋਂ ਕਿਸੇ ਨੇ ਘਰ ਤੋਂ ਬਾਹਰ ਨੀ ਜਾਣਾ। ਰਾਤ ਨੂੰ ਕਿਸੇ ਨੂੰ ਬਾਰ ਨੀ ਖੋਲ੍ਹਣਾ। ਕਿਸੇ ਦੇ ਵੀ ਆਖੇ ਕਿਧਰੇ ਜਾਣਾ ਨਹੀਂ। ਕਿਸੇ ਤੋਂ ਕੁਝ ਲੈ ਕੇ ਖਾਣਾ ਨਹੀਂ ਤੇ ਹੋਰ ਕਿੰਨਾ ਹੀ ਕੁਝ।

ਆਂਢੀਆਂ ਗੁਆਂਢੀਆਂ ਨੂੰ ਖਬਰੇ ਪਤਾ ਲੱਗ ਗਿਆ ਅਸੀਂ ਡਰਦੇ ਆਂ। ਘਰ ਕੋਈ ਬੰਦਾ ਜੋ ਨਹੀਂ। ਵੇਲੇ ਕੁਵੇਲੇ ਰਾਤ ਬਰਾਤੇ ਅਗਲਿਆਂ ਦਰਵਾਜ਼ੇ ਖੜਕਾਣੇ ਸ਼ੁਰੂ ਕਰ ਦਿੱਤੇ। ਅਗਲਿਆਂ ਨੂੰ ਭਾਵੇਂ ਪਤਾ ਸੀ ਅਸੀਂ ਬਾਰ ਨੀ ਖੋਲ੍ਹਣਾ, ਪਰ ਚਲੋ ਡਰਾਓ ਹੀ, ਸ਼ਾਇਦ ਉਨ੍ਹਾਂ ਸੋਚਿਆ ਸੀ।

ਦਰਵਾਜ਼ਾ ਜਦੋਂ ਖੜਕਣਾ ਬੇਜੀ ਹੋਰਾਂ ਨੇ ਭੈਮਾਨ ਜਿਹੇ ਹੋ ਕੇ ਸਾਰੇ ਘਰ ਦੀਆਂ ਬੱਤੀਆਂ ਜਗਾ ਲੈਣੀਆਂ ਤੇ ਉੱਚੀ ਉੱਚੀ ਪਾਠ ਕਰਨ ਲੱਗ ਜਾਣਾ। ਕਦੇ ਸਾਨੂੰ ਜਗਾ ਲੈਣਾ ਤੇ ਕਦੇ ਆਪ ਹੀ ਸਾਰੀ ਰਾਤ ਬੈਠੇ ਪਾਠ ਕਰਦੇ ਰਹਿਣਾ।

ਮੈਂ ਆਖਿਆ "ਮੂਹਰਲੇ ਪਾਸਿਓਂ ਅੱਧੀ ਕੋਠੀ ਕਿਰਾਏ ਤੇ ਦੇ ਦਿੰਨੇਆਂ। ਕੋਲ ਲੋਕ ਹੋਣਗੇ ਏਡਾ ਡਰ ਨੀ ਲੱਗੂ।

"ਲੋਕੀਂ ਕੀ ਆਖਣਗੇ ?" ਬੇਜੀ ਨੇ ਚਿੰਤਾਤੁਰ ਹੋ ਕੇ ਆਖਿਆ।

"ਲੋਕਾਂ ਦੇ ਮਾਰੋ ਗੋਲੀ, ਹੁਣ ਜਦੋਂ ਅਸੀਂ ਏਨੇ ਪਰੇਸ਼ਾਨ ਹੁੰਦੇ ਆਂ ਕੀ ਲੋਕ ਆ ਕੇ ਪੁੱਛਦੇ ਨੇ ?" ਮੈਂ ਖਿੱਝ ਕੇ ਕਿਹਾ।

ਵੱਡੇ ਹਾਲ ਕਮਰੇ ਵਿਚ ਕੰਧ ਕਰਵਾ ਕੇ ਅਗਲੇ ਪੰਜ ਛੇ ਕਮਰੇ ਕਿਰਾਏ ਉਪਰ ਦੇ ਦਿੱਤੇ ਤੇ ਪਿਛਲੇ ਛੇ ਸੱਤ ਕਮਰਿਆਂ ਵਿਚ ਅਸੀਂ ਆਪ ਰਹਿਣ ਲੱਗੇ।

ਕਿਰਾਇਆ ਭਾਵੇਂ ਸਿਰਫ ਪੰਤਾਲੀ ਰੁਪਏ ਮਹੀਨਾ ਹੀ ਸੀ, ਪਰ ਜੇ ਸੱਚ ਪੁਛੋ ਉਸ ਵੇਲੇ ਤਾਂ ਜੇ ਕੋਈ ਆਖਦਾ ਸਾਨੂੰ ਮੁਫ਼ਤ ਰਹਿਣ ਦਿਓ ਅਸੀਂ ਉਹ ਵੀ ਮੰਨ ਜਾਣਾ ਸੀ।

ਛੁੱਟੀਆਂ ਤੋਂ ਮਗਰੋਂ ਮੈਂ ਧਰਮਸਾਲਾ ਜਾਣਾ ਸੀ।

"ਤੇਰੇ ਫੁਫੜ ਜੀ ਜੀਊਂਦੇ ਹੁੰਦੇ ਬਦਲੀ ਵੀ ਕੋਈ ਗੱਲ ਸੀ, ਤੂੰ ਏਡੀ ਦੂਰ ਇਕੱਲੀ ਕਿਵੇਂ ਰਹੇਂਗੀ, ਆਪਣੀ ਬੀਬੀ ਨੂੰ ਨਾਲ ਲੈਜਾ ਨਾਲੇ ਬੀਰਇੰਦਰ ਏਥੋਂ ਦੂਰ ਚਲਿਆ ਜਾਊ ਕਿਸੇ ਨੂੰ ਕੀ ਪਤਾ ਐ ਬਈ ਤੁਸੀਂ ਕਿਥੇ ਓਂ" ਬੇਜੀ ਨੇ ਆਖਿਆ ਸੀ।

"ਤੁਹਾਡੇ ਕੋਲ ਕੌਣ ਰਹੇਗਾ ?" ਮੈਂ ਉਦਾਸ ਹੋ ਕੇ ਆਖਿਆ।

"ਰੱਬ, ਹੋਰ ਕੌਣ।" ਬੇਜੀ ਬੋਲੇ। ਪਰ ਰਘਬੀਰ ਭਰਾ ਜੀ ਨੇ ਦੱਸਿਆ, ਉਨ੍ਹਾਂ ਪਤਾ ਕੀਤਾ ਐ, ਉਥੇ ਦੋ ਤਿੰਨ ਪ੍ਰੋਫੈਸਰਨੀਆਂ ਉਸੇ ਕਾਲਜ ਦੀਆਂ ਇਕ ਘਰ ਵਿਚ ਰਹਿੰਦੀਆਂ ਨੇ ਤੂੰ ਵੀ ਜਾਕੇ ਉਨ੍ਹਾਂ ਦੇ ਨਾਲ ਰਹਿ ਲਈਂ।

ਮੈਂ ਨੌਕਰੀ ਕਰ ਲਈ ਹੈ ਇਹ ਪਤਾ ਲੱਗਣ ਉਪਰ ਉਹਦੇ ਪਮਾਲ ਵਾਲੇ ਭੂਆ ਜੀ ਆਏ। ਮੇਰੇ ਨਾਲ ਅੱਡ ਗੱਲਾਂ ਕਰਨ ਲਈ ਮੈਨੂੰ ਆਪਣੇ ਨਾਲ ਗੁਰਦਵਾਰੇ ਚੱਲਣ ਲਈ ਆਖਿਆ। ਉਨ੍ਹਾਂ ਨੂੰ ਦੇਖ ਕੇ ਹੀ ਮੇਰਾ ਮੂੰਹ ਕੁਮਲਾ ਗਿਆ ਸੀ ਤੇ ਦਿਲ ਜਿਹਾ ਘਟ ਰਿਹਾ ਸੀ। ਫੇਰ ਵੀ ਮੈਂ ਉਨ੍ਹਾਂ ਦੇ ਨਾਲ ਗੁਰਦਵਾਰੇ ਚਲੀ ਗਈ। ਦੁਖਨਿਵਾਰਨ ਗੁਰਦਵਾਰੇ ਮੱਥਾ ਟੇਕ ਕੇ ਉਹ ਮੇਰੇ ਨਾਲ ਸਰੋਵਰ ਦੀਆਂ ਪੌੜੀਆਂ ਤੇ ਜਾ ਬੈਠੇ। ਮੈਨੂੰ ਪਤਾ ਸੀ ਇਹ ਮੈਨੂੰ ਕੁਝ ਆਖਣਗੇ ਸੋ ਉਨ੍ਹਾਂ ਨੇ ਕਹਿਣਾ ਸ਼ੁਰੂ ਕੀਤਾ "ਜੇ ਤੈਂ ਨੌਕਰੀਓ ਕਰਨੀਐ ਤਾਂ ਲੁਦੇਹਾਣੇ ਕਰ ਲੈ। ਕੋਠੀ ਮੈਂ ਖ਼ਰੀਦ ਦਿਆਂਗੀ, ਕਾਰ ਲੈ ਦਿਆਂਗੀ। ਛੋਟਾ ਤਾਂ ਆਖਦਾ ਸੀ, ਪੰਦਰਾਂ ਮਿੰਟ ਦਾ ਸਾਰਾ ਰਾਹ ਐ, ਕਾਰ ਤੇ ਪਿੰਡੋਂ ਈ ਲੁਦੇਹਾਣੇ ਪੜ੍ਹਾਣ ਚਲੀ ਗਈ। ਉਹ ਤਾਂ ਇਹ ਵੀ ਆਖਦਾ ਸੀ ਕੋਠੀ ਕੁਝ ਠੀਕ ਠਾਕ ਕਰਾਉਣੀਐ ਤੇ ਨਵਾਂ ਫ਼ਰਨੀਚਰ ਵੀ ਲਿਆਉਣੈ, ਸਭ ਤੇਰੀ ਪਸੰਦ ਨਾਲ ਕਰਾਂਗੇ।"

"ਵੱਡਾ ਕੁਝ ਨਹੀਂ ਸੀ ਆਖਦਾ?" ਮੈਂ ਸਿੱਧੇ ਸਵਾਲ ਨਾਲ ਉਸ ਸਿਆਣੀ ਬਿਆਣੀ ਦਾਨੀ ਔਰਤ ਨੂੰ ਜਿਵੇਂ ਪੈਰਾਂ ਤੋਂ ਉਖੇੜ ਦਿੱਤਾ ਸੀ।

"ਹਾਂ.....ਨਹੀਂ....ਆਹੋ....ਉਹਨੇ ਬਚਾਰੇ ਸੰਤ ਨੇ ਕੀ ਆਖਣੈ। ਉਹਨੂੰ ਤਾਂ ਜਦੋਂ ਪੁੱਛੋ ਆਖ ਦਿੰਦੈ ਜਿਮੇਂ ਮਰਜ਼ੀ ਕਰ ਲੋ। ਤੂੰ ਸਮਝਦਾਰ ਐਂ ਮੈਂ ਤਾਂ ਸਮਝਦੀਆਂ ਇਕ ਨੀ ਦੋਵੇਂ ਤੇਰੇ ਕਹਿਣੇ 'ਚ ਚੱਲਣਗੇ। ਮੇਰਾ ਮਤਲਬ ਐ ਭੈਣ ਭਾਈ ਸਾਰੇ ਰਲਕੇ ਰਹਿਓ" ਉਹਦੇ ਭੂਆ ਜੀ ਕਈ ਮਹੀਨਿਆਂ ਵਾਲੀਆਂ ਗੱਲਾਂ ਕਰੀ ਜਾ ਰਹੇ ਸਨ।

"ਉਨ੍ਹਾਂ ਆਪਣਾ ਇਲਾਜ ਕਰਵਾ ਲਿਆ?" ਮੈਂ ਕਈ ਵਰ੍ਹੇ ਪਹਿਲਾਂ ਵਾਲੀ ਗੱਲ ਚਿਤਾਹੀ।

"ਤੈਨੂੰ ਕੀਹਨੇ ਦੱਸਿਐ? ਦੇਖ ਨਾ ਅੱਜ ਕੱਲ੍ਹ ਉਹ ਕਿਹੜੀ ਬਿਮਾਰੀ ਐ ਜੀਹਦਾ ਇਲਾਜ ਨੀ? ਬਥੇਰੀਆਂ ਦਵਾਈਆਂ ਦਵੂਈਆਂ ਖਾਂਦਾ ਰਹਿੰਦੈ। ਨਾਲੇ ਉਹ ਤਾਂ ਮਾੜੀ ਜੀ ਗੱਲ ਸੀ, ਐਮੀ ਜੈਖਾਣੇ ਲੋਕ ਕੀ ਦੀਆਂ ਕੀ ਬਣਾ ਲੈਂਦੇ ਨੇ। ਸਾਨੂੰ ਕਿਹੜਾ ਨਹੀਂ ਜਾ ਜਾ ਲੋਕ ਆਖਦੇ ਬਈ ਅਗਲੀ ਦਾ, ਮੁੰਡਿਆਂ ਨਾਲ ਪੜ੍ਹਦੀ ਦਾ, ਨੌਕਰੀ ਕਰਦੀ ਦਾ, ਸੌ ਤਰ੍ਹਾਂ ਦੇ ਲੋਕਾਂ ਨਾਲ ਵਾਹ ਪੈਂਦੈ, ਸਾਰੇ ਚੰਗੇਈ ਤਾਂ ਨੀ ਹੁੰਦੇ। ਤਰ੍ਹਾਂ ਤਰ੍ਹਾਂ ਦੀਆਂ ਅਗਲੇ ਗੱਲਾਂ ਬਣਾਉਂਦੇ ਨੇ। ਤਾਂ ਹੀ ਮੈਂ ਆਖਦੀਆਂ ਆਪਣੇ ਘਰ ਰਹਿ ਭਾਮੇ ਆਥਣ ਨੂੰ ਦਸ ਖ਼ੂਹ ਪੱਟ, ਆਦਮੀ ਸਿਰ ਤੇ ਹੋਊ ਮਜਾਲ ਨੀ ਕਿਸੇ ਦੀ ਕੋਈ ਉਂਗਲ ਵੀ ਕਰਜੇ।"

ਉਹਦੇ ਭੂਆ ਜੀ ਇਕੋ ਸਾਹ ਕਿੰਨੀਆਂ ਹੀ ਗੱਲਾਂ ਕਰ ਗਏ ਸਨ। ਆਪਣਿਆਂ ਦੀ ਸਫ਼ਾਈ ਦੀਆਂ, ਮੇਰੇ ਤੇ ਸ਼ੱਕ ਦੀਆਂ ਤੇ ਮੈਨੂੰ ਲਾਰਿਆਂ ਦੀਆਂ। ਇਕ ਵਾਰੀ ਤਾਂ ਖ਼ੂਨ ਖੌਲਿਆ ਕਿ ਇਹ ਔਰਤ ਗੁਰਦਵਾਰੇ ਦੇ ਸਰੋਵਰ ਦੀਆਂ ਪੌੜੀਆਂ ਤੇ ਬੈਠੀ ਮੇਰੇ ਨਾਲ ਕਿਹੋ ਜਿਹੀਆਂ ਗੱਲਾਂ ਕਰ ਰਹੀਐ।

"ਉਹ ਮੈਨੂੰ ਦਸ ਖ਼ੂਹ ਪੱਟਣ ਦੇਊ?" ਮੈਂ ਆਪਣੀ ਆਵਾਜ਼ ਨੂੰ ਸਹਿਜ ਰੱਖਦਿਆਂ ਹੋਰ ਸਪੱਸ਼ਟ ਹੋਣ ਲਈ ਪੁੱਛਿਆ।

"ਤੂੰ ਜਿਮੇਂ ਚਿੱਤ ਕਰੂ ਰਹੀਂ ਉਹ ਨੀ ਤੈਨੂੰ ਕੁਸ਼ ਵੀ ਆਖਣ ਲੱਗਿਆ ਬਸ ਲੋਕ ਓਸ ਨੂੰ ਮਖੌਲ ਕਰਨੋਂ ਹਟ ਜਾਣਗੇ ਬਈ....." ਗੱਲ ਕਰਦੇ ਭੂਆ ਜੀ ਮੇਰੇ ਵੱਲ ਗਹੁ ਨਾਲ ਦੇਖ ਕੇ ਚੁੱਪ ਕਰ ਗਏ।

"ਚਲੋ ਚੱਲੀਏ" ਮੈਂ ਖੜ੍ਹੀ ਹੁੰਦੀ ਨੇ ਕਿਹਾ।

ਪਰ ਤੁਰਨ ਤੋਂ ਪਹਿਲਾਂ ਸਰੋਵਰ ਦੇ ਪਾਣੀ ਦੀ ਇਕ ਚੂਲੀ ਭਰ ਕੇ ਮੈਂ ਘੁੱਟ ਭਰ ਲਈਂ। ਮੇਰਾ ਮੂੰਹ ਸੁੱਕ ਰਿਹਾ ਸੀ।

ਸਾਹਮਣੇ ਗੁਰਦਵਾਰੇ ਦੇ ਬਾਹਰ ਲੋਕਾਂ ਦੀ ਭੀੜ ਵਿਚ ਪਿਛਿਓਂ ਇਕ ਬੁੱਢੀ ਦਾਦੀ ਮਾਂ ਵਰਗੀ ਲੱਗੀ। ਅੱਖਾਂ ਭਰ ਕੇ ਮਨ ਹੀ ਮਨ ਮੈਂ ਉਹਨੂੰ ਜਿਵੇਂ ਆਖਿਆ, ਦਾਦੀ ਮਾਂ ਤੇਰੀ ਗੰਗਾਜਲ ਵਰਗੀ ਧੀ....ਪਰ ਉਹ ਬੁੱਢੀ ਤਾਂ ਕੋਈ ਹੋਰ ਸੀ।

ਦੁਪਹਿਰੇ ਵਾਪਸ ਜਾਣ ਤੋਂ ਪਹਿਲਾਂ ਉਹਦੇ ਭੂਆ ਜੀ ਨੇ ਮੈਨੂੰ ਪੁੱਛਿਆ, "ਫੇਰ ਉਹਨੂੰ ਕਦੋਂ ਲੈਣ ਭੇਜਾਂ?"

"ਭੇਜਣਾ ਨਾ" ਮੈਂ ਸੰਖੇਪ ਪਰ ਦ੍ਰਿੜ੍ਹ ਉੱਤਰ ਦਿੱਤਾ।

## 24

ਗਰਮੀਆਂ ਦੀਆਂ ਛੁੱਟੀਆਂ ਤੋਂ ਮਗਰੋਂ ਮੈਂ ਗੌਰਮਿੰਟ ਕਾਲਜ ਧਰਮਸਾਲਾ ਜੁਆਇਨ ਕਰ ਲਿਆ। ਦੋ ਤਿੰਨ ਪ੍ਰੋਫੈਸਰਨੀਆਂ ਜਿਨ੍ਹਾਂ ਵਿਚ ਮਿਸ ਗਿੱਲ ਵੀ ਸੀ ਇਕ ਘਰ ਵਿਚ ਰਹਿੰਦੀਆਂ ਸਨ ਉਹਨਾਂ ਮੈਨੂੰ ਵੀ ਪ੍ਰਿੰਸੀਪਲ ਦੇ ਆਖਣ ਤੇ ਆਪਣੇ ਨਾਲ ਰੱਖ ਲਿਆ।

ਧਰਮਸਾਲਾ ਛੋਟਾ ਜਿਹਾ ਪਹਾੜੀ ਸ਼ਹਿਰ, ਗਰੀਬ ਜਿਹੇ ਲੋਕ ਤੇ ਸ਼ਾਂਤ ਵਾਤਾਵਰਨ। ਥੋੜ੍ਹਾ ਉਪਰ ਚਲੇ ਜਾਓ ਬਰਫ਼ ਪਈ ਦਿਸਦੀ, ਥੋੜਾ ਹੇਠਾਂ ਚਲੇ ਜਾਓ ਕੂਲ੍ਹਾਂ ਨਦੀਆਂ ਵਗਦੀਆਂ ਲੱਭ ਜਾਂਦੀਆਂ। ਜੰਗਲ, ਪਹਾੜ, ਕੂਲ੍ਹਾਂ ਨਦੀਆਂ, ਓਪਰਾ ਥਾਂ, ਓਪਰੇ ਲੋਕ, ਮੈਂ ਜਿਵੇਂ ਕਿਸੇ ਹੋਰ ਦੁਨੀਆਂ ਵਿਚ ਪਹੁੰਚ ਗਈ ਸੀ ਜਿਥੇ ਮੈਨੂੰ ਕੋਈ ਨਹੀਂ ਸੀ ਜਾਣਦਾ। ਜਿੱਥੇ ਮੈਂ ਆਪਣੇ ਆਪ ਨੂੰ ਭੁੱਲ ਕੇ ਜੀਉਂ ਸਕਦੀ ਸੀ। ਪਹਿਲੇ ਪਹਿਲੇ ਤੇ ਲੋਕਾਂ ਨੂੰ ਇਹ ਵੀ ਇਤਬਾਰ ਨਹੀਂ ਸੀ ਆਉਂਦਾ ਕਿ ਮੈਂ ਇਥੇ ਪ੍ਰੋਫ਼ੈਸਰ ਲੱਗੀ ਹਾਂ।

ਕਲਰਕ ਨੂੰ ਆਖਿਆ ਮੈਨੂੰ ਰੋਲ ਨੰਬਰ ਦੇ, ਭਾਵ ਸੀ ਵਿਦਿਆਰਥੀਆਂ ਦੇ। ਪਰ ਉਹਨਾਂ ਪੁੱਛ ਲਿਆ ਕਿਹੜੀ ਜਮਾਤ 'ਚ ਦਾਖਲ ਹੋਏਓ?

ਚਪੜਾਸੀ ਨੂੰ ਇਕ ਦਿਨ ਆਖਿਆ "ਜ਼ਰਾ ਚਿੱਠੀਆਂ ਤਾਂ ਪੋਸਟ ਕਰ ਆ।" ਆਖਣ ਲੱਗਿਆ ਮੇਰੇ ਕੋਲ ਟਾਈਮ ਨਹੀਂ ਪਰ ਮਗਰੋਂ ਕਿਸੇ ਨੇ ਜਦੋਂ ਦੱਸਿਆ ਪ੍ਰੋਫੈਸਰਨੀਐ ਨਵੀਂ ਆਈ ਤਾਂ ਉਹ ਮਗਰ ਗਿਆ ਤੇ ਆਖਣ ਲੱਗਿਆ "ਲਿਆਓ ਜੀ ਚਿੱਠੀਆਂ ਪਾ ਆਵਾਂ?"

"ਸਾੜ੍ਹੀ ਪਾ ਕੇ ਜਾਇਆ ਕਰ ਕਮੀਜ਼ ਸਲਵਾਰ ਨਾਲ ਤਾਂ ਤੂੰ ਕੁੜੀਆਂ ਵਿਚ ਈ ਰੁਲ ਜਾਨੀ ਐਂ" ਮਿਸ ਗਿੱਲ ਨੇ ਸਲਾਹ ਦਿੱਤੀ।

"ਕੱਪੜਿਆਂ ਨਾਲ ਈ ਜੇ ਤੁਹਾਡੀ ਪਹਿਚਾਣ ਹੋਈ ਤਾਂ ਬੜੀ ਹੋਈ" ਮੈਂ ਹੱਸ ਕੇ ਆਖਿਆ।

ਪਰ ਪਿਛੋਂ ਪਹਿਚਾਣ ਆਪੇ ਹੋ ਗਈ ਜਦੋਂ ਪ੍ਰਿੰਸੀਪਲ ਨੇ ਆਖਿਆ ਸਾਰੇ ਪ੍ਰੋਫੈਸਰ ਗਾਊਨ ਪਾ ਕੇ ਜਮਾਤਾਂ 'ਚ ਜਾਣ।

ਛੋਟਾ ਜਿਹਾ ਸ਼ਹਿਰ ਸੀ ਸਾਰੇ ਲੋਕ ਵੀ ਇਕ ਦੂਜੇ ਨੂੰ ਜਾਣਦੇ ਸੀ ਫਿਰ ਵੀ

ਸੀਨੀਅਰ ਪ੍ਰੋਫ਼ੈਸਰ ਗਿਲ਼ੀ ਤੇ ਉਸ ਦੀ ਘਰ ਵਾਲੀ, ਪ੍ਰਿੰਸੀਪਲ ਤੇ ਉਸ ਦੀ ਘਰ ਵਾਲੀ, ਸਾਡੇ ਘਰ ਆਏ ਕਿ ਅਸੀਂ ਤੁਹਾਡੇ ਨੇੜੇ ਹੀ ਰਹਿੰਦੇ ਹਾਂ, ਕੋਈ ਫਿਕਰ ਨਾ ਕਰਨਾ।

ਆਥਣੇ ਕੁੜੀਆਂ ਨੇ ਗੇਮਜ਼ ਖੇਡਣ ਜਾਣਾ ਹੁੰਦਾ ਸੀ ਕਾਲਜ ਵਿਚ। ਸਾਡਾ ਘਰ ਕਾਲਜ ਦੇ ਨੇੜੇ ਹੀ ਸੀ। ਪ੍ਰਿੰਸੀਪਲ ਨੇ ਮੇਰੀ ਡਿਊਟੀ ਲਗਾ ਦਿੱਤੀ ਸ਼ਾਮ ਨੂੰ ਜਾਣ ਦੀ ਵੀ।

ਕੁਝ ਦਿਨ ਮਗਰੋਂ ਕੁੜੀਆਂ ਨੇ ਦੱਸਿਆ "ਆਥਣੇ ਆਈਏ ਤਾਂ ਲੜਕੇ ਛੇੜਦੇ ਨੇ।" ਮੈਂ ਆਖਿਆ ਮੈਨੂੰ ਦੱਸਣਾ।

ਦੋ ਕੁ ਦਿਨ ਮੈਂ ਬਿਮਾਰ ਸੀ ਆਥਣੇ ਗੇਮਜ਼ ਤੇ ਨਾ ਗਈ। ਤੀਸਰੇ ਦਿਨ ਜਦੋਂ ਗਈ ਤਾਂ ਲੜਕੀਆਂ ਦੇ ਬੈਡਮਿੰਟਨ ਦੇ ਕੋਰਟ ਵਿਚ ਦੋ ਲੜਕੇ ਬੈਡਮਿੰਟਨ ਖੇਡ ਰਹੇ ਸਨ ਤੇ ਕੁੜੀਆਂ ਆਪਣੇ ਆਪਣੇ ਰੈਕਟ ਫੜੀ ਇਕ ਪਾਸੇ ਚੁਪ ਕੀਤੀਆਂ ਖੜ੍ਹੀਆਂ ਸਨ। ਲੜਕਿਆਂ ਨੂੰ ਖੇਡ ਵਿਚ ਮੇਰੇ ਆਉਣ ਦਾ ਪਤਾ ਨਹੀਂ ਸੀ ਲੱਗਿਆ।

ਦੋ ਕੁ ਮਿੰਟ ਉਡੀਕ ਕੇ ਮੈਂ ਹੱਥ ਉਚਾ ਕਰਕੇ ਆਖਿਆ "ਸੁਣੋਂ ?" ਉਹ ਰੁਕ ਗਏ।

"ਇੱਧਰ ਆ ਕੇ ਗੱਲ ਸੁਣੋਂ" ਮੈਂ ਜ਼ਰਾ ਉਚੀ ਜਿਹੀ ਆਵਾਜ਼ ਵਿਚ ਆਖਿਆ ਤਾਂ ਉਹ ਹੈਰਾਨ ਜਿਹੇ ਹੋ ਗਏ।

"ਕੋਰਟ ਤੋਂ ਬਾਹਰ ਆਓ" ਮੈਂ ਸਖ਼ਤ ਹੋ ਕੇ ਕਿਹਾ।

ਉਹ ਢਿੱਲੇ ਜਿਹੇ ਕਦਮ ਪੁਟਦੇ ਮੇਰੇ ਕੋਲ ਆ ਗਏ।

"ਤੁਸੀਂ ਕੀਹਤੋਂ ਪੁੱਛ ਕੇ ਇਸ ਕੋਰਟ ਵਿਚ ਖੇਡ ਰਹੇ ਓ ?"

"ਖਾਲੀ ਪਿਆ ਸੀ....." ਉਹਨਾਂ ਵਿਚੋਂ ਇਕ ਨੇ ਆਖਣਾ ਸ਼ੁਰੂ ਕੀਤਾ।

"ਪਰ ਜਦੋਂ ਲੜਕੀਆਂ ਆ ਗਈਆਂ ਸੀ ਤੁਸੀਂ ਹਟ ਕਿਉਂ ਨਹੀਂ ਸੀ ਗਏ ਖੇਡਣ ਤੋਂ ?"

"ਸੌਰੀ ਮੈਡਮ" ਉਹਨਾਂ ਵਿਚੋਂ ਇਕ ਨੇ ਆਖਿਆ ਤੇ ਪਰ੍ਹੇ ਖੜ੍ਹੀਆਂ ਕੁੜੀਆਂ ਵੱਲ ਝਾਕਿਆ ਜਿਹੜੀਆਂ ਉਹਨਾਂ ਦੇ ਡਾਂਟ ਪੈਣ ਤੇ ਖੁਸ਼ ਹੋ ਰਹੀਆਂ ਸਨ।

ਬਾਅਦ ਵਿਚ ਮੈਨੂੰ ਪਤਾ ਲੱਗਿਆ ਉਹਨਾਂ ਵਿਚੋਂ ਇਕ ਲੜਕਾ ਪ੍ਰਿੰਸੀਪਲ ਦਾ ਸੀ ਤੇ ਦੂਸਰਾ ਮੇਜਰ ਅਜਮੇਰ ਸਿੰਘ ਦਾ। ਨਿੱਕੇ ਜਿਹੇ ਇਸ ਸ਼ਹਿਰ ਵਿਚ ਦੋਵੇਂ ਬੰਦੇ ਬੜੀਆਂ ਵੱਡੀਆਂ ਹਸਤੀਆਂ ਸਨ।

ਲੜਕਿਆਂ ਨੇ ਜਾ ਕੇ ਪ੍ਰਿੰਸੀਪਲ ਕੋਲ ਨਹੀਂ ਵਾਈਸ ਪ੍ਰਿੰਸੀਪਲ ਕੋਲ ਸ਼ਕਾਇਤ ਲਗਾਈ ਮੈਡਮ ਨੇ ਸਾਡੀ ਕੁੜੀਆਂ ਸਾਹਮਣੇ ਬੇਇਜ਼ਤੀ ਕਰ ਦਿੱਤੀ ਹੈ।

ਵਾਈਸ ਪ੍ਰਿੰਸੀਪਲ ਛੋਟੇ ਜਿਹੇ ਕੱਦ ਦਾ, ਕਾਲੇ ਰੰਗ ਦਾ, ਬੜੀਆਂ ਇੰਨਟੈਲੀਜੈਂਟ ਅੱਖਾਂ ਵਾਲਾ ਮਦਰਾਸੀ ਸੀ, ਜਿਸ ਦੀ ਜਰਮਨ ਵਹੁਟੀ ਸੀ ਤੇ ਅੰਗਰੇਜ਼ਾਂ ਵਰਗੇ ਦੋ ਪੁੱਤਰ ਸਨ। ਪ੍ਰਿੰਸੀਪਲ ਤੋਂ ਵੱਧ ਕਾਲਜ ਵਿਚ ਇਸ ਦਾ ਰੋਅਬ ਸੀ ਕਿਉਂਕਿ ਇਹ ਇਕੋ ਇਕ ਬੰਦਾ ਵਲੈਤ ਪਾਸ ਸੀ, ਬੇਹੱਦ ਚੁਸਤ ਸੀ, ਬਹੁਤ ਪੜ੍ਹਦਾ ਲਿਖਦਾ ਸੀ।

ਵਾਈਸ ਪ੍ਰਿੰਸੀਪਲ ਨੇ ਦੋ ਕੁ ਦਿਨਾਂ ਮਗਰੋਂ, ਫੁੱਲਾਂ ਨਾਲ ਭਰੇ, ਕਾਲਜ ਦੇ ਲਾਨ ਵਿਚ ਬੈਠੀ, ਇਕ ਮੈਗਜ਼ੀਨ ਫਰੋਲ ਰਹੀ ਨੂੰ, ਮੈਨੂੰ ਆਕੇ ਅੰਗਰੇਜ਼ੀ ਵਿਚ ਪੁੱਛਿਆ "ਮੈਂ ਇੱਥੇ ਤੁਹਾਡੇ ਕੋਲ ਬੈਠ ਜਾਵਾਂ ?"

ਰਸਮੀ ਖ਼ੁਸ਼ੀ ਜ਼ਾਹਿਰ ਕਰਨ ਦੀ ਥਾਂ ਤੇ ਜ਼ਰੂਰ ਬੈਠੋ ਆਖਣ ਦੀ ਥਾਂ ਮੈਂ ਆਖਿਆ "ਮਰਜ਼ੀ ਐ ਤੁਹਾਡੀ।"

ਉਹ ਕੁਰਸੀ ਖਿੱਚ ਕੇ ਮੇਰੇ ਕੋਲ ਬੈਠ ਗਿਆ।

"ਕੀ ਹਾਲ ਐ ਤੁਹਾਡਾ ?" ਉਹਨੇ ਪੁੱਛਿਆ।

"ਠੀਕ ਐ" ਮੈਂ ਸੰਖੇਪ ਜਿਹਾ ਉਤਰ ਦਿੱਤਾ।

"ਕਾਲਜ ਕਿਹੋ ਜਿਹਾ ਲੱਗਿਆ ਐ ?"

"ਠੀਕ ਐ" ਮੇਰਾ ਫਿਰ ਉਹੋ ਉੱਤਰ ਸੀ।

"ਜਿਹਨਾਂ ਲੜਕਿਆਂ ਨੂੰ ਤੁਸੀਂ ਝਿੜਕਿਆ ਸੀ ਉਹਨਾਂ ਵਿਚੋਂ ਇਕ ਪ੍ਰਿੰਸੀਪਲ ਦਾ ਲੜਕਾ ਐ ਵਿਜੇ ਤੇ ਦੂਸਰਾ ਹਰਜਿੰਦਰ ਮੇਜਰ ਅਜਮੇਰ ਸਿੰਘ ਦਾ ਲੜਕਾਐ।" ਉਹਨੇ ਦੱਸਿਆ।

"ਫੇਰ ਕੀ ਹੋ ਗਿਆ ?"

"ਉਹ ਕਹਿੰਦੇ ਸੀ ਮੈਡਮ ਨੇ ਕੁੜੀਆਂ ਸਾਹਮਣੇ ਸਾਡੀ ਬੇਇਜ਼ਤੀ ਕਰ ਦਿੱਤੀ ਐ ?"

"ਫੇਰ ਕੀ ਹੋ ਗਿਆ ?" ਮੈਂ ਉਸੇ ਸਹਿਜ ਨਾਲ ਆਖਿਆ।

"ਆਈ ਲਾਈਕ ਯੂ ਮਾਈ ਡੀਅਰ ਗਰਲ, ਆਈ ਲਾਈਕ ਯੂ ਵੈਰੀ ਮੱਚ" ਉਸ ਨੇ ਜਦੋਂ ਆਖਿਆ ਮੈਂ ਹੈਰਾਨ ਹੋ ਕੇ ਉਸ ਵੱਲ ਝਾਕੀ।

ਉਸ ਵੇਲੇ ਵਿਜੇ ਤੇ ਹਰਜਿੰਦਰ ਉਧਰੋਂ ਲੰਘੇ ਸ਼ਾਇਦ ਸੋਚ ਰਹੇ ਹੋਣ ਵਾਈਸ ਪ੍ਰਿੰਸੀਪਲ ਸਾਹਿਬ ਮੈਡਮ ਨੂੰ ਡਾਂਟ ਰਹੇ ਨੇ।

"ਵਿਜੇ ਹਰਜਿੰਦਰ ਇੱਧਰ ਆਓ" ਮੈਂ ਆਵਾਜ਼ ਦਿੱਤੀ।

ਉਹ ਆ ਗਏ।

"ਗੁੱਡ ਮਾਰਨਿੰਗ ਵਿਜੇ, ਗੁੱਡ ਮਾਰਨਿੰਗ ਹਰਜਿੰਦਰ। ਤੁਸੀਂ ਹੁਣ ਮੈਨੂੰ ਵਿਸ਼ ਨਹੀਂ ਕਰਦੇ, ਕੋਲ ਦੀ ਇਉਂ ਲੰਘ ਜਾਂਦੇ ਓ ਜਿਵੇਂ ਮੈਨੂੰ ਦੇਖਿਆ ਹੀ ਨਹੀਂ ਹੁੰਦਾ, ਕੋਈ ਗੱਲ ਨੀ ਅੱਗੇ ਤੋਂ ਮੈਂ ਤੁਹਾਨੂੰ ਵਿਸ਼ ਕਰ ਦਿਆ ਕਰਾਂਗੀ।" ਮੈਂ ਆਖਿਆ।

"ਸੌਰੀ ਮੈਡਮ" ਵਿਜੇ ਜੋ ਬਹੁਤ ਹੀ ਸੋਫ਼ਿਸਟੀਕੇਟਿਡ ਮਾਂ ਦਾ ਪੁੱਤਰ ਸੀ, ਬੋਲਿਆ।

"ਤੁਸੀਂ ਵਾਈਸ ਪ੍ਰਿੰਸੀਪਲ ਸਾਹਿਬ ਕੋਲ ਮੇਰੀ ਸ਼ਕਾਇਤ ਲਗਾਈਐ ਬਈ ਮੈਂ ਤੁਹਾਡੀ ਕੁੜੀਆਂ ਦੇ ਸਾਹਮਣੇ ਬੇਇੱਜ਼ਤੀ ਕਰ ਦਿੱਤੀਐ ? ਬੇਇਜ਼ਤੀ ਤਾਂ ਉਹਨਾਂ ਦੀ ਹੁੰਦੀਐ ਜਿਨ੍ਹਾਂ ਦੀ ਕੋਈ ਇੱਜ਼ਤ ਹੋਵੇ, ਤੁਸੀਂ ਕੀ ਸਮਝਦੇਓ ਆਪਣੇ ਆਪ ਨੂੰ ?"

ਉਹ ਦੋਵੇਂ ਚੁੱਪ ਸਨ।

"ਬੋਲੋ ਸੌਰੀ।" ਮੈਂ ਹੱਸ ਕੇ ਕਿਹਾ।

ਦੋਨਾਂ ਨੇ ਆਖਿਆ "ਸੌਰੀ ਮੈਡਮ।"

"ਚਲੋ ਹੁਣ ਆਪਾਂ ਕੈਨਟੀਨ ਤੇ ਚਾਹ ਪੀਣ ਚੱਲਦੇ ਆਂ" ਮੈਂ ਆਖਿਆ।

"ਮੈਂ ਵੀ ਚੱਲਾਂ ?" ਵਾਈਸ ਪ੍ਰਿੰਸੀਪਲ ਨੇ ਪੁੱਛਿਆ।

"ਤੁਹਾਡੀ ਮਰਜ਼ੀ ਐ" ਮੈਂ ਆਖਿਆ।

"ਹਾਂ ਮੇਰੀ ਮਰਜ਼ੀ ਐ" ਆਖ ਉਹ ਵੀ ਨਾਲ ਤੁਰ ਪਿਆ।

ਕੈਨਟੀਨ ਵਿਚ ਬਹੁਤ ਸਾਰੇ ਲੋਕ ਹੈਰਾਨ ਹੋ ਹੋ ਸਾਨੂੰ ਦੇਖਦੇ ਰਹੇ ਕਿ ਵਾਈਸ

ਪ੍ਰਿੰਸੀਪਲ, ਮੈਡਮ ਤੇ ਸਟੂਡੈਂਟਸ ਨਾਲ ਚਾਹ ਪੀ ਰਿਹੈ। ਚਾਹ ਪੀਂਦਿਆਂ ਵਿਜੇ ਨੇ ਆਖਿਆ ਮੈਡਮ ਇਹ ਗੱਲ ਮੇਰੇ ਡੈਡੀ ਨੂੰ ਨਾ ਦੱਸਣਾ ਤੇ ਹਰਜਿੰਦਰ ਨੇ ਆਖਿਆ ਮੈਡਮ ਸਾਡੇ ਘਰ ਆਓ ਕਦੇ। ਤੇ ਇਸੇ ਹਰਜਿੰਦਰ ਲੜਕੇ ਨਾਲ ਜਦੋਂ ਉਹ ਫੌਜ ਵਿਚ ਲੈਫਟੈਣ ਬਣ ਗਿਆ ਮੇਰੀ ਛੋਟੀ ਭੈਣ ਦਾ ਵਿਆਹ ਹੋਇਆ।

ਦੂਜੀਆਂ ਦੋ ਪ੍ਰੋਫ਼ੈਸਰਨੀਆਂ ਦੀ ਉਥੋਂ ਬਦਲੀ ਹੋ ਗਈ ਸੀ ਘਰ ਵਿਚ ਸਿਰਫ ਮੈਂ ਤੇ ਮਿਸ ਗਿੱਲ ਹੀ ਰਹਿ ਗਈਆਂ ਸੀ।

ਇਕ ਦਿਨ ਮਿਸ ਗਿੱਲ ਨੇ ਆਪਣੇ ਮਾਮਾ ਜੀ ਦੀ ਮੈਨੂੰ ਚਿੱਠੀ ਪੜ੍ਹਾਈ। ਉਨ੍ਹਾਂ ਦਾ ਕੋਈ ਵਾਕਫ਼ ਲੜਕਾ ਮਿਸ ਗਿੱਲ ਨੂੰ ਦੇਖਣ ਆ ਰਿਹਾ ਸੀ। ਗੈਸਟ ਹਾਊਸ ਵਿਚ ਉਹਨੇ ਠਹਿਰਨਾ ਸੀ ਤੇ ਅਸੀਂ ਆਪ ਜਾ ਕੇ ਉਹਨੂੰ ਘਰ ਲਿਆ ਕੇ ਚਾਹ ਪਿਲਾਉਣੀ ਸੀ।

ਅਸੀਂ ਘਰ ਦੀ ਚੰਗੀ ਤਰ੍ਹਾਂ ਸਫ਼ਾਈ ਕੀਤੀ। ਖ਼ੂਬ ਸਜਾਇਆ। ਨਵੇਂ ਪਰਦੇ ਲਿਆਂਦੇ। ਫੁਲਦਾਨ ਲਿਆਂਦੇ। ਕਾਲਜ ਦੇ ਮਾਲੀ ਤੋਂ ਫੁੱਲ ਮੰਗਵਾਏ। ਚਾਹ ਨਾਲ ਨੂੰ ਕਈ ਚੀਜ਼ਾਂ ਲਿਆਂਦੀਆਂ। ਭਾਵੇਂ ਮੈਨੂੰ ਔਖਾ ਲਗਦਾ ਸੀ ਫਿਰ ਵੀ ਆਪਣੀ ਸਹੇਲੀ ਮਿਸ ਗਿੱਲ ਦੀ ਖ਼ਾਤਿਰ ਮੈਂ ਉਹਦੇ ਨਾਲ ਗੈਸਟ ਹਾਊਸ ਗਈ। ਉਸ ਭਾਈ ਨੂੰ ਘਰ ਲਿਆਂਦਾ। ਚਾਹ ਪਿਆਈ। ਫਿਰ ਇਹ ਸੋਚ ਕੇ ਕਿ ਇਹ ਆਰਾਮ ਨਾਲ ਗੱਲ ਕਰ ਸਕਣ ਮੈਂ ਗੁਸਲਖ਼ਾਨੇ ਵਿਚ ਨਹਾਉਣ ਲੱਗ ਪਈ। ਨਹਾ ਕੇ ਵਾਲ ਸੁਕਾਉਣ ਲਈ ਮੈਂ ਬਾਹਰ ਪਰ੍ਹੇ ਵੇਹੜੇ ਵਿਚ ਜਾ ਬੈਠੀ। ਕੋਈ ਕਿਤਾਬ ਪੜ੍ਹਨ ਲੱਗ ਪਈ।

ਜਾਣ ਵੇਲੇ ਉਹ ਮੇਰੇ ਵੱਲ ਆਇਆ। "ਹੁਣ ਮੈਂ ਚੱਲਦਾਂ ਬੜੀ ਖ਼ੁਸ਼ੀ ਹੋਈ ਮਿਲ ਕੇ" ਉਹਨੇ ਆਖਿਆ।

"ਹੋਰ ਬੈਠੋ ਅਜੇ ਤਾਂ ਨ੍ਹੇਰਾ ਨਹੀਂ ਹੋਇਆ, ਖਾਣਾ ਖਾ ਕੇ ਜਾਇਓ, ਓਥੇ ਗੈਸਟ ਹਾਊਸ ਵਿਚ ਇਕੱਲੇ ਬੋਰ ਹੀ ਹੋਵੋਗੇ। ਨਾਲੇ ਮਿਸ ਗਿੱਲ ਨਾਲ ਤਾਂ ਭਾਵੇਂ ਤੁਸੀਂ ਕਿਸੇ ਟੌਪਿਕ ਤੇ ਗੱਲ ਛੇੜ ਲਓ ਏਨੀ ਨਾਲਿਜ ਐ, ਮੈਂ ਤਾਂ ਹੈਰਾਨ ਈ ਹੋ ਜਾਨੀਆਂ। ਉਂਜ ਵੀ ਬਹੁਤ ਘੱਟ ਲੜਕੀਆਂ ਨੂੰ ਏਨੀ ਅਕਲ ਹੁੰਦੀਐ ਹਰ ਇਕ ਗੱਲ ਬਾਰੇ" ਮੈਂ ਆਨੀਂ ਬਹਾਨੀ ਮਿਸ ਗਿੱਲ ਦੀ ਪ੍ਰਸੰਸਾ ਕਰ ਰਹੀ ਸੀ ਇਹ ਸਭ ਕੁਝ ਆਖ ਕੇ।

"ਕੱਲ੍ਹ ਆਵਾਂਗਾ" ਉਸ ਨੇ ਆਖਿਆ ਤੇ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾ ਕੇ ਚਲਿਆ ਗਿਆ।

"ਬੰਦਾ ਚੰਗਾ ਲਗਦੈ ?" ਉਸ ਦੇ ਜਾਣ ਮਗਰੋਂ ਮੈਂ ਮਿਸ ਗਿੱਲ ਨੂੰ ਆਖਿਆ।

"ਨੌਕਰੀ ਵੀ ਬੜੀ ਵੱਡੀ ਤੇ ਐ" ਉਹਨੇ ਦੱਸਿਆ।

"ਓਹਨੇ ਤੇ ਮਾਮਾ ਜੀ ਨੂੰ ਜਾ ਕੇ ਆਖਣੈ ਮੇਰਾ ਛੇਤੀ ਵਿਆਹ ਕਰ ਦਿਓ ਮਿਸ ਗਿੱਲ ਨਾਲ ਫੇਰ ਮੈਂ ਇਥੇ ਇਕੱਲੀ ਕੀ ਕਰਾਂਗੀ ?" ਮੈਂ ਕੁਝ ਖ਼ੁਸ਼ੀ ਤੇ ਕੁਝ ਸੰਸੇ ਨਾਲ ਆਖਿਆ।

"ਬੰਦਾ ਇੰਟੈਲੀਜੈਂਟ ਐ, ਪਤਾ ਨੀ ਕਿੰਨੀਆਂ ਕੁ ਕੁੜੀਆਂ ਦੇਖ ਦੇਖ ਛੱਡੀਆਂ ਹੋਣਗੀਆਂ, ਨਾਲੇ ਕੀ ਪਤੈ ਕਿਹੋ ਜੀ ਕੁੜੀ ਚਾਹੁੰਦੈ" ਮਿਸ ਗਿੱਲ ਆਖ ਰਹੀ ਸੀ।

"ਪੜ੍ਹੀ ਲਿਖੀ, ਸਾਊ, ਸੁਹਣੀ, ਪ੍ਰੋਫ਼ੈਸਰਨੀ, ਮਿਸ ਗਿੱਲ ਜੀਹਨੂੰ ਮਿਲੇ ਹੋਰ ਅਗਲੇ ਨੂੰ ਕੀ ਚਾਹੀਦੈ" ਮੈਂ ਹੱਸ ਕੇ ਆਖਿਆ।

"ਚਲੋ ਦੇਖੋ" ਉਹ ਬੋਲੀ।

"ਜੇ ਉਸ ਨੂੰ ਸਭ ਕੁਝ ਪਸੰਦ ਨਾ ਹੁੰਦਾ ਤਾਂ ਉਸ ਨੇ ਇਹ ਨਹੀਂ ਸੀ ਆਖਣਾ ਕੱਲ੍ਹ ਨੂੰ ਆਵਾਂਗਾ ਉਹ ਅੱਜ ਹੀ ਇਥੋਂ ਚਲਿਆ ਜਾਂਦਾ" ਮੈਂ ਦਲੀਲ ਦਿੱਤੀ ਜਿਹੜੀ ਮਿਸ ਗਿੱਲ ਨੂੰ ਜਚ ਗਈ।

ਅਗਲੇ ਦਿਨ ਮਿਸ ਗਿੱਲ ਸਵੇਰੇ ਕਾਲਜ ਨੂੰ ਚਲੀ ਗਈ। ਮੈਂ ਪਿਛਲੇ ਪੀਰੀਅਡ ਹੋਣ ਕਰਕੇ ਦੇਰ ਨਾਲ ਜਾਂਦੀ ਸੀ।

ਗਿਆਰਾਂ ਕੁ ਵਜੇ ਉਹ ਭਾਈ ਆ ਪਹੁੰਚਿਆ।

"ਮਿਸ ਗਿੱਲ ਤਾਂ ਕਾਲਜ ਗਏ ਹੋਏ ਨੇ" ਮੈਂ ਦੱਸਿਆ।

"ਮੈਂ ਤੁਹਾਨੂੰ ਮਿਲਣ ਆਇਆਂ" ਉਸ ਨੇ ਆਪੇ ਕੁਰਸੀ ਤੇ ਬੈਠਦੇ ਨੇ ਆਖਿਆ।

"ਦੱਸੋ?" ਮੈਂ ਕੁਝ ਘਬਰਾਹਟ ਜਿਹੀ ਵਿਚ ਆਖਿਆ।

"ਤੁਸੀਂ ਐਹ ਜਿਹੜੀ ਅੰਗੂਠੀ ਪਾਈ ਹੋਈਐ......"

"ਇਹ ਮੇਰੇ ਬਾਬਾ ਜੀ ਨੇ ਬਣਵਾ ਕੇ ਦਿੱਤੀ ਸੀ ਉਦੋਂ ਮੇਰੇ ਖੁਲ੍ਹੀ ਸੀ ਹੁਣ ਮੇਚ ਆ ਜਾਣ ਕਰਕੇ ਮੈਂ ਪਾ ਲਈਐ" ਬੇਮਤਲਬ ਹੀ ਮੈਂ ਦੱਸਿਆ।

"ਚਾਹ ਪੀਓਗੇ?" ਮੈਂ ਘਬਰਾਹਟ ਜਿਹੀ 'ਚ ਪੁੱਛਿਆ।

"ਨਹੀਂ ਇਕ ਮਿੰਟ ਬੈਠ ਕੇ ਮੇਰੀ ਗੱਲ ਸੁਣੋ" ਉਸ ਨੇ ਮੈਨੂੰ ਘਬਰਾਹਟ ਜਿਹੀ 'ਚ ਖੜ੍ਹੀ ਹੋ ਗਈ ਨੂੰ ਆਖਿਆ।

ਮੈਂ ਬੈਠ ਗਈ।

"ਐਹ ਮੇਰਾ ਪਤਾ ਐ" ਉਸ ਨੇ ਵਿਜ਼ਿਟਿੰਗ ਕਾਰਡ ਕੱਢ ਕੇ ਮੈਨੂੰ ਫੜਾ ਦਿੱਤਾ ਸ਼ਾਇਦ ਇਸ ਲਈ ਕਿ ਉਸ ਦਾ ਡੇਜ਼ਿਗਨੇਸ਼ਨ ਦੇਖ ਕੇ ਮੈਂ ਬੜੀ ਪ੍ਰਭਾਵਿਤ ਹੋਵਾਂਗੀ।

"ਦੇਖੋ ਤੁਸੀਂ ਕੌਣ ਹੋ, ਕਿਸ ਦੀ ਲੜਕੀ ਹੋ ਮੈਂ ਜਾਣਨ ਵਿਚ ਇੰਟਰੈਸਟਿਡ ਨਹੀਂ, ਬਸ ਮੈਂ ਏਨਾ ਆਖਣਾ ਚਾਹੁੰਦਾ ਕਿ ਮਿਸ ਗਿੱਲ ਨਾਲ ਨਹੀਂ ਤੁਹਾਡੇ ਨਾਲ ਸ਼ਾਦੀ ਕਰਨ ਨੂੰ ਤਿਆਰ ਹਾਂ। ਜੇ ਤੁਹਾਨੂੰ ਮਨਜ਼ੂਰ ਐ ਤਾਂ ਇਸ ਪਤੇ ਉਤੇ ਖ਼ਤ ਪਾ ਦੇਣਾ। ਅੱਛਾ ਮੈਂ ਚੱਲਦਾਂ ਮੈਂ ਬੱਸ ਫੜਨੀ ਐ ਜਾ ਕੇ" ਆਖ ਉਹ ਚਲਿਆ ਗਿਆ।

ਇਹ ਗੱਲ ਮੈਂ ਮਿਸ ਗਿੱਲ ਨੂੰ ਨਹੀਂ ਸੀ ਦੱਸੀ ਸਿਰਫ਼ ਏਨਾ ਹੀ ਦੱਸਿਆ ਕਿ ਉਹ ਭਾਈ ਆਇਆ ਸੀ ਇਹ ਦੱਸਣ ਲਈ ਕਿ ਮੈਂ ਜਾ ਰਿਹਾਂ।

"ਉੱਲੂ ਦੇ ਪੱਠੇ ਨੂੰ ਪਤਾ ਤਾਂ ਸੀ ਕਿ ਇਸ ਟਾਈਮ ਮੈਂ ਕਾਲਜ ਹੋਵਾਂਗੀ" ਉਹ ਬੋਲੀ।

ਕਿੰਨੇ ਦਿਨ ਉਸ ਦੇ ਜਾਣ ਮਗਰੋਂ ਮਿਸ ਗਿੱਲ ਮਾਮਾ ਜੀ ਦਾ ਖ਼ਤ ਉਡੀਕਦੀ ਰਹੀ ਤੇ ਕਿੰਨੇ ਹੀ ਦਿਨ ਮੈਂ ਬਹੁਤ ਉਦਾਸ ਰਹੀ।

ਬਹੁਤ ਉਦਾਸ ਹੋਣ ਤੇ ਮੈਂ ਕਦੇ ਕਦੇ ਕੱਲੀ ਘਰੋਂ ਸੈਰ ਕਰਨ ਜੰਗਲ ਵਿਚ ਚਲੀ ਜਾਂਦੀ। ਸਾਹਮਣੇ ਬਰਫ਼ ਲੱਦੇ ਹਿਮਾਲਾ ਪਰਬਤ ਦੀਆਂ ਚੋਟੀਆਂ, ਆਲੇ-ਦੁਆਲੇ ਨਿਰਜਨ ਜੰਗਲ ਝਾੜੀਆਂ, ਚੀਲਾਂ ਦੇ ਰੁੱਖ, ਆੜੂ ਤੇ ਨਾਸ਼ਪਤੀਆਂ ਦੇ ਦਰਖ਼ਤ, ਜੰਗਲੀ ਫੁੱਲ, ਥਾਂ ਪਰ ਥਾਂ ਵਗਦੀਆਂ ਕੂਲਾਂ ਤੇ ਹੇਠਾਂ ਵਗਦੀ ਨਦੀ, ਲਗਦਾ ਮੈਂ ਕਿਸੇ ਹੋਰ ਯੁੱਗ ਵਿਚ ਪਹੁੰਚ ਗਈ ਹਾਂ। ਬਚਪਨ ਵਿਚ ਸੁਣਿਆ ਸੀ ਪਹਾੜਾਂ ਤੇ ਜੰਗਲਾਂ 'ਚ ਰਿਸ਼ੀ ਮੁਨੀ ਤਪ ਕਰਨ ਚਲੇ ਜਾਂਦੇ ਸਨ ਉਥੇ ਉਨ੍ਹਾਂ ਦੇ ਤਪੋਬਨ ਹੁੰਦੇ ਨੇ। ਤੇ ਮੈਨੂੰ ਲੱਗਦਾ ਮੈਂ ਰਿਸ਼ੀ

ਮੁਨੀਆਂ ਦੇ ਦੇਸ 'ਚ ਫਿਰ ਰਹੀ ਆਂ। ਤੇ ਹੁਣੇ ਕਿਸੇ ਰਿਸ਼ੀ ਮੁਨੀ ਦੇ ਦਿਸ ਪੈਣ ਦੀ ਆਸ ਮੈਨੂੰ ਲੱਗੀ ਰਹਿੰਦੀ।

ਕੁਦਰਤ ਦੀ ਅਨੰਤਤਾ ਵਿਚ ਆਪਣਾ ਤੁੱਛ ਆਪਾ ਮੈਨੂੰ ਭੁੱਲ ਜਾਂਦਾ। ਜੰਗਲੀ ਫੁੱਲ ਚੁਣਦੀ, ਤਰ੍ਹਾਂ ਤਰ੍ਹਾਂ ਦੀਆਂ ਪੰਛੀਆਂ ਦੀਆਂ ਆਵਾਜ਼ਾਂ ਸੁਣਦੀ, ਕਿਸੇ ਕੂਲ੍ਹ ਦੇ ਨਾਲ ਨਾਲ ਤੁਰਦੀ ਕਦੇ ਕਦੇ ਮੈਂ ਬਹੁਤ ਦੂਰ ਨਿਕਲ ਜਾਂਦੀ। ਬਹੁਤ ਸੁਖ ਸੀ ਸ਼ਾਂਤੀ ਸੀ ਤੇ ਸਕੂਨ ਸੀ ਇਸ ਥਾਂ।

ਇਸ ਵੇਲੇ ਕਈ ਮੋਹ ਭਿੱਜੀਆਂ ਨਜ਼ਰਾਂ ਮੇਰੀ ਵੱਲ ਉਲਰੀਆਂ ਪਰ ਮੈਂ ਨੀਵੀਂ ਪਾ ਕੇ ਕੋਲ ਦੀ ਲੰਘ ਜਾਂਦੀ ਤੇ ਬੇਚੈਨ ਹੋ ਕੇ ਸੋਚਦੀ ਮੈਂ ਕਿਵੇਂ ਇਨ੍ਹਾਂ ਨੂੰ ਦੱਸਾਂ ਕਿ ਮੈਂ 'ਮੈਂ' ਨਹੀਂ ਹਾਂ।

ਬੇਸੰਕੋਚ ਸਿਰਫ ਮੈਂ ਵਾਈਸ-ਪ੍ਰਿੰਸੀਪਲ ਨਾਲ ਗੱਲਾਂ ਕਰ ਸਕਦੀ, ਪਤਾ ਸੀ ਬਹੁਤ ਇੰਟੈਲੀਜੈਂਟ ਬੰਦਾ ਐ, ਬਹੁਤ ਸੁਹਣੀ ਜਰਮਨ ਵਹੁਟੀ ਐ, ਲਾਲਾਂ ਵਰਗੇ ਦੋ ਪੁੱਤਰ ਨੇ ਤੇ ਪੜ੍ਹਨ ਲਿਖਣ ਵਾਲਾ ਬੰਦਾ ਐ, ਇਹਨੂੰ ਕਿਸੇ ਕਿਸਮ ਦੀ ਭੁੱਖ ਨਹੀਂ। ਉਹਨੇ ਬੜੇ ਚਿਰ ਮਗਰੋਂ ਦੱਸਿਆ ਕਿ ਮੈਂ ਲਾਇਬਰੇਰੀ ਦਾ ਰਜਿਸਟਰ ਦੇਖ ਕੇ ਜਾਣ ਲਿਆ ਸੀ ਤੁਸੀਂ ਕਿਹੜੀਆਂ ਕਿਹੜੀਆਂ ਕਿਤਾਬਾਂ ਪੜ੍ਹਦੇ ਓ।

ਛੇ ਕੁ ਮਹੀਨੇ ਲੰਘ ਗਏ। ਇਕ ਦੋ ਵਾਰੀ ਮੈਂ ਪਟਿਆਲੇ ਹੋ ਗਈ। ਜਦੋਂ ਮੈਂ ਪਟਿਆਲੇ ਆਉਂਦੀ ਵਾਈਸ-ਪ੍ਰਿੰਸੀਪਲ ਕੁਝ ਚੀਜ਼ਾਂ ਲਿਆਉਣ ਲਈ ਆਖਦਾ ਤੇ ਜਿਸ ਦਿਨ ਮੈਂ ਵਾਪਸ ਪਹੁੰਚਦੀ ਉਹ ਬਸ ਅੱਡੇ ਤੇ ਉਡੀਕਦਾ ਤੇ ਦੱਸਦਾ ਇਨ੍ਹਾਂ ਚੀਜ਼ਾਂ ਦਾ ਮੈਨੂੰ ਬੜਾ ਇੰਤਜ਼ਾਰ ਸੀ। ਚੀਜ਼ਾਂ ਭਾਵੇਂ ਮਾਮੂਲੀ ਹੁੰਦੀਆਂ ਕਦੇ ਕਿਤਾਬਾਂ ਕਦੇ ਖ਼ੂਬਸੂਰਤ ਧੂਫ਼ ਕਦੇ ਮਿੱਠੀਆਂ ਸੁਪਾਰੀਆਂ ਤੇ ਕਦੇ ਵਹੁਟੀ ਲਈ ਸੈਂਟ।

ਉਥੇ ਪਟਿਆਲੇ ਦਾ ਵੀ ਇਕ ਪ੍ਰੋਫ਼ੈਸਰ ਸੀ। ਉਸ ਨੇ ਇਕ ਦਿਨ ਮੈਨੂੰ ਆਖਿਆ "ਕੋਈ ਕੰਮ ਹੋਵੇ ਮੈਨੂੰ ਦੱਸਿਆ ਕਰੋ ਉਸ ਸਾਲੇ ਮਦਰਾਸੀ ਨਾਲ ਕਾਹਦੇ ਲਈ ਗੱਲ ਕਰਦੇ ਹੁੰਦੇ ਓ" ਤੇ ਉਹ ਹਰਤੇ ਕਰਤੇ ਕੰਮ ਪੁੱਛਣ ਘਰ ਆ ਜਾਂਦਾ ਭਾਵੇਂ ਉਸ ਦੇ ਕਰਨ ਜੋਗਾ ਸਾਡੇ ਕੋਲ ਕੋਈ ਕੰਮ ਨਹੀਂ ਸੀ ਹੁੰਦਾ। ਮਿਸ ਗਿੱਲ ਛੇੜਦੀ "ਇਹਨੂੰ ਆਖ ਸਾਡੀ ਸਬਜ਼ੀ ਲਿਆ ਦਿਆ ਕਰੇ।" ਉਸੇ ਨੇ ਦੱਸਿਆ "ਦੋ ਮਹੀਨੇ ਹੋਗੇ ਵਾਈਸ ਪ੍ਰਿੰਸੀਪਲ ਦੀ ਵਹੁਟੀ ਆਪਣੇ ਦੇਸ਼ ਚਲੀ ਗਈ ਐ, ਹੁਣ ਸ਼ਾਇਦ ਹੀ ਆਵੇ। ਏਸ 'ਚ ਹੈ ਵੀ ਕੀ, ਅਸੀਂ ਤਾਂ ਹੈਰਾਨ ਸੀ ਏਸ ਨਾਲ ਆ ਕਿਵੇਂ ਗਈ" ਮੈਨੂੰ ਲੱਗਿਆ ਈਰਖਾ ਵਸ ਏਹ ਲੋਕ ਮਨ ਆਈਆਂ ਗੱਲਾਂ ਕਰੀ ਜਾਂਦੇ ਨੇ।

ਕੁਝ ਦਿਨ ਮਗਰੋਂ ਸਰਸਰੀ ਮੈਂ ਵਾਈਸ ਪ੍ਰਿੰਸੀਪਲ ਨੂੰ ਪੁੱਛਿਆ "ਤੁਹਾਡੀ ਵਹੁਟੀ ਕਦੋਂ ਆ ਰਹੀ ਐ ? ਬੱਚਿਆਂ ਦਾ ਕੀ ਹਾਲ ਐ ?"

"ਠੀਕ ਐ, ਠੀਕ ਐ" ਆਖਦਾ ਉਹ ਸਟਾਫ਼-ਰੂਮ ਵਿਚੋਂ ਬਾਹਰ ਚਲਿਆ ਗਿਆ।

ਅਗਲੇ ਦਿਨ ਫਿਰ ਜਦੋਂ ਮੈਂ ਧੁੱਪੇ ਕਾਲਜ ਦੇ ਲੱਾਨ ਵਿਚ ਬੈਠੀ ਕੁਝ ਪੜ੍ਹ ਰਹੀ ਸੀ ਉਹ ਮੇਰੇ ਕੋਲ ਆ ਕੇ ਬੈਠ ਗਿਆ।

"ਕਈ ਲੜਕਿਆਂ ਨੇ ਏਨੀ ਠੰਡ ਵਿਚ ਵੀ ਇਕ ਇਕ ਕਮੀਜ਼ ਹੀ ਪਾਇਆ

ਹੁੰਦੇ। ਇਕ ਦੋ ਨੂੰ ਮੈਂ ਝਿੜਕਿਆ ਕਿ ਠੰਡ ਲੱਗ ਜਾਏਗੀ ਤਾਂ ਉਨ੍ਹਾਂ ਦੱਸਿਆ ਮੈਡਮ ਸੁਆਟਰ ਹੈ ਨਹੀਂ। ਚੰਦਾ ਕੱਠਾ ਕਰਕੇ ਕੁਝ ਕਰੀਏ?" ਮੈਂ ਪੁੱਛਿਆ।

"ਕਰ ਲੋ" ਉਹ ਮੇਰੇ ਵੱਲ ਧਿਆਨ ਨਾਲ ਦੇਖਦਾ ਬੋਲਿਆ।

ਪ੍ਰਿੰਸੀਪਲ ਤੋਂ ਪੁਛ ਕੇ ਹਰ ਪ੍ਰੋਫੈਸਰ ਕੋਲੋਂ ਮੈਂ ਆਪ ਚੰਦਾ ਮੰਗਣ ਗਈ। ਦਸ ਦਸ ਰੁਪਏ ਮੈਂ ਮੰਗੇ, ਸਭ ਨੇ ਦੇ ਦਿੱਤੇ ਤੇ ਵਾਈਸ-ਪ੍ਰਿੰਸੀਪਲ ਨੇ ਪੰਜਾਹ ਦਿੱਤੇ। ਮੈਂ ਬਹੁਤ ਖ਼ੁਸ਼ ਹੋ ਗਈ। ਬਾਜ਼ਾਰ ਵਿਚ ਜਾ ਕੇ ਇਕ ਦੁਕਾਨਦਾਰ ਤੋਂ, ਜਿਸ ਭਾਅ ਉਸ ਨੂੰ ਆਈ ਸੀ ਉਸੇ ਭਾਅ ਇਕੱਠੀ ਉੱਨ ਖ਼ਰੀਦ ਲਈ।

ਸਾਰੇ ਕਾਲਜ ਦੀਆਂ ਕੁੜੀਆਂ ਦੀ ਇਕ ਗਰਲਜ਼ ਮੀਟਿੰਗ ਕੀਤੀ ਤੇ ਆਖਿਆ "ਸੁਆਟਰ ਬੁਣਨ ਦਾ ਕੰਪੀਟੀਸ਼ਨ ਐ ਜਿਹੜੀ ਲੜਕੀ ਸਭ ਤੋਂ ਪਹਿਲਾਂ ਤੇ ਸਭ ਤੋਂ ਚੰਗਾ ਸਵੈਟਰ ਬੁਣ ਕੇ ਲਿਆਵੇਗੀ, ਉਸ ਨੂੰ ਇਨਾਮ ਦਿੱਤਾ ਜਾਵੇਗਾ ਤੇ ਉਸ ਦੀ ਤਸਵੀਰ ਕਾਲਜ ਮੈਗਜ਼ੀਨ ਵਿਚ ਛਪੇਗੀ।" ਸੁਆਟਰ ਦਾ ਸਾਈਜ਼ ਤੇ ਨਾਪ ਦੱਸ ਦਿੱਤਾ। ਚਾਈਂ ਚਾਈਂ ਕੁੜੀਆਂ ਉੱਨ ਘਰਾਂ ਨੂੰ ਲੈ ਗਈਆਂ। ਹਫ਼ਤੇ ਦੇ ਅੰਦਰ ਅੰਦਰ ਪ੍ਰਿੰਸੀਪਲ ਦੇ ਕਮਰੇ ਵਿਚ ਰੰਗ ਬਰੰਗੇ ਸੁਆਟਰਾਂ ਦਾ ਢੇਰ ਲੱਗ ਗਿਆ।

ਫੇਰ ਇਕ ਨੋਟਿਸ ਲਗਾਇਆ ਜਿਸ ਵੀ ਲੜਕੇ ਕੋਲ ਸਵੈਟਰ ਨਹੀਂ ਉਹ ਪ੍ਰਿੰਸੀਪਲ ਦੇ ਕਮਰੇ ਵਿਚ ਜਾਵੇ, ਪ੍ਰਿੰਸੀਪਲ ਤੋਂ ਸਵੈਟਰ ਲੈ ਕੇ ਉਥੇ ਹੀ ਬਾਥਰੂਮ ਵਿਚ ਜਾ ਕੇ ਕਮੀਜ਼ ਦੇ ਹੇਠ ਦੀ ਪਾ ਲਵੇ। ਭਾਵ ਸੀ ਹੋਰਨਾਂ ਸਾਹਮਣੇ ਉਸ ਨੂੰ ਦਾਨ ਦਾ ਸਵੈਟਰ ਪਾਉਣੋਂ ਸ਼ਰਮ ਨਾ ਲੱਗੇ।

ਪਰ ਲੜਕੇ ਪ੍ਰਿੰਸੀਪਲ ਦੇ ਕਮਰੇ ਵਿਚ ਗਏ। ਸਵੈਟਰ ਕਮੀਜ਼ ਦੇ ਉਪਰ ਦੀ ਪਾ ਪਾ ਬਾਹਰ ਆ ਗਏ। ਏਡੇ ਸੁਹਣੇ ਸਵੈਟਰ, ਸ਼ਰਮ ਦੀ ਭਲਾ ਕੀ ਗੱਲ ਸੀ।

ਇਕ ਬਲਜੀਤ ਲੜਕੀ ਸੀ ਜਿਸ ਦੀ ਇਕ ਬਾਂਹ ਕੱਟੀ ਹੋਈ ਸੀ। ਮੈਂ ਉਸ ਨੂੰ ਸਵੈਟਰ ਬੁਣਨ ਲਈ ਨਹੀਂ ਸੀ ਆਖਿਆ, ਪਰ ਉਹ ਆਪਣੇ ਪੱਲਿਓਂ ਉੱਨ ਖ਼ਰੀਦ ਕੇ ਸਵੈਟਰ ਬੁਣ ਲਿਆਈ ਸੀ। ਤੇ ਪਹਿਲਾ ਇਨਾਮ ਬਲਜੀਤ ਨੂੰ ਦਿੱਤਾ ਗਿਆ। ਉਹਦੀ ਫ਼ੋਟੋ ਵੀ ਛਪੀ ਤੇ ਬਾਕੀ ਦੋ ਇਨਾਮ ਪ੍ਰਿੰਸੀਪਲ ਨੇ ਆਪਣੇ ਕੋਲੋਂ ਦੇ ਦਿੱਤੇ ਤੇ ਦੋ ਵਾਈਸ-ਪ੍ਰਿੰਸੀਪਲ ਨੇ। ਇਉਂ ਪੰਜ ਲੜਕੀਆਂ ਨੂੰ ਇਨਾਮ ਮਿਲੇ।

ਇਸ ਤੋਂ ਪਿੱਛੋਂ ਮੁੰਡੇ ਕੁੜੀਆਂ ਨੂੰ ਸਾਡਾ ਘਰ ਜਿਵੇਂ ਆਪਣਾ ਘਰ ਲੱਗਣ ਲੱਗ ਪਿਆ ਸੀ ਤੇ ਮੈਨੂੰ ਵੀ ਭੁੱਲ ਗਿਆ ਸੀ ਕਿ ਦੂਰ ਕਿਧਰੇ ਕਿਸੇ ਸ਼ਹਿਰ ਵਿਚ ਮੇਰਾ ਘਰ ਐ, ਉਥੇ ਮੇਰੇ ਬੇਜੀ ਨੇ, ਬੀਬੀ ਐ, ਉਥੇ ਫੁੱਫੜ ਜੀ ਸਨ, ਬਾਪੂ ਜੀ ਸਨ ਤੇ ਮੈਂ ਵੀ ਸੀ। ਹੁਣ ਤਾਂ ਲਗਦਾ ਸੀ ਹਮੇਸ਼ਾ ਤੋਂ ਮੈਂ ਇੱਥੇ ਹੀ ਸੀ, ਗਰੀਬ ਪਹਾੜੀਆਂ ਦੇ ਨਿੱਕੇ ਜਿਹੇ ਸ਼ਹਿਰ ਵਿਚ, ਹਿਮਾਲਾ ਪਰਬਤ ਦੇ ਪੈਰਾਂ ਵਿਚ। ਆਪਣੇ ਘਰ ਤੋਂ ਹੀ ਨਹੀਂ ਆਪਣੇ ਆਪ ਤੋਂ ਵੀ ਮੈਂ ਬਹੁਤ ਦੂਰ ਲੰਘ ਆਈ ਸੀ। ਹੁਣ ਮੈਂ ਉੱਚੀ ਉੱਚੀ ਹੱਸ ਸਕਦੀ ਸੀ। ਲੋਕਾਂ ਨੂੰ ਮਜ਼ਾਕ ਕਰ ਸਕਦੀ ਸੀ। ਵਾਲਾਂ ਵਿਚ ਫੁੱਲ ਲਾ ਲੈਂਦੀ ਸੀ, ਸੁਹਣੇ ਸੁਹਣੇ ਕੱਪੜੇ ਪਾਉਂਦੀ ਸੀ।

ਸਾਲ ਅਜੇ ਮੁੱਕਿਆ ਨਹੀਂ ਸੀ। ਬਦਲਵਾਈ ਦਾ ਦਿਨ ਸੀ। ਮੈਂ ਆਥਣੇ ਗੇਮਜ਼ ਲਈ ਕਾਲਜ ਗਈ। ਗਰਾਊਂਡ ਦੇ ਪਰਲੇ ਪਾਸੇ ਲੌਨ ਵਿਚ ਵਾਈਸ-ਪ੍ਰਿੰਸੀਪਲ ਬੈਠਾ ਸੀ।

ਮੈਂ ਤੁਹਾਡੇ ਨਾਲ ਇਕ ਗੱਲ ਕਰਨੀ ਐ" ਉਸ ਨੇ ਉੱਠ ਕੇ ਮੇਰੀ ਵੱਲ ਆਉਂਦੇ ਨੇ ਕਿਹਾ।

ਮੈਂ ਉਥੇ ਹੀ ਜਾ ਕੇ ਲੱਾਨ ਵਿਚ ਉਹਦੇ ਕੋਲ ਦੂਜੀ ਕੁਰਸੀ ਤੇ ਬੈਠ ਗਈ।

"ਮੈਂ ਤੁਹਾਨੂੰ ਦੱਸਿਆ ਨਹੀਂ ਸੀ ਮੇਰੀ ਵਾਈਫ਼ ਨੇ ਲਿਖ ਭੇਜਿਐ ਕਿ ਉਹ ਹੁਣ ਵਾਪਸ ਨਹੀਂ ਆਵੇਗੀ। ਇੱਥੇ ਰਹਿੰਦੀ ਨੇ ਉਸ ਨੇ ਕਦੇ ਨਹੀਂ ਸੀ ਦੱਸਿਆ ਕਿ ਉਹ ਕਿਸੇ ਗੱਲੋਂ ਔਖੀਐ ਤੇ ਜਾਣ ਵੇਲੇ ਵੀ ਉਹ ਆਪਣੇ ਬਾਪ ਦੇ ਸੱਤਰਵੇਂ ਜਨਮ ਦਿਨ ਦਾ ਬਹਾਨਾ ਕਰਕੇ ਗਈਐ। ਉਸ ਦੇ ਬਾਪ ਨੇ ਰਿਟਰਨ ਟਿਕਟ ਭੇਜੇ ਸੀ। ਬੜਾ ਅਮੀਰ ਆਦਮੀ ਐ ਉਸ ਦਾ ਬਾਪ, ਕਿਸੇ ਵੇਲੇ ਗਵਰਨਰ ਸੀ ਉੱਥੇ। ਪਰ ਉਸ ਦੇ ਜਾਣ ਤੋਂ ਮਗਰੋਂ ਮੈਂ ਦੇਖਿਆ ਧੋਬੀ ਵਾਲੀ ਕਾਪੀ ਵਿਚ ਵੀ ਉਸ ਨੇ ਜਰਮਨ ਭਾਸ਼ਾ ਵਿਚ ਕਵਿਤਾਵਾਂ ਲਿਖੀਆਂ ਹੋਈਆਂ ਸਨ, ਬਹੁਤ ਉਦਾਸ ਕਵਿਤਾਵਾਂ। ਹੁਣ ਮੈਂ ਜੇ ਝਗੜਾ ਵੀ ਕਰਾਂ ਤਾਂ ਸਿਰਫ਼ ਆਪਣੇ ਬੱਚੇ ਵਾਪਸ ਲੈ ਸਕਦਾਂ। ਪਰ ਬੱਚਿਆਂ ਬਾਰੇ ਮੈਂ ਸੋਚਦਾਂ ਉਹ ਬੇਹਤਰ ਖਿਆਲ ਰੱਖ ਸਕਦੀਐ। ਪਰ ਭਾਵੇਂ ਕਿਤੇ ਵੀ ਰਹਿਣ ਉਹ ਬੱਚੇ ਤਾਂ ਮੇਰੇ ਹੀ ਰਹਿਣਗੇ। "ਮੀਂਹ ਦੀਆਂ ਬੂੰਦਾਂ ਕਦੋਂ ਬੱਦਲਾਂ ਨੂੰ ਆਖ ਸਕਦੀਆਂ ਹੁੰਦੀਆਂ ਨੇ ਕਿ ਅਸੀਂ ਤੁਹਾਨੂੰ ਨਹੀਂ ਜਾਣਦੀਆਂ?" ਉਸ ਨੇ ਕਵਿਤਾ ਦੀਆਂ ਇਹ ਲਾਈਨਾਂ ਸੁਣਾ ਕੇ ਗੱਲ ਮੁਕਾਈ।

ਮੈਂ ਹੈਰਾਨ ਉਸ ਵੱਲ ਝਾਕ ਰਹੀ ਸੀ ਕਿ ਇਸ ਸਾਰੀ ਗੱਲ ਦਾ ਮੇਰੇ ਨਾਲ ਕੀ ਤੁਅੱਲਕ।

ਆਪਣੇ ਆਪ ਉਸ ਨੇ ਗੱਲ ਅੱਗੇ ਤੋਰੀ ਤੇ ਆਖਣ ਲੱਗਿਆ "ਬਾਹਰਲੇ ਮੁਲਕਾਂ ਦੀਆਂ ਇਨ੍ਹਾਂ ਔਰਤਾਂ ਦਾ ਕੋਈ ਇਤਬਾਰ ਨਹੀਂ ਹੁੰਦਾ, ਮੈਂ ਚਾਹੁੰਨਾਂ ਹੁਣ ਮੈਂ ਸ਼ਾਦੀ ਕਿਸੇ ਪੰਜਾਬੀ ਲੜਕੀ ਨਾਲ ਕਰਾਂ। ਪੰਜਾਬੀ ਲੜਕੀਆਂ, ਮੈਂ ਦੇਖਿਐ, ਇੰਟੈਲੀਜੈਂਟ ਵੀ ਹੁੰਦੀਆਂ ਨੇ ਤੇ ਚੰਗੀਆਂ ਵੀ।"

ਮੈਂ ਫੇਰ ਕੋਈ ਉੱਤਰ ਨਾ ਦਿੱਤਾ।

"ਅਸਲ 'ਚ ਮੈਂ ਤੁਹਾਡੇ ਨਾਲ ਸ਼ਾਦੀ ਕਰਨੀ ਚਾਹੁੰਨਾਂ।"

"ਇਕਦਮ ਜਿਵੇਂ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਮੈਂ ਘਬਰਾ ਜਿਹੀ ਗਈ।

"ਤੁਸੀਂ ਇਹ ਆਖਣ ਦਾ ਹੌਸਲਾ ਕਿਵੇਂ ਕਰ ਲਿਆ?" ਮੈਂ ਜ਼ਰਾ ਤਲਖ਼ ਹੋ ਕੇ ਆਖਿਆ।

"ਮੈਂ ਸੋਚਿਆ ਨਾਰਾਜ਼ ਹੋ ਕੇ ਵੱਧ ਤੋਂ ਵੱਧ ਮੇਰੇ ਇਕ ਥੱਪੜ ਹੀ ਮਾਰ ਦਿਓਗੇ....ਪਰ ਮੈਂ ਸੱਚ ਆਖਦਾਂ ਮੈਂ ਤੁਹਾਡੇ ਲਈ ਕੁਝ ਵੀ ਕਰਨ ਨੂੰ ਤਿਆਰ ਹਾਂ ਤੇ...."

ਮੈਂ ਅੱਧ ਵਿਚਕਾਰੋਂ ਹੀ ਉੱਠ ਖੜ੍ਹੀ ਹੋਈ। ਆ ਕੇ ਬੈਡਮਿੰਟਨ ਖੇਡਦੀਆਂ ਕੁੜੀਆਂ ਕੋਲ ਖੜ੍ਹੀ ਹੋ ਗਈ। ਗੇਮ ਖ਼ਤਮ ਹੋਣ ਤੇ ਉਨ੍ਹਾਂ ਦੇ ਨਾਲ ਹੀ ਘਰ ਨੂੰ ਆਈ। ਮੁੜਕੇ ਲੱਾਨ ਵਲ ਮੈਂ ਝਾਕੀ ਹੀ ਨਹੀਂ ਕਿ ਵਾਈਸ-ਪ੍ਰਿੰਸੀਪਲ ਉਥੇ ਹੈ ਜਾਂ ਨਹੀਂ।

ਡੂੰਘੇ ਆਥਣੇ ਪਟਿਆਲੇ ਵਾਲਾ ਉਹੀ ਪ੍ਰੋਫੈਸਰ ਘਰ ਆਇਆ। ਮਿਸ ਗਿੱਲ ਗਵਾਂਢੀਆਂ ਦੇ ਗਈ ਹੋਈ ਸੀ। ਮੈਂ ਪਤਾ ਨਹੀਂ ਕਿਉਂ ਬੜੀ ਖਿੱਝੀ ਬੈਠੀ ਸੀ।

"ਕੋਈ ਕੰਮ ਐ?" ਮੈਂ ਉਸ ਨੂੰ ਖੜ੍ਹੇ ਨੂੰ ਹੀ ਪੁੱਛਿਆ।

"ਹਾਂ" ਆਖ ਕੇ ਉਹ ਆਪ ਹੀ ਕੁਰਸੀ ਤੇ ਬੈਠ ਗਿਆ।

"ਦੱਸੋ" ਮੈਂ ਖਿੱਝੀ ਖਿਝਾਈ ਨੇ ਕਿਹਾ।

"ਸ਼ਾਮ ਨੂੰ ਲਾੱਨ ਵਿਚ ਉਹ ਮਨਮਾਹਣੂ ਜਿਹਾ ਜਦੋਂ ਤੁਹਾਡੇ ਨਾਲ ਗੱਲਾਂ ਕਰ ਰਿਹਾ ਸੀ ਮੈਂ ਹੈਜ ਦੇ ਮਗਰ ਅਖ਼ਬਾਰ ਪੜ੍ਹ ਰਿਹਾ ਸੀ।"

"ਫੇਰ ?" ਮੈਂ ਇਸ ਗੱਲ ਤੇ ਖਿੱਝ ਕੇ ਕਿਹਾ ਕਿ ਉਹ ਮੇਰੀ ਜਾਸੂਸੀ ਕਰਦਾ ਰਹਿੰਦਾ ਸੀ।

"ਮੈਂ ਇਹ ਆਖਦਾਂ ਉਸ ਵਿਚ ਹੈਈ ਕੀ ਨਾ ਅਕਲ, ਨਾ ਸ਼ਕਲ, ਨਾ ਤੁਹਾਡੀ ਜ਼ਾਤ ਦਾ...."

"ਮਤਲਬ ?" ਮੈਂ ਗੱਲ ਟੋਕ ਕੇ ਕਿਹਾ।

"ਮਤਲਬ ਜੇ ਤੁਸੀਂ ਸ਼ਾਦੀ ਕਰਨੀਐ ਤਾਂ ਮੈਂ ਕਰਨ ਨੂੰ ਤਿਆਰ ਹਾਂ। ਮੈਂ ਬਾਹਰਲੇ ਮੁਲਕ ਸਕਾਲਰਸ਼ਿਪ ਲਈ ਅਪਲਾਈ ਕੀਤਾ ਹੋਇਐ ਤੇ ਮਿਲ ਵੀ ਜਾਣੈ, ਆਪਾਂ......"

"ਰੱਬ ਦੇ ਵਾਸਤੇ ਤੁਸੀਂ ਜਾਓ, ਮੈਨੂੰ ਪ੍ਰੇਸ਼ਾਨ ਨਾ ਕਰੋ।" ਮੈਂ ਬਹੁਤ ਔਖੀ ਹੋ ਕੇ ਆਖਿਆ।

ਉਸੇ ਦਿਨ ਮੈਂ ਘਰ ਰਘਬੀਰ ਭਰਾ ਜੀ ਨੂੰ ਚਿੱਠੀ ਲਿਖੀ, "ਭਰਾ ਜੀ ਮੇਰੀ ਇਥੋਂ ਛੇਤੀ ਬਦਲੀ ਕਰਵਾ ਦਿਓ ਭਾਵੇਂ ਕਿਵੇਂ ਵੀ ਕਰਵਾਓ।"

## 25

ਧਰਮਸਾਲਾ ਤੋਂ ਪਹਿਲੇ ਨਾਭੇ ਤੇ ਫੇਰ ਮੇਰੀ ਬਦਲੀ ਪਟਿਆਲੇ ਦੀ ਹੋ ਗਈ। ਉਹੀ ਪੁਰਾਣਾ ਮਹਿੰਦਰਾ ਕਾਲਜ। ਉਹੀ ਪੁਰਾਣੇ ਪ੍ਰੋਫੈਸਰ ਤੇ ਉਹੀ ਪੰਜਾਬੀ ਵਿਭਾਗ ਦੇ ਹੈਡ ਪ੍ਰੋਫੈਸਰ ਪ੍ਰੀਤਮ ਸਿੰਘ।

ਮੇਰੇ ਜਿੱਡੇ ਜਿੱਡੇ ਹੀ ਹਰਬੰਸ ਬਰਾੜ, ਗੁਰਬਖਸ਼ ਸੋਚ, ਨਵਤੇਜ ਭਾਰਤੀ ਵਰਗੇ ਸਿਆਣੇ ਐਮ. ਏ. ਦੇ ਵਿਦਿਆਰਥੀ। ਬੜੀਆਂ ਚੰਗੀਆਂ ਸੁਰਿੰਦਰ, ਸ਼ਰਨਜੀਤ ਤੇ ਸੁਰਜੀਤ ਬੈਂਸ ਵਰਗੀਆਂ ਕੁੜੀਆਂ।

ਪੜ੍ਹਦੇ ਪੜ੍ਹਾਂਦੇ ਵੀ ਰਹਿਣਾ, ਗੱਪਾਂ ਵੀ ਮਾਰਨੀਆਂ, ਇਕ ਦੂਜੇ ਨੂੰ ਮਜ਼ਾਕ ਵੀ ਕਰਨੇ ਤੇ ਚਾਹਾਂ ਵੀ ਪੀਂਦੇ ਰਹਿਣਾ।

ਹਰਬੰਸ ਬਰਾੜ ਨੇ ਇਕ ਵਾਰੀ ਜਮਾਤ ਵਿਚ ਪੜ੍ਹਾਂਦੀ ਨੂੰ ਮੈਨੂੰ ਆਖਿਆ "ਪੜ੍ਹਾਉਂਦੇ ਪੜ੍ਹਾਉਂਦੇ ਤੁਸੀਂ ਮੇਰੀ ਵੱਲ ਕਿਉਂ ਝਾਕਦੇ ਰਹਿੰਦੇ ਓ ?" ਤੇ ਮੈਂ ਘਬਰਾ ਗਈ ਸੀ। ਮੈਨੂੰ ਘਬਰਾਉਣ ਲਈ ਹੀ ਤਾਂ ਉਸ ਨੇ ਆਖਿਆ ਸੀ।

ਫੇਰ ਸਾਰਿਆਂ ਨੇ ਸਭ ਦੇ ਸਾਹਮਣੇ ਮੈਡਮ "ਪੈਰੀਂ ਪੈਨਾਂ ਮੱਥਾ ਟੇਕਦਾਂ" ਆਖਣਾ ਸ਼ੁਰੂ ਕਰ ਦਿੱਤਾ। ਦੋ ਕੁ ਦਿਨ ਘਬਰਾ ਕੇ ਸ਼ਰਮਾ ਕੇ ਮੈਂ ਵੀ ਹਰੇਕ ਨੂੰ ਆਖਣਾ ਸ਼ੁਰੂ ਕਰ ਦਿੱਤਾ "ਜੀਉਂਦਾ ਰਹਿ।"

"ਮੈਡਮ ਨਹੀਂ ਇਹ ਤਾਂ ਸਾਡੀ ਦੀਦੀ ਐ" ਉਹਨਾਂ ਆਪੇ ਹੀ ਫੈਸਲਾ ਕੀਤਾ ਤੇ ਆਪੇ ਲਾਗੂ ਕਰ ਲਿਆ।

ਮੈਂ ਵੀ ਉਹਨਾਂ ਨੂੰ ਸੱਚੀਂ ਮੁੱਚੀਂ ਦੇ ਭੂਤ ਆਖਣਾ ਸ਼ੁਰੂ ਕਰ ਦਿੱਤਾ ਤੇ ਫੇਰ ਇਕ ਵਾਰ ਸੱਚੀਂ ਮੁਚੀਂ ਦੇ ਭੂਤਾਂ ਬਾਰੇ ਸੱਚੋ ਸੱਚ ਲਿਖ ਕੇ ਇਕ ਰਿਸਾਲੇ ਨੂੰ ਭੇਜ ਦਿੱਤਾ। ਲਿਖਿਆ ਸੀ—

ਸਿਆਲ ਦੀ ਹਨੇਰੀ ਰਾਤ ਸੀ।

ਠੱਕਾ ਵੱਜ ਰਿਹਾ ਸੀ।

ਬਾਰ ਖੜਕਿਆ।

ਮੈਂ ਉਠ ਕੇ ਖੋਲ੍ਹਿਆ, ਬਾਹਰ ਇਕ ਭੂਤ ਖੜ੍ਹਾ ਸੀ।

"ਮੱਥਾ ਟੇਕਦਾਂ ਦੀਦੀ, ਕੱਲਾ ਹੀ ਹਾਂ" ਆਖ ਭੂਤ ਅੰਦਰ ਲੰਘ ਆਇਆ।

"ਮੈਂ ਵੀ ਇਕੱਲਾ ਹੀ ਆਇਆ ਹਾਂ" ਦੂਜੇ ਭੂਤ ਨੇ ਅੰਦਰ ਵੜਦਿਆਂ ਕਿਹਾ।

"ਮੈਂ ਵੀ ਕੱਲਾ ਹੀ ਹਾਂ" ਮਗਰ ਆ ਰਿਹਾ ਤੀਜਾ ਭੂਤ ਬੋਲਿਆ।

"ਅਸੀਂ ਸਾਰੇ ਕੱਲੇ ਹੀ ਆਏ ਹਾਂ", ਚੌਥੇ ਭੂਤ ਨੇ ਮਗਰ ਆ ਰਹੇ ਦੋ ਤਿੰਨ ਭੂਤਾਂ ਵੱਲ ਹੱਥ ਕਰਕੇ ਆਖਿਆ।

"ਅਸੀਂ ਸੋਚਿਆ ਤੁਸੀਂ ਕੱਲੇ ਬੈਠੇ ਹੋਵੋਗੇ, ਚਲਦੇ ਆਂ।" ਕਮਰੇ ਵਿਚ ਬੈਠੇ ਭੂਤਾਂ ਵਿਚੋਂ ਇਕ ਬੋਲਿਆ।

"ਘਰ ਦੇ ਕਿਤੇ ਗਏ ਹੋਏ ਨੇ ?" ਇਕ ਤਾਜ਼ੇ ਤਾਜ਼ੇ ਬਣੇ ਭੂਤ ਨੇ ਗਲਤੀ ਨਾਲ ਪੁੱਛਿਆ।

"ਨਹੀਂ ਇੱਥੇ ਹੀ ਹਨ ਸਭ" ਮੈਂ ਕਿਹਾ ਤੇ ਚਾਹ ਦਾ ਪਾਣੀ ਧਰਵਾ ਦਿੱਤਾ।

"ਕੁਸ਼ ਖਾਣ ਨੂੰ ਵੀ ਚਾਹੀਦੈ ਭੂਤ ਭੁੱਖੇ ਨੇ।" ਵੱਡੇ ਭੂਤ ਨੇ ਦੱਸਿਆ।

"ਤੁਹਾਨੂੰ ਕਿਹਾ ਸੀ ਨਵਾਂ ਰਿਕਾਰਡ ਪਲੇਅਰ ਲੈ ਲਓ, ਮਿਊਜ਼ਕ ਸੁਣਨ ਲਈ ਲੋਕਾਂ ਦੇ ਜਾਣਾ ਪੈਂਦਾ ਹੈ।" ਇਕ ਹੋਰ ਬੋਲਿਆ।

"ਪਹਿਲੀ ਨੂੰ ਖ਼ਰੀਦ ਲਵਾਂਗੇ" ਮੈਂ ਦੱਸਿਆ।

ਰੋਟੀ ਖਾਂਦਾ ਖਾਂਦਾ ਇਕ ਭੂਤ ਆਪਣੇ ਝੱਗੇ ਨਾਲ ਹੱਥ ਪੂੰਝ ਕੇ ਅਲਮਾਰੀ ਵਿਚਲੀਆਂ ਕਿਤਾਬਾਂ ਠੀਕ ਕਰਨ ਲੱਗ ਪਿਆ।

"ਤੁਸੀਂ ਰਾਜਾ ਰਾਓ ਦਾ ਨਾਵਲ ਖ਼ਤਮ ਕਰ ਲਿਆ ?"

"ਅਜੇ ਨਹੀਂ।"

"ਖ਼ਤਮ ਕਰੋ ਫਿਰ ਡਿਸਕਸ ਕਰੀਏ, ਬੜਾ ਚਿਰ ਲਾ ਦਿੰਦੇ ਹੋ।"

"ਅਸਲ ਵਿਚ ਇਹ ਅੱਖਰਾਂ ਵਿਚੀਂ ਨਹੀਂ ਅੱਖਰਾਂ ਨੂੰ ਆਪਣੇ ਵਿਚੀਂ ਲੰਘਾਉਂਦੇ ਨੇ ਇਸ ਲਈ ਬਹੁਤਾ ਚਿਰ ਲੱਗ ਜਾਂਦਾ ਏ।" ਮੇਰੀ ਥਾਂ ਮਹਾਂਭੂਤ ਨੇ ਜਵਾਬ ਦਿੱਤਾ।

"ਮੈਨੂੰ ਤਾਂ ਕਈ ਵਾਰੀ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਬੜੀ ਕੁਵੇਲੇ ਜਾਗੀ ਹਾਂ। ਗੋਡੇ ਗੋਡੇ ਧੁੱਪਾਂ ਚੜ੍ਹ ਆਈਆਂ ਨੇ। ਕੰਮ ਬਹੁਤ ਪਿਆ ਏ ਤੇ ਵਕਤ ਬਹੁਤ ਥੋੜ੍ਹਾ ਏ।" ਮੈਂ ਬਾਰੀ ਤੋਂ ਪਾਰ ਹਨੇਰੇ ਵਿਚ ਦੂਰ ਤੱਕ ਦੇਖਦਿਆਂ ਕਿਹਾ।

"ਏਨਾ ਥੋੜ੍ਹਾ ਏ ਕਿ ਤੁਸੀਂ ਜਾਗ ਪਏ ਓ। ਉਹਨਾਂ ਦਾ ਕੀ ਹਾਲ ਜਿਹੜੇ ਅਜੇ ਸੁੱਤੇ ਈ ਹੋਏ ਨੇ ?" ਇਕ ਭੂਤ ਨੇ ਬਾਰੀ ਵਿਚ ਅਸਮਾਨ ਉਤੇ ਬੱਦਲਾਂ ਵਿਚੀਂ ਦਿਸ ਰਹੇ ਕਿਸੇ ਕਿਸੇ ਤਾਰੇ ਵੱਲ ਹੱਥ ਕਰਕੇ ਕਿਹਾ।

"ਤੇਰੀ ਕਵਿਤਾ ਦਾ ਕੀ ਹਾਲ ਏ ?" ਮੈਂ ਉਸ ਨੂੰ ਪੁੱਛਿਆ।

"ਛੱਡ ਦਿੱਤੀ ਏ ਲਿਖਣੀ।"

"ਇਹ ਗੱਲ ਮਾੜੀ ਹੈ।"

"ਮਾੜੀਆਂ ਗੱਲਾਂ ਵੀ ਤੁਹਾਡੇ ਕੋਲੋਂ ਹੀ ਸਿੱਖੀਆਂ ਹਨ।" ਉਹ ਆਖ ਰਿਹਾ ਸੀ। ਉਹ ਸਾਰੇ ਭੂਤਵਾੜੇ ਦੇ ਮੈਂਬਰ ਹਨ।

ਹਰ ਕੋਈ ਭੂਤਵਾੜੇ ਦਾ ਮੈਂਬਰ ਨਹੀਂ ਹੋ ਸਕਦਾ ਭਾਵੇਂ ਮੈਂਬਰ ਹੋਣ ਦਾ ਚੰਦਾ ਕੋਈ ਨਹੀਂ।

ਭੂਤਵਾੜਾ ਕਿਸੇ ਸੰਸਥਾ, ਕਿਸੇ ਵਾਦ ਜਾ ਕਿਸੇ ਥਾਂ ਦਾ ਨਾਂ ਨਹੀਂ ਇਹ ਤਾਂ ਇਕ ਟੱਬਰਦਾਰੀ ਹੈ। ਇਸ ਟੱਬਰ ਦੇ ਸਾਰੇ ਜੀਆਂ ਨੂੰ ਭੂਤ ਆਖਿਆ ਜਾਂਦਾ ਹੈ।

ਮੈਂ ਕਦੇ ਕਦੇ ਇਹਨਾਂ ਨੂੰ ਬੇਘਰੇ ਤੇ ਹੋਰ ਇਕਾਂਗੀ ਆਖਦੀ ਹੁੰਦੀ ਹਾਂ। ਇਸ ਦਾ ਇਹ ਮਤਲਬ ਨਹੀਂ ਕਿ ਇਹਨਾਂ ਦਾ ਘਰ ਕੋਈ ਨਹੀਂ ਸਗੋਂ ਸਾਰਾ ਸੰਸਾਰ ਇਹਨਾਂ ਦਾ ਘਰ ਹੈ, ਮੇਰ ਤੇਰ ਦੇ ਛੋਟੇ ਝਗੜਿਆਂ ਵਿਚ ਇਹ ਭੂਤ ਨਹੀਂ ਪੈਂਦੇ।

ਅੱਜ ਕੱਲ੍ਹ, ਭੂਤਵਾੜੇ ਦੇ ਮੈਂਬਰ ਤੁਹਾਨੂੰ ਚੰਡੀਗੜ੍ਹ, ਅੰਬਾਲਾ, ਫਰੀਦਕੋਟ, ਦਿੱਲੀ ਬਠਿੰਡਾ, ਗੜ੍ਹਦੀਵਾਲ, ਕੈਨੇਡਾ, ਇੰਗਲੈਂਡ ਤੇ ਅਮਰੀਕਾ ਵਿਚ ਵੀ ਮਿਲ ਜਾਣਗੇ, ਪਰ ਪੱਕਾ ਅੱਡਾ ਇਹਨਾਂ ਦਾ ਪਟਿਆਲੇ ਹੀ ਹੈ।

ਖੁੱਲ੍ਹਾ ਜਿਹਾ ਕੋਈ ਘਰ ਇਹ ਭੂਤ ਕਿਰਾਏ ਉਤੇ ਲੈ ਲੈਂਦੇ ਹਨ ਭਾਵੇਂ ਉਹ ਘਰ ਇਕ ਕਮਰੇ ਦਾ ਹੀ ਹੋਵੇ। ਜਿਹੜਾ ਭੂਤ ਕਿਸੇ ਕੰਮ ਉਤੇ ਹੈ, ਕਿਰਾਇਆ ਉਸ ਭੂਤ ਨੇ ਦੇਣਾ ਹੁੰਦਾ ਹੈ। ਜੇ ਕਿਰਾਇਆ ਕੁਝ ਚਿਰ ਨਾ ਦਿੱਤਾ ਜਾ ਸਕੇ ਤਾਂ ਬੜੀ ਖੁਸ਼ੀ ਨਾਲ ਕਿਰਾਏ ਵਿਚ ਸਾਰਾ ਸਾਮਾਨ ਦੇ ਕੇ ਕਿਸੇ ਹੋਰ ਘਰ ਵਿਚ ਆ ਜਾਂਦੇ ਹਨ। ਉਂਜ ਵੀ ਜਾਣ ਪਹਿਚਾਣ ਵਾਲਿਆਂ ਨਾਲ ਸਾਰੇ ਰਿਸ਼ਤੇ ਨਾਤੇ ਤੋੜ ਕੇ ਥੋੜ੍ਹੇ ਹੀ ਜਾਈਦਾ ਏ। ਹਿਸਾਬ ਕਿਤਾਬ ਚਲਦਾ ਹੀ ਰਹਿਣਾ ਚਾਹੀਦਾ ਹੈ।

ਫਿਰ ਇਹਨਾਂ ਦਿਨਾਂ ਵਿਚ ਸਮਾਜਵਾਦ ਨੂੰ ਬੜੀ ਤੀਬਰਤਾ ਨਾਲ ਉਡੀਕਿਆ ਜਾਂਦਾ ਹੈ।

ਕਿਸੇ ਨਾ ਕਿਸੇ ਭੂਤ ਦੇ ਪਿੰਡ ਤੋਂ ਦਾਣਿਆਂ ਦੀ ਬੋਰੀ ਆ ਜਾਂਦੀ ਹੈ। ਭੂਤ ਆਟਾ ਪਿਹਾ ਲਿਆਉਂਦੇ ਹਨ ਤੇ ਵਾਰੀ ਵਾਰੀ ਰੋਟੀਆਂ ਪਕਾਉਂਦੇ ਹਨ। ਕਈ ਵਾਰੀ ਪਕਾਉਣ ਵਾਲੇ ਨੂੰ ਬਚਦੀ ਹੀ ਨਹੀਂ ਉਹ ਫੇਰ ਕਿਸੇ ਵਾਕਫ਼ ਦੇ ਘਰ ਚਲਾ ਜਾਂਦਾ ਹੈ। ਰੋਟੀ ਮਿਲ ਗਈ ਤਾਂ ਠੀਕ ਹੈ ਨਹੀਂ ਤਾਂ ਆ ਕੇ ਕਵਿਤਾ ਲਿਖਣ ਲੱਗ ਜਾਂਦਾ ਹੈ।

ਜੇ ਦੂਸਰੇ ਮਹਿਸੂਸ ਕਰਨ ਕਿ ਇਸ ਨੂੰ ਰੋਟੀ ਨਹੀਂ ਮਿਲੀ ਤਾਂ ਉਹ ਬੜੇ ਹੀ ਖ਼ੂਬਸੂਰਤ ਤਰੀਕੇ ਨਾਲ ਦਸਦਾ ਹੈ, "ਅਸੀਂ ਅੰਨ ਦੇ ਕੀੜੇ ਨਹੀਂ। ਅਸੀਂ ਜੱਗ ਉਤੇ ਰੋਟੀਆਂ ਖਾਣ ਨਹੀਂ ਆਏ। ਕਦੇ ਕਦੇ ਵਰਤ ਰੱਖਣਾ, ਡਾਕਟਰਾਂ ਅਨੁਸਾਰ ਸਿਹਤ ਲਈ ਚੰਗਾ ਹੁੰਦਾ ਏ।"

ਸਤਯਜੀਤ ਰੇ ਦੀ ਫਿਲਮ ਦੇਖਣ ਲਈ ਭੂਤ ਸਾਈਕਲਾਂ ਉਤੇ ਹੀ ਪਟਿਆਲੇ ਤੋਂ ਅੰਬਾਲੇ ਨੂੰ ਤੁਰ ਪੈਂਦੇ ਹਨ। ਉਥੇ ਰਹਿੰਦਾ ਕੋਈ ਭੂਤ ਮੂਹਰਲੀਆਂ ਕਤਾਰਾਂ ਵਿਚ ਸੀਟਾਂ ਰਖਵਾ ਛੱਡਦਾ ਹੈ।

ਰਿਕਸ਼ੇ ਵਾਲਿਆਂ, ਮਜ਼ਦੂਰਾਂ, ਦਿਹਾੜੀਦਾਰਾਂ ਨਾਲ ਮੂਹਰਲੀਆਂ ਕਤਾਰਾਂ ਵਿਚ ਬੈਠੇ ਭੂਤ ਸੋਚ ਰਹੇ ਹੁੰਦੇ ਹਨ ਕਿ ਜ਼ਿੰਦਗੀ ਦੇ ਹਰ ਖੇਤਰ ਵਿਚ ਮੂਹਰਲੀਆਂ ਕਤਾਰਾਂ ਦੇ ਹੱਕਦਾਰਾਂ ਨੂੰ ਸਿਰਫ਼ ਸਿਨਮਿਆਂ ਵਿਚ ਹੀ ਮੂਹਰਲੀਆਂ ਕਤਾਰਾਂ ਕਿਉਂ ਪ੍ਰਾਪਤ ਹੁੰਦੀਆਂ ਹਨ?

ਸਾਰੀਆਂ ਲਾਇਬ੍ਰੇਰੀਆਂ ਵਿਚ ਇਹਨਾਂ ਨੂੰ ਪਤਾ ਹੁੰਦਾ ਏ ਕਿ ਕਿਹੜੀ ਕਿਤਾਬ ਕਿਥੇ ਪਈ ਏ। ਇਹਨਾਂ ਭੂਤਾਂ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਸ਼ਹਿਰ ਵਿਚ ਕਿਹੜੇ ਲੋਕ ਕਿਤਾਬਾਂ ਨੂੰ ਖਰੀਦਦੇ ਹਨ ਤੇ ਕਿਹੜੇ ਉਹਨਾਂ ਨੂੰ ਪੜ੍ਹਦੇ ਹਨ।

ਜਿਸ ਦਿਨ ਕੋਈ ਕੰਮ ਦੀ ਕਿਤਾਬ ਕਿਸੇ ਦੁਕਾਨ ਉਤੇ ਆ ਜਾਵੇ ਭੂਤ ਚਾਰ ਦਿਨ ਜਾਂ ਅੱਠ ਦਿਨ ਲਈ ਕਿਤਾਬ ਦੀ ਕੀਮਤ ਅਨੁਸਾਰ ਚਾਹ ਪਾਣੀ ਦਾ ਰਾਸ਼ਨ ਬੰਦ ਕਰ ਕੇ ਕਿਤਾਬ ਖ਼ਰੀਦ ਲੈਂਦੇ ਹਨ।

ਪਰ ਕਈ ਵਾਰੀ ਕਿਸੇ ਭੂਤ ਦੀ ਫੀਸ ਭਰਨ ਲਈ ਸਭ ਭੂਤਾਂ ਦੀਆਂ ਕਿਤਾਬਾਂ ਵਿਕ ਜਾਂਦੀਆਂ ਹਨ।

ਇਕ ਦਿਨ ਇਕ ਭੂਤ ਕਵਿਤਾ ਮੁਕਾਬਲੇ ਵਿਚ ਪੰਜਾਹ ਰੁਪਏ ਦਾ ਇਨਾਮ ਲਿਆਇਆ, ਭੂਤਾਂ ਨੇ ਸਲਾਹ ਬਣਾਈ ਚਲੋ ਅੱਜ ਐਸ਼ ਕਰੀਏ।

ਦਾਰੂ ਲਿਆਂਦੀ ਗਈ। ਪਾਨ ਲਿਆਂਦੇ ਗਏ। ਸਿਗਰਟਾਂ ਲਿਆਂਦੀਆਂ ਗਈਆਂ। ਸਿਓਆਂ ਦੀ ਸਬਜ਼ੀ ਬਣੀ।

ਇਨਾਮ ਜਿੱਤਣ ਵਾਲੇ ਭੂਤ ਨੇ ਤਰਲਾ ਕੀਤਾ ਕਿ ਉਸ ਦੀ ਜੁੱਤੀ ਟੁੱਟ ਗਈ ਹੈ ਉਸ ਨੂੰ ਵਿਚੋਂ ਫਲੀਟ ਲੈ ਦਿੱਤੇ ਜਾਣ। ਪਰ ਉਸ ਦੀ ਅਪੀਲ ਸਰਬ ਸੰਮਤੀ ਨਾਲ ਰੱਦ ਕਰ ਦਿੱਤੀ ਗਈ।

ਦਾਰੂ ਪੀ ਕੇ ਉਹ ਗਲੀ ਵਿਚ ਲਿਟੇ। ਆਪਸ ਵਿਚ ਗਾਲ੍ਹਾਂ ਕੱਢੀਆਂ। ਵੱਡਾ ਭੂਤ ਰੋ ਵੀ ਪਿਆ ਕਿ ਉਸ ਦੇ ਵਿਆਹ ਬਾਰੇ ਕਦੇ ਸੋਚਿਆ ਨਹੀਂ ਗਿਆ। ਸਭ ਤੋਂ ਛੋਟੇ ਭੂਤ ਨੇ ਆਪਣੀ ਸਹੇਲੀ ਦਾ ਖ਼ਤ ਪੜ੍ਹ ਕੇ ਸੁਣਾਇਆ ਤੇ ਇਉਂ ਐਸ਼ ਕੀਤੀ ਗਈ।

ਜਦੋਂ ਕਿਸੇ ਭੂਤ ਨੇ ਕਿਸੇ ਇੰਟਰਵਿਊ ਉਤੇ ਜਾਣਾ ਹੁੰਦਾ ਹੈ ਤਾਂ ਕਿਸੇ ਭੂਤ ਦੀ ਜੁੱਤੀ, ਕਿਸੇ ਦਾ ਕੋਟ, ਕਿਸੇ ਦੀ ਪੱਗ ਉਸ ਨੂੰ ਲੈ ਦਿੱਤੀ ਜਾਂਦੀ ਹੈ। ਉਸ ਦੇ ਮੁਕਾਬਲੇ ਉਤੇ ਕੋਈ ਹੋਰ ਭੂਤ ਅਰਜ਼ੀ ਨਹੀਂ ਦਿੰਦਾ। ਜੇ ਚੁਣ ਲਿਆ ਜਾਵੇ ਤਾਂ ਚੋਣ ਕਮੇਟੀ ਦੀ ਅਕਲ ਦੀ ਦਾਦ ਦਿੱਤੀ ਜਾਂਦੀ ਹੈ ਨਹੀਂ ਤਾਂ ਸਮਝ ਲਿਆ ਜਾਂਦਾ ਹੈ ਕਿ ਚੋਣ ਕਮੇਟੀ ਬੇਵਕੂਫ਼ਾਂ ਦੀ ਸੀ। ਬਹੁਤੀਆਂ ਚੋਣ ਕਮੇਟੀਆਂ ਬੇਵਕੂਫਾਂ ਦੀਆਂ ਹੀ ਸਾਬਤ ਹੁੰਦੀਆਂ ਹਨ। ਫਿਰ ਸੁਕਰਾਤ ਤੋਂ ਲੈ ਕੇ ਸੁਕੀਰਤ ਸਿੰਘ ਫਰਿਆਦੀ ਤੱਕ ਦੇ ਹਵਾਲੇ ਦਿੱਤੇ ਜਾਂਦੇ ਹਨ ਜਿਹਨਾਂ ਨੂੰ ਜਿਹਨਾਂ ਦੇ ਸਮੇਂ ਨੇ ਨਹੀਂ ਸਮਝਿਆ ਤੇ ਪੀਣ ਲਈ ਜ਼ਹਿਰ ਦਾ ਪਿਆਲਾ ਦੇ ਦਿੱਤਾ।

ਮੈਂ ਥੀਸਿਜ਼ ਚਾਰ ਦਿਨਾਂ ਤੱਕ ਦੇਣਾ ਸੀ, ਪਤਾ ਲੱਗਿਆ ਟਾਈਪ ਮੁੜ ਕਰਵਾਣਾ ਪਏਗਾ, ਕੁਝ ਚੀਜ਼ਾਂ ਗ਼ਲਤ ਹੋ ਗਈਆਂ ਸਨ। ਮੈਂ ਬਹੁਤ ਪ੍ਰੇਸ਼ਾਨ ਹੋ ਗਈ। ਏਨਾ ਕੰਮ ਚਾਰ ਦਿਨਾਂ ਵਿਚ ਸੰਭਵ ਨਹੀਂ ਸੀ।

ਭੂਤਾਂ ਨੂੰ ਪਤਾ ਲੱਗਿਆ।

ਪਹੁੰਚ ਗਏ। ਦੋ ਟਾਈਪਿਸਟ ਲੈ ਆਏ।

ਇਕ ਇਕ ਕਾਪੀ ਸਾਂਭ ਲਈ।

ਰਾਤ ਪੈ ਗਈ, ਦਿਨ ਚੜ੍ਹ ਗਿਆ। ਫਿਰ ਰਾਤ ਪੈ ਗਈ, ਫਿਰ ਦਿਨ ਚੜ੍ਹ ਗਿਆ। ਫਿਰ ਰਾਤ ਪੈ ਗਈ। ਭੂਤ ਕੰਮ ਲੱਗੇ ਹੋਏ ਸਨ। ਟਾਈਪਿਸਟ ਵਾਰੋ ਵਾਰੀ ਕੰਮ ਕਰ ਰਹੇ ਸਨ। ਚੌਥੇ ਦਿਨ ਜਿਲਦਾਂ ਬੰਨ੍ਹਾ ਕੇ ਇਕ ਭੂਤ ਬਸ ਵਿਚ ਜਿਲਦਾਂ ਸੁਕਾਉਂਦਾ ਥੀਸਿਜ਼ ਚੰਡੀਗੜ੍ਹ ਨੂੰ ਲਈ ਜਾ ਰਿਹਾ ਸੀ।

ਇਕ ਦਿਨ ਗਰਮੀਆਂ ਦੀ ਦੁਪਹਿਰ ਨੂੰ ਬਾਰ ਖੜਕਿਆ।

ਮੈਂ ਖੋਲ੍ਹਿਆ, ਬਾਹਰ ਇਕ ਭੂਤ ਖੜ੍ਹਾ ਸੀ।

"ਆ ਬੈਠ" ਮੈਂ ਉਸ ਨੂੰ ਪਸੀਨੋ ਪਸੀਨਾ ਹੋਇਆ ਦੇਖ ਕਿਹਾ।

"ਬਸ ਮੈਂ ਹੁਣੇ ਮੁੜਨਾ ਏ। ਮੈਂ ਲਾਲ ਪੈਨਸਲ ਖ਼ਰੀਦੀ ਸੀ ਦੇਖੋ ਕਿੰਨੀ ਸੁਹਣੀ ਏ, ਮੈਂ ਕਿਹਾ ਵਿਖਾ ਆਵਾਂ। ਬਾਕੀ ਭੂਤ ਸੁੱਤੇ ਪਏ ਨੇ, ਰਾਤ ਸਾਰੀ ਪੜ੍ਹਦੇ ਰਹੇ ਸੀ ਨਾ।" ਉਸ ਨੇ ਪੈਨਸਲ ਮੇਰੇ ਅੱਗੇ ਕਰਕੇ ਕਿਹਾ।

ਮੈਂ ਪੈਨਸਲ ਹੱਥ ਵਿਚ ਫੜ ਲਈ। ਧਿਆਨ ਨਾਲ ਦੇਖੀ। ਲਾਲ ਪੈਨਸਲ ਸੀ।

"ਇਕ ਪਾਣੀ ਦਾ ਗਿਲਾਸ ਪਿਆ ਦਿਓ।"

ਮੈਂ ਪਾਣੀ ਲਿਆ ਦਿੱਤਾ।

"ਅੱਛਾ ਮੈਂ ਚਲਦਾਂ" ਆਖ ਉਹ ਭੂਤ ਬਲਦੀ ਦੁਪਹਿਰ ਵਿਚ ਤਿੰਨ ਮੀਲ ਦੂਰ ਭੂਤਵਾੜੇ ਨੂੰ ਮੁੜ ਗਿਆ ਜਿਥੋਂ ਉਹ ਪੈਨਸਿਲ ਵਿਖਾਉਣ ਆਇਆ ਸੀ।

ਅੰਗਰੇਜ਼ੀ ਐਮ. ਏ. ਦਾ ਵਿਦਿਆਰਥੀ ਭੁਲ ਭੁਲੇਖੇ ਇਕ ਵਾਰੀ ਇਕ ਭੂਤਾਂ ਵਾੜੇ ਵਾਲਿਆਂ ਦੇ ਨਾਲ ਜਾ ਰਲਿਆ। ਪਹਿਲੇ ਦਿਨ ਵਾਪਸ ਹੋਸਟਲ ਆ ਕੇ ਉਸ ਨੇ ਦੇਵੀ ਦੀ ਫੋਟੋ ਮੂਹਰੇ ਬੈਠ ਕੇ ਮੁਆਫ਼ੀ ਮੰਗੀ ਕਿ ਕਿਹੋ ਜਿਹੇ ਲਫੰਗਿਆਂ ਨਾਲ ਵਾਹ ਪੈ ਗਿਆ, ਜਿਹੜੇ ਰੱਬ ਨੂੰ ਟਿਚ ਜਾਣਦੇ ਨੇ। ਜਿਹੜੇ ਸਾਰੀ ਸਾਰੀ ਰਾਤ ਸੜਕਾਂ ਉਤੇ ਹੀ ਬਹਿਸਾਂ ਕਰਦੇ ਕੱਟ ਦਿੰਦੇ ਹਨ। ਜਿਹੜੇ ਦੋ ਦੋ ਦਿਨ ਰੋਟੀ ਤੋਂ ਬਿਨਾਂ ਹੀ ਸਾਰ ਲੈਂਦੇ ਹਨ।

ਭੂਤਾਂ ਨੇ ਉਸ ਨੂੰ ਹਰਮਨ ਹੈਸ ਦੇ ਨਾਵਲ ਸਿਧਾਰਥ ਦਾ ਪਾਤਰ ਗੋਬਿੰਦਾ ਬਣਾ ਦਿੱਤਾ।

ਪਹਿਲੇ ਸਾਲ ਉਹ ਫੇਲ੍ਹ ਹੋ ਗਿਆ, ਪਰ ਉਹ ਖ਼ੁਸ਼ ਸੀ ਕਿ ਘੱਟ ਤੋਂ ਘੱਟ ਭੂਤਾਂ ਵਿਚ ਰਹਿ ਕੇ ਉਸ ਨੂੰ ਇਹ ਪਤਾ ਲੱਗ ਗਿਆ ਹੈ ਕਿ ਉਹ ਕਿੱਡਾ ਨਲਾਇਕ ਹੈ। ਪਰ ਹੁਣ ਉਹ ਤਕੜੇ ਤਕੜੇ ਭੂਤਾਂ ਨੂੰ ਠਿਬੀਆਂ ਲਾਉਂਦਾ ਹੈ।

"ਤੁਸੀਂ ਕਦੋਂ ਮਰਨਾ ਏ ?" ਇਕ ਦਿਨ ਇਕ ਭੂਤ ਨੇ ਮੈਨੂੰ ਪੁੱਛਿਆ।

"ਕੀ ਗੱਲ ?"

"ਮੈਂ ਨਹੀਂ ਚਾਹੁੰਦਾ ਤੁਸੀਂ ਕਦੇ ਮੇਰਾ ਇਮੇਜ ਸ਼ੈਟਰ ਕਰੋ। ਸੋ ਮੈਂ ਚਾਹੁੰਦਾ ਹਾਂ ਕਿ ਜੋ ਤੁਸੀਂ ਹੁਣ ਹੋ ਉਹੀ ਮਰ ਜਾਵੋ।"

ਇਕ ਭੂਤ ਨੂੰ ਮਸਾਂ ਨੌਕਰੀ ਮਿਲੀ ਸੀ ਪਰ ਉਹ ਪ੍ਰਿੰਸੀਪਲ ਨਾਲ ਲੜ ਪਿਆ। ਇਹਨਾਂ ਨਾਲ ਕੱਟਣਾ ਕਿਹੜਾ ਸੌਖਾ ਹੈ। ਉਸ ਭੂਤ ਨੇ ਅਸਤੀਫ਼ੇ ਵਿਚ ਜੋ ਕੁਝ ਲਿਖਿਆ ਉਸ ਤੋਂ ਪ੍ਰਭਾਵਤ ਹੋ ਕੇ ਪ੍ਰਿੰਸੀਪਲ ਮੁੜ ਉਸ ਨੂੰ ਨੌਕਰੀ ਤੇ ਰੱਖਣ ਲਈ ਤਿਆਰ ਹੋ ਗਿਆ। ਪਰ ਭੂਤ ਸਮਝੌਤਾਵਾਦੀ ਨਹੀਂ।

ਕਦੇ ਕਦੇ ਸਿਆਣੇ ਲੋਕ ਡਿਗਰੀਆਂ ਲੈਣ, ਨੌਕਰੀਆਂ ਤੇ ਲੱਗਣ, ਵਜ਼ੀਫ਼ੇ ਪ੍ਰਾਪਤ ਕਰਨ, ਲੇਖਕ ਬਣਨ ਤੇ ਪੈਸਾ ਕਮਾਉਣ ਦੇ ਗੁਰ ਉਹਨਾਂ ਨੂੰ ਦੱਸਦੇ ਹਨ ਤਾਂ ਉਹ ਚੁਪ ਚਾਪ ਸੁਣਦੇ ਰਹਿੰਦੇ ਹਨ। ਫਿਰ ਉਹਨਾਂ ਵਿਚੋਂ ਕੋਈ ਹੌਲੀ ਦੇ ਕੇ ਪੁੱਛ ਲੈਂਦਾ—"ਅੱਛਾ ਭਲਾ ਜੇ ਨੌਕਰੀ ਮਿਲ ਗਈ, ਕਿਤਾਬ ਛਪ ਗਈ, ਪੈਸਾ ਪੱਲੇ ਹੋ ਗਿਆ, ਫੇਰ ?"

ਇਸ ਫੇਰ ਨੂੰ ਅਗਲਾ ਕੀ ਸਮਝੇ। ਬਹੁਤੇ ਲੋਕਾਂ ਦੀ ਕਹਾਣੀ ਇਸ 'ਫੇਰ' ਤੇ ਆ ਕੇ ਮੁਕ ਜਾਂਦੀ ਹੈ। ਪਰ ਭੂਤ ਸ਼ੁਰੂ ਹੀ ਇਥੋਂ ਕਰਦੇ ਹਨ।

ਮੱਤ ਦੇਣ ਵਾਲਿਆਂ ਵਿਚੋਂ ਕੋਈ ਇਹਨਾਂ ਨੂੰ ਬੇਵਕੂਫ ਸਮਝਦਾ, ਕੋਈ ਆਪਣੇ ਆਪ ਨੂੰ ਬੇਵਕੂਫ ਕਹਿੰਦਾ ਤੇ ਫੇਰ ਛੇਤੀ ਛੇਤੀ ਇਹਨਾਂ ਦੇ ਕੋਲ ਆ ਕੇ ਬੈਠਣ ਦੀ ਹਿੰਮਤ ਨਹੀਂ ਕਰਦਾ।

ਇਕ ਭੂਤ ਦੀ ਸਬਜ਼ੀ ਲਿਆਉਣ ਉਤੇ ਡਿਊਟੀ ਸੀ। ਕਿਹਾ ਗਿਆ ਸੀ ਜੋ ਸਬਜ਼ੀ ਸਭ ਤੋਂ ਸਸਤੀ ਹੈ ਉਹ ਲਿਆਣੀ ਹੈ।

ਉਸ ਮੌਸਮ ਵਿਚ ਆਲੂ ਸਭ ਤੋਂ ਸਸਤੇ ਸਨ। ਹਰ ਰੋਜ਼ ਭੂਤ ਆਲੂ ਲੈ ਕੇ ਆਉਂਦਾ ਰਿਹਾ। ਤਿੰਨਾਂ ਮਹੀਨਿਆਂ ਮਗਰੋਂ ਜਦੋਂ ਸਬਜ਼ੀ ਵਾਲੇ ਦਾ ਹਿਸਾਬ ਕੀਤਾ ਗਿਆ ਤਾਂ ਪਤਾ ਲੱਗਿਆ ਕਿੰਨੇ ਚਿਰ ਤੋਂ ਆਲੂ ਸਭ ਤੋਂ ਮਹਿੰਗੀ ਸਬਜ਼ੀ ਬਣ ਚੁਕੇ ਸਨ।

"ਤੂੰ ਭਾਅ ਸਾਥੋਂ ਪੁੱਛ ਕੇ ਕਿਉਂ ਨਹੀਂ ਵਧਾਇਆ?" ਭੂਤ ਦੁਕਾਨਦਾਰ ਨੂੰ ਕੋਸ ਰਿਹਾ ਸੀ। ਉਸ ਨੂੰ ਸ਼ਾਇਦ ਯਾਦ ਨਹੀਂ ਸੀ ਰਿਹਾ, ਇਸ ਦੇਸ਼ ਵਿਚ ਭਾਅ ਵਧਾਉਣ, ਘਟਾਉਣ ਦਾ ਕੰਮ ਉਹ ਲੋਕ ਕਰਦੇ ਨੇ ਜਿਹੜੇ ਕੋਈ ਵੀ ਕੰਮ ਨਹੀਂ ਕਰਦੇ।

ਇਕ ਦਿਨ ਸਾਰੇ ਭੂਤ ਕਿਸੇ ਭੂਤ ਦੇ ਪਿੰਡ ਮੱਕੀ ਦੀਆਂ ਰੋਟੀਆਂ ਤੇ ਸਾਗ ਖਾਣ ਗਏ। ਉਥੇ ਪਹੁੰਚ ਕੇ ਪਤਾ ਲੱਗਿਆ ਕਿ ਭੂਤ ਦੀ ਬੇਬੇ ਵਿਚਾਰੀ ਇਕੱਲੀ ਹੀ ਮਿੱਟੀ ਮਿੱਧ ਮਿੱਧ ਕੋਠਾ ਲਿੱਪ ਰਹੀ ਸੀ।

ਭੂਤਾਂ ਨੇ ਕਮਰ ਕਸੇ ਕਰ ਲਏ। ਕੁਝ ਭੂਤ ਮਿੱਟੀ ਮਿੱਧਣ ਲਗ ਪਏ। ਕੁਝ ਕੋਠੇ ਉਤੇ ਚੜ੍ਹਾਉਣ ਤੇ ਕੁਝ ਬੱਚੇਜਿਆਂ ਵਾਂਗ ਲਿੱਪਣ ਲੱਗ ਪਏ। ਬੇਬੇ ਬਥੇਰਾ ਰੋਕੇ "ਵੇ ਕੋਈ ਦੇਖੂ ਤਾਂ ਕੀ ਕਹੂ, ਨਾਲੇ ਥੋਡੇ ਲੀੜੇ ਮੈਲੇ ਹੋ ਜਾਣਗੇ।"

ਆਥਣ ਤੀਕ ਭੂਤਾਂ ਨੇ ਸਾਰੇ ਕੋਠੇ ਲਿੱਪ ਦਿੱਤੇ। ਬੇਬੇ ਨੇ ਵੀ ਰੱਜਵਾਂ ਘਿਉ ਸ਼ੱਕਰ ਪਾਇਆ।

ਇਕ ਭੂਤ ਅੱਜ ਬਹੁਤ ਜ਼ਿਆਦਾ ਖੁਸ਼ ਸੀ। ਉਸ ਨੇ ਬੇਬੇ ਕੋਲ ਸਿਫਾਰਸ਼ ਕਰਕੇ ਸਰਦੀਆਂ ਵਿਚ ਅੱਜ ਪਹਿਲੀ ਵਾਰੀ ਇਕੱਲੇ ਨੇ ਪੂਰੀ ਰਜ਼ਾਈ ਲੈ ਲਈ ਸੀ। ਉਹ ਵੀ ਸਾਰੀ ਰਾਤ ਲਈ। ਅਗਲੇ ਦਿਨ ਮੁੜੇ ਆਉਂਦੇ ਭੂਤ ਸਾਰੇ ਰਾਹ ਡਨ ਦੀ ਮੈਟਾਫਿਜ਼ੀਕਲ ਪੋਇਟਰੀ ਡਿਸਕਸ ਕਰਦੇ ਰਹੇ।

ਸ਼ਾਇਦ ਮੈਨੂੰ ਭੂਤਾਂ ਦੀਆਂ ਬਹੁਤੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਮਾੜੇ ਦਿਲ ਵਾਲੇ ਲੋਕ ਤਾਂ ਭੂਤਾਂ ਦੇ ਨਾਉਂ ਤੋਂ ਹੀ ਡਰ ਜਾਂਦੇ ਹਨ।

## 26

ਹੁਣ ਤੱਕ ਊਟ ਪਟਾਂਗ ਜਿਹੀਆਂ ਕਹਾਣੀਆਂ ਦੀਆਂ ਦੋ ਤਿੰਨ ਕਿਤਾਬਾਂ ਛਪ ਗਈਆਂ ਸਨ ਤੇ ਕਿਸੇ ਕੁੜੀ ਦੀ ਲਿਖੀ ਕਿਤਾਬ ਹੋਣ ਕਰਕੇ ਲੋਕੀ ਖ਼ਰੀਦ ਵੀ ਲੈਂਦੇ ਸਨ।

ਜਦੋਂ ਕੋਈ ਪੁੱਛਦਾ ਮੈਂ ਕਹਾਣੀਆਂ ਕਿਵੇਂ ਲਿਖ ਲੈਂਦੀ ਹਾਂ? ਤਾਂ ਮੈਨੂੰ ਕੋਈ ਜਵਾਬ ਨਾ ਅਉੜਦਾ। ਹੱਸ ਕੇ ਆਖਦੀ ਵਧੀਆ ਜਿਹੇ ਕਾਗਜ਼ ਲੈ ਲੈਨੀਆਂ ਤੇ ਵਧੀਆ ਜਿਹਾ ਪੈੱਨ ਲੈ ਲੈਨੀਆਂ ਤੇ ਬੈਠ ਕੇ ਕਹਾਣੀ ਲਿਖ ਲੈਂਦੀ ਹਾਂ।

"ਵਧੀਆ ਕਾਗਜ਼ ਤੇ ਵਧੀਆ ਪੈੱਨ ਨਾਲ ਕਹਾਣੀ ਵੀ ਵਧੀਆ ਲਿਖਿਆ ਕਰੋ। ਨਹੀਂ ਤਾਂ ਸੰਸਾਰ ਵਿਚ ਬਥੇਰੀਆਂ ਵਧੀਆ ਕਹਾਣੀਆਂ ਲਿਖੀਆਂ ਪਈਆਂ ਨੇ,

ਉਨ੍ਹਾਂ ਨੂੰ ਪੜ੍ਹ ਲਿਆ, ਲਿਖਕੇ ਕੀ ਕਰਨੈ" ਲਾਲੀ ਜੋ ਦੂਰੋਂ ਪਾਰੋਂ ਸਾਡਾ ਰਿਸ਼ਤੇਦਾਰ ਸੀ, ਤੇ ਬੇਸ਼ੁਮਾਰ ਸਾਹਿਤ ਪੜ੍ਹਨ ਲਈ ਮਸ਼ਹੂਰ ਸੀ, ਜ਼ਰਾ ਹੱਸ ਕੇ ਹਲੀਮੀ ਨਾਲ ਮੈਨੂੰ ਸਲਾਹ ਦੇ ਰਿਹਾ ਸੀ।

"ਚੰਗੀਆਂ ਨਾ ਸਹੀ ਤੂੰ ਮਾੜੀਆਂ ਹੀ ਕਹਾਣੀਆਂ ਲਿਖ ਕੇ ਵਿਖਾ" ਮੈਂ ਉਸ ਨੂੰ ਮੂਰਖਾਂ ਵਾਲਾ ਜਵਾਬ ਦਿੱਤਾ ਸੀ। ਪਰ ਮਨ ਵਿਚ ਸੋਚ ਲਿਆ ਸੀ ਜੇ ਪੀਐਚ. ਡੀ. ਕਹਾਣੀ ਉਪਰ ਕਰਾਂ, ਤਾਂ ਬਹਾਨੇ ਸਿਰ ਕੁੱਝ ਚੰਗੀਆਂ ਕਹਾਣੀਆਂ ਵੀ ਪੜ੍ਹੀਆਂ ਜਾਣਗੀਆਂ।

ਮੈਨੂੰ ਇਹ ਵੀ ਪਤਾ ਸੀ ਜਿਹੜਾ ਬੰਦਾ ਪੀਐਚ. ਡੀ. ਹੁੰਦੈ ਉਹਨੂੰ ਲੋਕ ਡਾਕਟਰ ਆਖਦੇ ਨੇ। ਜਦੋਂ ਵੀ ਕੋਈ ਮੈਨੂੰ ਮਿਸ ਟਿਵਾਣਾ ਆਖਦਾ ਸੀ ਮੈਨੂੰ ਲਗਦਾ ਮੈਂ ਇਕ ਝੂਠ ਜੀਉਂ ਰਹੀ ਹਾਂ। ਪਰ ਕਦੇ ਕਦੇ ਲੱਗਦਾ ਨਹੀਂ ਮੈਂ ਝੂਠ ਨਹੀਂ ਜੀਉਂ ਰਹੀ ਇਹੀ ਸੱਚ ਹੈ ਪਰ ਸੱਚ ਤੇ ਝੂਠ ਇਸ ਪੱਖੋਂ ਮੇਰੀ ਜ਼ਿੰਦਗੀ ਵਿਚ ਕਿਧਰੇ ਉਲਟ ਪੁਲਟ ਹੋ ਗਏ ਸਨ ਤੇ ਲੋਕਾਂ ਦੇ ਸਾਹਮਣੇ ਬਿਨਾਂ ਹੀ ਕਸੂਰ ਮੈਂ ਸ਼ਰਮਿੰਦੀ ਜਿਹੀ ਮਹਿਸੂਸ ਕਰਦੀ ਸੀ।

ਮਿਸ ਟਿਵਾਣਾ ਦੀ ਥਾਂ ਮਿਸਿਜ਼....ਮੈਂ ਜਦੋਂ ਚਿਤਵਦੀ ਇਹ ਮੈਨੂੰ ਉਸ ਤੋਂ ਵੀ ਵੱਡਾ ਝੂਠ ਲੱਗਦਾ ਤੇ ਮੈਂ ਘਬਰਾ ਕੇ ਜਿਵੇਂ ਪਿਛਾਂਹ ਪਰਤ ਪੈਂਦੀ।

ਇਨ੍ਹਾਂ ਹੀ ਦਿਨਾਂ ਵਿਚ ਮੈਂ ਕਿਧਰੇ ਪੜ੍ਹਿਆ ਸੀ ਕਿ ਇਕ ਅਸ਼ੋਕ ਦਾ ਰੁੱਖ ਹੁੰਦੈ ਜਦੋਂ ਕੋਈ ਕੁਆਰੀ ਕੁੜੀ ਉਹਦੇ ਹੇਠਾਂ ਜਾ ਖੜ੍ਹੋਵੇ ਤਾਂ ਉਸਦੇ ਫੁੱਲ ਖਿਲ ਪੈਂਦੇ ਨੇ।

ਸੁਣਿਆ ਸੀ ਪਟਿਆਲੇ ਬਾਰਾਂਦਰੀ ਵਿਚ ਇਲਾਚੀਆਂ ਦੇ ਬੂਟੇ ਤੋਂ ਲੈ ਕੇ ਬੋਹੜ ਦੇ ਦਰਖ਼ਤ ਤੱਕ ਸਭ ਰੁੱਖ ਲੱਗੇ ਹੋਏ ਨੇ। ਖਿਆਲ ਆਇਆ ਅਸ਼ੋਕ ਦਾ ਬਰਿਕਸ਼ ਵੀ ਹੋਵੇਗਾ। ਮਨ ਹੀ ਮਨ ਮੈਂ ਇਸ ਅਸ਼ੋਕ ਦੇ ਬਰਿਕਸ਼ ਨੂੰ ਟੋਲਦੀ ਰਹਿੰਦੀ ਜੀਹਦੇ ਹੇਠਾਂ ਜਦੋਂ ਮੈਂ ਜਾ ਕੇ ਖੜ੍ਹੋਵਾਂਗੀ ਤਾਂ ਉਹਦੇ ਫੁੱਲ ਖਿਲ ਪੈਣਗੇ। ਮੈਂ ਸੋਚਦੀ, ਸੰਸਾਰ ਨੂੰ ਭੁਲੇਖਾ ਲੱਗ ਸਕਦੈ ਪਰ ਕੁਦਰਤ ਤਾਂ ਸੱਚ ਜਾਣ ਸਕਦੀਐ, ਦੇਖ ਸਕਦੀਐ। ਪਰ ਉਹ ਬਰਿਕਸ਼ ਮੈਨੂੰ ਕਿਵੇਂ ਲੱਭਦਾ ਮੈਨੂੰ ਤਾਂ ਇਹ ਵੀ ਨਹੀਂ ਸੀ ਪਤਾ, ਉਹ ਹੁੰਦਾ ਕਿਹੋ ਜਿਹਾ ਹੈ।

ਇਹ ਮੇਰੇ ਮਨ ਦਾ ਝੋਰਾ ਮੈਨੂੰ ਵਿੱਚੋ ਵਿਚ ਖਾਈਂ ਜਾ ਰਿਹਾ ਸੀ। ਦਿਨੇ ਤਾਂ ਮੈਂ ਪ੍ਰੋਫੈਸਰ ਪ੍ਰੋਫੈਸਰਨੀਆਂ ਨਾਲ, ਵਿਦਿਆਰਥੀ ਮੁੰਡੇ ਕੁੜੀਆਂ ਨਾਲ ਗੱਪਾਂ ਮਾਰਦੀ, ਖੱਪਾਂ ਪਾਉਂਦੀ, ਮਜ਼ਾਕ ਕਰਦੀ, ਦੁਖ ਸੁਖ ਸੁਣਦੀ, ਕਿਤਾਬਾਂ ਪੜ੍ਹਦੀ, ਜਮਾਤਾਂ ਪੜ੍ਹਾਉਂਦੀ, ਵਕਤ ਕੱਟ ਦਿੰਦੀ ਸੀ ਪਰ ਰਾਤ ਆਪਣੇ ਸਾਰੇ ਹਨ੍ਹੇਰੇ ਸਮੇਤ ਜਿਵੇਂ ਮੈਨੂੰ ਆ ਘੇਰਦੀ। ਮੇਰਾ ਦਮ ਘੁਟਣ ਲੱਗਦਾ। ਮੈਂ ਲਾਈਟ ਬਲਦੀ ਰੱਖ ਕੇ ਸੌਣ ਲੱਗ ਪਈ। ਪਰ ਨਾਲ ਦੇ ਕਮਰੇ ਵਿਚ ਪਏ ਬੇਜੀ ਨੂੰ ਮੇਰੀ ਲਾਈਟ ਬਲਦੀ ਦੇਖਕੇ ਚੈਨ ਨਾ ਆਉਂਦੀ। ਕਈ ਕਈ ਵਾਰੀ ਉਠ ਕੇ ਦੇਖਦੇ ਮੈਂ ਸੌਂ ਗਈ ਕਿ ਪੜ੍ਹ ਰਹੀ ਹਾਂ। ਜੇ ਪੜ੍ਹ ਰਹੀ ਹੁੰਦੀ, ਉਹ ਨਰਾਜ਼ ਹੁੰਦੇ ਤੇ ਆਖਦੇ ਕਿ ਸਿਹਤ ਹੋਰ ਖ਼ਰਾਬ ਹੋਜੂ। ਜੇ ਸੌਂ ਗਈ ਹੁੰਦੀ ਉਹ ਲਾਈਟ ਬੁਝਾ ਦਿੰਦੇ। ਸੋਚਦੇ ਸਨ ਬਾਹਰ ਹਨ੍ਹੇਰੇ 'ਚ ਖੜ੍ਹੇ ਅਗਲੇ ਨੂੰ ਅੰਦਰ ਦਾ ਸਾਰਾ ਕੁਝ ਦਿਸਦਾ ਰਹਿੰਦੈ ਤੇ ਰੱਬ ਮਾੜੀ ਘੜੀ ਨਾ ਲਿਆਵੇ.....

ਫੇਰ ਮੈਂ ਰਾਤ ਨੂੰ ਨੀਂਦ ਦੀ ਗੋਲੀ ਖਾ ਕੇ ਸੌਣਾ ਸ਼ੁਰੂ ਕਰ ਦਿੱਤਾ। ਗੋਲੀਆਂ ਨਾਲ ਕੁੱਝ ਦਿਨ ਤਾਂ ਨੀਂਦ ਆਉਂਦੀ ਰਹੀ ਫਿਰ ਹਟ ਗਈ। ਸ਼ਾਇਦ ਮੇਰਾ ਮਨ ਗੋਲੀਆਂ ਨਾਲੋਂ ਕਿਤੇ ਵੱਧ ਤਕੜਾ ਸੀ। ਨਿਕੰਮੀਆਂ ਗੋਲੀਆਂ ਦੀ ਸ਼ੀਸ਼ੀ ਮੈਂ ਬਾਹਰ ਵਗਾਹ ਮਾਰੀ। ਫਿਰ ਕਦੇ ਨੀਂਦ ਆ ਜਾਂਦੀ ਤੇ ਕਦੇ ਸਾਰੀ ਦੀ ਸਾਰੀ ਰਾਤ ਅੱਖਾਂ ਥਾਈਂ ਲੰਘਦੀ।

ਬਹੁਤ ਰਾਤ ਗਈ ਕਦੇ ਕਦੇ ਮੈਂ ਉਪਰ ਕੋਠੇ ਤੇ ਚਲੀ ਜਾਂਦੀ। ਦੂਰ ਦੂਰ ਤੱਕ ਨਿਗਾਹ ਮਾਰਕੇ ਦੇਖਦੀ ਕੀ ਕਿਧਰੇ ਕਿਸੇ ਹੋਰ ਘਰ ਵਿਚ ਵੀ ਏਸ ਵੇਲੇ ਦੀਵਾ ਜਗ ਰਿਹੈ ? ਕੀ ਕਿਧਰੇ ਕਿਸੇ ਹੋਰ ਘਰ ਵਿਚ ਵੀ ਏਸ ਵੇਲੇ ਕੋਈ ਜਾਗ ਰਿਹੈ ? ਜੇ ਕਿਸੇ ਘਰ ਵਿਚ ਦੀਵਾ ਜਗਦਾ ਦਿਸਦਾ ਤਾਂ ਮੈਂ ਸੋਚਣ ਦੀ ਕੋਸ਼ਿਸ਼ ਕਰਦੀ ਉਹ ਕੌਣ ਹੈ ਜੋ ਇਸ ਵੇਲੇ ਜਾਗ ਰਿਹੈ ? ਉਹ ਕਿਉਂ ਜਾਗ ਰਿਹੈ ? ਉਹਨੂੰ ਨੀਂਦ ਕਿਉਂ ਨਹੀਂ ਆਈ ?

ਪਰ ਕੁੱਝ ਚਿਰ ਮਗਰੋਂ ਜਦੋਂ ਅੱਖ ਖੁਲ੍ਹਦੀ ਬੇਜੀ ਮਗਰੇ ਉੱਪਰ ਆ ਜਾਂਦੇ ਤੇ ਡਾਢੇ ਫਿਕਰਮੰਦ ਹੋ ਕੇ ਆਖਦੇ "ਜੀ ਰਾਜੀਐ ? ਠੰਡ ਲੱਗਜੂ। ਚਾਹ ਕਰ ਦਿਆਂ ? ਪਾਠ ਕਰ ਲਿਆ ਕਰ ਫੇਰ ਓਦੋਂਈ ਨੀਂਦ ਆ ਜਾਂਦੀਐ।"

ਉਨ੍ਹਾਂ ਨੂੰ ਬੇਅਰਾਮ ਹੁੰਦਿਆਂ ਦੇਖ ਮੈਂ ਹੇਠਾਂ ਉੱਤਰ ਆਉਂਦੀ। ਲਾਈਟ ਬੁਝਾ ਕੇ ਪੈ ਜਾਂਦੀ। ਸਾਹਮਣੀ ਖਿੜਕੀ 'ਚੋਂ ਤਾਰੇ ਦਿਸਦੇ।

ਮਨ ਹੀ ਮਨ ਮੈਂ ਮਰਿਆਂ ਜੀਉਂਦਿਆਂ ਆਪਣਿਆਂ ਲੋਕਾਂ ਨਾਲ ਗੱਲਾਂ ਕਰਨ ਲੱਗ ਜਾਂਦੀ ਤੇ ਗੱਲਾਂ ਕਰਦੀ ਨੂੰ ਇਹ ਭੁੱਲ ਹੀ ਜਾਂਦਾ ਕੌਣ ਇਨ੍ਹਾਂ ਵਿਚ ਜੀਉਂਦਾ ਹੈ ਤੇ ਕੌਣ ਮਰਿਆ ਹੋਇਆ। ਤੇ ਇਨ੍ਹਾਂ ਦੇ ਨਾਲ ਮੈਂ ਅਜੀਬ ਅਜੀਬ ਥਾਵਾਂ ਤੇ ਤੁਰੀ ਫਿਰਦੀ ਤੇ ਇਉਂ ਥੱਕ ਟੁੱਟ ਕੇ ਸਵੇਰੇ ਜਿਹੇ ਕਿਤੇ ਨੀਂਦ ਆਉਂਦੀ। ਦਿਨ ਚੜ੍ਹੇ ਜਦੋਂ ਜਾਗਦੀ ਰਾਤ ਜਿਸ ਸੰਸਾਰ ਵਿਚ ਮੈਂ ਤੁਰੀ ਫਿਰਦੀ ਰਹੀ ਸੀ ਉਹ ਸੱਚ ਪਰਤੀਤ ਹੁੰਦਾ ਤੇ ਜਿਸ ਸੰਸਾਰ ਵਿਚ ਹੁਣ ਜਾਗੀ ਸੀ ਉਸਦੇ ਸੱਚ ਹੋਣ ਬਾਰੇ ਮੈਂ ਆਪਣੇ ਆਪ ਨੂੰ ਦੱਸਦੀ, ਇਹ ਸਾਡਾ ਘਰ ਐ, ਇਹ ਮੇਰੇ ਬੇਜੀ ਨੇ, ਇਹ ਪਟਿਆਲਾ ਸ਼ਹਿਰ ਐ, ਅੱਜ ਫਲਾਣੀ ਤਰੀਕ ਐ, ਇਹ ਸਾਡਾ ਕੁੱਤਾ ਜਿਪਸੀ ਐ, ਇਹ ਵੇਹੜੇ 'ਚ ਲੱਗੀ ਗੁਲਾਬ ਦੀ ਵੇਲ ਐ, ਤੇ....ਤੇ ਮੈਨੂੰ ਲੱਗਦਾ ਮੈਂ ਜ਼ਰੂਰ ਇਕ ਦਿਨ ਪਾਗਲ ਹੋ ਜਾਣਾ ਏ।

ਇਸ ਸਭ ਕਾਸੇ ਤੋਂ ਬਚਣ ਦਾ ਇਕੋ ਇਕ ਤਰੀਕਾ ਸੀ ਕਿ ਕੋਈ ਕਿਤਾਬ ਪੜ੍ਹਨ ਲੱਗ ਜਾਵਾਂ। ਪਰ ਜਿਵੇਂ ਕੋਈ ਸਿਤਾਰ ਦੀਆਂ ਤਾਰਾਂ ਏਨੀਆਂ ਜ਼ਿਆਦਾ ਕਸ ਦੇਵੇ ਕਿ ਮਾੜੀ ਜਿਹੀ ਛੂਹ ਵੀ ਉਹ ਬਰਦਾਸ਼ਤ ਨਾ ਕਰਨ, ਕੁੱਝ ਇਵੇਂ ਦਾ ਮਨ ਹੋ ਗਿਆ ਸੀ। ਸਾਰੀਆਂ ਨਾੜਾਂ ਜਿਵੇਂ ਕਸੀਆਂ ਗਈਆਂ ਸਨ ਤੇ ਲਗਦਾ ਸੀ ਉਹ ਕਿਸੇ ਵੀ ਵੇਲੇ ਕੜੱਕ ਕਰਕੇ ਟੁੱਟ ਜਾਣਗੀਆਂ। ਕਿਤਾਬਾਂ ਵਿਚਲੇ ਦੁੱਖ ਦਰਦ ਦੀਆਂ ਗੱਲਾਂ ਮੇਰੀਆਂ ਕਸੀਆਂ ਨਾੜੀਆਂ ਨੂੰ ਜਿਵੇਂ ਹੋਰ ਖਿਚਾਉ ਪਾਉਂਦੀਆਂ ਸਨ। ਆਲੇ ਦੁਆਲੇ ਦੇ ਹਨੇਰੇ ਨੂੰ ਹੋਰ ਗਾਹੜਾ ਕਰਦੀਆਂ ਸਨ ਤੇ ਰਾਤ ਨੂੰ ਦੀਵੇ ਜਗਦੇ ਘਰਾਂ ਵਿਚ ਲੈਜਾ ਲੈਜਾ ਕੇ ਮੈਨੂੰ ਵਿਖਾਉਂਦੀਆਂ ਸਨ ਉਥੇ ਵੀ ਜਿਹੜਾ ਕੋਈ ਜਾਗ ਰਿਹੈ ਉਹਨੂੰ ਵੀ ਨੀਂਦ ਨਹੀਂ ਆ ਰਹੀ, ਉਹ ਵੀ ਰਾਤ ਨਾਲ ਗੱਲਾਂ ਕਰ ਰਿਹੈ....

ਸੋਚਿਆ ਅਜਿਹਾ ਕੰਮ ਛੋਹ ਲਵਾਂ ਜਿਹੜਾ ਮੇਰੀ ਸੁਰਤ ਨੂੰ ਵਲ ਕੇ ਬੰਨ੍ਹ ਰੱਖੇ। ਪੀਐਚ. ਡੀ. ਲਈ ਕਹਾਣੀ ਦਾ ਵਿਸ਼ਾ ਲੈ ਕੇ ਰਜਿਸਟਰੇਸ਼ਨ ਕਰਵਾ ਲਈ।

ਹੁਣ ਮੈਂ ਕੰਮ ਕਰਨ ਲਈ ਪੜ੍ਹਦੀ ਸੀ ਤੇ ਇਹ ਕੰਮ ਮੇਰੀ ਤਸੱਲੀ ਬਣਦਾ ਜਾ ਰਿਹਾ ਸੀ। ਹੁਣ ਸਾਰੀ ਸਾਰੀ ਰਾਤ ਜਾਗਣਾ ਮੈਨੂੰ ਬੇਚੈਨ ਨਹੀਂ ਸੀ ਕਰਦਾ। ਬੇਜੀ ਨੂੰ ਵੀ ਮੈਂ ਸਮਝਾ ਦਿੱਤਾ ਸੀ ਮੈਂ ਜ਼ਰੂਰੀ ਕੰਮ ਕਰਨੈ, ਤੁਸੀਂ ਸੌਂ ਜਾਇਆ ਕਰੋ। ਏਨਾ ਕੰਮ ਕਰੋ ਤਾਂ ਥੀਸਿਜ਼ ਤਾਂ ਲਿਖਿਆ ਹੀ ਜਾਣਾ ਸੀ ਪਰ ਥੀਸਿਜ਼ ਲਿਖ ਕੇ ਜਦੋਂ ਮੈਂ ਪੰਜਾਬ ਯੂਨੀਵਰਸਿਟੀ

ਵਿਚ ਸਬਮਿਟ ਕਰ ਦਿੱਤਾ ਤਾਂ ਕੁੱਝ ਲੋਕਾਂ ਨੂੰ ਬੜਾ ਅੱਖਰਿਆ ਸ਼ਾਇਦ ਇਸ ਲਈ ਕਿ ਉਨ੍ਹਾਂ ਨੂੰ ਲੱਗਿਆ ਕਿ ਤਰੱਕੀ ਦੇ ਰਾਹ ਵਿਚ ਮੈਂ ਕਈਆਂ ਦਾ ਰਾਹ ਰੋਕਾਂਗੀ।

ਰਿਜੈਕਟ ਕਰਾਉਣ ਦੀਆਂ ਬੜੀਆਂ ਕੋਸ਼ਿਸ਼ਾਂ ਹੋਈਆਂ। ਕਈ ਸਾਲ ਮਗਰੋਂ ਇੱਕ ਐਗਜ਼ਾਮੀਨਰ ਦੱਸ ਰਿਹਾ ਸੀ ਕਿ ਥੀਸਿਜ਼ ਪਾਸ ਕਰਾਉਣ ਲਈ ਤਾਂ ਸਿਫਾਰਸ਼ਾਂ ਆਉਂਦੀਆਂ ਸਨ ਇਹ ਪਹਿਲੀ ਵਾਰੀ ਸੀ ਕਿ ਥੀਸਿਜ਼ ਰਿਜੈਕਟ ਕਰਵਾਉਣ ਲਈ ਸਿਫਾਰਸ਼ਾਂ ਆ ਰਹੀਆਂ ਸਨ।

"ਥੀਸਿਜ਼ ਰਿਜੈਕਟ ਵੀ ਹੋ ਸਕਦੈ" ਆਖ ਕੇ ਜਿਸ ਪਹੁੰਚ ਵਾਲੇ ਬੰਦੇ ਨੇ ਮੈਨੂੰ ਧਮਕੀ ਦੇਣੀ ਚਾਹੀ ਸੀ ਉਸ ਨੂੰ ਮੈਂ ਬਸ ਏਨਾ ਹੀ ਆਖਿਆ ਸੀ "ਮੈਂ ਜੱਟਾਂ ਦੀ ਕੁੜੀ ਆਂ। ਨਾ ਮੀਂਹ ਪੈਣੋਂ ਹਟਣੈ, ਨਾ ਕਣਕ ਨੇ ਉਗਣੋਂ ਤੇ ਨਾ ਸਾਨੂੰ ਰੋਟੀ ਮਿਲਣੋਂ ਹਟਣੀਐ, ਸੋ ਥੀਸਿਜ਼ ਛੱਡ ਜੇ ਨੌਕਰੀ ਵੀ ਚਲੀ ਜਾਊ ਭੁੱਖੇ ਤਾਂ ਅਸੀਂ ਫੇਰ ਵੀ ਨੀ ਮਰਨ ਲੱਗੇ।"

ਪਤਾ ਲੱਗਿਆ ਫੈਸਲਾ ਵਾਈਵੇ ਤੋਂ ਮਗਰੋਂ ਹੋਵੇਗਾ ਕਿ ਇਸ ਥੀਸਿਜ਼ ਨੂੰ ਡਿਗਰੀ ਦਿੱਤੀ ਜਾਵੇ ਕਿ ਨਾ। ਐਗਜ਼ਾਮੀਨਰਾਂ ਨੇ ਇਹੀ ਲਿਖਿਆ ਸੀ।

"ਰਿਜੈਕਟ ਕਰਾਣ ਲਈ ਅਗਲੇ ਖੂਬ ਲੰਗੋਟੇ ਕਸ ਤਿਆਰੀਆਂ ਕਰਕੇ ਆਉਣਗੇ, ਬੀਬੀ ਤਕੜੀ ਹੋ ਜਾ" ਆਖ ਕੇ ਪ੍ਰੋਫੈਸਰ ਪ੍ਰੀਤਮ ਸਿੰਘ ਹੋਰੀਂ ਮਾੜੇ ਰਿਜ਼ਲਟ ਲਈ ਮੈਨੂੰ ਪਹਿਲਾਂ ਹੀ ਤਿਆਰ ਕਰਨਾ ਚਾਹੁੰਦੇ ਸਨ।

ਫੇਰ ਉਹਨਾਂ ਨੂੰ ਆਪ ਹੀ ਪਤਾ ਨਹੀਂ ਕੀ ਸੁੱਝੀ, ਸਿੰਡੀਕੇਟ ਵਿਚ ਪਾਸ ਕਰਵਾ ਲਿਆ ਕਿ ਇਸ ਲੜਕੀ ਦੇ ਵਾਈਵੇ ਵੇਲੇ ਵਾਈਸ-ਚਾਂਸਲਰ ਕਮੇਟੀ ਵਿਚ ਬੈਠੇ।

ਅਗਲਿਆਂ ਕਿਹੜਾ ਕੱਚੀਆਂ ਗੋਲੀਆਂ ਖੇਡੀਆਂ ਹੋਈਆਂ ਸਨ ਉਨ੍ਹਾਂ ਵਾਈਵਾ ਹੀ ਦਿੱਲੀ ਰੱਖ ਦਿੱਤਾ ਕਿ ਚੰਡੀਗੜ੍ਹ ਤੋਂ ਵਾਈਸ-ਚਾਂਸਲਰ ਮਹਿਜ਼ ਇਕ ਵਾਈਵੇ ਲਈ ਦਿੱਲੀ ਥੋੜੇ ਜਾਵੇਗਾ।

ਪ੍ਰੋਫੈਸਰ ਪ੍ਰੀਤਮ ਸਿੰਘ ਵੀ ਅੱਗੋਂ ਬੁਰੇ ਦੇ ਘਰ ਤੱਕ ਜਾਣ ਵਾਲੇ ਨੇ। ਫੇਰ ਵਾਈਸ ਚਾਂਸਲਰ ਨੂੰ ਜਾ ਮਿਲੇ ਕਿ ਜਾਂ ਤਾਂ ਵਾਈਵਾ ਇਥੇ ਰੱਖੋ ਜਾਂ ਦਿੱਲੀ ਜਾਇਓ।

ਵਾਈਸ-ਚਾਂਸਲਰ ਨੇ ਬਥੇਰਾ ਪੁੱਛਿਆ ਵਿਚੋਂ ਗੱਲ ਕੀਐ ਪਰ ਉਨ੍ਹਾਂ ਆਖਿਆ ਤੁਹਾਨੂੰ ਵਾਈਵੇ ਵੇਲੇ ਆਪੇ ਪਤਾ ਲੱਗ ਜੂ।

ਵਾਈਵਾ ਕੈਂਸਲ ਹੋ ਗਿਆ।

ਪਰ ਮਹੀਨੇ ਕੁ ਮਗਰੋਂ ਫੇਰ ਚਿੱਠੀ ਆ ਗਈ। ਵਾਈਵਾ ਫੇਰ ਦਿੱਲੀ ਹੀ ਰੱਖਿਆ ਸੀ। ਝਕਦੀ ਝਕਦੀ ਨੇ ਮੈਂ ਫੇਰ ਪ੍ਰੋਫੈਸਰ ਪ੍ਰੀਤਮ ਸਿੰਘ ਹੋਰਾਂ ਨੂੰ ਦੱਸਿਆ। ਉਹ ਵਾਈਸ-ਚਾਂਸਲਰ ਨੂੰ ਮਿਲੇ ਤੇ ਉਸ ਨੇ ਖਿਝ ਕੇ ਤਾਰ ਰਾਹੀਂ ਅਗਲੇ ਦਿਨ ਮੈਨੂੰ ਵੀ ਤੇ ਐਗਜ਼ਾਮੀਨਰਜ਼ ਨੂੰ ਵੀ, ਹੈਡ ਪੰਜਾਬੀ ਵਿਭਾਗ ਚੰਡੀਗੜ੍ਹ ਨੂੰ ਤੇ ਇਕ ਦਿੱਲੀ ਤੋਂ ਕੋਈ ਬੰਗਾਲੀ ਵਿਦਵਾਨ ਸ਼ਾਇਦ ਦਾਸ ਗੁਪਤਾ ਸੀ ਆਪਣੇ ਦਫ਼ਤਰ ਵਾਈਵੇ ਲਈ ਸੱਦ ਲਿਆ।

ਪਹਿਲੇ ਜੀਅ ਨੂੰ ਘਬਰਾਹਟ ਹੋਈ ਫਿਰ ਸੋਚਿਆ ਵੱਧ ਤੋਂ ਵੱਧ ਰਿਜਕੈਟ ਹੀ ਕਰ ਦੇਣਗੇ, ਤਾਂ ਕੀਐ।

ਇਕ ਘੰਟਾ ਵੀਹ ਮਿੰਟ ਸਵਾਲ ਜਵਾਬ ਹੁੰਦੇ ਰਹੇ। ਕੁੱਝ ਕੁ ਮੈਨੂੰ ਅਜੇ ਵੀ ਯਾਦ ਹਨ। ਪੁੱਛਿਆ ਗਿਆ ਜਿੰਨੀਆਂ ਕਿਤਾਬਾਂ ਦੇ ਪਿੱਛੇ ਰੈਫਰੈਂਸ ਦਿੱਤੇ ਨੇ ਇਹ ਪੜ੍ਹੀਆਂ ਵੀ

ਨੇ ਸਾਰੀਆਂ ? ਮੈਂ ਆਖਿਆ ਇਨ੍ਹਾਂ ਵਿਚੋਂ ਜਿਹੜੀ ਕੋਈ ਤੁਸੀਂ ਪੜ੍ਹੀ ਹੋਈਐ ਉਸ ਵਿਚੋਂ ਪੁੱਛ ਕੇ ਦੇਖ ਲਓ।

"ਲੋਕ ਕਹਾਣੀਆਂ ਲੋਕ ਜੀਵਨ ਵਿਚ ਖੁੰਬਾਂ ਵਾਂਗੂੰ ਆਪੇ ਉੱਗੀਆਂ ਹੋਣ ਕਰਕੇ....ਇਹ ਫਿਕਰਾ ਥੀਸਿਜ਼ ਵਿਚੋਂ ਪੜ੍ਹ ਕੇ ਆਖਿਆ ਗਿਆ। ਇਹ ਕੋਈ ਕਰਿਟੀਸਿਜ਼ਮ ਦੀ ਬੋਲੀਐ ? ਇਹ ਤਾਂ ਕਿਰੀਏਟਿਵ ਬੋਲੀ ਐ, ਤੁਸੀਂ ਨਾਵਲ ਥੋੜ੍ਹੇ ਲਿਖ ਰਹੇ ਹੋ ?"

ਮੈਂ ਦੱਸਿਆ ਸ਼ੈਕਸਪੀਅਰ ਉਪਰ ਚਾਰ ਹਜ਼ਾਰ ਕਰੀਟਿਕਸ ਨੇ ਲਿਖਿਆ, ਉਨ੍ਹਾਂ ਵਿਚੋਂ ਵਿਲਸਨ ਨਾਈਟ ਸਭ ਤੋਂ ਚੰਗਾ ਮੰਨਿਆ ਜਾਂਦੈ ਤੇ ਵਿਲਸਨ ਨਾਈਟ ਦੀ ਕਿਤਾਬ ਦੀ ਭੂਮਿਕਾ ਲਿਖਦਾ ਟੀ. ਐਸ. ਐਲੀਅਟ ਆਖਦੈ ਕਿ "ਵਿਲਸਨ ਨਾਈਟ ਦੀ ਕਰਿਟੀਸ਼ਿਜਮ ਦੀ ਵਿਸ਼ੇਸ਼ਤਾ ਹੀ ਇਹ ਹੈ ਕਿ ਇਹ ਕਿਰੀਏਟਿਵ ਹੈ। ਤੇ ਇਥੇ ਮੇਰਾ ਕਿਰੀਏਟਿਵ ਹੋਣਾ ਨੁਕਸ ਕਿਵੇਂ ਬਣ ਗਿਆ ?

ਦਰਦੀ ਸਾਹਿਬ ਦੀ ਕਹਾਣੀਆਂ ਦੀ ਕਿਤਾਬ ਦਾ ਕਿਧਰੇ ਜ਼ਿਕਰ ਨਹੀਂ ਕੀਤਾ ਹਾਲਾਂਕਿ ਏਡੇ ਵੱਡੇ ਉਹ ਲੇਖਕ ਹਨ ?

ਦਰਦੀ ਸਾਹਿਬ ਇਕ ਐਗਜ਼ਾਮੀਨਰ ਸਨ, ਸਾਹਮਣੇ ਬੈਠੇ ਸਨ, ਮੈਂ ਆਖਿਆ ਮੈਂ ਦਰਦੀ ਹੋਰਾਂ ਨੂੰ ਕਹਾਣੀਕਾਰ ਨਾਲੋਂ ਆਲੋਚਕ ਚੰਗਾ ਮੰਨਦੀ ਹਾਂ "ਬ੍ਰਹਮ ਤੇ ਮਾਇਆ" ਕਿਤਾਬ ਮੈਂ ਪੜ੍ਹੀ ਹੈ ਪਰ ਥੀਸਿਜ਼ ਵਿਚ ਜ਼ਿਕਰ ਨਹੀਂ ਕੀਤਾ।

"ਇਹ ਗਲਤ ਹੈ ਜ਼ਿਕਰ ਕਰਨਾ ਚਾਹੀਦਾ ਸੀ" ਜ਼ਰਾ ਜ਼ੋਰ ਦੇ ਕੇ ਅਗਲੇ ਨੇ ਆਖਿਆ।

"ਡੋਂਟ ਟਰਾਈ ਟੂ ਬਲੈਕਮੇਲ ਮੀ" ਮੈਂ ਤਪ ਕੇ ਆਖਿਆ।

"ਛੱਡੋ ਛੱਡੋ ਇਹ ਗੱਲ" ਦਰਦੀ ਸਾਹਿਬ ਨੇ ਆਖਿਆ ਤੇ ਉਹ ਆਪ ਥੀਸਿਜ਼ ਨਾਲ ਸੰਬੰਧਤ ਚੰਗੇ ਸਿਆਣੇ ਸਵਾਲ ਪੁੱਛਣ ਲੱਗ ਪਏ।

ਵਾਈਸ-ਚਾਂਸਲਰ ਸਭ ਕੁਝ ਦੇਖ ਰਿਹਾ ਸੀ।

"ਤੁਹਾਡੇ ਥੀਸਿਜ਼ ਵਿਚ ਬਹੁਤ ਸਾਰੀਆਂ ਸਪੈਲਿੰਗ ਮਿਸਟੇਕਸ ਹਨ" ਉਸ ਵੇਲੇ ਦੇ ਹੈਡ ਪੰਜਾਬੀ ਵਿਭਾਗ ਚੰਡੀਗੜ੍ਹ ਨੇ ਆਖਰੀ ਹਥਿਆਰ ਵਰਤਿਆ।

"ਤੁਸੀਂ ਜਾਂ ਤੁਹਾਡੀ ਯੂਨੀਵਰਸਿਟੀ ਨੇ ਕੋਈ ਸਪੈਲਿੰਗਜ਼ ਦੀ ਡਿਕਸ਼ਨਰੀ ਬਣਾਈ ਹੋਈ ਹੈ ? ਜਾਂ ਪੰਜਾਬੀ ਵਿਚ ਕੋਈ ਸਪੈਲਿੰਗਜ਼ ਦੀ ਡਿਕਸ਼ਨਰੀ ਹੈ ? ਤੁਸੀਂ ਜਿਸ ਨੂੰ ਗਲਤ ਆਖਦੇ ਹੋ ਦੂਜੇ ਠੀਕ ਆਖਦੇ ਨੇ ਤੇ ਤੁਸੀਂ ਜਿਸ ਨੂੰ ਠੀਕ ਆਖਦੇ ਹੋ ਦੂਜੇ ਗਲਤ। ਇਸ ਦਾ ਫੈਸਲਾ ਕੌਣ ਕਰੇਗਾ ?

ਇੱਥੇ ਵਾਈਸ-ਚਾਂਸਲਰ ਨੇ ਪੁੱਛਿਆ ਕੀ ਪੰਜਾਬੀ ਵਿਚ ਕੋਈ ਸਪੈਲਿੰਗਜ਼ ਦੀ ਡਿਕਸ਼ਨਰੀ ਨਹੀਂ ?

ਜਵਾਬ ਸੀ "ਭਾਸ਼ਾ ਵਿਭਾਗ ਵਾਲਿਆਂ ਨੇ ਸ਼ੁਰੂ ਕੀਤੀ ਹੋਈਐ।"

ਤੇ ਫਿਰ ਆਖਿਆ "ਇਹਦੇ ਵਿਚ ਟਾਈਪ ਦੀਆਂ ਵੀ ਗਲਤੀਆਂ ਨੇ।" ਮੈਂ ਆਖਿਆ "ਵਿਖਾਓ।"

ਦੋ ਚਾਰ ਸਵਾਲ ਹੋਰ ਪੁੱਛੇ ਗਏ। ਵਾਈਸ-ਚਾਂਸਲਰ ਨੇ ਘੜੀ ਦੇਖੀ।

"ਚਲੋ ਠੀਕ ਐ ਤੁਸੀਂ ਜਾ ਸਕਦੇ ਹੋ" ਹੈਡ ਪੰਜਾਬੀ ਵਿਭਾਗ ਨੇ ਆਖਿਆ।

"ਨਹੀਂ ਬੇਟੀ ਬੈਠ ਚਾਹ ਆ ਰਹੀਐ, ਪੀ ਕੇ ਜਾਈਂ। ਵੈਰੀ ਇੰਨਟੈਲੀਜੈਂਟ

ਗਰਲ" ਵਾਈਸ-ਚਾਂਸਲਰ ਨੇ ਪਹਿਲੀ ਗੱਲ ਮੈਨੂੰ ਤੇ ਦੂਜੀ ਸਾਰੀ ਕਮੇਟੀ ਨੂੰ ਸੰਬੋਧਨ ਕਰਕੇ ਆਖੀ।

ਚਾਹ ਆ ਗਈ। ਛੇਤੀ ਛੇਤੀ ਚਾਹ ਮੁਕਾ ਕੇ ਮੈਂ ਧੰਨਵਾਦ ਕਰਕੇ ਬਾਹਰ ਆ ਗਈ। ਮੇਰਾ ਸਿਰ ਦੁਖ ਰਿਹਾ ਸੀ ਤੇ ਜੀਅ ਵੀ ਘਬਰਾ ਰਿਹਾ ਸੀ। "ਦਫ਼ਾ ਹੋਵੇ ਪੀਐਚ.ਡੀ." ਆਖ ਮੈਂ ਸਕੂਟਰ ਰਿਕਸ਼ਾ ਲੈ ਕੇ ਚੰਡੀਗੜ੍ਹ ਦੇ ਬਸ ਅੱਡੇ ਤੇ ਆ ਗਈ ਤੇ ਉਥੋਂ ਬਸ ਲੈ ਕੇ ਪਟਿਆਲੇ ਪਹੁੰਚ ਗਈ।

ਵਾਈਵੇ ਵਿਚ ਮੈਂ ਜਵਾਬ ਹਲੀਮੀ ਵਾਲੇ ਨਹੀਂ ਸੀ ਦਿੱਤੇ। ਤੇ ਮੈਂ ਅੰਦਾਜ਼ਾ ਨਹੀਂ ਸੀ ਲਾ ਸਕੀ ਮੈਨੂੰ ਡਿਗਰੀ ਮਿਲ ਜਾਵੇਗੀ ਕਿ ਨਹੀਂ।

ਜਿਸ ਦਿਨ ਸਿੰਡੀਕੇਟ ਦੀ ਮੀਟਿੰਗ ਵਿਚ ਰੀਜ਼ਲਟ ਦਾ ਪਤਾ ਲੱਗਣਾ ਸੀ ਕੋਈ ਚੰਡੀਗੜ੍ਹ ਜਾਣ ਲਈ ਤਿਆਰ ਨਹੀਂ ਸੀ ਕਿ ਜੇ ਖਬਰ ਮਾੜੀ ਹੋਈ ਤੇ ਬਹੁਤੀ ਸੰਭਾਵਨਾ ਮਾੜੀ ਖਬਰ ਦੀ ਸੀ।

ਆਖਿਰ ਹਰਿੰਦਰ ਮਹਿਬੂਬ ਹੌਂਸਲਾ ਕਰਕੇ ਚਲਿਆ ਗਿਆ। ਪਿਛੋਂ ਦੂਜੇ ਸੰਸਾ ਵੀ ਕਰਦੇ ਸੀ, ਗੁੱਸੇ 'ਚ ਆ ਕੇ ਕਿਧਰੇ ਕਿਸੇ ਨੂੰ ਕੁੱਟ ਹੀ ਨਾ ਆਵੇ, ਓਸਦਾ ਕਾਹਲੇ ਦਾ ਕੀ ਐ।

ਪਰ ਰਾਤ ਨੂੰ ਉਹ ਜ਼ੋਰ ਜ਼ੋਰ ਦੀ ਤਖਤੇ ਭੰਨ ਰਿਹਾ ਸੀ। ਮੈਂ ਬਾਰ ਖੋਲ੍ਹਿਆ।

ਉਹ ਮਠਿਆਈ ਦਾ ਡੱਬਾ ਲਈਂ ਖੜ੍ਹਾ ਸੀ। ਬੋਲਿਆ "ਮੈਂ ਟੇਸ਼ਨ ਤੋਂ ਨੱਠਿਆ ਆਇਆਂ ਤੁਸੀਂ ਭੋਰਾ ਮਠਿਆਈ ਦਾ ਲੈਲੋ, ਬਾਕੀ ਮੈਂ ਭੂਤਬਾੜੇ ਜਾ ਕੇ ਦੱਸਣੈ, ਨਾਲੇ ਮਠਿਆਈ ਦੇਣੀਐ।" ਮੈਂ ਬਰਫ਼ੀ ਦਾ ਇਕ ਟੁਕੜਾ ਚੁੱਕ ਲਿਆ ਤੇ ਉਹ ਉਨ੍ਹੀਂ ਪੈਰੀਂ ਪਰਤ ਗਿਆ।

ਅਗਲੇ ਦਿਨ ਭੂਤਬਾੜੇ ਵਾਲਿਆਂ ਵਿਚੋਂ ਕੋਈ ਕਾਲਜ ਨਹੀਂ ਸੀ ਆਇਆ। ਪਤਾ ਲੱਗਿਆ ਉਹ ਰਾਤ ਦਾਰੂ ਪੀ ਕੇ ਜਸ਼ਨ ਮਨਾਉਂਦੇ ਰਹੇ ਸਨ ਤੇ ਹੁਣ ਸਭ ਸੁੱਤੇ ਪਏ ਸਨ।

## 27

ਉਸ ਦੇ ਭੂਆ ਜੀ ਨੂੰ ਮੈਂ ਕਿਹਾ ਸੀ 'ਭੇਜਣਾ ਨਾ', ਪਰ ਮੇਰੇ ਕਹਿਣ ਨਾਲ ਕੀ ਹੁੰਦੈ। ਅਚਾਨਕ ਇਕ ਦਿਨ ਉਹ ਭਲਾਮਾਣਸ ਆ ਪਹੁੰਚਿਆ।

ਬੇਜੀ ਡਰਾਇੰਗ ਰੂਮ ਵਿਚ ਬੈਠਾ ਕੇ ਆਓਭਗਤ ਕਰ ਰਹੇ ਸਨ ਤੇ ਮੈਂ ਡਰੀ ਭੰਵਤਰੀ ਸੋਚ ਰਹੀ ਸੀ ਕੋਈ ਅੱਗ ਹੀ ਮੇਰੇ ਕੱਪੜਿਆਂ ਨੂੰ ਲੱਗ ਜਾਵੇ ਤੇ ਮੈਂ ਲਟ ਲਟ ਬਲ ਜਾਵਾਂ।

ਰਸਮੀ ਸੁਖ ਸਾਂਦ ਤੋਂ ਮਗਰੋਂ ਉਹਨੇ ਆਖਿਆ "ਬੇਜੀ ਮੈਂ ਉਹਦੇ ਨਾਲ ਇਕੱਲੀ ਨਾਲ ਇਕ ਗੱਲ ਕਰਨੀ ਐ ਉਹਨੂੰ ਭੇਜਿਓ ਜ਼ਰਾ" ਮਤਲਬ ਸੀ ਤੁਸੀਂ ਜਾਓ ਤੇ ਉਹਨੂੰ ਭੇਜੋ।

ਬੇਜੀ ਨੇ ਮੈਨੂੰ ਦੱਸਿਆ, ਪਰ ਜੀਅ 'ਚੋਂ ਉਹ ਵੀ ਘਬਰਾ ਰਹੇ ਸਨ। ਮੈਂ ਡਰਾਇੰਗ ਰੂਮ ਵਿਚ ਗਈ। "ਦੱਸੋ?" ਮੈਂ ਆਖਿਆ।

"ਤੂੰ ਭੂਆ ਜੀ ਨੂੰ ਕੀ ਆਖਿਐ? ਬਈ ਜਾਣਾ ਨੀ? ਏਥੇ ਲੋਕਾਂ ਨਾਲ ਖੇਹ ਖਾਂਦੇ ਫਿਰਨਾ, ਓਥੇ ਜਾਣਾ ਨੀ। ਮੈਂ ਭੁੱਲਿਆਂ ਹੋਇਆਂ ਭਲਾ ਤੀਮੀਆਂ ਨੂੰ। ਉਹਨਾਂ ਨੂੰ ਕਦ ਆਦਮੀ ਬਿਨਾਂ ਸਰਦਾ ਹੁੰਦੈ।"

ਲਫ਼ਜ਼ ਸਨ ਜਿਵੇਂ ਅੱਗ ਦੇ ਅੰਗਿਆਰ! ਖ਼ੂਨ ਸਾਂ ਸਾਂ ਕਰਕੇ ਮੇਰੇ ਸਿਰ ਨੂੰ ਚੜ੍ਹਿਆ।

"ਤੂੰ ਸਮਝਦੀ ਐਂ ਸਾਡੇ ਘਰ 'ਚ ਤੇਰੀ ਇੱਜ਼ਤ ਸੇਫ ਨੀ, ਪਰ ਮੈਂ ਕਹਿਨਾਂ ਜੇ ਸਿੱਧੀ ਤਰ੍ਹਾਂ ਨਹੀਂ ਜਾਏਂਗੀ ਮੈਂ ਤੈਨੂੰ ਏਥੋਂ ਚੁਕਵਾ ਕੇ ਲੈਜੂੰ ਤੇ ਚਾਰ ਬਦਮਾਸ਼ਾਂ ਤੋਂ ਆਪਣੇ ਸਾਹਮਣੇ ਤੇਰੀ ਇੱਜ਼ਤ ਖ਼ਰਾਬ ਕਰਵਾਊਂ। ਦੱਸ ਫੇਰ ਕੀ ਕਰੇਂਗੀ?"

"ਬੇਜੀ ਸ਼ਾਇਦ ਬਾਹਰ ਕੰਧ ਨਾਲ ਲੱਗੇ ਖੜ੍ਹੇ ਸੀ, ਘਬਰਾ ਕੇ ਅੰਦਰ ਆ ਗਏ। ਬੋਲੇ "ਅਸੀਂ ਕਾਕਾ ਇਹ ਥੋਨੂੰ ਬੇਚੀ ਨੀ ਹੋਈ। ਕੇਹੋ ਜੀਆਂ ਗੱਲਾਂ ਕਰਦੈਂ। ਜੇ ਅੱਜ ਇਹਦੇ ਫੁੱਫੜ ਜੀ ਜੀਊਂਦੇ ਹੁੰਦੇ ਜਾਂ ਇਹਦਾ ਬਾਪ ਈ ਜੀਊਂਦਾ ਹੁੰਦਾ ਤੂੰ ਐਉਂ ਬੋਲਦਾ" ਤੇ ਬੇਜੀ ਰੋਣ ਲੱਗ ਪਏ।

"ਨਹੀਂ ਭੇਜਣੀ ਸੀ ਤਾਂ ਵਿਆਹ ਕਾਹਦੇ ਲਈ ਕੀਤਾ ਸੀ?" ਉਹਨੇ ਰੋਅਬ ਨਾਲ ਪੁੱਛਿਆ।

"ਵਿਆਹ ਹੋਏ ਨੂੰ ਤਾਂ ਏਨੇ ਸਾਲ ਹੋਗੇ ਓਦਣ ਦਾ ਤੂੰ ਕਿਥੇ ਸੀ? ਫੁੱਲ ਵਰਗੀ ਮੇਰੀ ਧੀ ਦੀ ਜਾਨ, ਵਿਆਹ ਕਾਹਦਾ ਕੀਤਾ ਐ ਕੰਡੇ ਬੀਜਤੇ ਜਾਨ ਨੂੰ" ਆਖਦੇ ਬੇਜੀ ਅਜੇ ਵੀ ਰੋਈ ਜਾ ਰਹੀ ਸੀ।

"ਬੇਜੀ ਤੁਸੀਂ ਅੰਦਰ ਚਲੋ" ਆਖ ਮੈਂ ਬੇਜੀ ਨੂੰ ਜ਼ਬਰਦਸਤੀ ਉਥੋਂ ਉਠਾਲ ਦਿੱਤਾ। ਦਰਵਾਜ਼ੇ ਤੱਕ ਛੱਡ ਆਈ ਤੇ ਆ ਕੇ ਫੇਰ ਕੁਰਸੀ ਤੇ ਬੈਠ ਗਈ।

"ਕੀ ਕਹਿੰਦੀ ਐਂ?" ਉਹਨੇ ਤਾੜਕੇ ਪੁੱਛਿਆ।

"ਇਹ ਕਹਿਨੀ ਆਂ ਬਈ ਹੁਣੇ ਹਸਪਤਾਲ ਚਲੇ ਚਲੋ, ਮੇਰਾ ਮੈਡੀਕਲ ਕਰਵਾ ਲਓ। ਜੇਹੜਾ ਦੂਸ਼ਨ ਮੇਰੇ ਤੇ ਲਾਇਐ ਅਗਰ ਉਹ ਗ਼ਲਤ ਹੋਇਆ ਮੈਂ ਉਥੇ ਈ ਪਹਿਲੀ ਗੋਲੀ ਤੁਹਾਡੇ ਮਾਰੂੰ ਤੇ ਪਿਛੋਂ ਆਪਣੇ" ਮੈਂ ਮਚਦੀਆਂ ਅੱਖਾਂ ਤੇ ਡੁਬਦੀ ਆਵਾਜ਼ ਨਾਲ ਆਖਿਆ।

"ਮੈਨੂੰ ਪਹਿਲਾਂ ਈ ਪਤੈ ਬਥੇਰੀਆਂ ਤੀਮੀਆਂ ਆਦਮੀਆਂ ਨੂੰ ਜ਼ਹਿਰ ਦੇ ਕੇ ਮਾਰ ਦਿੰਦੀਆਂ ਨੇ। ਭੂਆ ਜੀ ਦੀ ਸੌਂਕਣ ਨੇ ਏਮੇਂ ਕੀਤਾ ਸੀ" ਆਖ ਉਹ ਭਲਾਮਾਣਸ ਪਤਾ ਨਹੀਂ ਕਿਹੜੀ ਗੱਲ ਦਾ ਕੀ ਜਵਾਬ ਦੇ ਕੇ ਤੁਰ ਗਿਆ ਸੀ।

ਇਨ੍ਹਾਂ ਦਿਨਾਂ ਵਿਚ ਬਹੁਤ ਵਾਰੀ ਮੇਰਾ ਜੀਅ ਘਟਿਆ। ਬਹੁਤ ਵਾਰੀ ਕੱਚੀਆਂ ਤ੍ਰੇਲੀਆਂ ਆਈਆਂ ਤੇ ਬਹੁਤ ਵਾਰੀ ਹੀ ਰਘਬੀਰ ਭਰਾ ਜੀ ਡਾਕਟਰ ਨੂੰ ਸੱਦ ਕੇ ਲਿਆਏ।

ਇਹ ਸਭ ਮੇਰੇ ਨਾਲ ਕੀ ਵਾਪਰ ਰਿਹੈ? ਮੈਂ ਆਪਣੇ ਆਪ ਨੂੰ ਪੁੱਛਦੀ।

"ਪਤਾ ਨੀ ਹੁਣ ਉਹ ਕੀ ਕਰਨ" ਬੇਜੀ ਫ਼ਿਕਰਮੰਦ ਹੋ ਕੇ ਆਖਦੇ।

ਬੇਜੀ ਦੇ ਫਿਕਰ ਦੀ ਇਹ ਗੱਲ ਇਕ ਵਾਰੀ ਹਰਨੇਕ ਮੇਰੀ ਤੀਜੀ ਭੈਣ ਕੰਵਲ ਦੇ ਘਰ ਵਾਲੇ ਨੇ ਜਦੋਂ ਸੁਣੀ, ਉਸ ਨੇ ਤ੍ਰਭਕ ਕੇ ਮੇਰੀ ਵੱਲ ਦੇਖਆ।

ਛੇ ਫੁੱਟ ਦਾ ਮਾੜੇ ਮੋਟੇ ਦੋਂਹ ਬੰਦਿਆਂ ਨੂੰ ਸਿਰਾਂ ਤੋਂ ਫੜ ਕੇ ਭਿੜਾ ਦੇਣ ਵਾਲਾ, ਮਾਂ ਦਾ ਰੀਝ ਨਾਲ ਪਾਲਿਆ ਕੱਲਾ ਪੁੱਤਰ, ਹਰਨੇਕ ਹਮੇਸ਼ਾਂ ਹੀ ਆਖਦਾ ਹੁੰਦਾ ਸੀ, ਕਮਲ ਬਾਕੀ ਭਾਈ ਭੈਣ ਤੇਰੇ, ਵੱਡੇ ਭੈਣ ਜੀ ਮੇਰੇ। ਉਹਨੂੰ ਲੱਗਿਆ ਮੇਰੇ ਹੁੰਦਿਆਂ ਬੇਜੀ ਇਹ ਆਖਣ ਕਿ ਪਤਾ ਨੀ ਹੁਣ ਉਹ ਕੀ ਕਰਨ।

ਬਿਨਾਂ ਕਿਸੇ ਨੂੰ ਦੱਸੇ ਆਪਣੇ ਇਕ ਦੋਸਤ ਨੂੰ ਨਾਲ ਲੈ ਕੇ, ਗਲ ਵਿਚ ਪਸਤੌਲ

ਪਾ ਕੇ, ਉਹ ਸ਼ਰਾਬ ਪੀ ਕੇ, ਮੋਟਰ ਸਾਈਕਲ ਲੈ ਕੇ, ਅਗਲਿਆਂ ਦੇ ਪਿੰਡ ਜਾ ਅੱਪੜਿਆ ਸੀ। ਸ਼ਾਇਦ ਸੋਚ ਕੇ ਗਿਆ ਸੀ ਅੱਜ ਫਸਤਾ ਈ ਮੁਕਾ ਆਉਣੈ।

ਅਗਲਾ ਅੱਗੋਂ ਉਥੇ ਨਹੀਂ ਸੀ ਮਿਲਿਆ ਤਾਂ ਆਖ ਆਇਆ ਸੀ "ਜਿਸ ਘਰ ਦਾ ਇਹ ਜੁਆਈ ਐ, ਮੈਂ ਉਸ ਘਰ ਦਾ ਪੁੱਤ ਵੀ ਆਂ, ਸੋ ਸੋਚ ਸਮਝ ਕੇ ਮੂੰਹ ਕਰੇ ਉਧਰ ਨੂੰ, ਜੇ ਲੱਭ ਜਾਂਦਾ ਤਾਂ, ਅੱਜ ਈ ਪੁੱਛ ਲੈਂਦਾ।"

ਹਰਨੇਕ ਦੀ ਮਾਂ ਨੇ ਚਿੰਤਾਤੁਰ ਹੋ ਕੇ ਜਦੋਂ ਇਹ ਗੱਲ ਦੱਸੀ ਤਾਂ ਮੈਂ ਬੜੀ ਉਦਾਸ ਹੋ ਗਈ ਸੀ। ਲੱਗਿਆ ਸੀ ਮੇਰੀ ਬੇਅਰਥ ਜਿਹੀ ਜ਼ਿੰਦਗੀ ਪਿੱਛੇ ਕੋਈ ਕਾਰਾ ਨਾ ਹੋ ਜਾਵੇ।

ਹਰਨੇਕ ਨੂੰ ਮੈਂ ਝਿੜਕਿਆ ਤੇ ਆਖਿਆ "ਮੈਂ ਆਪਣੇ ਮਾਮਲੇ ਆਪੇ ਨਜਿੱਠ ਲਵਾਂਗੀ, ਤੈਨੂੰ ਕੋਈ ਬੇਵਕੂਫੀ ਕਰਨ ਦੀ ਲੋੜ ਨੀ।"

ਅਗੋਂ ਉਹ ਵੀ ਖਿਝਿਆ ਹੋਇਆ ਸੀ ਬੋਲਿਆ, "ਇਹ ਕਿਉਂ ਜ਼ਰੂਰੀ ਐ ਕਿ ਜਿਮੇਂ ਤੁਸੀਂ ਆਖੋ ਸਾਰੇ ਉਵੇਂ ਜੀਊਈਏ ? ਕੱਲ੍ਹ ਨੂੰ ਕੋਈ ਐਸੀ ਵੈਸੀ ਗੱਲ ਵਾਪਰ ਜਾਂਦੀ ਐ ਫੇਰ ਜੀਊਂਦੇ ਫਿਰਾਂਗੇ ?"

"ਐਸੀ ਵੈਸੀ ਗੱਲ ਵਾਪਰਨ ਲੱਗੂ, ਮੈਂ ਆਪ ਆਪਣੇ ਗੋਲੀ ਮਾਰਲੂੰ।"

"ਇਸ ਤੋਂ ਪਹਿਲਾਂ ਕਿ ਤੁਸੀਂ ਆਪਣੇ ਗੋਲੀ ਮਾਰੋ ਅਸੀਂ ਫੂਕਨੀ ਦਿਆਂਗੇ ਸਾਰੀ ਦੁਨੀਆਂ ਨੂੰ" ਉਹ ਬਹੁਤ ਤਪਿਆ ਹੋਇਆ ਸੀ।

"ਹਰਨੇਕ ਤੂੰ ਆਂਟੀ ਜੀ ਦਾ ਕੱਲਾ ਕੱਲਾ ਪੁੱਤਰ ਐਂ, ਤੈਨੂੰ ਇਹ ਨਹੀਂ ਭੁਲਣਾ ਚਾਹੀਦਾ" ਮੈਂ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਸ਼ੇਰਨੀ ਦੇ ਇਕੋ ਹੁੰਦੈ ਤੇ ਉਹ ਜੰਗਲੀ ਜਾਨਵਰਾਂ ਤੋਂ ਡਰ ਕੇ ਘੁਰਨੇ 'ਚ ਲੁਕਕੇ ਕਦੇ ਨੀ ਬਹਿ ਜਾਂਦਾ" ਉਹ ਦੱਸ ਰਿਹਾ ਸੀ।

"ਤੈਨੂੰ ਕਦੇ ਕੋਈ ਔਖ ਹੋਈ, ਕੰਵਲ ਨੇ ਸਾਰੀ ਉਮਰ ਕਦੇ ਮੈਨੂੰ ਮੁਆਫ਼ ਨਹੀਂ ਕਰਨਾ। ਤੇ ਮੈਂ ਚਾਹੁੰਦੀ ਵੀ ਨਹੀਂ ਕੋਈ ਹੋਰ...."

"ਭੈਣ ਜੀ ਤੁਹਾਡੇ ਵਿਚ ਨੁਕਸਈ ਇਹ ਐ ਬਈ ਤੁਸੀਂ ਆਪਣੀ ਥਾਂ ਹਮੇਸ਼ਾ ਦੂਜਿਆਂ ਬਾਰੇ ਫਿਕਰ ਕਰਦੇ ਰਹਿੰਦੇ ਓ। ਕੰਵਲ ਦਾ ਮੈਨੂੰ ਵੀ ਪਤੈ, ਤੁਹਾਡੇ ਨਾਲੋਂ ਵੱਧ ਮੈਨੂੰ ਓਸ ਦਾ ਫਿਕਰ ਐ। ਨਾਲੇ ਮੈਂ ਕੋਈ ਬੇਵਕੂਫ ਆਂ ? ਬੱਚਾ ਆਂ ? ਤੁਸੀਂ ਬੇਸ਼ੱਕ ਮੈਨੂੰ ਕੋਈ ਸਮਝੀ ਜਾਵੋ ਮੈਂ ਤਾਂ.....ਖ਼ੈਰ ਛੱਡੋ ਇਸ ਗੱਲ ਨੂੰ ਮੇਰਾ ਤਾਂ ਜਿਮੇਂ ਜੀ ਕਰੂੰਗਾ, ਦੇਖੀ ਜਾਊ ਜਿਹੜੀ ਹੋਊ" ਉਸ ਨੇ ਰੁੱਖਾ ਜਿਹਾ ਜਵਾਬ ਦਿੱਤਾ ਸੀ।

ਉਸ ਦਾ ਮੇਰੇ ਪ੍ਰਤੀ ਲਗਾਉ ਮੋਹ ਵੀ ਜਗਾਉਂਦਾ ਸੀ ਤੇ ਭੈਅ ਵੀ। ਵਰ੍ਹਿਆਂ ਮਗਰੋਂ ਬਾਪੂ ਜੀ ਦੀ ਮੌਤ ਤੋਂ ਪਿਛੋਂ ਲੱਗਿਆ ਬੇਸ਼ੱਕ ਅਸੀਂ ਘਰ ਦੇ ਦਰਵਾਜ਼ੇ ਖੁੱਲ੍ਹੇ ਛੱਡ ਕੇ ਸੌਂ ਜਾਈਏ।

ਇਸੇ ਹਰਨੇਕ ਦੇ ਦੋਸਤ ਕਰਮਿੰਦਰ ਨੂੰ ਮੈਂ ਆਖਿਆ "ਤੂੰ ਅਮਰੀਕਾ ਚੱਲਿਐਂ ਹਰਨੇਕ ਨੂੰ ਵੀ ਨਾਲ ਲੈਜਾ ਕੋਈ ਕੋਰਸ ਕਰ ਆਊਗਾ।"

ਜਿਹੜਾ ਹਰਨੇਕ ਜਿਥੇ ਵੀ ਬਦਲਿਆ ਹੁੰਦਾ ਜੇ ਹਫ਼ਤੇ ਮਗਰੋਂ ਉਥੋਂ ਮਿਲਣ ਨਾ ਆਉਂਦਾ ਤਾਂ ਬੇਜੀ ਆਖਦੇ ਰਾਜ਼ੀ ਹੋਵੇ ਸਹੀ ਤੇ ਉਹਦੇ ਆਪਣੇ ਬੇਜੀ ਸਾਡੇ ਘਰ ਪੁੱਛਣ ਆ ਜਾਂਦੇ, ਹਰਨੇਕ ਕਾਹਤੋਂ ਨੀ ਆਇਆ ? ਉਸ ਹਰਨੇਕ ਨੂੰ ਮੈਂ ਅਮਰੀਕਾ ਚਲੇ ਜਾਣ ਲਈ ਆਖ ਰਹੀ ਸੀ। ਅਸਲ ਵਿਚ ਮੈਨੂੰ ਉਹਦੇ ਤੋਂ ਡਰ ਲੱਗਣ ਲੱਗ ਪਿਆ ਸੀ ਤੇ ਮੈਂ ਚਾਹੁੰਦੀ ਸੀ ਮੇਰੀ ਅਣਹੋਈ ਦੀ ਖਾਤਿਰ ਕੋਈ ਕਾਹਨੂੰ ਕੰਡਿਆਂ 'ਚ ਹੱਥ ਪਾਵੇ।

ਹਰਨੇਕ ਦੇ ਬੇਜੀ ਨੂੰ ਇਹ ਗੱਲ ਪਸੰਦ ਨਹੀਂ ਸੀ। ਉਹ ਆਖਦੇ ਸਨ "ਬਾਹਰਲੇ ਮੁਲਕਾਂ 'ਚ ਗਿਆ ਵੀ ਕਦੇ, ਕੋਈ ਮੁੜਿਐ ? ਜੇ ਇਹ ਓਥੇ ਈ ਰਹਿ ਗਿਆ ਮੈਨੂੰ ਤਾਂ ਊਂਈ ਨ੍ਹੇਰ ਪੈਜੂ ਜੱਗ ਤੇ।"

ਹਰਨੇਕ ਬਿਜ਼ਨੈਸ ਐਡਮਿਨਿਸਟਰੇਸ਼ਨ ਦੀ ਐਮ. ਏ. ਕਰਨ ਚਲਿਆ ਗਿਆ ਪਰ ਜਾਂਦਾ, ਹੋਇਆ ਆਖ ਗਿਆ "ਕੋਰਸ ਮੁੱਕਣ ਤੇ ਜਿਹੜਾ ਪਹਿਲਾ ਜਹਾਜ਼ ਹਿੰਦੁਸਤਾਨ ਨੂੰ ਆਵੇਗਾ ਉਸ ਵਿਚ ਮੈਂ ਆ ਰਿਹਾ ਹੋਵਾਂਗਾ।"

ਹਰਨੇਕ ਦੇ ਜਾਣ ਵੇਲੇ ਜੀ ਮੇਰਾ ਵੀ ਘਟ ਰਿਹਾ ਸੀ ਕਿ ਰਾਤ ਨੂੰ ਹੁਣ ਫੇਰ ਘਰ ਦੇ ਦਰਵਾਜ਼ੇ ਦੂਹਰੀ ਦੂਹਰੀ ਵਾਰ ਬੰਦ ਕਰਕੇ ਸੌਇਆਂ ਕਰਾਂਗੇ। ਭੂਤਾਂ ਚੁੜੇਲਾਂ ਵਰਗੇ ਬੰਦੇ ਫਿਰ ਰਾਤ ਨੂੰ ਬਾਰ ਖੜਕਾ ਕੇ ਡਰਾਇਆ ਕਰਨਗੇ। ਬੀਰੇ ਬਾਰੇ ਬੇਜੀ ਨੂੰ ਫੇਰ ਚਿੰਤਾ ਲੱਗਜੂ। ਕੰਵਲ ਆਪਣੇ ਨਿੱਕੇ ਜਿਹੇ ਪੁਤਰ ਸਮੇਤ ਉਦਾਸ ਤੇ ਨਾਰਾਜ਼ ਘਰ 'ਚ ਤੁਰੀ ਫਿਰਿਆ ਕਰੂ। ਹਰਨੇਕ ਦੇ ਬੇਜੀ ਗੁੱਸੇ ਨਾਲ ਆਖਿਆ ਕਰਨਗੇ ਏਹਨਾਂ ਨੇ ਤੋਰਤਾ ਮੇਰਾ ਮੁੰਡਾ। ਪਰ ਮੈਨੂੰ ਲੱਗਦਾ ਭਾਵੇਂ ਉਹ ਕਿਤੇ ਵੀ ਹੋਵੇ, ਹੋਵੇਗਾ ਤਾਂ ਸਹੀ।

ਹਰਨੇਕ ਭਾਵੇਂ ਚਲਿਆ ਗਿਆ ਸੀ ਪਰ ਇਕ ਭੈ, ਇਕ ਧਮਕੀ ਉਹ ਅਗਲਿਆਂ ਦੇ ਦਰਾਂ ਮੂਹਰੇ ਗੱਡ ਆਇਆ ਸੀ। ਉਨ੍ਹਾਂ ਦੀ ਸਾਰੀ ਮਾਇਆ, ਉਨ੍ਹਾਂ ਦੀਆਂ ਸਾਰੀਆਂ ਵੱਡੀਆਂ ਰਿਸ਼ਤੇਦਾਰੀਆਂ ਤੇ ਸਾਰੇ ਅਸਲੇ, ਕਿਸੇ ਦੀ ਵੀ ਮਾਰ ਅਮਰੀਕਾ ਤੱਕ ਨਹੀਂ ਸੀ ਤੇ ਅਮਰੀਕਾ ਵਿਚ ਬੈਠਾ ਹਰਨੇਕ ਜਦੋਂ ਜੀ ਕਰੇ ਜਹਾਜ਼ ਵਿਚ ਚੜ੍ਹ ਕੇ ਆ ਸਕਦਾ ਸੀ। ਜਦੋਂ ਜੀ ਕਰੇ ਜਹਾਜ਼ ਵਿਚ ਚੜ੍ਹ ਕੇ ਜਾ ਸਕਦਾ ਸੀ।

ਵਰ੍ਹਿਆਂ ਤੇ ਵਰ੍ਹੇ ਪੈ ਗਏ ਸਨ। ਨਾ ਹਰਨੇਕ ਆਇਆ ਸੀ ਤੇ ਨਾ ਉਨ੍ਹਾਂ ਦੇ ਦਰ ਮੂਹਰੇ ਗੱਡੀ ਧਮਕੀ ਨਾ ਭੈ ਨੂੰ ਕੋਈ ਪੁੱਟ ਕੇ ਦੂਰ ਸੁੱਟ ਸਕਿਆ ਸੀ।

ਤੇ ਇਕ ਦਿਨ ਡਾਕੀਆਂ ਉਰਦੂ 'ਚ ਕੁਝ ਲਿਖਿਆ ਤੇ ਕੁਝ ਛਪਿਆ ਮੈਲਾ ਜਿਹਾ ਕਾਗਜ਼ ਲਿਆਇਆ ਜਿਹੜਾ ਉਸ ਨੇ ਦਸਖਤ ਕਰਵਾ ਕੇ ਮੈਨੂੰ ਦਿੱਤਾ।

ਅਣਗੌਲਿਆ ਕਿਤਾਬ ਵਿਚ ਰੱਖ ਲਿਆ।

ਉਦੋਂ ਮੈਨੂੰ ਉਰਦੂ ਨਹੀਂ ਸੀ ਪੜ੍ਹਨਾ ਆਉਂਦਾ। ਆਥਣੇ ਰਘਬੀਰ ਭਰਾ ਜੀ ਨੂੰ ਵਖਾਇਆ। ਉਹ ਮੁੜਕੇ ਚੁੱਪ ਜਿਹੇ ਕਰ ਗਏ।

"ਕੀ ਗੱਲ ਐ ?" ਮੈਂ ਪੁੱਛਿਆ।

"ਨੋਟਿਸ ਐ ਕੋਰਟ ਦਾ।"

"ਕਾਹਦਾ ?"

"ਪੱਚੀ ਤਾਰੀਖ ਨੂੰ ਲੁਦੇਹਾਣੇ ਸੈਸ਼ਨ ਜੱਜ ਦੀ ਕਚਹਿਰੀ ਸੱਦਿਐ।"

"ਮੈਨੂੰ ?"

"ਹਾਂ।"

"ਕਿਉਂ ?"

"ਉਨ੍ਹਾਂ ਡਾਈਵੋਰਟਸ ਲਈ ਅਰਜ਼ੀ ਦਿੱਤੀਐ। ਉਸ ਦੇ ਸੰਬੰਧ ਵਿਚ ਬੁਲਾਇਐ"

ਕਾਗਜ਼ ਮੈਂ ਭਰਾ ਜੀ ਤੋਂ ਫੜ ਲਿਆ ਤੇ ਆਖਿਆ "ਬੇਜੀ ਹੋਰਾਂ ਕੋਲ ਗੱਲ ਨਾ ਕਰਿਓ।"

"ਅੱਠਾਂ ਦਿਨਾਂ ਨੂੰ ਪੱਚੀ ਤਾਰੀਖ ਸੀ। ਚਾਰ ਕੁ ਦਿਨ ਮਗਰੋਂ ਭਰਾ ਜੀ ਨੇ ਪੁੱਛਿਆ "ਕੀ ਕਰਨੈ ?"

"ਕੁਝ ਵੀ ਨਹੀਂ" ਮੈਂ ਆਖਿਆ।

"ਵਕੀਲ ਕਰੀਏ ?" ਉਨ੍ਹਾਂ ਫੇਰ ਪੁੱਛਿਆ।

"ਨਹੀਂ" ਮੈਂ ਆਖਿਆ।

ਜਿਸ ਦਿਨ ਕੋਰਟ ਦੀ ਚਿੱਠੀ ਆਈ ਸੀ ਮੈਂ ਉਸੇ ਦਿਨ ਆਪਣੀ ਸਹੇਲੀ ਜਸਪਾਲ ਨੂੰ ਚਿੱਠੀ ਲਿਖ ਦਿੱਤੀ ਸੀ। ਉਹ ਲੁਦੇਹਾਣੇ ਕਾਲਜ ਵਿਚ ਪੜ੍ਹਾਉਂਦੀ ਸੀ ਤੇ ਉਸ ਦਾ ਘਰ ਵਾਲਾ ਮਨਮੋਹਨ ਭੱਲਾ ਪੀ. ਸੀ. ਐਸ. ਓਥੇ ਹੀ ਲੱਗਾ ਹੋਇਆ ਸੀ। ਮੈਂ ਸਿਰਫ ਏਨਾ ਹੀ ਲਿਖਿਆ ਸੀ ਪੱਚੀ ਤਾਰੀਖ ਤਾਰੀਖਐ, ਚੌਵੀ ਸ਼ਾਮ ਨੂੰ ਆਵਾਂਗੀ। ਹੋ ਸਕਦੈ ਕੋਈ ਖਤਰਾ ਹੋਵੇ ਇਸ ਲਈ ਨਾਲ ਕਿਸੇ ਨੂੰ ਨਹੀਂ ਲੈ ਕੇ ਆਵਾਂਗੀ। ਚਾਹੁੰਦੀ ਹਾਂ ਬਿਆਨ ਮੈਨੂੰ ਤਮਾਸ਼ਬੀਨਾਂ ਦੀ ਭੀੜ ਵਿਚ ਨਾ ਦੇਣੇ ਪੈਣ।" ਪਤਾ ਨਹੀਂ ਜਸਪਾਲ ਨੇ ਆਪਣੇ ਘਰ ਵਾਲੇ ਨੂੰ ਕੀ ਆਖਿਆ ਤੇ ਕਿਵੇਂ ਆਖਿਆ ਚੌਵੀ ਤਾਰੀਖ ਨੂੰ ਜਦੋਂ ਮੈਂ ਬੱਸ ਅੱਡੇ ਤੇ ਪਹੁੰਚੀ ਤਾਂ ਉਹ ਦੋਵੇਂ ਲੈਣ ਆਏ ਹੋਏ ਸਨ।

ਅਗਲੇ ਦਿਨ ਪੱਚੀ ਤਾਰੀਖ ਸੀ। ਦਸ ਵਜੇ ਕਚਹਿਰੀ ਲੱਗਣੀ ਸੀ। ਪੌਣੇ ਦਸ ਵਜੇ ਇਕ ਕਾਲਿਆਂ ਸ਼ੀਸ਼ਿਆਂ ਵਾਲੀ ਬੰਦ ਕਾਰ ਜਿਸ ਦੀ ਅਗਲੀ ਸੀਟ ਤੇ ਇਕ ਬੰਦਾ ਗਲ ਵਿਚ ਪਸਤੌਲ ਪਾਈ ਬੈਠਾ ਸੀ ਮੈਨੂੰ ਕੋਰਟ ਰੂਮ ਦੇ ਪਿਛਲੇ ਦਰਵਾਜ਼ੇ ਤੱਕ ਲੈ ਗਈ।

ਗਲ ਵਿਚ ਪਸਤੌਲ ਵਾਲੇ ਬੰਦੇ ਨੇ ਉੱਤਰ ਕੇ ਤਾਕੀ ਖੋਲੀ। ਪਿਛਲੇ ਦਰਵਾਜ਼ਿਓਂ ਮੈਂ ਅੰਦਰ ਦਾਖਲ ਹੋਈ। ਕਮਰਾ ਸਾਰਾ ਖਾਲੀ ਸੀ। ਸਿਰਫ਼ ਇਕ ਜੱਜ ਤੇ ਇਕ ਉਹਦਾ ਕਲਰਕ ਸੀ।

ਸਾਹਮਣੇ ਦੋਵਾਂ ਦਰਵਾਜ਼ਿਆਂ ਤੇ ਬੰਦੂਕਾਂ ਲਈ ਸਿਪਾਹੀ ਖੜ੍ਹੇ ਸਨ।

ਉਸੇ ਪਲ ਉਹ ਸ੍ਰੀਮਾਨ ਜੀ ਅੰਦਰ ਆਏ। ਮੇਰੀ ਵੱਲ ਝਾਕੇ ਤੇ ਆਖਣ ਲੱਗੇ। ਇਕ ਮਿੰਟ ਬਾਪੂ ਜੀ ਤੁਹਾਨੂੰ ਬਾਹਰ ਸੱਦਦੇ ਨੇ।

ਉਸੇ ਵੇਲੇ ਜੱਜ ਨੇ ਨੇੜੇ ਆ ਜਾਣ ਲਈ ਕਿਹਾ।

"ਕੀ ਆਖੇਂਗੀ ?" ਹੌਲੀ ਦੇ ਕੇ ਉਸ ਸ੍ਰੀਮਾਨ ਨੇ ਮੈਨੂੰ ਪੁੱਛਿਆ।

"ਜੋ ਕਹੋ ?" ਮੈਂ ਕਿਹਾ।

"ਕਹਿ ਦੇਈਂ ਸ਼ਰਾਬ ਬਹੁਤ ਪੀਂਦੈ।"

"ਚੰਗਾ" ਮੈਂ ਆਖਿਆ।

ਕਮਰੇ ਵਿਚ ਸਿਰਫ਼ ਅਸੀਂ ਦੋਵੇਂ ਹੀ ਸਾਂ ਜਾਂ ਇਕ ਜੱਜ ਤੇ ਉਸ ਦਾ ਇਕ ਕਲਰਕ।

"ਕਦੋਂ ਤੋਂ ਅਲੱਗ ਰਹਿੰਦੇ ਓ ?" ਜੱਜ ਨੇ ਮੈਨੂੰ ਪੁੱਛਿਆ।

"ਜਦੋਂ ਦੀ ਸ਼ਾਦੀ ਹੋਈਐ" ਮੈਂ ਦੱਸਿਆ।

"ਕੀ ਇਹ ਠੀਕ ਐ ?" ਜੱਜ ਨੇ ਉਹਨੂੰ ਪੁੱਛਿਆ।

"ਹਾਂ ਠੀਕ ਐ" ਉਸ ਨੇ ਵੀ ਕਹਿ ਦਿੱਤਾ।

"ਕਾਰਨ ਕੀ ਹੈ ?" ਜੱਜ ਨੇ ਫੇਰ ਮੈਨੂੰ ਪੁੱਛਿਆ।

"ਸ਼ਰਾਬ ਬਹੁਤ ਪੀਂਦੇ ਨੇ" ਮੈਂ ਦੱਸਿਆ ਹੋਇਆ ਫਿਕਰਾ ਹੀ ਦੁਹਰਾ ਦਿੱਤਾ।

"ਕੀ ਇਹ ਠੀਕ ਆਖਦੇ ਨੇ ?" ਜੱਜ ਨੇ ਉਸ ਨੂੰ ਪੁੱਛਿਆ।

"ਜੀ ਹਾਂ" ਉਹਨੇ ਆਖਿਆ।

"ਹੁਣ ਤੁਸੀਂ ਅਲਿਦਾ ਹੋਣ ਦਾ ਫੈਸਲਾ ਕਰ ਲਿਐ ?"

"ਹਾਂ...." ਮੈਂ ਕਿਹਾ।

"ਠੀਕ ਐ ?" ਉਹਨੂੰ ਜੱਜ ਨੇ ਪੁੱਛਿਆ।

"ਠੀਕ ਐ" ਉਹਨੇ ਜਵਾਬ ਦਿੱਤਾ।

"ਤੁਸੀਂ ਜਾ ਸਕਦੇ ਹੋ।" ਜੱਜ ਨੇ ਮੈਨੂੰ ਆਖਿਆ।

ਮੈਂ ਜਾਣ ਲੱਗੀ ਤਾਂ ਉਹ ਸ੍ਰੀਮਾਨ ਵੀ ਤੁਰ ਪਿਆ। "ਤੁਸੀਂ ਅਜੇ ਰੁਕੋ" ਆਖ ਕੇ ਜੱਜ ਨੇ ਉਹਨੂੰ ਰੋਕ ਲਿਆ।

ਪਿਛਲੇ ਦਰਵਾਜ਼ੇ ਵਿਚੋਂ ਜਦੋਂ ਮੈਂ ਬਾਹਰ ਆਈ ਉਹੀ ਗਲ ਵਿਚ ਪਸਤੌਲ ਵਾਲਾ ਬੰਦਾ ਪਿਛਲੀ ਤਾਕੀ ਖੋਲ੍ਹੀ ਖੜ੍ਹਾ ਸੀ।

ਮੈਂ ਅੰਦਰ ਬੈਠ ਗਈ। ਉਸ ਨੇ ਝੱਟ ਤਾਕੀ ਬੰਦ ਕਰ ਦਿੱਤੀ ਤੇ ਅਗਲੀ ਤਾਕੀ ਖੋਲ੍ਹ ਕੇ ਆਪ ਬੈਠ ਗਿਆ। ਇਕ ਕਾਹਲਾ ਮੋੜ ਕੱਟ ਕੇ ਕਾਰ ਕਚਹਿਰੀ ਦਾ ਗੇਟ ਲੰਘ ਆਈ। ਕਾਰ ਦੇ ਕਾਲੇ ਸ਼ੀਸ਼ਿਆਂ ਵਿਚ ਮੈਂ ਦੇਖਿਆ ਬਾਹਰ ਦਰਖਤ ਦੇ ਹੇਠਾਂ ਕੁੱਝ ਬੰਦੂਕਾਂ ਵਾਲੇ ਬੰਦੇ ਖੜ੍ਹੇ ਸਨ ਤੇ ਉਨ੍ਹਾਂ ਵਿਚ ਉਸ ਭਲੇਮਾਣਸ ਦੇ ਬਾਪੂ ਜੀ ਵੀ ਸਨ।

ਕਾਰ ਮੈਨੂੰ ਜਸਪਾਲ ਦੇ ਘਰ ਛੱਡ ਗਈ। ਜਸਪਾਲ ਬਾਹਰਲਾ ਗੇਟ ਬੰਦ ਕਰਕੇ ਆ ਕੇ ਮੇਰੇ ਲਈ ਚਾਹ ਦਾ ਕੱਪ ਬਣਾ ਕੇ ਲਿਆਈ, ਦੱਸ ਰਹੀ ਸੀ "ਪਟਿਆਲੇ ਤੋਂ ਭਰਾ ਜੀ ਦੀ ਦੋ ਵਾਰੀ ਟਰੰਕਕਾਲ ਆ ਚੁਕੀ ਐ। ਬਈ ਬੀਬੀ ਠੀਕ ਠਾਕ ਐ ?"

ਚਾਹ ਪੀਂਦੀ ਦੇ ਚੁੱਪ ਚਾਪ ਮੇਰੀਆਂ ਅੱਖਾਂ 'ਚੋਂ ਹੰਝੂ ਡਿੱਗੀਂ ਜਾ ਰਹੇ ਸਨ।

ਇਹੀ 1967-68 ਦੀ ਗੱਲ ਹੈ ਤੇ ਇਸੇ ਵਰ੍ਹੇ ਮੈਂ ਆਪਣਾ ਪਹਿਲਾ ਨਾਵਲ- 'ਅਗਨੀ-ਪ੍ਰੀਖਿਆ' ਲਿਖਿਆ।

ਇਹ ਨਾਵਲ ਉਨ੍ਹਾਂ ਪਲਾਂ ਦਾ ਜ਼ਿਕਰ ਕਰਦਾ ਹੈ ਜਦੋਂ ਜ਼ਿੰਦਗੀ ਦੇਣ ਤੇ ਜ਼ਿੰਦਗੀ ਲੈਣ ਵਾਲੀ ਅਗਨੀ ਕਿਸੇ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ। ਜਿਹੜੀ ਸੀਤਾ ਅਗਨੀ-ਪ੍ਰੀਖਿਆ ਵਿਚੋਂ ਸਾਬਤ ਸਬੂਤ ਲੰਘ ਆਈ ਸੀ, ਭਾਵ ਅਗਨੀ ਪ੍ਰੀਖਿਆ ਨੇ ਜਿਸ ਸੀਤਾ ਨੂੰ ਸਿਰਜਿਆ ਸੀ, ਦੁਨੀਆਂ ਫਿਰ ਉਸ ਨੂੰ ਆਪਣੇ ਮੇਚ ਦੀ ਨਾ ਲੱਗੀ। ਨਹੀਂ ਤਾਂ ਉਸ ਨੂੰ ਧਰਤੀ ਵਿਚ ਸਮਾ ਜਾਣ ਦੀ ਕੀ ਲੋੜ ਸੀ ? ਇਸੇ ਲਈ ਹਰ ਪ੍ਰੀਖਿਆ ਜਿਹੜੀ ਤੁਹਾਨੂੰ ਸਿਰਜਦੀ ਹੈ ਨਾਲ ਦੀ ਨਾਲ ਫਨਾਹ ਵੀ ਕਰਦੀ ਹੈ।

ਇਸ ਨਾਵਲ ਵਿਚ ਸਿਰਜੇ ਜਾਣ ਤੇ ਫਨਾਹ ਹੋਣ ਦੇ ਕਰਮ ਨੂੰ ਮੈਂ ਉਲਟਾ ਕੇ ਦੇਖਣ ਦੀ ਕੋਸ਼ਿਸ਼ ਕੀਤੀ ਹੈ। ਫਨਾਹ ਹੋਣ ਤੋਂ ਮਗਰੋਂ ਜਦੋਂ ਕੋਈ ਆਪਣੇ ਆਪ ਨੂੰ ਸਿਰਜਦਾ ਹੈ ਤਾਂ ਉਹ ਲੋਕਾਂ ਕੋਲੋਂ ਹੀ ਨਹੀਂ ਆਪਣੇ ਆਪ ਦੇ ਕੋਲੋਂ ਵੀ ਬਹੁਤ ਦੂਰ ਨਿਕਲ ਆਉਂਦਾ ਹੈ। ਇਸੇ ਲਈ ਇਸ ਨਾਵਲ ਦੀ ਨਾਇਕਾ ਪੁੱਛਦੀ ਹੈ—ਮੈਂ ਕੌਣ ਹਾਂ ? ਤੇ ਇਹ ਲੋਕੀਂ ਕੌਣ ਨੇ ? ਤੇ ਉਸ ਦਾ ਇਹ ਸਵਾਲ ਹਰ ਚੇਤਨ ਮਨੁੱਖ ਦੇ ਉਸ ਅਜ਼ਲੀ ਸਵਾਲ ਨਾਲ ਜਾ ਜੁੜਦਾ ਹੈ ਕਿ ਉਹ ਕੌਣ ਹੈ ?

ਅਸਲ ਵਿਚ ਮੈਨੂੰ ਆਪਣੀ ਸਵੈ-ਜੀਵਨੀ ਇਥੋਂ ਸ਼ੁਰੂ ਕਰਨੀ ਚਾਹੀਦੀ ਸੀ ਕਿਉਂਕਿ ਹੁਣ ਹੀ ਤਾਂ ਮੈਂ ਮੈਂ ਸਾਂ।

●